ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ
# Nawi Dunia

Free

ਸਾਲ: 2 ਅੰਕ : 3 Phone : 780 465 9118, 403 775 2100 Fax: 780 465 0661, e-mail: info@nawidunia.com ਮਾਰਚ-2011



23 ਮਾਰਚ - ਸ਼ਹੀਦੀ ਦਿਹਾੜਾ
ਸ਼ਹੀਦ ਭਗਤ ਸਿੰਘ

ਅਲਬਰਟਾ ਦੀ ਕੈਬਨਿਟ ਵਿਚ ਨਵੀਆਂ ਨਿਯੁਕਤੀਆਂ ਦੀ ਆਲੋਚਨਾ — ਪੰਨਾ-3

...ਤੇ ਜ਼ਿੰਦਾ ਹੋ ਗਿਆ ਹੋਂਦ — ਪੰਨਾ-16

ਸਭਾਪਤੀ ਦਾ ਉਲਟਾ ਪਾਸਾ : ਸਤੀ ਕੁਮਾਰ — ਪੰਨਾ-28

ਕੀ ਦਰਸਾਉਂਦੇ ਹਨ ਵਧ ਰਹੇ ਤਲਾਕ ? — ਪੰਨਾ-36


# ਬਜ਼ਾਰ ਖੁਸ਼, ਖਰੀਦਾਰ ਨਾਖੁਸ਼

## ਆਮ ਵਾਂਗ ਬਜਟ 'ਚੋਂ ਆਮ ਬੰਦਾ ਗਾਇਬ



### ਮੱਧ ਵਰਗ ਨੂੰ ਥੋੜ੍ਹੀ ਰਿਆਇਤ, ਝਟਕੇ ਵੱਡੇ

ਨਵੀਂ ਦਿੱਲੀ, (ਨਦਬ) : ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਆਪਣੇ ਛੇਵੇਂ ਬਜਟ ਵਿੱਚ ਮਹਿੰਗਾਈ ਘਟ ਕਰਨ ਦੇ ਵਿਸ਼ੇਸ਼ ਉਪਾਅ ਨਹੀਂ ਕੀਤੇ ਹਨ। ਮੱਧ ਵਰਗ ਲਈ ਰਿਆਇਤਾਂ ਥੋੜ੍ਹੀਆਂ ਪਰ ਝਟਕੇ ਵੱਡੇ ਹਨ। ਬਜਟ ਤੋਂ ਬਾਜ਼ਾਰ ਖੁਸ਼ ਹੈ ਕਿਉਂਕਿ ਪੈਸਾ ਆਮ ਆਦਮੀ ਦੀ ਜੇਬ ਤੋਂ ਨਿਕਲ ਕੇ ਬਾਜ਼ਾਰ ਵਿੱਚ ਜਾ ਰਿਹਾ ਹੈ। ਉਸ ਕੋਲ ਕੁਝ ਨਹੀਂ ਰਿਹਾ। 11 ਹਜ਼ਾਰ ਕਰੋੜ ਦੀ ਮਾਮੂਲੀ ਰਾਹਤ ਸਿੱਧੇ ਟੈਕਸ ਵਿੱਚ ਦਿੱਤੀ ਗਈ ਹੈ ਪਰ ਅਸਿੱਧੇ ਟੈਕਸ ਜ਼ਰੀਏ ਏਨਾ ਹੀ ਪੈਸਾ ਵਾਪਸ ਲੈ ਲਿਆ ਹੈ।

### ਖੁਸ਼ੀਆਂ ਹੁਣ ਹੋਰ ਮਹਿੰਗੀਆਂ

ਕੀਮਤਾਂ ਘੱਟ ਕਰਨ ਦੇ ਨਾਂ 'ਤੇ ਬਜਟ ਵਿੱਚ ਠੋਸ ਕਦਮ ਦੀ ਥਾਂ ਬਸ 'ਗੱਲਾਂ' ਪਰੋਸੀਆਂ ਗਈਆਂ। 130 ਵਸਤੂਆਂ 'ਤੇ ਐਕਸਾਈਜ਼ ਛੋਟ ਵਾਪਸ ਲੈਣ ਦਾ ਮਤਲਬ ਹੈ ਮਹਿੰਗਾਈ ਘੱਟ ਨਹੀਂ ਹੋਵੇਗੀ, ਹੋਰ ਵਧੇਗੀ। ਛੋਟੇ ਛੋਟੇ ਕਈ ਐਲਾਨਾਂ ਨਾਲ ਭਰੇ ਬਜਟ ਵਿੱਚ ਖਪਤਕਾਰ ਨੂੰ ਅਸਲ ਵਿੱਚ ਕੁਝ ਨਹੀਂ ਮਿਲਿਆ। ਵਿੱਤ ਮੰਤਰੀ ਨੇ ਹੌਲੀ ਦੇਣੇ 130 ਚੀਜ਼ਾਂ 'ਤੇ ਐਕਸਾਈਜ਼ ਛੋਟ ਵਾਪਸ ਲੈ ਲਈ। ਮਹਿੰਗਾਈ ਦੀ ਅੱਗ ਵਿੱਚ ਇਹ ਘਿਓ ਵਰਗਾ ਕੰਮ ਕਰੇਗੀ। ਜਿਨ੍ਹਾਂ ਚੀਜ਼ਾਂ 'ਤੇ ਭਾਅ ਘੱਟ ਕਰਨ ਦਾ 'ਧੋਖਾ' ਦਿੱਤਾ ਗਿਆ, ਉਨ੍ਹਾਂ ਦਾ ਕੋਈ ਲਾਭ ਖਪਤਕਾਰ ਨੂੰ ਨਹੀਂ ਹੋਣ ਵਾਲਾ। ਮਹਿੰਗਾਈ ਘੱਟ ਕਰਨ ਦੇ ਨਾਮ 'ਤੇ ਇਕ ਬਿਆਨ ਜ਼ਰੂਰ ਦਿੱਤਾ ਕਿ ਖੁਰਾਕੀ ਪਦਾਰਥਾਂ ਦੀਆਂ ਵਧੀਆਂ ਕੀਮਤਾਂ ਕਾਰਨ ਮਹਿੰਗਾਈ ਵਧੀ ਹੈ। ਕਦਮ ਚੁੱਕਣ ਦੇ ਨਾਂ 'ਤੇ ਉਨ੍ਹਾਂ ਕਿਹਾ, 'ਖਾਣ-ਪੀਣ ਦੀਆਂ ਚੀਜ਼ਾਂ ਦੀ ਵੰਡ 'ਤੇ ਨਜ਼ਰ ਰਹੇਗੀ।' ਚੰਗਾ ਹੁੰਦਾ ਜੇ ਇਸ ਦੀ ਥਾਂ ਕੋਈ ਠੋਸ ਕਦਮ ਚੁੱਕਿਆ ਹੁੰਦਾ।

### ਪੰਜਾਬ ਵਿੱਚ ਉਦਯੋਗ ਦੀ ਮੰਦੀ

ਕੇਂਦਰੀ ਵਿੱਤ ਮੰਤਰੀ ਪ੍ਰਣਬ ਮੁਖਰਜੀ ਜਿਵੇਂ ਜਿਵੇਂ ਆਪਣਾ ਬਜਟ ਭਾਸ਼ਣ ਪੜ੍ਹਦੇ ਗਏ ਲੁਧਿਆਣਾ ਦੇ ਉਦਯੋਗਪਤੀਆਂ ਦੇ ਚਿਹਰੇ 'ਤੇ ਚਿੰਤਾ ਦੀਆਂ ਲਕੀਰਾਂ ਉਭਰਦੀਆਂ ਰਹੀਆਂ। ਵਿੱਤ ਮੰਤਰੀ ਨੇ ਨਾ ਤਾਂ ਪੰਜਾਬ ਦੇ ਹੋਜਰੀ ਉਦਯੋਗਪਤੀਆਂ ਨੂੰ ਬਖ਼ਸ਼ਿਆ ਅਤੇ ਨਾ ਹੀ ਸਿਲਾਈ ਮਸ਼ੀਨ ਤੇ ਸਾਈਕਲ ਨਿਰਮਾਤਾਵਾਂ ਨੂੰ। ਬਜਟ ਵਿੱਚ ਬ੍ਰਾਂਡਡ ਗਾਰਮੈਂਟ 'ਤੇ 10 ਫੀਸਦੀ, ਸਿਲਾਈ ਮਸ਼ੀਨ ਤੇ ਸਾਈਕਲ 'ਤੇ ਇਕ-ਇਕ ਫੀਸਦੀ ਉਤਪਾਦ ਟੈਕਸ ਲਾਉਣ ਦਾ ਐਲਾਨ ਕੀਤਾ ਗਿਆ।

### ਕਿਵੇਂ ਦੇਣਗੇ ਖਾਦ ਉਪਰ ਨਕਦ ਸਬਸਿਡੀ

ਚੰਡੀਗੜ੍ਹ (ਇੰਦਰਪ੍ਰੀਤ ਸਿੰਘ) : ਪ੍ਰਣਬ ਮੁਖਰਜੀ ਦੇ ਪਿਟਾਰੇ ਤੋਂ ਪੰਜਾਬ ਦੇ ਕਿਸਾਨਾਂ ਨੂੰ ਨਿਰਾਸ਼ਾ ਹੀ ਮਿਲੀ। ਉਨ੍ਹਾਂ ਨੂੰ ਡਰ ਹੈ ਕਿ ਖਾਦ 'ਤੇ ਸਿੱਧੀ ਸਬਸਿਡੀ ਦੇ ਕੇ ਕਿਤੇ ਖੁੱਲ੍ਹੇ ਬਾਜ਼ਾਰ ਦੇ ਭਰੋਸੇ ਨਾ ਛੱਡ ਦਿੱਤਾ ਜਾਏ। ਉਧਰ ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਕਿਸਾਨਾਂ ਨੂੰ ਕਰਜ਼ੇ ਹੇਠ ਦਬਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਵਿੱਤ ਮੰਤਰੀ ਨੇ ਸਿੱਧੀ ਸਬਸਿਡੀ ਦੇਣ ਦੀ ਗੱਲ ਤਾਂ ਕਹੀ ਹੈ ਪਰ ਇਸ ਦੀ ਕੀ ਪ੍ਰਣਾਲੀ ਹੋਵੇਗੀ ਇਹ ਨਹੀਂ ਦੱਸਿਆ। ਕਿਸਾਨ ਆਗੂਆਂ ਅਤੇ ਖੇਤੀ ਆਰਥਕ ਮਾਹਰਾਂ ਨੂੰ ਚਿੰਤਾ ਹੈ ਕਿ ਡਾਇਰੈਕਟ ਸਬਸਿਡੀ ਦਾ ਢੰਗ ਤਰੀਕਾ ਕੀ ਰਹੇਗਾ? ਵੈਸੇ ਵੀ ਕਿਸਾਨਾਂ ਨੂੰ ਸਿੱਧੀ ਸਬਸਿਡੀ ਮਨਜ਼ੂਰ ਨਹੀਂ ਕਿਉਂਕਿ ਡੀ.ਏ.ਪੀ., ਯੂਰੀਆ ਦੀਆਂ ਰੋਜ਼ਾਨਾ ਵਧਣ ਵਾਲੀਆਂ ਕੀਮਤਾਂ ਕਾਰਨ ਨਕਦ ਸਬਸਿਡੀ ਲੈ ਕੇ ਉਨ੍ਹਾਂ ਨੂੰ ਨੁਕਸਾਨ ਹੀ ਹੋਵੇਗਾ। ਪਿਛਲੇ ਸਾਲ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਨੀਤੀ ਦਾ ਵਿਰੋਧ ਕੀਤਾ ਸੀ।

**ਸਸਤਾ**

ਮੋਬਾਈਲ, ਸਟੀਲ, ਐਲ.ਸੀ.ਡੀ. ਟੀ.ਵੀ., ਕਾਗਜ਼, ਪ੍ਰਿੰਟਰ, ਸੀਮਿੰਟ, ਹਾਈਬ੍ਰਿਡ ਕਾਰ, ਰੈਫ਼ਰੀਜਰੇਟਰ ਅਤੇ ਸਾਬਣ

**ਮਹਿੰਗਾ**

ਬ੍ਰਾਂਡਡ ਸੋਨਾ, ਰੇਡੀਮੇਡ ਗਾਰਮੈਂਟਸ, ਹੋਟਲ ਵਿੱਚ ਠਹਿਰਣਾ, ਹਸਪਤਾਲ ਵਿੱਚ ਇਲਾਜ, ਘਰੇਲੂ ਹਵਾਈ ਯਾਤਰਾ, ਏ.ਸੀ. ਰੇਸਤਰਾਂ, ਡਾਇਗਨੋਸਟਿਕ ਸੈਂਟਰ ਵਿੱਚ ਜਾਂਚ

**ਹੋਮ ਲੋਨ**

25 ਲੱਖ ਰੁਪਏ ਤੱਕ ਦਾ ਮਕਾਨ ਖਰੀਦਣ ਲਈ ਵੱਧ ਤੋਂ ਵੱਧ 15 ਲੱਖ ਰੁਪਏ ਤੱਕ ਦੇ ਹੋਮ ਲੋਨ 'ਤੇ ਇਕ ਫੀਸਦੀ ਦੀ ਵਿਆਜ ਸਬਸਿਡੀ। ਹਾਲੇ 10 ਲੱਖ ਤੱਕ ਦੇ ਲੋਨ 'ਤੇ ਸਬਸਿਡੀ ਮਿਲਦੀ ਸੀ।

**ਖੇਤੀ**

ਖੇਤੀ ਲਈ ਕਰਜ਼ ਦਾ ਟੀਚਾ 4.75 ਲੱਖ ਕਰੋੜ ਕਰ ਦਿੱਤਾ। ਕਿਸਾਨਾਂ ਨੂੰ ਪਹਿਲਾਂ ਵਾਂਗ 7 ਫੀਸਦੀ ਵਿਆਜ 'ਤੇ ਕਰਜ਼ਾ।

ਬਾਕੀ ਵੇਰਵਾ ਸਫਾ 19 'ਤੇ ਦੇਖੋ

## ਅਲਬਰਟਾ ਦਾ ਫੇਰ ਘਾਟੇ ਵਾਲਾ ਬਜਟ ਪੇਸ਼

ਐਡਮਿੰਟਨ (ਨਦਬ) ਪ੍ਰੀਮੀਅਰ ਐਡ ਸਟੈਲਮੈਕ ਨੇ ਘਾਟੇ ਵਾਲਾ ਬਜਟ ਪੇਸ਼ ਕਰਕੇ ਸਿੱਧ ਕਰ ਦਿੱਤਾ ਹੈ ਕਿ ਭਾਵੇਂ ਉਹ ਸਤੰਬਰ ਵਿੱਚ ਆਪਣਾ ਅਹੁਦਾ ਛੱਡ ਦੇਣਗੇ ਪਰ ਉਨ੍ਹਾਂ ਦੀ ਗ਼ੈਰ-ਮੌਜੂਦਗੀ ਰੜਕਦੀ ਰਹੇਗੀ। ਜਾਂਦੇ ਜਾਂਦੇ ਪ੍ਰੀਮੀਅਰ ਨੇ ਖਰਚਿਆਂ 'ਤੇ ਕੋਈ ਕੰਟਰੋਲ ਨਹੀਂ ਕੀਤਾ। ਪ੍ਰੀਮੀਅਰ ਨੇ ਇਸ ਸਾਲ ਅਲਬਰਟਾ ਦੇ ਇਤਿਹਾਸ ਵਿੱਚ ਦੂਜਾ ਵੱਡਾ ਘਾਟੇ ਵਾਲਾ ਬਜਟ ਪੇਸ਼ ਕੀਤਾ ਹੈ। ਜਦਕਿ ਪਿਛਲੇ ਸਾਲ ਉਨ੍ਹਾਂ ਘਾਟੇ ਦਾ ਬਜਟ ਪੇਸ਼ ਕਰਕੇ ਰਿਕਾਰਡ ਬਣਾਇਆ ਸੀ। ਪਿਛਲੇ ਸਾਲ ਦੇ 4.8 ਅਰਬ ਡਾਲਰ ਘਾਟੇ ਦੇ ਮੁਕਾਬਲੇ ਇਸ ਵਾਰ ਕਰੀਬ 3.4 ਅਰਬ ਡਾਲਰ ਘਾਟੇ ਦਾ ਅਨੁਮਾਨ ਹੈ। ਜਦੋਂ ਸਟੈਲਮੈਕ ਸਤੰਬਰ ਤੱਕ ਆਪਣਾ ਅਹੁਦਾ ਛੱਡ ਕੇ ਜਾਣਗੇ, ਉਦੋਂ ਤਕ ਚਾਰ ਅਹਿਮ ਖੇਤਰਾਂ ਦਾ ਕੁੱਲ ਬਜਟ ਕਰੀਬ 10 ਅਰਬ ਡਾਲਰ ਹੋਵੇਗਾ। ਸੂਬੇ ਦਾ ਨਵਾਂ ਬਜਟ ਪੇਸ਼ ਕਰਕੇ ਸਟੈਲਮੈਕ ਨੇ ਆਪਣੇ ਆਲੋਚਕਾਂ ਨੂੰ ਲਲਕਾਰਿਆ ਹੈ। ਸਟੈਲਮੈਕ ਨੇ ਇਹ ਪ੍ਰਭਾਵ ਦਿੱਤਾ ਹੈ ਕਿ ਉਹ ਅਹੁਦਾ ਛੱਡ ਰਹੇ ਹਨ ਪਰ ਪਿੱਛੇ ਨਹੀਂ ਹਟ ਰਹੇ। ਉਨ੍ਹਾਂ 38.9 ਅਰਬ ਡਾਲਰ ਦੇ ਖਰਚੇ ਮਿੱਥੇ ਹਨ ਜਿਨ੍ਹਾਂ ਵਿੱਚ ਅਲਬਰਟਾ ਸਿਹਤ ਸੇਵਾਵਾਂ 'ਤੇ 6 ਫੀਸਦੀ ਅਤੇ ਸਿੱਖਿਆ 'ਤੇ 4.5 ਫੀਸਦੀ ਵਧੇਰੇ ਖਰਚੇ ਸ਼ਾਮਲ ਹਨ।



ਬਜਟ ਪੇਸ਼ ਕਰਦਿਆਂ ਵਿੱਤ ਮੰਤਰੀ ਲਾਇਡ ਨੇ ਕਿਹਾ ਕਿ ਜਦ ਕੌਮਾਂਤਰੀ ਆਰਥਿਕ ਸੰਕਟ ਦੇ ਚਲਦਿਆਂ ਉਹ ਨਹੀਂ ਘਬਰਾਏ ਤਾਂ ਉਨ੍ਹਾਂ ਨੂੰ ਹੁਣ ਵੀ ਕੋਈ ਡਰ ਨਹੀਂ ਹੈ। ਸਾਡੇ ਆਰਥਿਕ ਵਿਕਾਸ ਵਿੱਚ ਵਾਧਾ ਹੋਇਆ ਹੈ ਤੇ ਸਾਨੂੰ ਆਮਦਨ ਵੀ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਅਸੀਂ ਬਹੁਤ ਜਲਦ ਹੀ ਸੰਤੁਲਿਤ ਬਜਟ ਪੇਸ਼ ਕਰਾਂਗੇ। ਬਹੁਤ ਜਲਦੀ ਤੋਂ ਉਨ੍ਹਾਂ ਦਾ ਭਾਵ 2013-14 ਸਾਲ ਤੋਂ ਹੈ। ਜਦੋਂ ਉਹ ਸੂਬੇ ਨੂੰ ਆਮਦਨ ਹੋਣ ਦੀ ਗੱਲ ਕਰ ਰਹੇ ਸਨ ਤਾਂ ਉਨ੍ਹਾਂ ਦਾ ਭਾਵ ਊਰਜਾ ਦੇ ਖੇਤਰ ਤੋਂ ਸੀ। ਤਿੰਨ ਅਹਿਮ ਵਿਭਾਗਾਂ ਲਈ ਵੱਧ ਖਰਚੇ ਰੱਖੇ ਗਏ ਹਨ। ਬਜਟ ਤਜਵੀਜ਼ਾਂ ਮੁਤਾਬਕ ਸਿਹਤ ਸੇਵਾਵਾਂ ਲਈ 14.8 ਅਰਬ ਡਾਲਰ, ਸਿੱਖਿਆ ਲਈ- 5.8 ਅਰਬ ਡਾਲਰ ਅਤੇ ਉਚੇਰੀ ਸਿੱਖਿਆ ਅਤੇ ਤਕਨੀਕ ਲਈ- 2.8 ਅਰਬ ਡਾਲਰ ਰੱਖੇ ਗਏ ਹਨ।

MILLWOODS PIZZA & INDIAN CUISINE
4418 36th Ave, Millwoods Road East, Edmonton.
ਪੰਜਾਬੀ ਸਟਾਇਲ ਪੀਜ਼ਾ
Faryad Pannu
Take Out Buffets starting from $ 7.99
780 462 4313 Cell: 780 504 5600
Out door Catering at reasonable rates
www.millwoodspizza.com

DOMINION LENDING CENTRES
MORTGAGE MENTORS
CANADA'S NATIONAL MORTGAGE COMPANY
INDEPENDENTLY OWNED & OPERATED
BHUVINDER (BETTY) GILL
MORTGAGE ASSOCIATE
CELL: 780.905.7274
FAX: 780.436.2510
ਮੌਰਟਗੇਜ਼ ਸਬੰਧੀ ਸਭ ਮੁਸ਼ਕਲਾਂ ਦਾ ਹੱਲ ਨਵੇਂ, ਪੁਰਾਣੇ ਘਰ ਜਾਂ ਕੰਸਟਰਕਸ਼ਨ ਲਈ ਮੌਰਟਗੇਜ਼ ਜਾਂ ਲਾਈਨ ਆਫ ਕਰੈਡਿਟ ਲੈ ਕੇ ਦਿੰਦੇ ਹਨ। ਇੰਮੀਗਰਾਂਟ ਪਰਿਵਾਰਾਂ ਲਈ ਖਾਸ ਸਹੂਲਤਾਂ ਤੇ ਵਾਜਬ ਰੇਟਾਂ ਤੇ ਮੌਰਟਗੇਜ਼ ਕਰਵਾ ਕੇ ਦਿੰਦੇ ਹਨ
BETTYGILL@DOMINIONLENDING.CA
WWW.BETTYGILL.CA

LUTHRA LAW OFFICE
* Personal Injuries
* Real Estate Transactions
* Immigration Appeals
Services in Hindi, Punjabi, Urdu and Arabic also
SARJAN LUTHRA
B.Sc, LL.B.
Barrister Solicitor
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿੱਚ ਸੇਵਾਵਾਂ ਲਈ ਮਿਲੋ
780-466-4660

3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"
Please call for all your Commercial Real Estate Needs in Hotel, Motel, Apartments & Shopping Centers
TOP 1% OF REALTORS IN CANADA
Land Parcels Available in throughout Alberta
A.L.L. Stars Realty Ltd., 312 Saddleback Road, T6J 4R7
Cell: (780) 951-9873 Bus: (780) 434-4700

For All Your Real Estate Needs & Best Services
Just Contact Dan Sidhu
Your Real Estate Expert! Broker/Owner
ਨਵਾਂ ਜਾਂ ਪੁਰਾਣਾ ਘਰ ਜਾ ਕਿਸੇ ਵੀ ਕਿਸਮ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਭਰੋਸੇਯੋਗ ਤੇ ਇਮਾਨਦਾਰ ਸੇਵਾਵਾਂ ਲਈ ਅੱਜ ਹੀ Dan Sidhu ਨੂੰ ਫੋਨ ਕਰੋ।
Each office individually owned and operated
Cell: 403 560 6300
Specialize in Residential/ Commercial & Investment Properties RE/MAX
110-300 Merganser Dr. West Chestermers, ABT1X 1L6
Bus: 403 569 2900 Fax: 403 207 1237

www.aj-drivingschool.com
A & J DRIVING SCHOOL
"Where your safety comes first"
Government Approved Driving Education Programs
Raj Bajwa (Senior Instructor) raj@aj-drivingschool.com
780.486.5090
17523 - 100 Ave. Edmonton, AB

Sarbjeet Dodd REALTOR®
Contact For Buying & Selling of Residential & Commercial Property any where in Alberta
A.L.L. Stars Realty Ltd.
312 saddleback Rd. Edmonton, AB T6J 4R7
Bus: 780 434 4700 sarbjeetdodd@hotmail.com
Cell: 780 951 1590 Fax: 780 436 9902

# Insurance & Financial Services

- Life Insurance
- Critical Illness
- Health Benefits
- Group Benefits (Dental & Medical)
- Mortgage Insurance
- Travel & Visitor Insurance
- Disability Insurance (Income Protection)

ਲਾਈਫ: ਯੂਨੀਵਰਸਲ, ਟਰਮ ਅਤੇ ਮੌਰਟਗੇਜ
ਡਿਸਏਬਿਲਟੀ, ਕਰਿਟੀਕਲ ਇਲਨੈਸ, ਹੈਲਥ ਪਲੈਨਜ਼
ਅਤੇ ਰਜਿਸਟਰਡ ਰਿਟਾਇਰਮੈਂਟ ਸੇਵਿੰਗ ਪਲੈਨਜ਼

ਹਰ ਤਰ੍ਹਾਂ ਦੀ ਇਸ਼ੋਰੈਂਸ ਲਈ ਸੰਪਰਕ ਕਰੋ

*For All Insurance Needs*
Call: Shalu Badesha
Phone:780-660-3071



*Sponsor by Canada Life & Access to all Major Insurance Companies in Canada*

# STP ELECTRIC LTD.

stpelectric@hotmail.com
Offering Full Range of Electrical Services of



C. 780.984 2356
F. 780.463 6276

- Residential
- Commercial
- Industrial Installations

ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
**Sushil Singh**
Certified Master Electrician
ਸਰਟੀਫਾਈਡ ਮਾਸਟਰ ਇਲੈਕ੍ਰੀਸ਼ਨ

ਵਿਆਹ ਸ਼ਾਦੀਆਂ, ਜਨਮ ਦਿਨ ਪਾਰਟੀਆਂ,
ਲੇਡੀਜ਼ ਸੰਗੀਤ, 50 ਤੋਂ ਲੈ ਕੇ 200 ਆਦਮੀਆਂ
ਤੱਕ ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ
ਵਧੇਰੇ ਜਾਣਕਾਰੀ ਲਈ ਫੋਨ ਕਰੋ:
Linda- 780 464 4653
Ext-2, Cell- 780 720 6895

# EAGLE ROCK GOLF COURSE




Catering
Wedding
Banquet
Birthday Parties
Ladies Sangeet
Golf Tournaments

# ALPHA Tent Rentals

All Events Big or Small
We are in this Business Since 2001



**Tents** All Size and Different Colours,
**Tables** Rectangular & Round, **Chairs** All Colours,
**Lights**, Dance Floor, Heaters, Fans,
**Catering Equipment,** Coffee Brewers,
Food Warmers, Big Burners, Big Pots (Patila), Cutlery and Plates,
**Portable Bars,** Beer Tubs, Ice Boxes,
**Carpet, Stantions, Linens and Clips.**



Ladies Sangeet Jago Equipment

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ
Guaranteed Low Prices Open Seven Days a Week
Umrao Ghinger: 780 237 5556
Rana Pandher: 780 498 6375
Office: 780 490 5354
www.alphatentrentals.com



# PASH DRIVING SCHOOL LTD.

"Learn to drive for life...accident free with confidence"

- ✓Government Approved
- Insurance Reduction Course
- ✓Defensive Driving Course
- ✓Refresher Courses
- ✓Preparation for Class 7
- ✓Road Test Preparation
- ✓Package & Hourly Rates

*Car Available for Road Test
*Free Pick Up & Drop Off
Lady Instructor
7 Days A Week


Jas Badesha


Shalu

ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ ਸੇਵਾਵਾਂ ਹਾਜ਼ਰ ਹਨ।
Shalu Badesha 780-660-3071
Jas Badesha 780-908-2296
pashdrivingschool@ymail.com

Eat-In Take-Out

# Shan-E-Punjab Sweets & Restaurant

Speicializing in East Indian & Pakistani Sweets & Cuisine

- * Puri Chole, Saag, Chicken, Biryani, Goat/Lamb Curry,
- * Tandoori Chicken, Samosa, Papri Chat,Golgappey,
- * Garlic, Chicken & Paneer Naan,Mixed Sweets,
- * Gulab Jamun,Khoya Burfi, Rus-Gullas, Laddoo,
- * Sev Chewra, Namak Para, Fish, Chicken &
- * Veg. Pakora,Mango Shake & Lassi.

Seven Days a Week
Business Hours: 11am-9pm

Lunch Buffet & Dinner Buffet
9393-34 Avenue, Edmonton, AB.
Phone (780) 434-7373

Concept, Design and Installation
# Cambridge Windows Mfg. Inc.

ਘੱਟ ਕੀਮਤਾਂ ਦੀ ਗਰੰਟੀ
ਪੰਜਾਬੀ, ਹਿੰਦੀ ਤੇ
ਅੰਗਰੇਜ਼ੀ ਵਿਚ ਵਧੀਆ
ਤੇ ਭਰੋਸੇਯੋਗ ਸੇਵਾਵਾਂ

ਪੁਰਾਣੀਆਂ ਖਿੜਕੀਆਂ ਬਦਲਾਉਣ ਜਾਂ ਨਵੇਂ ਘਰ ਸੋਹਣੀਆਂ ਖਿੜਕੀਆਂ ਨਾਲ ਸਜਾਉਣ ਲਈ ਹਮੇਸ਼ਾ ਯਾਦ ਰੱਖੋ
ਕੈਂਬਰਿਜ ਵਿੰਡੋ
780-436-0111
7941-Argyll Road Edmonton AB, T6C 4A9



BBB
www.cambridgewindow.com
Better Business Bureau ਦੇ ਮੈਂਬਰ

# ਅਲਬਰਟਾ ਦੀ ਕੈਬਨਿਟ ਵਿਚ ਨਵੀਆਂ ਨਿਯੁਕਤੀਆਂ ਦੀ ਆਲੋਚਨਾ



## ਲਿਬਰਲ ਆਗੂ ਨੇ ਕਿਹਾ ਨਵੇਂ ਨਿਆਂ ਮੰਤਰੀ ਅਤੇ ਸਿਖਿਆ ਮੰਤਰੀ ਸਿਰਫ ਨਿਗਰਾਨ

ਐਡਮਿੰਟਨ (ਨਦਬ) ਕੈਨੇਡਾ ਸਰਕਾਰ ਦੇ ਆਲੋਚਕਾ ਨੇ ਕਿਹਾ ਹੈ ਕਿ ਕੰਜਰਵੇਟਿਵ ਪਾਰਟੀ ਵਿਚ ਅਹੁਦੇ ਹਾਸਲ ਕਰਨ ਦੀ ਲੱਗੀ ਦੋੜ ਤਹਿਤ ਕੈਬਨਿਟ ਵਿਚੋਂ ਅਸਤੀਫਾ ਦੇ ਕੇ ਜਾਣ ਵਾਲੇ ਆਗੂਆਂ ਦੀ ਥਾਂ ਨਵੇਂ ਨਿਯੁਕਤ ਕੀਤੇ ਗਏ ਮੈਂਬਰ ਸਿਰਫ ਨਿਗਰਾਨ ਬਣ ਕੇ ਹੀ ਰਹਿ ਜਾਣਗੇ, ਜਦੋਂ ਤਕ ਨਵਾਂ ਆਗੂ ਨਹੀਂ ਚੁਣਿਆ ਜਾਂਦਾ। ਅਲਬਰਟਾ ਦੇ ਲੋਕ ਉਸਾਰੂ ਪ੍ਰਸ਼ਾਸਨ ਦੀ ਆਸ ਨਹੀਂ ਰਖ ਸਕਦੇ। ਸਿਆਸੀ ਮਾਹਿਰ ਚੈਲਡੀਨਜ਼ ਮੇਨਸਾਹ ਨੇ ਅਲਬਰਟਾ ਦੇ ਪ੍ਰਧਾਨ ਮੰਤਰੀ ਐਡ ਸਟੇਲਮੈਕ ਵਲੋਂ ਦੋ ਨਵੇਂ ਕੈਬਨਿਟ ਮੰਤਰੀਆਂ ਦੀ ਨਿਯੁਕਤੀ ਕੀਤੇ ਜਾਣ ਪਿਛੋਂ ਕਿਹਾ , ''ਇਹ ਪ੍ਰਕਿਰਿਆ ਸਿਰਫ ਵਿਭਾਗਾਂ ਦੇ ਸਿਆਸੀ ਮੁਖੀਆਂ ਦੀ ਤਬਦੀਲੀ ਤਕ ਹੀ ਸੀਮਿਤ ਹੈ ਅਤੇ ਸਰਕਾਰੀ ਹਦਾਇਤਾਂ ਜਾਰੀ ਕਰਨ ਅਤੇ ਫੈਸਲੇ ਲੈਣ ਬਾਰੇ ਬੇਯਕੀਨੀ ਇਸ ਨਾਲ ਨਹੀਂ ਹਟੇਗੀ। ਇਨ੍ਹਾਂ ਆਗੂਆਂ ਦਾ ਕਾਰਜਕਾਲ ਕਾਫੀ ਛੋਟਾ ਹੈ। ਸਟੈਲਮੈਕ ਨੇ ਵਕੀਲ ਅਤੇ ਵਿਸਟਾਸਕੀਵਨ-ਕੈਮਰੋਸ ਐਮ.ਐਲ.ਏ. ਵਰਲਿਨ ਓਲਸਨ ਨੂੰ ਨਿਆਂ ਮੰਤਰੀ ਅਤੇ ਗਰੇਗ ਵੀਡਿਕ ਨੂੰ ਸਿਖਿਆ ਮੰਤਰੀ ਲਗਾਇਆ ਸੀ। ਇਸ ਦੇ ਨਾਲ ਹੀ ਲਾਯਡ ਸਨੈਲਗਰੋਵ ਨੂੰ ਪਹਿਲਾਂ ਹੀ ਟੈਡਮੋਰਟਨ ਦੀ ਥਾਂ ਵਿੱਤ ਮੰਤਰੀ ਨਿਯੁਕਤ ਕੀਤਾ ਜਾ ਚੁੱਕਿਆ ਹੈ। ਰੈੱਡ ਡੀਅਰ ਦੱਖਣ ਦੇ ਵਿਧਾਇਕ ਕਾਲ ਡਲਾਸ ਨੂੰ ਨਿਆਂ ਮੰਤਰਾਲੇ ਵਿਚ ਲਿਆ ਗਿਆ ਹੈ। ਸਟੈਲਮੈਕ ਨੇ ਆਪਣੀ ਚੋਣ ਸਬੰਧੀ ਕਿਹਾ ਕਿ ਸਰਕਾਰ ਵਿੱਚ ਯੋਗ ਵਿਅਕਤੀਆਂ ਦੀ ਕਮੀ ਨਹੀਂ ਅਤੇ ਮੈਂ ਚੰਗੇ ਤਜਰਬੇ ਵਾਲੇ ਲੋਕਾਂ ਨੂੰ ਅੱਗੇ ਲਿਆਂਦਾ ਹੈ। ਲਿਬਰਲ ਪਾਰਟੀ ਦੇ ਆਗੂ ਡੇਵਿਡ ਸਵਾਨ ਨੇ ਕਿਹਾ ਕਿ ਨਵੀਆਂ ਨਿਯੁਕਤੀਆਂ ਪਿਛੋਂ ਅਸਲ ਵਿਚ ਕੰਮ ਰੁਕ ਜਾਵੇਗਾ। ਕਿਉਂਕਿ ਨਵੇਂ ਨਿਯੁਕਤ ਕੀਤੇ ਮੰਤਰੀ ਸਿਰਫ ਨਿਗਰਾਨ ਬਣ ਕੇ ਰਹਿ ਜਾਣਗੇ।



# ਦਿਮਾਗ ਦੀਆਂ ਬਾਰੀਕ ਨਸਾਂ ਦਾ ਅਪ੍ਰੇਸ਼ਨ ਹੋਇਆ ਸੌਖਾ

## ਮਾਈਕ੍ਰੋਸਕੋਪ ਦੀ ਮਦਦ ਨਾਲ ਸਹੀ ਹਾਲਤ ਦਾ ਪਤਾ ਲਗਾ ਲੈਂਦੇ ਹਨ ਡਾਕਟਰ



ਐਡਮਿੰਟਨ (ਨਦਬ) ਡੇਵੀਡ ਕੌਰਨੀ ਆਪਣੇ ਦਿਮਾਗ ਦੀ ਨਸ ਦੇ ਹੋਏ ਆਪ੍ਰੇਸ਼ਨ ਦੀ ਵੀਡੀਓ ਵੇਖ ਕੇ ਹੈਰਾਨ ਹੋ ਰਿਹਾ ਹੈ । ਕੌਰਨੀ ਦਾ ਸਫਲ ਅਪ੍ਰੇਸ਼ਨ ਵਿਗਿਆਨੀਆਂ ਵਲੋਂ ਇਜਾਦ ਕੀਤੇ ਨਵੇਂ ਮਾਈਕ੍ਰੋਸਕੋਪ ਨਾਲ ਹੀ ਸੰਭਵ ਹੋ ਸਕਿਆ। ਐਡਮਿੰਟਨ ਵਿਚ ਝਟਕਈ ਦਾ ਕੰਮ ਕਰਨ ਵਾਲੇ ਇਸ ਵਿਅਕਤੀ ਦੀਆਂ ਅੱਖਾਂ ਉਸ ਸਮੇਂ ਅੱਡੀਆਂ ਹੀ ਰਹਿ ਗਈਆਂ ਜਦੋਂ ਉਸ ਨੇ ਵੱਡੀ ਸਕਰੀਨ 'ਤੇ ਆਪਣੀਆਂ ਨਾੜਾਂ ਦਾ ਅਪ੍ਰੇਸ਼ਨ ਹੁੰਦਾ ਵੇਖਿਆ। ਉਸ ਦੇ ਦਸ ਸਾਲ ਦੇ ਬੇਟੇ ਨੇ ਆਪ੍ਰੇਸ਼ਨ ਦੀ ਵੀਡੀਓ ਕਾਪੀ ਘਰ ਲਿਆਉਣ ਦੀ ਮੰਗ ਕੀਤੀ ਸੀ। ਉਸ ਦੇ ਬੇਟੇ ਦਾ ਕਹਿਣਾ ਸੀ, ''ਮੈਨੂੰ ਆਪਣੇ ਪਿਤਾ ਦੀ ਕਾਫੀ ਚਿੰਤਾ ਸੀ। ਸੱਭ ਕੁੱਝ ਠੀਕ ਠਾਕ ਹੋ ਜਾਣ ਪਿਛੋਂ ਉਹ ਸਾਰਾ ਘਟਨਾਕ੍ਰਮ ਵੇਖਣਾ ਚਾਹੁੰਦਾ ਸੀ।'' 3.38 ਲੱਖ ਡਾਲਰ ਦੀ ਕੀਮਤ ਵਾਲੇ ਨਿਊਰੋਸਰਜੀਕਲ ਮਾਈਕ੍ਰੋਸਕੋਪ ਰਾਹੀਂ ਕੌਰਨੀ ਆਪਣੇ ਦਿਮਾਗ਼ ਦੀ ਸਰਜਰੀ ਦੀ ਵੀਡੀਓ ਵੇਖ ਸਕਿਆ। ਇਹ ਪੱਛਮੀ ਕੈਨੇਡਾ ਵਿਚ ਆਪਣੀ ਕਿਸਮ ਦਾ ਪਹਿਲਾ ਮਾਈਕ੍ਰੋਸਕੋਪ ਹੈ ਜੋ ਡਾਕਟਰਾਂ ਨੂੰ ਬਰੀਕ ਤੋਂ ਬਰੀਕ ਨਸਾਂ ਵੇਖਣ ਵਿਚ ਮਦਦ ਕਰਦਾ ਹੈ। ਇਸ ਰਾਹੀਂ ਡਾਕਟਰ ਇਹ ਪੱਕਾ ਕਰਦੇ ਹਨ ਕਿ ਨਸ ਦੀ ਸਹੀ ਮੁਰੰਮਤ ਹੋ ਗਈ ਹੈ ਜਾਂ ਨਹੀਂ ਅਤੇ ਕੀ ਖ਼ੂਨ ਦਾ ਵਹਾਅ ਸਹੀ ਤਰੀਕੇ ਨਾਲ ਹੋ ਰਿਹਾ ਹੈ। ਕੌਰਨੀ ਦਾ ਆਪ੍ਰੇਸ਼ਨ ਕਰਨ ਵਾਲੇ ਡਾਕਟਰ ਮੈਕਸ ਫਿੰਡਲੇ ਨੇ ਦਸਿਆ, ''ਮਾਈਕ੍ਰੋਸਕੋਪ ਆਉਣ ਤੋਂ ਪਹਿਲਾਂ ਸਾਨੂੰ ਸਾਰੀ ਜਾਣਕਾਰੀ ਹਾਸਲ ਕਰਨ ਲਈ ਰੇਡੀਆਲੋਜੀ ਵਿਭਾਗ ਦੀ ਮਦਦ ਲੈਣੀ ਪੈਂਦੀ ਸੀ ਪਰ ਹੁਣ ਅਸੀਂ ਅਪ੍ਰੇਸ਼ਨ ਥੀਏਟਰ ਵਿਚ ਹੀ ਸੱਭ ਕੁੱਝ ਵੇਖ ਲੈਂਦੇ ਹਾਂ। ਡਾਕਟਰ ਫਿੰਡਲੇ ਹੁਣ ਅਪ੍ਰੇਸ਼ਨ ਤੋਂ ਬਾਅਦ ਇਹ ਯਕੀਨੀ ਬਣਾ ਸਕਦੇ ਹਨ ਕਿ ਕਿਸੇ ਹੋਰ ਨਸ ਵਿਚ ਖ਼ੂਨ ਤਾਂ ਨਹੀਂ ਜੰਮਿਆ ਹੋਇਆ। ਜੇ ਕਿਸੇ ਨਸ ਵਿਚ ਖ਼ੂਨ ਦਾ ਥੱਕਾ ਜੰਮ ਜਾਂਦਾ ਹੈ ਤਾਂ ਇਹ ਦੌਰੇ ਦਾ ਕਾਰਨ ਬਣ ਸਕਦਾ ਹੈ। ਇਸ ਤੋਂ ਪਹਿਲਾਂ ਦਿਮਾਗ ਦੇ ਆਪ੍ਰੇਸ਼ਨ ਕਰਨ ਵਾਲੇ ਡਾਕਟਰਾਂ ਨੂੰ ਸਿਰਫ ਕਾਲੇ ਰੰਗ ਦਾ ਸਥਾਨ ਹੀ ਦਿਖਾਈ ਦਿੰਦਾ ਸੀ ਪਰ ਚਮਕਦਾਰ ਤਰਲ ਪਦਾਰਥ ਖ਼ੂਨ ਪ੍ਰਣਾਲੀ ਵਿਚ ਪਾਏ ਜਾਣ ਨਾਲ ਹੁਣ ਉਹ ਸਥਾਨ ਚਮਕਣ ਲਗ ਪੈਂਦਾ ਹੈ ਜਿਸ ਨਾਲ ਸਹੀ ਇਲਾਜ ਵਿਚ ਮਦਦ ਮਿਲਦੀ ਹੈ। ਤਿੰਨ ਬੱਚਿਆਂ ਦੇ ਪਿਤਾ ਡੇਵਿਡ ਕੌਰਨੀ ਨੂੰ ਨਵੇਂ ਮਾਈਕ੍ਰੋਸਕੋਪ ਕਾਰਨ ਹਸਪਤਾਲ ਵਿਚ ਬਹੁਤਾ ਸਮਾਂ ਨਹੀਂ ਰਹਿਣਾ ਪਿਆ।

# ਕੈਪੀਟਲ ਹੈਲਥ ਦੀ ਸਾਬਕਾ ਸੀ.ਈ.ਓ. ਵਲੋਂ ਇਕ ਡਾਲਰ ਦੇ ਮਿਹਨਤਾਨੇ 'ਤੇ ਸੇਵਾਵਾਂ ਦੇਣ ਦਾ ਐਲਾਨ

ਐਡਮਿੰਟਨ (ਨਦਬ) ਸਿਹਤ ਮੰਤਰੀ ਜੀਨ ਜ਼ਵੋਜ਼ਦੈਸਕੀ ਨੇ ਅਲਬਰਟਾ ਦੇ ਸਿਹਤ ਬੋਰਡ ਦੇ ਪੰਜ ਨਵੇਂ ਮੈਂਬਰ ਨਿਯੁਕਤ ਕੀਤੇ ਹਨ, ਜਿਨ੍ਹਾਂ ਵਿਚ ਕੈਪੀਟਲ ਹੈਲਥ ਦੀ ਸਾਬਕਾ ਮੁਖੀ ਵੀ ਸ਼ਾਮਲ ਹੈ ਜਿਸ ਨੂੰ ਨੌਕਰੀ ਜਾਣ ਪਿਛੋਂ 3.48 ਮਿਲੀਅਨ ਡਾਲਰ ਦਾ ਮੁਆਵਜ਼ਾ ਮਿਲਿਆ ਸੀ। ਸ਼ੀਲਾ ਵੈਦਰਿਲ ਜੋ 1996 ਤੋਂ 2008 ਤਕ ਕੈਪੀਟਲ ਹੈਲਥ ਦੀ ਸੀਈਓ ਰਹੀ, ਨੇ ਸਿਰਫ 1 ਡਾਲਰ ਦੇ ਮਿਹਨਤਾਨੇ 'ਤੇ ਸੇਵਾਵਾਂ ਦੇਣ ਦੀ ਸਹਿਮਤੀ ਦਿਤੀ ਹੈ ਜਦਕਿ ਬੋਰਡ ਦੇ ਹੋਰਨਾਂ ਮੈਂਬਰਾਂ ਨੂੰ ਤਨਖਾਹ ਅਤੇ ਹੋਰ ਭੱਤਿਆਂ ਸਮੇਤ 40 ਹਜਾਰ ਡਾਲਰ ਮਿਲਦੇ ਹਨ। ਜਦੋਂ ਅਲਬਰਟਾ ਸਰਕਾਰ ਨੇ ਸਿਹਤ ਸਬੰਧੀ ਖੇਤਰਾਂ ਨੂੰ ਇਕੱਠਾ ਕਰ ਕੇ ਇਕ ਜਥੇਬੰਦੀ ਦੇ ਘੇਰੇ ਵਿੱਚ ਲਿਆਂਦਾ ਤਾਂ ਉਸ ਵਲੋਂ ਦਲੀਲ ਦਿੱਤੀ ਗਈ ਸੀ ਕਿ ਵਧੇਰੇ ਅਧਿਕਾਰੀਆਂ ਨੂੰ ਮੋਟੀਆਂ ਤਨਖਾਹਾਂ ਦੇਣੀਆਂ ਸੰਭਵ ਨਹੀਂ। ਵੈਦਰਿਲ ਨੂੰ ਸੀ.ਈ.ਓ. ਵਜੋਂ 9.15 ਲੱਖ ਡਾਲਰ ਸਾਲਾਨਾ ਮਿਲਦੇ ਹਨ। ਜਦੋਂ ਵੈਦਰਿਲ ਅਤੇ ਕੈਲਗਰੀ ਦੇ ਜੈਕ ਡੈਵੀਸ ਸੇਵਾਵਾਂ ਤੋਂ ਸੇਵਾ ਮੁਕਤ ਹੋਏ ਤਾਂ ਉਨ੍ਹਾਂ ਨੂੰ ਕ੍ਰਮਵਾਰ 3.48 ਮਿਲੀਅਨ ਡਾਲਰ ਅਤੇ 5.73 ਮਿਲੀਅਨ ਡਾਲਰ ਮਿਲੇ।

ਐਲਬਰਟਾ ਮੈਂਟਲ ਹੈਲਥ ਬੋਰਡ ਦੇ ਸੀ.ਈ.ਓ. ਦੇ ਅਹੁਦੇ ਤੋਂ ਹਟਾਏ ਜਾਣ 'ਤੇ ਰੇਅ ਬਲਾਕ ਨੂੰ 5.49 ਲੱਖ ਡਾਲਰ ਪ੍ਰਾਪਤ ਹੋਏ ਸਨ, ਉਹ ਵੀ ਨਵੇਂ ਬੋਰਡ ਵਿਚ ਸ਼ਾਮਲ ਹੋ ਗਿਆ ਹੈ। ਉਸ ਨੂੰ ਪਿਛਲੇ ਕੰਮ ਦੀ ਪੈਨਸ਼ਨ ਵੀ ਮਿਲ ਰਹੀ ਹੈ ਜੋ ਆਉਂਦੀਆਂ ਗਰਮੀਆਂ ਤਕ ਜਾਰੀ ਰਹੇਗੀ ਅਤੇ ਫਿਰ ਬਾਅਦ ਵਿਚ 40 ਹਜ਼ਾਰ ਡਾਲਰ ਪ੍ਰਤੀ ਮਹੀਨੇ ਦਾ ਮਾਣ ਭੱਤਾ ਮਿਲਣਾ ਸ਼ੁਰੂ ਹੋ ਜਾਵੇਗਾ। ਨਵੇਂ ਮੈਂਬਰ ਜਿੰਮ ਕਲਿਫੋਰਡ ਦੀ ਥਾਂ ਲੈਣਗੇ ਜਿਨ੍ਹਾਂ ਨੇ ਪਿਛਲੀਆਂ ਗਰਮੀਆਂ ਵਿਚ ਪਰਵਾਰਕ ਕਾਰਨਾਂ ਕਰ ਕੇ ਅਸਤੀਫਾ ਦੇ ਦਿੱਤਾ ਸੀ। ਇਸ ਤੋਂ ਇਲਾਵਾ ਗੌਰਡ ਬੌਂਟਜੇ, ਲਿੰਡਾ ਹੋਹਲ, ਡਾ. ਆਂਦਰੀਆਸ ਅਤੇ ਟੋਨੀ ਫਰਾਂਸ਼ੇਸਿਨੀ ਨੇ ਨਵੰਬਰ ਵਿਚ ਅਸਤੀਫਾ ਦੇ ਦਿੱਤਾ ਸੀ।

ਨਵੀਆਂ ਨਿਯੁਕਤੀਆਂ ਬਾਰੇ ਐਨ.ਡੀ.ਪੀ. ਆਗੂ ਬ੍ਰਾਈਨ ਮੈਸਨ ਨੇ ਕਿਹਾ ਕਿ ਇਹ ਗੁੰਮਰਾਹਕੁਨ ਕਦਮ ਹੈ। ਉਨ੍ਹਾਂ ਕਿਹਾ, ''ਮੈਂ ਸ਼ੀਲਾ ਦੀ ਯੋਗਤਾ 'ਤੇ ਸਵਾਲ ਨਹੀਂ ਉਠਾ ਰਿਹਾ, ਮੈਂ ਉਸ ਨੂੰ ਨਿਯੁਕਤ ਕਰਨ ਦੇ ਤਰੀਕੇ 'ਤੇ ਉਂਗਲ ਚੁਕ ਰਿਹਾ ਹਾਂ। ਲੋਕਾਂ ਵਲੋਂ ਸਿਧੇ ਤੌਰ 'ਤੇ ਨਾ ਚੁਣੇ ਗਏ ਵਿਅਕਤੀ ਸਾਡੀ ਸਿਹਤ ਪ੍ਰਣਾਲੀ ਦੇ ਮੋਢੀ ਕਿਵੇਂ ਬਣ ਸਕਦੇ ਹਨ।'' ਸਰਕਾਰ ਦੀ ਸਿਹਤ ਸੇਵਾਵਾਂ ਪ੍ਰਤੀ ਵਚਨਬੱਧਤਾ 'ਤੇ ਸਵਾਲ ਉਠਾਉਣ ਕਾਰਨ ਟੋਰੀ ਧੜੇ ਵਿਚੋਂ ਬਾਹਰ ਕੀਤੇ ਗਏ ਐਮ.ਐਲ.ਏ. ਡਾ. ਰਾਜ ਸ਼ਰਮਨ ਨੇ ਕਿਹਾ ਕਿ ਵੈਦਰਿਲ ਦੇ ਪਿਛਲੇ ਕੰਮਾਂ ਨੂੰ ਬਹੁਤਾ ਸ਼ਲਾਘਾਯੋਗ ਨਹੀਂ ਕਿਹਾ ਜਾ ਸਕਦਾ ਕਿਉਂਕਿ ਜਦੋਂ ਉਹ ਐਮਰਜੈਂਸੀ ਸੇਵਾਵਾਂ ਦੀ ਇੰਚਾਰਜ ਸੀ ਤਾਂ ਦੌਰਿਆਂ ਦੇ ਮਰੀਜ਼ ਜਾਂ ਕੈਂਸਰ ਦੇ ਗੰਭੀਰ ਹਾਲਤ ਵਿਚਲੇ ਮਰੀਜ਼ਾਂ ਨੂੰ ਲੰਮੀ ਉਡੀਕ ਕਰਨੀ ਪੈਂਦੀ ਸੀ। ਸਰਕਾਰ ਨੂੰ ਸਿਹਤ ਸੇਵਾਵਾਂ ਦੀ ਜ਼ਿੰਮੇਵਾਰੀ ਤੋਂ ਬਚਣ ਦੀ ਥਾਂ ਮਜ਼ਬੂਤੀ ਨਾਲ ਇਸ ਨੂੰ ਸੰਭਾਲਣਾ ਚਾਹੀਦਾ ਹੈ। ਜੇ ਕਿਸੇ ਵਿਅਕਤੀ ਨੂੰ ਦੌਰਾ ਪਿਆ ਹੈ ਜਾਂ ਹੋਰ ਸਮੱਸਿਆ ਹੋਈ ਹੈ ਅਤੇ ਉਸ ਦੀ ਮੌਕੇ 'ਤੇ ਸੰਭਾਲ ਨਹੀਂ ਕੀਤੀ ਗਈ ਤਾਂ ਮੰਤਰੀ ਨੂੰ ਇਸ ਦਾ ਜਵਾਬ ਦੇਣਾ ਹੋਵੇਗਾ।

# 78 ਕੈਰੇਟ ਦਾ ਹੀਰਾ 2.8 ਮਿਲੀਅਨ ਡਾਲਰ ਦੀ ਰਿਕਾਰਡ ਕੀਮਤ ਵਿਚ ਵਿਕਿਆ



ਐਡਮਿੰਟਨ (ਨਦਬ)ਕੈਨੇਡਾ ਦੇ ਉੱਤਰੀ ਪਛਮੀ ਹਿੱਸੇ ਦੀਆਂ ਖਾਨਾਂ ਵਿਚੋਂ ਲੱਭਿਆ ਵੱਡਾ ਹੀਰਾ ਬੈਲਜੀਅਮ ਵਿਖੇ ਹੋਈ ਨੀਲਾਮੀ ਦੌਰਾਨ 2.8 ਮਿਲੀਅਨ ਡਾਲਰ ਦੀ ਰਿਕਾਰਡ ਕੀਮਤ ਵਿਚ ਨੀਲਾਮ ਹੋਇਆ। 7.8 ਕੈਰੇਟ ਦਾ ਇਹ ਹੀਰਾ ਯੈਲੋਨਾਈਫ ਦੀ ਇਕਾਤੀ ਖਾਨ ਵਿਚੋਂ ਲੱਭਿਆ ਸੀ। ਖਾਨ ਦੇ ਮਾਲਕ ਬੀ.ਐਚ.ਪੀ. ਬਿਲੀਟਨ ਨੇ ਇਸ ਨੂੰ ਸ਼ਾਨਦਾਰ ਕਰਾਰ ਦਿਤਾ ਅਤੇ ਕਿਹਾ ਕਿ ਇਸ ਦੀ ਪੈਮਾਇਸ਼ 21×18×13 ਮਿਲੀਮੀਟਰ ਹੈ ਜੋ ਕਿਸੇ ਬਾਲਗ ਵਿਅਕਤੀ ਦੇ ਅੰਗੂਠੇ ਦੇ ਉਪਰਲੇ ਹਿੱਸੇ ਦੇ ਬਰਾਬਰ ਬਣਦੀ ਹੈ। ਇਸ ਨੂੰ ਖਰੀਦਣ ਲਈ 77 ਬੋਲੀਕਾਰ ਪੁੱਜੇ ਹੋਏ ਸਨ। ਕੰਪਨੀ ਦੇ ਬੁਲਾਰੇ ਅਲੈਗਜ਼ੈਂਡਰ ਲਿਗਾਰੀ ਨੇ ਕਿਹਾ ਕਿ ਖਰੀਦਦਾਰ ਦੀ ਪਛਾਣ ਨਹੀਂ ਦਸੀ ਜਾ ਸਕਦੀ। ਉਨ੍ਹਾਂ ਕਿਹਾ ਕਿ ਇਸ ਹੀਰੇ ਦੇ ਰੇਸ਼ਿਆਂ ਵਿਚ ਕੋਈ ਰੰਗ ਨਹੀਂ ਸੀ ਅਤੇ ਅਜਿਹਾ ਹੀਰਾ ਮੁਸ਼ਕਲ ਨਾਲ ਹੀ ਮਿਲਦਾ ਹੈ।

# ਖ਼ੁਰਾਕੀ ਪਦਾਰਥਾਂ ਦੀਆਂ ਵਧਦੀਆਂ ਕੀਮਤਾਂ ਦੁਨੀਆ ਵਿਚ ਸਿਆਸੀ ਸਥਿਰਤਾ ਲਈ ਖਤਰਾ ਬਣਗੀਆਂ

ਟੋਕੀਓ:(ਨਦਬ) ਮਿਸਰ ਵਿਚ ਵਾਪਰੇ ਘਟਨਾਕ੍ਰਮ ਨੂੰ ਇਕ ਪਲ ਲਈ ਭੁਲਾ ਦਿਉ, ਚੀਨ ਵਿਚ ਪਾਣੀ ਦੇ ਪੈਦਾ ਹੋਏ ਸੰਕਟ ਨੂੰ ਵੀ ਦਿਮਾਗ ਵਿਚੋਂ ਕੱਢ ਦਿਉ। ਬੰਗਲਾ ਦੇਸ਼ ਦੀਆਂ ਗਲੀਆਂ ਵਿਚ ਲੋਕਾਂ ਵਲੋਂ ਕੀਤੇ ਰੋਸ ਵਿਖਾਵੇ 'ਤੇ ਨਜ਼ਰ ਮਾਰੋ ਪਰ ਜੇ ਤੁਸੀਂ ਖ਼ੁਰਾਕ ਦੀਆਂ ਵਧਦੀਆਂ ਕੀਮਤਾਂ ਦਾ ਅਸਲ ਅਸਰ ਵੇਖਣਾ ਚਾਹੁੰਦੇ ਤਾਂ ਅਮੀਰ ਦੇਸ਼ ਜਾਪਾਨ ਵੱਲ ਦੇਖੋ। ਅਰਥ ਸ਼ਾਸਤਰੀਆਂ ਵਲੋਂ ਲਗਾਏ ਅੰਦਾਜ਼ੇ ਮੁਤਾਬਕ ਜਾਪਾਨ ਵਿਚ ਤੇਜ਼ੀ ਨਾਲ ਮੁਦਰਾ ਦੀ ਪਸਾਰ ਦਰ ਜਾਂ ਮਹਿੰਗਾਈ ਦਰ ਵਧ ਰਹੀ ਹੈ। ਇਸ ਪਿੱਛੇ ਕਣਕ, ਮੱਕੀ ਅਤੇ ਕੌਫੀ ਵਰਗੀਆਂ ਵਸਤਾਂ ਦੀਆਂ ਵਧਦੀਆਂ ਕੀਮਤਾਂ ਜ਼ੁੰਮੇਵਾਰ ਹਨ ਅਤੇ ਖਰਬਾਂ ਡਾਲਰ ਦਾ ਕਾਰੋਬਾਰ ਕਰਨ ਵਾਲੇ ਜਾਪਾਨ ਦੇ ਕੇਂਦਰੀ ਬੈਂਕ ਕੋਲ ਨਗਦੀ ਦੀ ਸਮੱਸਿਆ ਖੜੀ ਹੋ ਗਈ ਹੈ। ਖ਼ੁਰਾਕੀ ਪਦਾਰਥਾਂ ਦੀਆਂ ਕੀਮਤਾਂ ਦੇ ਆਰਥਕ ਤੌਰ 'ਤੇ ਮਾੜੇ ਨਤੀਜੇ ਸਾਹਮਣੇ ਆ ਰਹੇ ਹਨ। ਜਾਪਾਨ ਵਿਚ ਜਦੋਂ ਮਹਿੰਗਾਈ ਦਾ ਇੰਨਾ ਜ਼ਿਆਦਾ ਅਸਰ ਦਿਖਾਈ ਦੇ ਰਿਹਾ ਹੈ ਤਾਂ ਏਸ਼ੀਆਈ ਦੇਸ਼ਾਂ ਦਾ ਕੀ ਹੋਵੇਗਾ ਜਿਥੇ ਲੋਕ ਰੋਜ਼ਾਨਾ ਦੋ ਡਾਲਰ ਤੋਂ ਵੀ ਘੱਟ ਖਰਚੇ ਵਿਚ ਆਪਣਾ ਗੁਜ਼ਾਰਾ ਕਰਦੇ ਹਨ।



ਇਹ ਸਮੱਸਿਆ ਕਿਵੇਂ ਪੈਦਾ ਹੋਈ ਇਸ ਨੂੰ ਜਾਣਨ ਲਈ ਕੁੱਝ ਮਹੀਨੇ ਪਿੱਛੇ ਜਾਣਾ ਹੋਵੇਗਾ ਜਦੋਂ ਜਕਾਰਤਾ, ਮਨੀਲਾ ਅਤੇ ਨਵੀਂ ਦਿੱਲੀ ਦੀਆਂ ਸਰਕਾਰਾਂ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਿਚ ਵਾਧੇ ਦੀ ਸਮੱਸਿਆ ਨਾਲ ਜੂਝ ਰਹੀਆਂ ਸਨ। ਨਿਊਯਾਰਕ ਯੂਨੀਵਰਸਿਟੀ ਦੇ ਅਰਥ ਸ਼ਾਸਤਰੀ ਨੌਰੀਅਲ ਰੋਬੀਨੀ ਜਿਨ੍ਹਾਂ ਨੇ ਭਵਿੱਖ ਬਾਣੀ ਕੀਤੀ ਸੀ ਕਿ ਅਮਰੀਕਾ ਵਿਚ ਆਰਥਕ ਸੰਕਟ ਪੈਦਾ ਹੋਵੇਗਾ, ਨੇ ਕਿਹਾ ਕਿ ਜ਼ਰੂਰੀ ਵਸਤਾਂ ਦੀਆਂ ਵਧਦੀਆਂ ਕੀਮਤਾਂ ਕੌਮਾਂਤਰੀ ਬਾਜ਼ਾਰ 'ਤੇ ਦਬਾਅ ਪਾ ਰਹੀਆਂ ਹਨ ਅਤੇ ਇਨ੍ਹਾਂ ਕਾਰਨ ਹੀ ਮਿਸਰ ਵਿਚ ਹੋਸਨੀ ਮੁਬਾਰਕ ਦੀ ਸਰਕਾਰ ਦਾ ਤਖਤਾ ਪਲਟ ਗਿਆ। ਕੀਮਤਾਂ ਵਿਚ ਵਾਧੇ ਦੇ ਅਸਰਾਂ ਬਾਰੇ ਵਿਚਾਰ ਕਰਨਾ ਬਹੁਤ ਜ਼ਰੂਰੀ ਹੈ। ਸੰਯੁਕਤ ਰਾਸ਼ਟਰ ਨੇ 2010 ਵਿਚ ਗ਼ਰੀਬ ਦੇਸ਼ਾਂ ਨੂੰ ਅਨਾਜ ਖਰੀਦਣ ਲਈ ਇਕ ਖਬਰ ਡਾਲਰ ਦਿੱਤੇ। ਇਹ ਰਕਮ 2009 ਦੇ ਮੁਕਾਬਲੇ 20 ਫੀ ਸਦੀ ਜ਼ਿਆਦਾ ਹੈ। ਵਸਤਾਂ ਦੇ ਭਾਅ ਤਾਂ ਹਾਲੇ ਵਧਣੇ ਸ਼ੁਰੂ ਹੋਏ ਹਨ। ਡੇਅਰੀ ਪਦਾਰਥਾਂ, ਚੀਨੀ ਅਤੇ ਅਨਾਜ ਦੀਆਂ ਕੀਮਤਾਂ ਜਨਵਰੀ ਵਿਚ ਰਿਕਾਰਡ ਉਚਾਈ 'ਤੇ ਪੁੱਜ ਗਈਆਂ। ਇਸ ਸੰਕਟ ਕਾਰਨ ਵਿਕਾਸ਼ਸ਼ੀਲ ਦੇਸ਼ਾਂ 'ਤੇ ਹੋਰ ਕਰਜ਼ਾ ਚੜ੍ਹ ਸਕਦਾ ਹੈ। ਏਸ਼ੀਆਈ ਦੇਸ਼ਾਂ ਦੇ ਆਗੂ ਸਬਸਿਡੀਆਂ ਵਧਾਉਣਾ ਚਾਹੁੰਦੇ ਹਨ ਅਤੇ ਦਰਾਮਦ ਕਰਾਂ ਵਿਚ ਕਟੌਤੀ ਕਰਨ ਦੇ ਇੱਛੁਕ ਹਨ। ਸਮਾਜਕ ਅਸਥਿਰਤਾ ਪੈਦਾ ਕਰਨ ਲਈ ਇਹ ਸਮੱਸਿਆਵਾਂ ਕਾਫੀ ਹਨ। ਮਿਸਰ ਵਿਚ ਅਸੀਂ ਇਸ ਦੇ ਨਤੀਜੇ ਵੇਖ ਚੁੱਕੇ ਹਾਂ। ਟਵੀਟਰ, ਯੂ-ਟਿਊਬ ਅਤੇ ਫੇਸਬੁੱਕ ਦੇ ਦੌਰ ਵਿਚ ਲੋਕਾਂ ਦੇ ਗੁੱਸੇ ਨੂੰ ਦਬਾਉਣਾ ਬਹੁਤ ਔਖਾ ਹੈ।

ਦੁਨੀਆ ਇਕ ਵਜ਼ਨਦਾਰ ਸਥਾਨ ਬਣ ਗਈ ਹੈ ਕਿਉਂਕਿ 1980 ਤੋਂ ਬਾਅਦ ਮੋਟਾਪੇ ਦਾ ਸ਼ਿਕਾਰ ਲੋਕਾਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋਇਆ। 2008 ਵਿਚ ਦੁਨੀਆ ਦੀ ਕੁੱਲ ਆਬਾਦੀ ਦਾ 10 ਫੀ ਸਦੀ ਖਤਰਨਾਕ ਹੱਦ ਤਕ ਮੋਟਾਪੇ ਦਾ ਸ਼ਿਕਾਰ ਸੀ। ਏਸ਼ੀਆਈ ਦੇਸ਼ਾਂ ਵਿਚ ਪੱਛਮੀ ਖਾਣੇ ਦਾ ਵਧਦਾ ਰੁਝਾਨ ਵੀ ਇਸ ਪਿੱਛੇ ਇਕ ਵੱਡਾ ਕਾਰਨ ਹੈ। ਇਕੱਲੇ ਏਸ਼ੀਆ ਵਿਚ ਅਗਲੇ ਚਾਰ ਸਾਲਾਂ ਦੌਰਾਨ 14 ਕਰੋੜ ਖਾਣ ਵਾਲੇ ਪੈਦਾ ਹੋ ਜਾਣਗੇ ਅਤੇ ਖਿੱਤੇ ਵਿਚ 3 ਅਰਬ ਤੋਂ ਵਧੱ ਲੋਕ ਖਾਣੇ ਦੀ ਮੰਗ ਕਰ ਰਹੇ ਹੋਣਗੇ। ਚੀਨ ਭਾਵੇਂ ਆਰਥਕ ਤੌਰ 'ਤੇ ਕਾਫੀ ਤਰੱਕੀ ਕਰ ਰਿਹਾ ਹੈ ਪਰ ਆਬਾਦੀ ਜ਼ਿਆਦਾ ਹੋਣ ਕਰ ਕੇ ਉਥੇ ਵੀ ਖ਼ੁਰਾਕੀ ਪਦਾਰਥਾਂ ਦੀ ਖਪਤ ਬਹੁਤ ਜ਼ਿਆਦਾ ਹੈ ਅਤੇ ਉਪਰੋਂ ਸੋਕੇ ਜਾਂ ਹੜ੍ਹਾਂ ਵਰਗੀਆਂ ਕੁਦਰਤੀ ਆਫ਼ਤਾਂ ਸਮੱਸਿਆਵਾਂ ਨੂੰ ਹੋਰ ਗੁੰਝਲਦਾਰ ਬਣਾ ਦਿਤੀਆਂ ਹਨ। ਵਧਦੀਆਂ ਕੀਮਤਾਂ ਚੀਨ ਦੇ ਕੇਂਦਰੀ ਬੈਂਕ ਸਣੇ ਭਾਰਤ ਇੰਡੋਨੇਸ਼ੀਆ, ਫਿਲੀਪੀਨਜ਼ ਪਾਕਿਸਤਾਨ ਅਤੇ ਵੀਅਤਨਾਮ ਲਈ ਵੀ ਸਮੱਸਿਆਵਾਂ ਖੜੀਆਂ ਕਰ ਰਹੀਆਂ ਹਨ।

# ਅਮਰੀਕਾ ਵਲੋਂ ਲਗਾਈ ਜਾਣ ਵਾਲੀ ਯਾਤਰਾ ਫੀਸ ਨੁਕਸਾਨਦੇਹ ਸਾਬਤ ਹੋਵੇਗੀ : ਹਾਰਪਰ



ਓਟਾਵਾ (ਨਦਬ)ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਦੋਸ਼ ਲਗਾਇਆ ਹੈ ਕਿ ਅਮਰੀਕਾ ਵਲੋਂ ਕਰਜ਼ੇ ਵਿਚੋਂ ਬਾਹਰ ਆਉਣ ਲਈ ਰਖਿਆ ਗਿਆ ਪ੍ਰਸਤਾਵ ਨਾ ਸਿਰਫ ਕੈਨੇਡਾ ਦੇ ਲੋਕਾਂ ਉਪਰ ਵਿੱਤੀ ਬੋਝ ਪਾਵੇਗਾ ਬਲਕਿ ਉਨ੍ਹਾਂ ਲੋਕਾਂ ਲਈ ਵੀ ਆਰਥਿਕ ਪ੍ਰੇਸ਼ਾਨੀ ਖੜੀ ਕਰੇਗਾ ਜੋ ਪੂਰੀ ਦੁਨੀਆ ਵਿਚੋਂ ਅਮਰੀਕਾ ਆਉਂਦੇ ਹਨ। ਦਸਣਯੋਗ ਹੈ ਕਿ ਅਮਰੀਕੀ ਸਰਕਾਰ ਨੇ ਕੈਨੇਡਾ, ਮੈਕਸੀਕੋ ਅਤੇ ਕੈਰਬੀਅਨ ਦੇਸ਼ਾਂ ਤੋਂ ਆਉਣ ਵਾਲੇ ਯਾਤਰੀਆਂ 'ਤੇ 5.5 ਡਾਲਰ ਦਾ ਟੈਕਸ ਲਗਾਉਣ ਦਾ ਪ੍ਰਸਤਾਵ ਰਖਿਆ ਹੈ। ਉਨ੍ਹਾਂ ਕਿਹਾ," ਮੈਂ ਸਮਝਦਾ ਹਾਂ ਕਿ ਅਮਰੀਕਾ ਸਰਕਾਰ ਨੂੰ ਆਮਦਨ ਵਧਾਉਣ ਲਈ ਹੋਰ ਤਰੀਕੇ ਲੱਭਣੇ ਚਾਹੀਦੇ ਹਨ।''

ਸਟੀਫਨ ਹਾਰਪਰ ਨੇ ਕਿਹਾ ਕਿ ਅਮਰੀਕਾ ਨੂੰ ਪੈ ਰਿਹਾ ਖਰਬਾਂ ਡਾਲਰ ਦਾ ਘਾਟਾ ਯਾਤਰਾ ਫੀਸ ਲਗਾਉਣ ਨਾਲ ਪੂਰਾ ਨਹੀਂ ਹੋਵੇਗਾ, ਉਲਟਾ ਅਮਰੀਕਾ ਦੇ ਅਰਥਚਾਰੇ ਨੂੰ ਇਸ ਦਾ ਨੁਕਸਾਨ ਹੋਵੇਗਾ। ਅਸੀਂ ਦੋਵਾਂ ਦੇਸ਼ਾਂ ਦਰਮਿਆਨ ਵਪਾਰ ਸਣੇ ਸੈਰ ਸਪਾਟੇ ਦੇ ਸਬੰਧ ਰੁਖਾਵੇਂ ਰੱਖਣਾ ਚਾਹੁੰਦੇ ਹਾਂ ਅਤੇ ਕੋਈ ਫਾਲਤੂ ਟੈਕਸ ਨਹੀਂ ਚਾਹੁੰਦੇ। ਸਟੀਫਨ ਹਾਰਪਰ ਦੀ ਇਹ ਟਿੱਪਣੀ ਅਮਰੀਕਾ ਸਰਕਾਰ ਵਲੋਂ 2012 ਵਿਚ ਲਾਗੂ ਕੀਤੇ ਜਾਣ ਵਾਲੀ ਯਾਤਰਾ ਫ਼ੀਸ ਸਬੰਧੀ ਬਿਲ ਪੇਸ਼ ਕੀਤੇ ਜਾਣ ਤੋਂ ਬਾਅਦ ਆਈ ਹੈ। ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਲਾਰੈਂਸ ਕੈਨਨ ਦਾ ਕਹਿਣਾ ਸੀ ਕਿ ਅਸੀਂ 2012 ਦੇ ਬਜਟ ਦੀ ਗੱਲ ਕਰ ਰਹੇ ਹਾਂ ਅਤੇ ਅਜੇ 2011 ਦਾ ਬਜਟ ਹੀ ਪਾਸ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਹਾਰਪਰ ਅਤੇ ਅਮਰੀਕੀ ਰਾਸ਼ਟਰਪਤੀ ਬਰਾਕ ਉਬਾਮਾ ਦੀ ਦੋ ਹਫਤੇ ਪਹਿਲਾਂ ਹੋਈ ਮੁਲਾਕਾਤ ਦੌਰਾਨ ਵੀ ਇਹ ਮੁੱਦਾ ਉਠਿਆ ਸੀ ਅਤੇ ਦੋਹਾਂ ਦੇਸ਼ਾਂ ਲਈ ਇਹ ਫਾਇਦੇਮੰਦ ਹੋਵੇਗਾ ਕਿ ਉਹ ਮਿਲ ਬੈਠ ਕੇ ਸਮੱਸਿਆ ਦਾ ਹੱਲ ਲੱਭਣ। ਲਿਬਰਲ ਆਗੂ ਮਾਈਕਲ ਇਗਨੈਟਿਫ ਨੇ ਹਾਰਪਰ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਉਹ ਆਪਣੀ ਕਮੀਜ਼ ਵਾਸ਼ਿੰਗਟਨ ਭੁੱਲ ਆਏ ਹਨ।

# ਅਲਬਰਟਾ ਵਿਚ ਪੁਲਿਸ ਦੇ ਨਵੇਂ ਡਾਟਾਬੇਸ ਦਾ ਵਿਰੋਧ ਸ਼ੁਰੂ

## ਵਿਰੋਧੀ ਧਿਰ ਨੇ ਨਿੱਜਤਾ 'ਤੇ ਪੈਣ ਵਾਲੇ ਅਸਰ ਦੀ ਮੁਲਾਂਕਣ ਰਿਪੋਰਟ ਜਾਰੀ ਕਰਨ ਦੀ ਮੰਗ ਕੀਤੀ

ਐਡਮਿੰਟਨ :(ਨਦਬ) ਵਿਰੋਧੀ ਪਾਰਟੀਆਂ ਅਤੇ ਅਪਰਾਧਕ ਮੁਕੱਦਮੇ ਲੜਨ ਵਾਲੇ ਵਕੀਲਾਂ ਨੇ ਪੁਲਿਸ ਦੇ ਨਵੇਂ ਡਾਟਾਬੇਸ, ਜੋ ਸਾਰੇ ਅਲਬਰਟਾ ਦੇ ਅਫਸਰਾਂ ਨੂੰ ਆਪਸ ਵਿਚ ਤੁਰੰਤ ਜਾਣਕਾਰੀ ਸਾਂਝੀ ਕਰਨ ਦੀ ਇਜਾਜ਼ਤ ਦਿੰਦਾ ਹੈ, ਦਾ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਨਵੇਂ ਡਾਟਾ ਬੇਸ ਨਾਲ ਨਿੱਜਤਾ ਦੇ ਹੱਕਾਂ ਦੀ ਉਲੰਘਣਾ ਹੁੰਦੀ ਹੈ ਅਤੇ ਸਰਕਾਰ ਨੂੰ ਇਸ ਨਾਲ ਪੈਣ ਵਾਲੇ ਅਸਰ ਦਾ ਅੰਦਾਜ਼ਾ ਲਗਾਉਣ ਲਈ ਅਧਿਐਨ ਕਰਨਾ ਚਾਹੀਦਾ ਹੈ। ਲਿਬਰਲ ਪਾਰਟੀ ਦੇ ਐਮ.ਐਲ.ਏ. ਲੋਰੀ ਬਲੇਕਮੈਨ ਨੇ ਕਿਹਾ, "ਇਸ ਪ੍ਰਣਾਲੀ ਤਹਿਤ ਤੁਹਾਡੀ ਹੋਰ ਲੋਕਾਂ ਤਕ ਪਹੁੰਚ ਸਥਾਪਤ ਹੋ ਜਾਵੇਗੀ ਅਤੇ ਤੁਹਾਡੇ ਕੋਲ ਉਨ੍ਹਾਂ ਸਬੰਧੀ ਜਾਣਕਾਰੀ ਉਲਪਬੱਧ ਹੋਵੇਗੀ ਜਿਸ ਦੀ ਦਰਵਰਤੋਂ ਹੋਣ ਦੀਆਂ ਸੰਭਾਵਨਾਵਾਂ ਹਨ। ਟੈਲਨ ਡਾਟਾ ਬੇਸ ਨਾਂ ਦੀ ਇਸ ਪ੍ਰਣਾਲੀ ਉਪਰ 65 ਮਿਲੀਅਨ ਡਾਲਰ ਖਰਚ ਹੋਣ ਦੀ ਸੰਭਾਵਨਾ ਹੈ। ਬਲੇਕਮੈਨ ਨੇ ਕਿਹਾ ਕਿ ਸਰਕਾਰ ਵੱਲੋਂ ਇਸ ਪ੍ਰੋਜੈਕਟ ਨਾਲ ਨਿੱਜਤਾ 'ਤੇ ਪੈਣ ਵਾਲੇ ਅਸਰ ਸਬੰਧੀ ਮੁਲਾਂਕਣ ਜਾਰੀ ਕਰਨ ਤੋਂ ਇਨਕਾਰ ਕਰਨ ਦੀ ਗੱਲ ਸਮਝ ਨਹੀਂ ਆ ਰਹੀ। ਉਨ੍ਹਾਂ ਕਿਹਾ, "ਜੇ ਤੁਸੀਂ ਮੇਰੀ ਜਾਸੂਸੀ ਕਰ ਰਹੇ ਹੋ ਤਾਂ ਮੈਨੂੰ ਇਹ ਜਾਣਨ ਦਾ ਹੱਕ ਹੈ ਕਿ ਇਹ ਪ੍ਰਣਾਲੀ ਕਿਵੇਂ ਸਥਾਪਿਤ ਕੀਤੀ ਗਈ। ਮੈਂ ਸਮਝਦਾ ਹਾਂ ਕਿ ਸਰਕਾਰ ਚੰਗੀ ਤਰ੍ਹਾਂ ਜਾਣਦੀ ਹੈ ਕਿ ਲੋਕ ਇਸ ਨੂੰ ਪਸੰਦ ਨਹੀਂ ਕਰਨਗੇ। ਇਸ ਪ੍ਰਾਜੈਕਟ ਦੇ ਨਿੱਜਤਾ 'ਤੇ ਪੈਣ ਵਾਲੇ ਅਸਰ ਸਬੰਧੀ ਮੁਲਾਂਕਣ ਵਿਚ ਕਿਹਾ ਗਿਆ ਹੈ ਕਿ ਇਸ ਨਾਲ ਕਈ ਖਤਰੇ ਜੁੜੇ ਹੋਏ ਹਨ ਅਤੇ ਸਰਕਾਰ ਨੂੰ ਇਨ੍ਹਾਂ ਦਾ ਨਿਪਟਾਰਾ ਕਰਨਾ ਹੋਵੇਗਾ। ਅਲਬਰਟਾ ਵਿਚ ਨਿੱਜਤਾ 'ਤੇ ਪੈਣ ਵਾਲੇ ਅਸਰ ਦਾ ਮੁਲਾਂਕਣ ਸਿਰਫ ਉਦੋਂ ਜ਼ਰੂਰੀ ਹੈ ਜਦੋਂ ਸਰਕਾਰ ਨਵੇਂ ਡਾਟਾ ਪ੍ਰਣਾਲੀ ਤਿਆਰ ਕਰਦੀ ਹੈ ਜਿਸ ਵਿਚ ਸਿਹਤ ਸਬੰਧੀ ਜਾਣਕਾਰੀ ਹੁੰਦੀ ਹੈ। ਐਨ.ਡੀ.ਪੀ. ਦੇ ਆਗੂ ਬ੍ਰਾਇਨ ਮੈਸਨ ਨੇ ਕਿਹਾ ਕਿ ਇਹ ਬਹੁਤ ਹੀ ਗੰਭੀਰ ਹੈ ਕਿ ਸਰਕਾਰ ਪੂਰੀ ਤਰ੍ਹਾਂ ਪਾਰਦਰਸ਼ੀ ਹੋ ਕੇ ਲੋਕ ਚਰਚਾ ਵਿਚ ਪਈ ਹੋਈ ਹੈ ਕਿ ਕੌਣ ਡਾਟਾ ਬੇਸ ਤਕ ਪਹੁੰਚ ਕਰ ਸਕਦਾ ਹੈ ਅਤੇ ਕਿਉਂ। ਉਨ੍ਹਾਂ ਕਿਹਾ ਕਿ ਅਲਬਰਟਾ ਦੇ ਲੋਕ ਇਸ ਕਾਰਨ ਸਹਿਜ ਮਹਿਸੂਸ ਨਹੀਂ ਕਰ ਰਹੇ। ਨਵੀਂ ਪ੍ਰਣਾਲੀ ਨੂੰ ਸਿਰਫ ਪੁਲਿਸ ਆਦੇਸ਼ਾਂ ਲਈ ਵਰਤਿਆ ਜਾਣਾ ਚਾਹੀਦਾ ਹੈ ਅਤੇ ਨਿੱਜਤਾ ਦੇ ਹੱਕ ਦੀ ਉਲੰਘਣਾ ਨਹੀਂ ਹੋਣੀ ਚਾਹੀਦੀ। ਬਲੇਕਮੈਨ, ਮੈਸਨ ਅਤੇ ਅਲਬਰਟਾ ਕਰੀਮੀਨਲ ਲਾਇਰ ਐਸੋਸੀਏਸ਼ਨ ਦੇ ਬ੍ਰਾਇਨ ਹਰਲੇ ਦਾ ਕਹਿਣਾ ਸੀ ਕਿ ਐਡਮਿੰਟਨ ਵਿਚ ਪਿਛਲੇ ਕੁੱਝ ਸਾਲਾਂ ਦੌਰਾਨ ਪੁਲਿਸ ਅਫਸਰਾਂ ਵਲੋਂ ਆਲੋਚਕਾਂ ਬਾਰੇ ਜਾਣਕਾਰੀ ਲੱਭਣ ਸਬੰਧੀ ਮਾਮਲੇ ਸਾਹਮਣੇ ਆਏ ਸਨ ਜੋ ਸਰਾਸਰ ਨਿੱਜਤਾ ਦੇ ਹੱਕ ਦੀ ਉਲੰਘਣਾ ਹੈ। ਪੁਲਿਸ ਨੇ 'ਐਡਮਿੰਟਨ ਸਨ' ਦੇ ਸਾਬਕਾ ਕਾਲਮ ਨਵੀਸ ਕੈਰੀ ਡਜ਼ੋਰਟ ਸਣੇ ਵਕੀਲ ਟੋਮ ਇੰਗਲ ਨਾਲ ਸਬੰਧਤ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਸੀ।

# ਅਮਰੀਕੀ ਸਾਇੰਸ ਕਾਂਗਰਸ ਦਾ ਖ਼ੁਲਾਸਾ : ਚੀਨ ਨੇ ਵਿਗਿਆਨ ਖੇਤਰ ਵਿਚ ਮੋਢੀ ਬਣਨ ਦਾ ਟੀਚਾ ਮਿਥਿਆ

ਵਾਸ਼ਿੰਗਟਨ(ਨਦਬ) ਚੀਨ ਦੀ ਅੱਖ ਵਿਗਿਆਨ ਦੇ ਖੇਤਰ ਵਿਚ ਦੁਨੀਆ ਦਾ ਮੋਢੀ ਮੁਲਕ ਬਣਨ ਦੀ ਹੈ, ਇਹ ਰੁਤਬਾ ਹੁਣ ਤਕ ਅਮਰੀਕਾ ਅਤੇ ਯੂਰਪੀ ਦੇਸ਼ ਕੋਲ ਰਿਹਾ ਹੈ। ਇਹ ਪ੍ਰਗਟਾਵਾ ਅਮਰੀਕਾ ਸਾਇੰਸ ਕਾਨਫਰੰਸ ਵਿਚ ਕੀਤਾ ਗਿਆ। ਪੈਨ ਸਟੇਟ ਯੂਨੀਵਰਸਿਟੀ ਦੇ ਪ੍ਰੋਫ਼ਸਰ ਡੈਨਿਸ ਸਿਮਨ ਨੇ ਕਿਹਾ ਕਿ ਦੁਨੀਆ ਵਿਚ ਸੱਭ ਤੋਂ ਸਸਤੀਆਂ ਨਿਰਮਤ ਵਸਤੂਆਂ ਦਾ ਸਰੋਤ ਬਣਨ ਪਿਛੋਂ ਚੀਨ ਆਸ ਰਖਦਾ ਹੈ ਕਿ ਉਹ ਆਉਣ ਵਾਲੇ ਸਾਲਾਂ ਵਿਚ ਬੋਧਿਕ ਤੌਰ 'ਤੇ ਵੀ ਅੱਗੇ ਲੰਘ ਜਾਵੇਗਾ। ਅਮਰੀਕਾ ਅਤੇ ਯੂਰਪੀ ਦੇਸ਼ ਜਦੋਂ ਵਿ-ਗਆਨ ਲਈ ਰੱਖੇ ਬਜਟ ਵਿਚ ਕਟੌਤੀ ਕਰ ਰਹੇ ਹਨ। ਉਸੇ ਸਮੇਂ ਚੀਨ ਨੇ ਵਿਗਿਆਨ ਅਤੇ ਤਕਨੀਕ ਲਈ ਖਰਚਾ ਵਧਾ ਦਿਤਾ ਹੈ। ਉਨ੍ਹਾਂ ਕਿਹਾ "ਚੀਨ ਨੇ ਸੰਕੇਤ ਦਿਤੇ ਹਨ ਕਿ ਉਹ 2020 ਤਕ ਆਪਣੇ ਕੁੱਲ ਘਰੇਲੂ ਉਤਪਾਦ (ਜੀਡੀਪੀ) ਦਾ 2.5 ਫ਼ੀ ਸਦੀ ਖੋਜ ਅਤੇ ਵਿਕਾਸ ਕਾਰਜਾਂ ਉਤੇ ਖਰਚ ਕਰੇਗਾ।''

ਅਮਰੀਕਾ ਵਿਚ ਰਿਪਬਲੀਕਨ ਪਾਰਟੀ ਸੰਸਦ ਮੈਂਬਰ ਨੈਸ਼ਨਲ ਇੰਸਟੀਚਿਊਟ ਆਫ਼ ਹੈਲਥ ਨੂੰ ਜਾਰੀ ਕੀਤੇ ਜਾਂਦੇ ਬਜਟ ਵਿਚੋਂ ਇਕ ਅਰਬ ਡਾਲਰ ਦੀ ਕਟੌਤੀ ਕਰਨ ਬਾਰੇ ਵਿਚਾਰ ਕਰ ਰਹੇ ਹਨ। ਸਿਰਫ ਗੱਲਾਂ ਨਾਲ ਹੀ ਚੀਨ ਅੱਗੇ ਲੰਘਦਾ ਦਿਖਾਈ ਨਹੀਂ ਰਿਹਾ ਬਲਕਿ ਪਿਛਲੇ ਕੁੱਝ ਸਮੇਂ ਦੌਰਾਨ ਦੇਸ਼ ਵਿਚੋਂ ਵਿਗਿਆਨ ਖੇਤਰ ਦੇ ਅਹਿਮ ਕਾਰਜ ਸਾਹਮਣੇ ਆਏ ਹਨ। ਪੈੱਨ ਸਟੇਟ ਯੂਨੀਵਰਸਿਟੀ ਦੇ ਹੀ ਪ੍ਰੋਫ਼ੈਸਰ ਕੈਰੋਲੀਨ ਵੈਗਨਰ ਨੇ ਕਿਹਾ ਕਿ ਚੀਨ ਵਿਗਿਆਨਕ ਖੇਤਰ ਨੂੰ ਮਿਆਰ ਵਿਚ ਸੁਧਾਰ ਦੀ ਅਹਿਮ ਕੜੀ ਮੰਨਦਾ ਹੈ ਅਤੇ ਇਸੇ ਕਾਰਨ ਉਹ ਅੱਗੇ ਵੱਧ ਰਿਹਾ ਹੈ।

# ਦੁਨੀਆ ਵਿਚ ਰਹਿਣ ਲਈ ਸੱਭ ਤੋਂ ਬਹਿਤਰੀਨ ਜਗ੍ਹਾ ਹੈ ਵੈਨਕੂਵਰ



ਸਿਡਨੀ (ਨਦਬ) ਕੈਨੇਡਾ ਦਾ ਵੈਨਕੂਵਰ ਸ਼ਹਿਰ ਲਗਾਤਾਰ ਪੰਜਵੇਂ ਸਾਲ ਦੁਨੀਆ ਭਰ ਵਿੱਚ ਰਹਿਣ ਲਈ ਬਹਿਤਰੀਨ ਸ਼ਹਿਰਾਂ ਦੀ ਸੂਚੀ ਵਿਚ ਸੱਭ ਤੋਂ ਉਪਰ ਰਿਹਾ ਹੈ ਜਦਕਿ ਮੈਲਬੋਰਨ ਨੂੰ ਦੂਜਾ ਸਥਾਨ ਹਾਸਲ ਹੋਇਆ ਹੈ। ਪਹਿਲਾਂ ਦੂਜਾ ਸਥਾਨ ਵੀਆਨਾ ਨੂੰ ਹਾਸਲ ਸੀ। ਆਸਟ੍ਰੇਲੀਆ ਅਤੇ ਕੈਨੇਡਾ ਸ਼ਹਿਰਾਂ ਨੇ ਪਹਿਲੇ ਦਸ ਸ਼ਹਿਰਾਂ ਦੀ ਸੂਚੀ ਵਿਚ ਆਪਣਾ ਦਬਦਬਾ ਬਣਾਈ ਰਖਿਆ। ਇਕਨੋਮਿਸਟ ਇੰਟੈਲੀਜੈਂਸ ਯੂਨਿਟ ਵਲੋਂ ਕੀਤੇ ਸਾਲਾਨਾ ਸਰਵੇਖਣ ਮੁਤਾਬਕ ਕੈਨੇਡਾ ਦੇ ਪੱਛਮੀ ਤੱਟਵਰਤੀ ਇਲਾਕੇ ਵਿਚ ਸਥਿਤ ਸ਼ਹਿਰ ਜਿਥੇ 2010 ਦੀਆਂ ਸਰਦ ਰੁੱਤ ਉਲੰਪਿਕਸ ਵੀ ਹੋਈਆਂ ਸਨ, ਨੇ ਸਿਹਤ ਸਹੂਲਤਾਂ, ਸੱਭਿਆਚਾਰ, ਵਾਤਾਵਰਣ, ਸਿਖਿਆ ਅਤੇ ਬੁਨਿਆਦੀ ਢਾਂਚੇ ਦੇ ਮਾਮਲੇ ਵਿਚ 98ਫ਼ੀ ਸਦੀ ਅੰਕ ਹਾਸਲ ਕੀਤੇ। ਦੁਨੀਆ ਦੇ 140 ਸ਼ਹਿਰਾਂ ਦੀ ਸੂਚੀ ਵਿਚ ਹੋਰ ਕੋਈ ਵੱਡੀ ਤਬਦੀਲੀ ਨਹੀਂ ਹੋਈ। ਨਿਊਜ਼ੀਲੈਂਡ ਦਾ ਆਕਲੈਂਡ ਸ਼ਹਿਰ ਸੂਚੀ ਵਿਚ ਦਸਵੇਂ ਸਥਾਨ 'ਤੇ ਆਇਆ।

ਵਿਕਸਿਤ ਦੇਸ਼ਾਂ ਵਿਚ ਦਰਮਿਆਨੇ ਆਕਾਰ ਅਤੇ ਘੱਟ ਵਸੋਂ ਘਣਤਾ ਵਾਲੇ ਸ਼ਹਿਰਾਂ ਨੇ ਸੂਚੀ ਵਿਚ ਮੂਹਰੇ ਸਥਾਨ ਹਾਸਲ ਕੀਤੇ। ਰੀਪੋਰਟ ਦੇ ਆਡੀਟਰ ਜੋਹਨ ਕੋਪਸਟੇਕ ਨੇ ਕਿਹਾ ਕਿ ਅਜਿਹੇ ਸ਼ਹਿਰਾਂ ਵਿਚ ਲੋਕਾਂ ਨੂੰ ਸਭਿਆਚਾਰਕ ਅਤੇ ਬੁਨਿਆਦੀ ਢਾਂਚੇ ਦੀਆਂ ਸਹੂਲਤਾਂ ਮਿਲਦੀਆਂ ਹਨ ਜਦਕਿ ਸਮੱਸਿਆਵਾਂ ਕਾਫ਼ੀ ਘੱਟ ਹੁੰਦੀਆਂ ਹਨ। ਪੀਟਸਵਰਗ ਜੋ ਅਮਰੀਕਾ ਦਾ ਬਹਿਤਰੀਨ ਸ਼ਹਿਰ ਹੈ ਨੂੰ ਸੂਚੀ ਵਿਚ 29ਵਾਂ ਸਥਾਨ ਮਿਲਿਆ ਜਦਕਿ ਲਾਸਏਂਜਲਸ 44ਵੇਂ ਅਤੇ ਨਿਊਯਾਰਕ 56ਵੇਂ ਸਥਾਨ 'ਤੇ ਰਹੇ। ਇਸ ਤੋਂ ਇਲਾਵਾ ਲੰਡਨ 53ਵੇਂ ਸਥਾਨ 'ਤੇ ਆਇਆ ਜਦਕਿ ਪੈਰਿਸ ਨੂੰ 16ਵਾਂ ਸਥਾਨ ਮਿਲਿਆ। ਏਸ਼ੀਆ ਦਾ ਸੱਭ ਤੋਂ ਬਹਿਤਰੀਨ ਸ਼ਹਿਰ ਓਸਾਕਾ ਰਿਹਾ ਜਿਸ ਨੂੰ ਸਵਿਟਜ਼ਰਲੈਂਡ ਦੇ ਜੀਨੀਵਾ ਸ਼ਹਿਰ ਨਾਲ 12ਵਾਂ ਸਥਾਨ ਸਾਂਝਾ ਕਰਨਾ ਪਿਆ। ਚੀਨ ਦੀ ਰਾਜਧਾਨੀ ਬੀਜਿੰਗ ਨੂੰ 72ਵਾਂ ਸਥਾਨ ਮਿਲਿਆ ਜਦਕਿ ਜ਼ਿੰਬਾਬਵੇ ਦੀ ਰਾਜਧਾਨੀ ਹਰਾਰੇ ਨੂੰ ਸੱਭ ਤੋਂ ਮਾੜਾ ਸ਼ਹਿਰ ਮੰਨਿਆ ਗਿਆ। ਇਨ੍ਹਾਂ ਸ਼ਹਿਰਾਂ ਦੀ ਦਰਜਾਬੰਦੀ 30 ਵੱਖ ਵੱਖ ਤੱਥਾਂ ਦੇ ਅਧਾਰ 'ਤੇ ਕੀਤੀ ਗਈ।

# ਖਰਚਿਆਂ ਵਿਚ ਕਟੌਤੀ ਬਿਲ ਦਾ ਸੈਨੇਟ 'ਚ ਭਵਿੱਖ ਧੁੰਦਲਾ

## ਸਮਾਜਕ ਸੁਰੱਖਿਆ ਦੇ ਚੈਕ ਜਾਰੀ ਕਰਨ ਅਤੇ ਟੈਕਸ ਰਿਫ਼ੰਡ ਵਿਚ ਹੋਵੇਗੀ ਦੇਰੀ

ਵਾਸ਼ਿੰਗਟਨ :(ਨਦਬ) ਅਮਰੀਕਾ ਦੇ ਹਾਊਸ ਆਫ ਰਿਪ੍ਰਜੈਂਟੇਟਿਵਜ਼ ਵੱਲੋਂ ਖਰਚਿਆਂ ਵਿਚ ਕਟੌਤੀ ਬਾਰੇ ਪਿਛਲੇ ਦਿਨੀਂ ਪਾਸ ਕੀਤੇ ਇਤਿਹਾਸਕ ਬਿਲ ਦਾ ਸੈਨੇਟ ਵਿਚ ਭਵਿੱਖ ਧੁੰਦਲਾ ਨਜ਼ਰ ਆ ਰਿਹਾ ਹੈ ਕਿਉਂਕਿ ਇਸ ਨਾਲ ਸਰਕਾਰੀ ਵਿਭਾਗਾਂ ਦਾ ਬੇੜਾ ਗਰਕ ਹੋ ਜਾਣ ਦੀਆਂ ਸੰਭਾਵਨਾਵਾਂ ਪੈਦਾ ਹੋ ਗਈਆਂ ਹਨ ਅਤੇ ਸੱਤਾ ਅਤੇ ਵਿਰੋਧੀ ਧਿਰ ਇਕ ਦੂਜੇ ਉਪਰ ਦੋਸ਼ ਮੜਨ ਲੱਗ ਪਈਆਂ ਹਨ। ਲੰਬੀ ਬਹਿਸ ਤੋਂ ਬਾਅਦ ਰਿਪਬਲੀਕਨ ਪਾਰਟੀ ਦੇ ਕੰਟਰੋਲ ਵਾਲੇ ਸਦਨ ਨੇ ਅਮਰੀਕੀ ਸਰਕਾਰ ਦੇ ਖਰਚੇ ਵਿਚ 61 ਅਰਬ ਡਾਲਰ ਦੀ ਕਟੌਤੀ ਦਾ ਬਿਲ ਪਾਸ ਕੀਤਾ ਸੀ। ਉਬਾਮਾ ਪ੍ਰਸ਼ਾਸਨ ਅਤੇ ਸੈਨੇਟ ਵਿਚਲੇ ਆਗੂਆਂ ਜਿਥੇ ਡੈਮੋਕ੍ਰੇਟਸ ਦੀ ਬਹੁਗਿਣਤੀ ਹੈ, ਨੇ ਇਸ ਕਦਮ ਦੀ ਨਿਖੇਧੀ ਕੀਤੀ। ਖਜ਼ਾਨਾ ਮੰਤਰੀ ਟਿਮੋਥੀ ਗੀਥਨਰ ਨੇ ਕਿਹਾ ਕਿ ਸਦਨ ਵਿਚ ਖਰਚਿਆਂ ਦੀ ਕਟੌਤੀ ਦਾ ਬਿਲ ਪਾਸ ਹੋਣ ਨਾਲ ਨੌਕਰੀਆਂ ਪੈਦਾ ਕਰਨ ਅਤੇ ਅਰਥ ਚਾਰੇ ਦਾ ਵਿਸਥਾਰ ਕਰਨ ਦੀ ਸਾਡੀ ਸਮਰਥਾ ਨੂੰ ਨੁਕਸਾਨ ਪੁੱਜੇਗਾ।

ਡੈਮੋਕ੍ਰੇਟ ਆਗੂਆਂ ਦਾ ਦਾਅਵਾ ਹੈ ਕਿ ਸਰਕਾਰ ਮੌਜੂਦਾ ਸਮੇਂ ਵਿੱਚ ਜਿਸ ਪ੍ਰਣਾਲੀ ਤਹਿਤ ਫ਼ੰਡ ਪ੍ਰਦਾਨ ਕਰ ਰਹੀ ਹੈ, ਉਸ ਦੀ ਮਿਆਦ 4 ਮਾਰਚ ਨੂੰ ਖ਼ਤਮ ਹੋ ਜਾਵੇਗੀ ਜਿਸ ਦੇ ਨਤੀਜੇ ਵਜੋਂ ਸਮਾਜਿਕ ਸੁਰੱਖਿਆ ਯੋਜਨਾਵਾਂ ਦੇ ਚੈਕ, ਟੈਕਸਾਂ ਦਾ ਰਿਫ਼ੰਡ ਅਤੇ ਬਜ਼ੁਰਗਾਂ ਨੂੰ ਦਿੱਤੀਆਂ ਜਾਣ ਵਾਲੀਆਂ ਅਦਾਇਗੀਆਂ ਰੁਕ ਜਾਣਗੀਆਂ। ਅਜਿਹਾ ਹੀ ਵਿਵਾਦ 1995 ਵਿੱਚ ਵੀ ਸਾਹਮਣੇ ਆਇਆ ਸੀ। ਸੈਨੇਟਰ ਡੈਨੀਅਲ ਇਨੋਈ ਨੇ ਕਿਹਾ ਕਿ ਕੋਈ ਵੀ ਚੁਣਿਆ ਹੋਇਆ ਨਮਾਇੰਦਾ ਖਰਚਿਆਂ ਵਿੱਚ ਕਟੌਤੀ ਬਾਰੇ ਨਹੀਂ ਸੋਚ ਸਕਦਾ।

# ਸਾਸਕਾਟੂਨ ਨੇ ਮਹਿੰਗੇ ਮਕਾਨਾਂ ਦੇ ਮਾਮਲੇ ਵਿੱਚ ਐਲਬਰਟਾ ਦੇ ਸਾਰੇ ਵੱਡੇ ਸ਼ਹਿਰਾਂ ਨੂੰ ਪਛਾੜਿਆ

ਸਾਸਕਾਟੂਨ, (ਨਦਬ) : ਕੈਨੇਡਾ ਵਿੱਚ ਮਕਾਨਾਂ ਦੀਆਂ ਕੀਮਤਾਂ ਵਿੱਚ ਤੇਜ਼ੀ ਲਗਾਤਾਰ ਜਾਰੀ ਰਹਿਣ ਦੌਰਾਨ ਸਾਸਕਾਟੂਨ, ਸਾਸਕਾਸੇਵਨ ਸ਼ਹਿਰ ਵਲੋਂ ਵਿਲੱਖਣ ਉਪਰਾਲਾ ਕਰਦਿਆਂ ਕਿਰਾਏ 'ਤੇ ਰਹਿ ਰਹੇ ਲੋਕਾਂ ਨੂੰ ਮਕਾਨ ਖ਼ਰੀਦਣ ਵਿਚ ਮਦਦ ਲਈ ਪੇਸ਼ਗੀ ਰਕਮ (ਡਾਊਨ ਪੇਮੈਂਟ) ਮੁਹੱਈਆ ਕਰਵਾਈ ਜਾ ਰਹੀ ਹੈ। ਪੂਰੇ ਕੈਨੇਡਾ ਵਿੱਚ ਮਕਾਨਾਂ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਹੋਣ ਕਾਰਨ ਘਾਹ ਦੇ ਮੈਦਾਨਾਂ ਦੀਆਂ ਕੀਮਤਾਂ ਵੀ ਵੱਧਣ ਦੀ ਸੰਭਾਵਨਾ ਹੈ। ਆਮ ਤੌਰ 'ਤੇ ਬਾਕੀ ਦੇਸ਼ ਵਿਚ ਮਕਾਨ ਖੇਤਰ ਵਿਚ ਜ਼ਿਆਦਾ ਤੇਜ਼ੀ ਨਹੀਂ ਵੇਖੀ ਜਾਂਦੀ ਪਰ ਵਸਤਾਂ ਦੀ ਮੰਗ ਵਿੱਚ ਵਾਧੇ ਨੇ ਤੇਜ਼ ਵਿਕਾਸ ਦੀ ਅੱਗ ਨੂੰ ਹਵਾ ਦੇ ਦਿੱਤੀ ਹੈ। ਅੰਕੜਿਆਂ ਮੁਤਾਬਕ ਸਾਸਕਾਟੂਨ ਪਿਛਲੇ ਸਾਲ ਕੈਨੇਡਾ ਦਾ ਤੇਜ਼ੀ ਨਾਲ ਵੱਧਦਾ ਮੈਟਰੋਪਾਲੀਟਨ (ਮਹਾਂਨਗਰ) ਰਿਹਾ ਜਦਕਿ ਵੈਨਕੂਵਰ ਦੂਜੇ ਅਤੇ ਰੈਜੀਨਾ ਤੀਜੇ ਸਥਾਨ 'ਤੇ ਰਹੇ।

ਕੈਲਗਰੀ ਅਤੇ ਐਡਮਿੰਟਨ ਵਿੱਚ ਵੀ ਕੀਮਤਾਂ ਉਪਰ ਜਾ ਰਹੀਆਂ ਹਨ ਪਰ ਸਾਸਕਾਟੂਨ ਨੇ ਮਹਿੰਗੇ ਮਕਾਨਾਂ ਦੇ ਮਾਮਲੇ ਵਿੱਚ ਐਲਬਰਟਾ ਦੇ ਸਾਰੇ ਵੱਡੇ ਸ਼ਹਿਰਾਂ ਨੂੰ ਪਿੱਛੇ ਛੱਡ ਦਿੱਤਾ ਹੈ। ਸ਼ਹਿਰ ਵਿੱਚ ਮਕਾਨ ਦੀ ਔਸਤਨ ਕੀਮਤ 2.77 ਲੱਖ ਡਾਲਰ ਹੈ ਜੋ ਸਲਾਨਾ ਔਸਤ ਤਨਖ਼ਾਹ 63,900 ਡਾਲਰ ਤੋਂ 4.3 ਗੁਣਾ ਜ਼ਿਆਦਾ ਹੈ। ਪੂਰੇ ਕੈਨੇਡਾ ਵਿੱਚ ਘੱਟ ਆਮਦਨ ਵਾਲੇ ਲੋਕਾਂ ਲਈ ਰਿਆਇਤੀ ਦਰਾਂ 'ਤੇ ਮਕਾਨ ਉਸਾਰੀ ਦੀਆਂ ਯੋਜਨਾਵਾਂ ਜਾਰੀ ਹਨ ਪਰ ਹੁਣ ਦਰਮਿਆਨੀ ਆਮਦਨ ਵਾਲੇ ਲੋਕਾਂ ਲਈ ਕੋਈ ਯੋਜਨਾ ਸ਼ੁਰੂ ਨਹੀਂ ਕੀਤੀ ਗਈ। ਸਾਸਕਾਟੂਨ ਬਗੈਰ ਕੋਈ ਖਰਚਾ ਲਏ ਘੱਟ ਵਿਆਜ ਦਰਾਂ 'ਤੇ 2.20 ਲੱਖ ਡਾਲਰ ਅਤੇ 2.80 ਲੱਖ ਡਾਲਰ ਦੀ ਕੀਮਤ ਦੇ ਘਰ ਖ਼ਰੀਦਣ ਲਈ ਕਰਜ਼ੇ ਮੁਹੱਈਆ ਕਰਵਾ ਰਿਹਾ ਹੈ। ਜਿਹੜੇ ਬਿਨੈਕਾਰ ਯੋਗਤਾ ਸ਼ਰਤਾਂ ਪੂਰੀਆਂ ਕਰਦੇ ਹਨ, ਉਨ੍ਹਾਂ ਨੂੰ ਲਗਭਗ 12000 ਡਾਲਰ ਦਾ ਕਰਜ਼ਾ ਦਿੱਤਾ ਜਾਵੇਗਾ।

# ਐਡਮਿੰਟਨ ਈਗਲ ਫੀਲਡ ਹਾਕੀ ਕਲੱਬ ਦੀ ਟੀਮ ਨੇ ਕੈਲਗਰੀ ਵਿੱਚ ਇਕ ਵਾਰੀ ਫਿਰ ਕਰਾਈ ਬੱਲੇ ਬੱਲੇ

ਕੈਲਗਰੀ (ਨਦਬ) : ਯੂਨੀਵਰਸਿਟੀ ਆਫ਼ ਕੈਲਗਰੀ ਦੇ ਗੋਲਡ ਜਿਮ ਵਿੱਚ ਪਰੇਰੀ ਯੂਥ ਗਰੇਮਜ਼ 2011 ਇਨਡੋਰ ਟੂਰਨਾਮੈਂਟ 12 ਅਤੇ 13 ਫਰਵਰੀ ਨੂੰ ਕਰਵਾਇਆ ਗਿਆ, ਜਿਸ ਵਿਚ ਐਡਮਿੰਟਨ, ਕੈਲਗਰੀ ਦੀਆਂ ਕੁਲ ਪੰਜ ਟੀਮਾਂ ਨੇ ਭਾਗ ਲਿਆ। ਐਡਮਿੰਟਨ ਦੇ ਖਿਡਾਰੀਆਂ 'ਚ ਨਵਦੀਪ ਸਿੰਘ ਧਾਲੀਵਾਲ ਅਜੀਤਪਾਲ ਸਿੰਘ ਮੱਲੀ, ਬਲਰੀਤ ਸਿੰਘ ਢਿੱਲੋਂ, ਰੋਬਨਪ੍ਰੀਤ ਸਿੰਘ ਵਿਰਕ, ਅਮਨਿੰਦਰ ਸਿੰਘ ਗਿੱਲ, ਲਵਦੀਪ ਸਿੰਘ ਬਦੇਸ਼ਾ, ਮਹਿੰਦਰ ਸਿੰਘ, ਮੈਟ, ਕੋਨਰਾਏ ਜੋਰਜ ਆਦਿ ਸਟੀਵਨ ਜੋਰਜ ਅਤੇ ਔਡਰਿਕ ਜੋਰਜ ਦੀ ਕੋਚਿੰਗ ਹੇਠ ਗਏ। ਐਡਮਿੰਟਨ ਦੀ ਇਸ ਟੀਮ ਨੇ ਇਕ ਤੋਂ ਬਾਅਦ ਇਕ ਮੈਚ ਲਗਾਤਾਰ ਜਿੱਤ ਕੇ ਆਪਣੀ ਕਾਬਲੀਅਤ ਦਾ ਲੋਹਾ ਮਨਵਾਇਆ। ਇਸ ਟੀਮ ਨੇ ਇਕ ਵਾਰੀ ਫਿਰ ਦਰਸ਼ਕਾਂ ਨੂੰ ਭਾਰਤ-ਪਾਕਿਸਤਾਨ ਦੇ ਉਲੰਪਿਕ ਮੈਚਾਂ ਦੀ ਯਾਦ ਤਾਜ਼ਾ ਕਰਵਾਈ।



ਐਡਮਿੰਟਨ ਦੀ ਜੇਤੂ ਟੀਮ ।

# ਸ਼ਰਾਬ ਦੇ ਠੇਕਿਆਂ ਵਿਰੁਧ ਮਤੇ ਪਾਉਣ ਲਈ ਪੰਚਾਇਤਾਂ ਕੋਲ ਸੀਮਤ ਅਧਿਕਾਰ

ਸੰਗਰੂਰ, (ਨਦਬ) : ਸ਼ਰਾਬ ਦੇ ਠੇਕਿਆਂ ਵਿਰੁੱਧ ਮਤੇ ਪਾਉਣ ਵਾਲੀਆਂ ਪੰਚਾਇਤਾਂ ਮਤੇ ਪਾਸ ਕਰਨ ਲਈ ਮਿਲੇ ਅਧਿਕਾਰਾਂ ਤੋਂ ਸੰਤੁਸ਼ਟ ਨਹੀਂ ਹਨ। ਹੁਣ ਇਹ ਪੰਚਾਇਤਾਂ ਪੰਚਾਇਤੀ ਰਾਜ ਐਕਟ 'ਚ ਮਿਲੇ ਅਧਿਕਾਰਾਂ ਵਿਚ ਸੋਧ ਕਰਾਉਣ ਲਈ ਲਾਮਬੰਦ ਹੋ ਰਹੀਆਂ ਹਨ। ਪੰਜਾਬ ਭਰ 'ਚੋਂ ਸ਼ਰਾਬ ਦੇ ਠੇਕਿਆਂ ਵਿਰੁੱਧ ਸਭ ਤੋਂ ਵੱਧ ਮਤੇ ਪਾਸ ਕਰਨ ਵਾਲੀਆਂ ਜ਼ਿਲ੍ਹਾ ਸੰਗਰੂਰ ਦੀਆਂ ਪੰਚਾਇਤਾਂ ਅਤੇ ਨਸ਼ਿਆਂ ਵਿਰੁੱਧ ਮੁਹਿੰਮ ਚਲਾਉਣ ਵਾਲੀਆਂ ਸਮਾਜ ਸੇਵੀ ਸੰਸਥਾਵਾਂ ਨੇ ਸਾਂਝੇ ਰੂਪ 'ਚ ਮਤਾ ਪਾਸ ਕਰਦਿਆਂ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਹੈ ਕਿ ਪੰਚਾਇਤੀ ਰਾਜ ਐਕਟ 1994 ਦੀ ਧਾਰਾ 40 'ਚ ਲੱਗੀ ਸ਼ਰਤ 'ਚ ਸੋਧ ਕੀਤੀ ਜਾਵੇ ਅਤੇ ਨਸ਼ਿਆਂ ਵਿਰੁੱਧ ਸਖ਼ਤ ਕਾਨੂੰਨ ਬਣਾਇਆ ਜਾਵੇ ਤਾਂ ਜੋ ਨਸ਼ਿਆਂ ਕਾਰਨ ਤਬਾਹ ਹੋ ਰਹੀ ਪੰਜਾਬ ਦੀ ਜਵਾਨੀ ਨੂੰ ਬਚਾਇਆ ਜਾ ਸਕੇ।

ਇਥੇ ਬਨਾਸਰ ਬਾਗ ਵਿਖੇ ਨਸ਼ਿਆਂ ਵਿਰੁੱਧ ਮੁਹਿੰਮ ਚਲਾਉਣ ਵਾਲੀਆਂ ਸਮਾਜ ਸੇਵੀ ਸੰਸਥਾਵਾਂ ਸਾਇਟੇਫਿੰਕ ਅਵੇਅਰਨੈਸ ਐਂਡ ਸੋਸ਼ਲ ਵੈਲਫੇਅਰ ਫੋਰਮ, ਪੀਪਲ ਫਾਰ ਟ੍ਰਾਂਸਪੇਰੈਂਸੀ ਅਤੇ ਨਸ਼ਾ ਛੁਡਾਊ ਕੇਂਦਰ ਵਲੋਂ ਸ਼ਰਾਬ ਦੇ ਠੇਕਿਆਂ ਵਿਰੁੱਧ ਮਤੇ ਪਾਉਣ ਵਾਲੀਆਂ ਪੰਚਾਇਤਾਂ ਦੀ ਕੀਤੀ ਗਈ ਸਾਂਝੀ ਕਾਨਫਰੰਸ ਦੌਰਾਨ ਇਸ ਗੱਲ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਗਈ ਕਿ ਇੱਕ ਪਾਸੇ ਸਰਕਾਰ ਸ਼ਰਾਬ ਦੇ ਠੇਕਿਆਂ ਦਾ ਕੋਟਾ ਵਧਾ ਰਹੀ ਹੈ, ਜਦੋਂ ਕਿ ਦੂਜੇ ਪਾਸੇ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਵੱਡੇ ਵੱਡੇ ਕਬੱਡੀ ਕੱਪ ਕਰਵਾ ਰਹੀ ਹੈ। ਕਾਨਫਰੰਸ ਦੌਰਾਨ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪੰਚਾਇਤਾਂ ਵੱਲੋਂ ਸ਼ਰਾਬ ਦੇ ਠੇਕਿਆਂ ਵਿਰੁੱਧ ਪਾਸ ਕੀਤੇ ਗਏ ਮਤਿਆਂ ਨੂੰ ਬਿਨਾਂ ਕਿਸੇ ਇਤਰਾਜ਼ ਤੋਂ ਪ੍ਰਵਾਨ ਕੀਤਾ ਜਾਵੇ ਅਤੇ ਨਸ਼ਿਆਂ ਖ਼ਿਲਾਫ਼ ਉਠਾਉਣ ਵਾਲੀਆਂ ਪੰਚਾਇਤਾਂ ਦੀ ਅਵਾਜ਼ ਨੂੰ ਦਬਾਇਆ ਨਾ ਜਾਵੇ। ਤਿੰਨੋ ਸਮਾਜ ਸੇਵੀ ਸੰਸਥਾਵਾਂ ਦੇ ਆਗੂਆਂ ਡਾ. ਏ.ਐਸ ਮਾਨ, ਐਡਵੋਕੇਟ ਕਮਲ ਆਨੰਦ ਅਤੇ ਮੋਹਨ ਸ਼ਰਮਾ ਨੇ ਕਿਹਾ ਕਿ ਪਿਛਲੇ ਦੋ ਸਾਲਾਂ ਦੌਰਾਨ ਸਿਰਫ ਇੱਕ ਵਿਅਕਤੀ 'ਤੇ ਦਰਜ ਹੋਏ ਸ਼ਰਾਬ ਦੇ ਛੋਟੇ ਜਿਹੇ ਮਾਮਲੇ ਦੀ ਆੜ 'ਚ ਕਰ ਤੇ ਆਬਕਾਰੀ ਵਿਭਾਗ ਵੱਲੋਂ ਪੰਚਾਇਤੀ ਐਕਟ ਦੀ ਧਾਰਾ 40 'ਚ ਲੱਗੀ ਸ਼ਰਤ ਦੇ ਤਹਿਤ ਪੰਚਾਇਤਾਂ ਦੇ ਮਤੇ ਰੱਦ ਕੀਤੇ ਜਾ ਰਹੇ ਹਨ, ਜਿਸ ਦੇ ਖ਼ਿਲਾਫ਼ ਪੰਚਾਇਤਾਂ ਵੱਲੋਂ ਮਤਾ ਪਾਸ ਕੀਤਾ ਗਿਆ ਹੈ, ਜੋ ਸਰਕਾਰ ਨੂੰ ਭੇਜਿਆ ਜਾ ਰਿਹਾ ਹੈ।

ਪਿੰਡ ਬਾਸੀਅਰਕ ਦੇ ਸਰਪੰਚ ਅਮਰ ਸਿੰਘ ਨੇ ਕਿਹਾ ਕਿ ਸਾਲ 2007 'ਚ ਇੱਕ ਮਜ਼ਦੂਰ 'ਤੇ ਨਾਜਾਇਜ਼ ਸ਼ਰਾਬ ਦਾ ਕੇਸ ਦਰਜ ਹੋਇਆ ਸੀ। ਇਸੇ ਆੜ 'ਚ ਪੰਚਾਇਤੀ ਮਤੇ 'ਤੇ ਇਤਰਾਜ਼ ਲਗਾ ਕੇ ਇਸ ਦੀ ਸਜ਼ਾ ਸਾਰੇ ਪਿੰਡ ਨੂੰ ਕਿਉਂ ਦਿੱਤੀ ਜਾ ਰਹੀ ਹੈ। ਪਿੰਡ ਕੁੰਨਰਾਂ ਦੇ ਪੰਚ ਦਰਸ਼ਨ ਸਿੰਘ ਨੇ ਕਿਹਾ ਕਿ ਨਾਜ-ਾਇਜ਼ ਨਸ਼ੇ ਵੇਚਣ ਦੀ ਸਜ਼ਾ ਉਸ ਨੂੰ ਹੀ ਮਿਲਣੀ ਚਾਹੀਦੀ ਹੈ ਨਾ ਕਿ ਪੰਚਾਇਤ ਦੀ ਅਵਾਜ਼ ਦਬਾਈ ਜਾਵੇ।

## ਅਮਰੀਕਾ ਤੋਂ ਕੰਡਮ ਹੈਲੀਕਾਪਟਰਾਂ ਦੀ ਖਰੀਦ

ਨਵੀਂ ਦਿੱਲੀ, (ਨਦਬ) : ਕੇਂਦਰੀ ਸੂਚਨਾ ਕਮਿਸ਼ਨ ਨੇ ਰੱਖਿਆ ਮੰਤਰਾਲੇ ਨੂੰ ਹਦਾਇਤ ਕੀਤੀ ਹੈ ਕਿ ਅਮਰੀਕਾ ਤੋਂ ਛੇ ਕੰਡਮ ਹੈਲੀਕਾਪਟਰ ਖਰੀਦਣ ਦੀ ਪ੍ਰਵਾਨਗੀ ਦੇਣ ਵਾਲੇ ਮੰਤਰੀਆਂ ਅਤੇ ਅਫ਼ਸਰਾਂ ਦੇ ਨਾਮ ਦੱਸੇ ਜਾਣ। ਭਾਰਤੀ ਜਲ ਸੈਨਾ ਦੇ ਸੌਦੇ ਬਾਰੇ ਕੋਈ ਵੀ ਜਾਣਕਾਰੀ ਦੇਣ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਸੀ ਕਿ ਇਸ ਤਰ੍ਹਾਂ ਕੌਮੀ ਸੁਰੱਖਿਆ ਨੂੰ ਖਤਰਾ ਹੋ ਸਕਦਾ ਹੈ ਅਤੇ ਵੇਰਵੇ ਲੁਕੋ ਕੇ ਰੱਖਣ ਲਈ ਸੂਚਨਾ ਦੇ ਅਧਿਕਾਰ ਕਾਨੂੰਨ ਦੀ ਧਾਰਾ 8(1) (ਏ) ਤਹਿਤ ਮਿਲੀ ਛੋਟ ਦਾ ਹਵਾਲਾ ਦਿੱਤਾ ਸੀ। ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ ਸ੍ਰੀ ਸੁਭਾਸ਼ ਅਗਰਵਾਲ ਨੇ 'ਕੈਗ' ਵੱਲੋਂ ਲਗਾਏ ਇਤਰਾਜ਼ਾਂ ਸਣੇ ਸੌਦੇ ਬਾਰੇ ਜਲ ਸੈਨਾ ਤੋਂ ਜਾਣਕਾਰੀ ਮੰਗੀ ਸੀ। ਇਸ ਤੋਂ ਇਲਾਵਾ ਸੈਨਾ ਵੱਲੋਂ ਦਿੱਤੇ ਜੁਆਬ ਅਤੇ ਮੰਤਰੀਆਂ, ਰੱਖਿਆ ਸਕੱਤਰਾਂ ਅਤੇ ਹੋਰਨਾਂ ਅਫਸਰਾਂ ਦੇ ਨਾਵਾਂ ਬਾਰੇ ਜਾਣਕਾਰੀ ਮੰਗੀ ਸੀ।

ਸ੍ਰੀ ਅਗਰਵਾਲ ਦੀ ਅਪੀਲ 'ਤੇ ਸੁਣਵਾਈ ਕਰਦਿਆਂ ਸੂਚਨਾ ਕਮਿਸ਼ਨਰ ਐਮ.ਐਲ. ਸ਼ਰਮਾ ਨੇ ਜਲ ਸੈਨਾ ਤੋਂ ਪੁੱਛਿਆ ਕਿ ਕੈਗ ਦੀ ਰਿਪੋਰਟ ਕਾਰਨ ਪਹਿਲਾਂ ਹੀ ਜਨਤਕ ਹੋ ਚੁੱਕੀ ਜਾਣਕਾਰੀ ਦੱਬ ਕੇ ਰੱਖਣ ਦੀ ਕੀ ਤੁੱਕ ਹੈ।

ਜਲ ਸੈਨਾ ਦੇ ਇਕ ਅਧਿਕਾਰੀ ਨੇ ਕਿਹਾ ਕਿ ਉਹ ਇਹ ਨਹੀਂ ਦੱਸ ਸਕਦਾ ਕਿ ਫਾਈਲ 'ਤੇ ਸਹੀ ਕਿਸ ਨੇ ਪਾਈ ਸੀ ਅਤੇ ਰੱਖਿਆ ਮੰਤਰਾਲਾ ਹੀ ਇਸ ਦਾ ਬਿਹਤਰ ਖੁਲਾਸਾ ਕਰ ਸਕਦਾ ਹੈ। ਸ੍ਰੀ ਸ਼ਰਮਾ ਨੇ ਰੱਖਿਆ ਮੰਤਰਾਲੇ ਨੂੰ ਫਾਈਲ ਦੇਖਣ ਅਤੇ ਸੌਦੇ ਨੂੰ ਪ੍ਰਵਾਨਗੀ ਦੇਣ ਵਾਲੇ ਮੰਤਰੀਆਂ ਅਤੇ ਸਕੱਤਰਾਂ ਦੇ ਨਾਮ ਦੱਸਣ ਦਾ ਹੁਕਮ ਦਿੱਤਾ। ਜਲ ਸੈਨਾ ਦੇ ਅਧਿਕਾਰੀ ਨੇ ਇਹ ਵੀ ਕਿਹਾ ਕਿ ਸੌਦੇ ਬਾਰੇ ਸੰਸਦ ਵਿਚ ਵੀ ਸੁਆਲ ਉੱਠਿਆ ਸੀ ਅਤੇ ਉਨ੍ਹਾਂ ਰੱਖਿਆ ਮੰਤਰਾਲੇ ਨੂੰ ਇਕ ਗੁਪਤ ਜੁਆਬ ਭੇਜਿਆ ਸੀ। ਸ੍ਰੀ ਸ਼ਰਮਾ ਨੇ ਕਿਹਾ ਕਿ ਪਾਰਦਰਸ਼ਤਾ ਕਾਨੂੰਨ ਤਹਿਤ ਜਿਹੜੀ ਜਾਣਕਾਰੀ ਸੰਸਦ ਜਾਂ ਸੂਬਾਈ ਵਿਧਾਨ ਸਭਾ ਨੂੰ ਮੁਹੱਈਆ ਕਰਾਈ ਜਾ ਸਕਦੀ ਹੈ ਉਹ ਸੂਚਨਾ ਦੇ ਅਧਿਕਾਰ ਕਾਨੂੰਨ ਦੇ ਬਿਨੈਕਾਰ ਤੋਂ ਛੁਪਾਈ ਨਹੀਂ ਜਾ ਸਕਦੀ। ਉਨ੍ਹਾਂ ਜਲ ਸੈਨਾ ਅਧਿਕਾਰੀਆਂ ਨੂੰ ਇਸ ਦੀ ਤਸਦੀਕ ਕਰਨ ਕਿਹਾ ਕਿ ਕੀ ਉਹ ਜੁਆਬ ਸੰਸਦ ਮੈਂਬਰ ਨੂੰ ਦਿੱਤਾ ਗਿਆ ਸੀ ਅਤੇ ਜੇ ਅਜਿਹਾ ਹੋਇਆ ਸੀ ਤਾਂ ਇਹ ਅਗਰਵਾਲ ਨੂੰ ਵੀ ਦਿੱਤਾ ਜਾਣਾ ਚਾਹੀਦਾ ਹੈ। ਜਲ ਸੈਨਾ ਨੇ ਨਵੰਬਰ 2006 ਵਿਚ ਫਾਰੇਨ ਮਿਲਟਰੀ ਸਪਲਾਈ ਪ੍ਰੋਗਰਾਮ ਆਫ਼ ਦੀ ਯੂਨਾਈਟਿਡ ਸਟੇਟਸ ਤਹਿਤ 182.14 ਕਰੋੜ ਰੁਪਏ ਦੇ ਛੇ ਯੂ.ਐਚ. 3 ਐਚ ਹੈਲੀਕਾਪਟਰ ਖਰੀਦੇ ਸਨ। ਕੈਗ ਨੇ ਇਸ ਸੌਦੇ ਦੀ ਨੁਕਤਾਚੀਨੀ ਕਰਦਿਆਂ ਕਿਹਾ ਸੀ ਕਿ ਇਸ ਨਾਲ ਜਲ ਸੈਨਾ ਦੀ ਅਪਰੇਸ਼ਨਲ ਕਾਰਗਰਤਾ ਨੂੰ ਸੱਟ ਵੱਜੇਗੀ। ਇਹ ਹੈਲੀਕਾਪਟਰ 35-40 ਸਾਲ ਪੁਰਾਣੇ ਹਨ ਅਤੇ ਇਨ੍ਹਾਂ ਦੀ ਮਿਆਦ ਪੁੱਗਣ ਵਾਲੀ ਹੈ।


ਜ਼ਿੰਦਗੀ ਬੜੀ ਬੇਵਫਾ ਹੈ ਇਸ ਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।

* ਕੀ ਤੁਸੀਂ ਹਾਲ ਹੀ ਵਿਚ ਘਰ ਖਰੀਦਿਆ ਹੈ ? * ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
* ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਲੈਣੀ ਚਾਹੁੰਦੇ ਹੋ ?
* ਕੀ ਤੁਸੀਂ ਨਾਲ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ? * ਕੀ ਤੁਸੀਂ ਘਰ ਦੇ ਮੁਖੀਆ ਹੋ ?
* ਕੀ ਤੁਹਾਡੇ ਬੱਚੇ ਛੋਟੇ ਹਨ ਅਤੇ ਉਨ੍ਹਾਂ ਦੀ ਪਰਵਰਿਸ਼ ਦਾ ਭਾਰ ਤੁਹਾਡੇ ਉੱਪਰ ਹੈ ?
* ਕੀ ਤੁਹਾਡੀ ਲਾਈਫ ਇੰਸ਼ੋਰੈਂਸ ਵੀ ਨਵੀਂ ਹੋਣ ਵਾਲੀ ਹੈ ?

ਜ਼ਰਾ ਸੋਚੋ ! !

| Age ਉਮਰ | Per Month Rate/ਪ੍ਰਤੀ ਮਹੀਨਾ ਰੇਟ | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.25 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

ਜੇਕਰ ਤੁਸੀਂ ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿਚ ਦਿੰਦੇ ਹੋ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਅੱਜ ਹੀ ਆਪਣੀ ਕਮਿਊਨਿਟੀ ਦੇ ਜਾਣੇ ਪਹਿਚਾਣੇ ਅਤੇ ਬਹੁਤ ਹੀ ਕਾਮਯਾਬ ਬਰੋਕਰ ਜੈਸੀ ਸਿੰਘ ਨਾਲ ਸੰਪਰਕ ਕਰਕੇ ਮੁਫ਼ਤ ਸਲਾਹ ਲਓ। ਉਹ ਤੁਹਾਨੂੰ ਸਭ ਤੋਂ ਵਧੀਆ ਰੇਟ ਅਤੇ ਕੰਪਨੀ ਲੱਭ ਕੇ ਦੇਣਗੇ।



Jessie Singh
(C.A.I.B.)

ਸਾਡੇ ਕੋਲ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਮਿਲ ਸਕਦੀ ਹੈ। ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿਚੋਂ ਕੋਈ ਬੀਮਾਰੀ ਹੋਵੇ ਤਾਂ ਅਖੀਰ ਵਿਚ ਤੁਹਾਡੇ ਪੈਸੇ ਵਾਪਿਸ ਦੇ ਦਿੱਤੇ ਜਾ ਸਕਦੇ ਹਨ।

**ਅਸੀਂ ਹਰ ਤਰ੍ਹਾਂ ਦੀ ਲਾਈਫ ਇੰਸ਼ੋਰੈਂਸ, ਘਰ, ਕਾਰ ਜਾਂ ਬਿਜਨਸ ਦੀ ਇੰਸ਼ੋਰੈਂਸ, ਟਰੈਵਲ ਇੰਸ਼ੋਰੈਂਸ, ਡਿਸੇਬਿਲਟੀ, ਮੌਰਗੇਜ਼ ਇੰਸ਼ੋਰੈਂਸ, ਕਰਿਟੀਕਲ ਇਲਨੈਸ ਇੰਸ਼ੋਰੈਂਸ ਕਰਦੇ ਹਾਂ। ਅੱਜ ਹੀ ਫੋਨ ਕਰਕੇ ਫਰੀ ਸਲਾਹ ਲੈਣ ਲਈ ਅਪਾਇੰਟਮੈਂਟ ਬੁੱਕ ਕਰੋ।**

**Jessie Off: (403) 717-0666**
**Jessie Singh (C.A.I.B.) Cell: (403) 830-7007**

# ਭਾਰਤ

# ਅੱਜ-ਕੱਲ੍ਹ

## ਉਤਰ-ਭਾਰਤੀ ਸੰਸਦ ਮੈਂਬਰਾਂ 'ਚੋਂ ਹਰਸਿਮਰਤ ਬਾਦਲ ਸੱਭ ਤੋਂ ਵਧੇਰੇ ਦੌਲਤਮੰਦ

ਬਠਿੰਡਾ, (ਨਦਬ) : ਮਹਿਲਾ ਸੰਸਦ ਮੈਂਬਰਾਂ 'ਚੋਂ ਦੌਲਤਮੰਦਾਂ ਦੀ ਸੂਚੀ 'ਚ ਬਠਿੰਡਾ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਦਾ ਨਾਂਅ ਦੇਸ਼ ਭਰ 'ਚੋਂ ਦੂਜੇ ਸਥਾਨ 'ਤੇ ਆਉਂਦਾ ਹੈ। ਬੀਬੀ ਹਰਸਿਮਰਤ ਕੌਰ ਬਾਦਲ ਦਾ ਉੱਤਰੀ ਭਾਰਤ 'ਚੋਂ ਦੌਲਤਮੰਦ ਹੋਣ 'ਚ ਪਹਿਲਾ ਨੰਬਰ ਹੈ। ਨੈਸ਼ਨਲ ਇਲੈਕਸ਼ਨ ਵਾਚ (ਏ.ਡੀ.ਆਰ.) ਵੱਲੋਂ ਜੋ ਸੰਸਦ ਮੈਂਬਰਾਂ ਦੀ ਸੰਪਤੀ ਦਾ ਮੁਲਾਂਕਣ ਕੀਤਾ ਗਿਆ ਹੈ, ਉਸ ਵਿੱਚ ਬੀਬੀ ਬਾਦਲ ਦਾ ਮੁਲਕ ਦੀਆਂ ਮਹਿਲਾ ਸੰਸਦ ਮੈਂਬਰਾਂ 'ਚੋਂ ਦੂਸਰਾ ਨੰਬਰ ਹੈ। ਏ.ਡੀ.ਆਰ. ਅਨੁਸਾਰ ਲੋਕ ਸਭਾ ਦੇ 543 ਸੰਸਦ ਮੈਂਬਰਾਂ 'ਚੋਂ 59 ਮਹਿਲਾ ਸੰਸਦ ਮੈਂਬਰਾਂ ਹਨ। ਇਨ੍ਹਾਂ 59 ਮਹਿਲਾ ਸੰਸਦ ਮੈਂਬਰਾਂ 'ਚੋਂ 57 ਮਹਿਲਾ ਸੰਸਦ ਮੈਂਬਰਾਂ ਨਾਲੋਂ ਬੀਬੀ ਬਾਦਲ ਕੋਲ ਜ਼ਿਆਦਾ ਸੰਪਤੀ ਹੈ। ਦੌਲਤ 'ਚ ਪਹਿਲੇ ਨੰਬਰ 'ਤੇ ਉੱਤਰ ਪ੍ਰਦੇਸ਼ ਦੇ ਪ੍ਰਤਾਪਗੜ੍ਹ ਹਲਕੇ ਤੋਂ ਮਹਿਲਾ ਸੰਸਦ ਮੈਂਬਰ ਰਾਜ ਕੁਮਾਰੀ ਰਤਨਾ ਸਿੰਘ ਪਹਿਲੇ ਨੰਬਰ 'ਤੇ ਹੈ ਜੋ ਕਾਂਗਰਸ ਦੀ ਟਿਕਟ 'ਤੇ ਚੋਣ ਜਿੱਤੀ ਹੈ। ਰਾਜ ਕੁਮਾਰੀ ਰਤਨਾ ਸਿੰਘ ਕੋਲ 67.82 ਕਰੋੜ ਰੁਪਏ ਦੀ ਚੱਲ-ਅਚੱਲ ਸੰਪਤੀ ਹੈ ਜਦੋਂ ਕਿ ਬੀਬੀ ਹਰਸਿਮਰਤ ਕੌਰ ਬਾਦਲ ਕੋਲ 60.31 ਕਰੋੜ ਰੁਪਏ ਦੀ ਸੰਪਤੀ ਹੈ। ਇਸ ਸੰਪਤੀ 'ਚ ਪਰਿਵਾਰਕ ਸੰਪਤੀ ਵੀ ਸ਼ਾਮਲ ਹੈ।



ਬਠਿੰਡਾ ਤੋਂ ਸੰਸਦ ਮੈਂਬਰ ਬੀਬੀ ਬਾਦਲ ਕੋਲ ਇਸ ਸੰਪਤੀ 'ਚ 24.11 ਕਰੋੜ ਰੁਪਏ ਚੱਲ ਅਤੇ 36.19 ਕਰੋੜ ਰੁਪਏ ਅਚੱਲ ਜਾਇਦਾਦ ਹੈ। ਅਚੱਲ ਜਾਇਦਾਦ ਦੇ ਮਾਮਲੇ 'ਚ ਬੀਬੀ ਬਾਦਲ ਮਹਿਲਾ ਸੰਸਦਾਂ 'ਚੋਂ ਪਹਿਲੇ ਨੰਬਰ 'ਤੇ ਹੈ। ਉਂਝ ਸੰਪਤੀ ਦੇ ਮਾਮਲੇ 'ਚ ਪਹਿਲੇ ਨੰਬਰ ਵਾਲੀ ਮਹਿਲਾ ਸੰਸਦ ਮੈਂਬਰ ਰਾਜ ਕੁਮਾਰੀ ਰਤਨਾ ਸਿੰਘ ਕੋਲ ਅਚੱਲ ਜਾਇਦਾਦ ਕੇਵਲ 5.54 ਕਰੋੜ ਹੈ ਜਦੋਂ ਕਿ ਬੀਬੀ ਬਾਦਲ ਕੋਲ ਅਚੱਲ ਜਾਇਦਾਦ 36.19 ਕਰੋੜ ਰੁਪਏ ਹੈ। ਨੈਸ਼ਨਲ ਇਲੈਕਸ਼ਨ ਵਾਚ ਨੇ ਸੰਸਦ ਮੈਂਬਰਾਂ ਵੱਲੋਂ ਚੋਣਾਂ ਸਮੇਂ ਦਾਇਰ ਕੀਤੇ ਸੰਪਤੀ ਦੇ ਹਲਫੀਆ ਬਿਆਨਾਂ ਦੇ ਅਧਾਰ 'ਤੇ ਮੁਲਾਂਕਣ ਕੀਤਾ ਗਿਆ ਹੈ। ਸੰਸਦ ਮੈਂਬਰ ਬੀਬੀ ਹਰਸਿਮ-ਰਤ ਕੌਰ ਬਾਦਲ ਕੋਲ 1.94 ਕਰੋੜ ਰੁਪਏ ਦਾ ਸੋਨਾ ਹੈ। ਬਠਿੰਡਾ ਦੀ ਸੰਸਦ ਮੈਂਬਰ, ਪਟਿਆਲਾ ਦੀ ਸੰਸਦ ਮੈਂਬਰ ਤੋਂ ਪਰਨੀਤ ਕੌਰ ਤੋਂ ਦੋ ਕਦਮ ਅੱਗੇ ਹੈ। ਸੰਪਤੀ ਦੇ ਮਾਮਲੇ 'ਚ ਪਰਨੀਤ ਕੌਰ ਦੇਸ਼ ਭਰ ਦੀਆਂ ਮਹਿਲਾ ਸੰਸਦ ਮੈਂਬਰਾਂ 'ਚੋਂ ਚੌਥੇ ਨੰਬਰ 'ਤੇ ਹੈ।

ਪਰਨੀਤ ਕੌਰ ਕੋਲ 42.30 ਕਰੋੜ ਰੁਪਏ ਦੀ ਜਾਇਦਾਦ ਹੈ। ਸੰਪਤੀ 'ਚ ਸੰਸਦ ਮੈਂਬਰ ਸੰਤੋਸ਼ ਚੌਧਰੀ ਦਾ 24ਵਾਂ ਨੰਬਰ ਹੈ ਜਦੋਂ ਕਿ ਫਰੀਦਕੋਟ ਤੋਂ ਮੈਂਬਰ ਪਾਰਲੀਮੈਂਟ ਸੰਪਤੀ 'ਚ ਕਾਫੀ ਪਿੱਛੇ ਹੈ ਜਿਨ੍ਹਾਂ ਦਾ 59 ਮਹਿਲਾ ਸੰਸਦ ਮੈਂਬਰਾਂ 'ਚੋਂ 32ਵਾਂ ਨੰਬਰ ਹੈ। ਸੰਤੋਸ਼ ਚੌਧਰੀ ਕੋਲ 2.68 ਕਰੋੜ ਰੁਪਏ ਦੀ ਚੱਲ-ਅਚੱਲ ਸੰਪਤੀ ਹੈ। ਮਹਿਲਾ ਸੰਸਦ ਮੈਬਰਾਂ 'ਚੋਂ ਸੰਪਤੀ ਦੇ ਮਾਮਲੇ 'ਚ ਸਭ ਤੋਂ ਫਾਡੀ ਸੰਸਦ ਮੈਂਬਰ ਸਰੋਜ ਪਾਂਡੇ ਹੈ ਜਿਸ ਕੋਲ ਕੇਵਲ 3.79 ਲੱਖ ਰੁਪਏ ਦੀ ਹੀ ਚੱਲ-ਅਚੱਲ ਜਾਇਦਾਦ ਹੈ। ਇਹ ਮਹਿਲਾ ਸੰਸਦ ਮੈਂਬਰ ਛਤੀਸਗੜ ਦੇ ਦੁਰਗ ਹਲਕੇ ਤੋਂ ਚੋਣ ਜਿੱਤੀ ਹੈ। ਨਾਗਰਿਕ ਚੇਤਨਾ ਮੰਚ ਦੇ ਜਗਮੋਹਨ ਕੌਸਲ ਦਾ ਕਹਿਣਾ ਸੀ ਕਿ ਬਠਿੰਡਾ ਸੰਸਦੀ ਹਲਕੇ ਦੇ ਲੋਕ ਸਿਹਤ ਸਹੂਲਤਾਂ ਦੇ ਲਿਹਾਜ਼ ਤੋਂ ਕਾਫੀ ਪਛੜੇ ਹੋਏ ਹਨ, ਜਿਸ ਕਰਕੇ ਇਨ੍ਹਾਂ ਵੱਲ ਵਧੇਰੇ ਧਿਆਨ ਦੇਣ ਦੀ ਲੋੜ ਹੈ।

## ਬਾਦਲ ਪਿਉ-ਪੁੱਤ ਪੰਜਾਬੀਆਂ ਨੂੰ ਗੁੰਮਰਾਹ ਕਰ ਰਹੇ ਨੇ : ਭੱਠਲ

ਮੁਹਾਲੀ, (ਨਦਬ) : ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੀ ਨੇਤਾ ਅਤੇ ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ ਨੇ ਕਿਹਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਮੇਤ ਸਤਾਧਾਰੀ ਗੱਠਜੋੜ ਵਿਕਾਸ ਦੇ ਨਾਂ 'ਤੇ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। ਅਸਲੀਅਤ ਇਹ ਹੈ ਕਿ ਪਿਛਲੇ ਚਾਰ ਸਾਲਾਂ ਵਿਚ ਪੰਜਾਬ ਦਾ ਰੱਤੀ ਭਰ ਵੀ ਵਿਕਾਸ ਨਹੀਂ ਹੋਇਆ। ਇਥੇ ਸੈਕਟਰ-70 ਮਟੌਰ ਸਥਿਤ ਜ਼ਿਲ੍ਹਾ ਯੂਥ ਕਾਂਗਰਸ ਦੇ ਪ੍ਰਧਾਨ ਪਰਮਦੀਪ ਸਿੰਘ ਬੈਦਵਾਨ ਦੇ ਨਿਵਾਸ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀਮਤੀ ਭੱਠਲ ਨੇ ਕਿਹਾ ਕਿ ਅਕਾਲੀਆਂ ਨੂੰ ਚਾਰ ਸਾਲ ਬੀਤ ਜਾਣ ਮਗਰੋਂ ਸੂਬੇ ਦੇ ਵਿਕਾਸ ਦਾ ਚੇਤਾ ਆਇਆ ਹੈ ਪਰ ਹੁਣ ਵੀ ਸਰਕਾਰ ਦੇ ਮੰਤਰੀਆਂ ਵੱਲੋਂ ਪੰਜਾਬ 'ਚ ਧੜਾਧੜ ਨੀਂਹ ਪੱਥਰ ਰੱਖਕੇ ਡੰਗ ਟਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਖਜ਼ਾਨੇ ਦੀ ਸੱਚਾਈ ਇਹ ਹੈ ਕਿ ਸਰਕਾਰ ਮੁਲਾਜ਼ਮਾਂ ਨੂੰ ਤਨਖਾਹਾਂ ਵੀ ਕਰਜ਼ਾ ਲੈ ਕੇ ਦੇ ਰਹੀ ਹੈ। ਉਨ੍ਹਾਂ ਪੰਜਾਬ ਦੀ ਅਫਸਰਸ਼ਾਹੀ ਖਾਸ ਕਰਕੇ ਪੁਲੀਸ ਅਫਸਰਾਂ ਨੂੰ ਸਖ਼ਤ ਤਾੜਨਾ ਕੀਤੀ ਹੈ ਕਿ ਜਿਹੜੇ ਪੁਲੀਸ ਅਧਿਕਾਰੀ ਅਕਾਲੀ ਜਥੇਦਾਰਾਂ ਦੇ ਆਖੇ ਲੱਗ ਕੇ ਕਾਂਗਰਸੀ ਵਰਕਰਾਂ ਸਮੇਤ ਆਮ ਲੋਕਾਂ ਨਾਲ ਵਧੀਕੀਆਂ ਕਰ ਰਹੇ ਹਨ, ਉਹ ਬਾਜ ਆ ਜਾਣ। ਇਕ ਸਵਾਲ ਦੇ ਜਵਾਬ ਵਿਚ ਸ੍ਰੀਮਤੀ ਭੱਠਲ ਨੇ ਸਪਸ਼ਟ ਕੀਤਾ ਕਿ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਆਗੂਆਂ 'ਚ ਕਿਸੇ ਕਿਸਮ ਦਾ ਮਤਭੇਦ ਨਹੀਂ ਹੈ। ਸਾਰੇ ਕਾਂਗਰਸ ਆਗੂ ਤੇ ਵਰਕਰ ਪੂਰੀ ਤਰ੍ਹਾਂ ਇਕਜੁੱਟ ਹਨ ਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਸਤਾਧਾਰੀ ਗੱਠਜੋੜ ਨੂੰ ਸਖ਼ਤ ਟੱਕਰ ਦਿੱਤੀ ਜਾਵੇਗੀ।

ਉਨ੍ਹਾਂ ਕਿਹਾ ਹੈ ਕਿ ਮੌਜੂਦਾ ਅਕਾਲੀ-ਭਾਜਪਾ ਗੱਠਜੋੜ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਨੇ ਪੰਜਾਬ ਨੂੰ ਵਿਕਾਸ ਤੇ ਤਰੱਕੀ ਵੱਲ ਲੈ ਕੇ ਜਾਣ ਦੀ ਬਜਾਏ ਤਬਾਹੀ ਦੇ ਕੱਢੇ ਲਿਆ ਖੜ੍ਹਾ ਕੀਤਾ ਹੈ। ਉਨ੍ਹਾਂ ਕਿਹਾ ਕਿ ਪਿਛਲੀ ਕਾਂਗਰਸ ਸਰਕਾਰ ਵੱਲੋਂ ਮੁਹਾਲੀ ਨੂੰ ਇੰਡਸਟਰੀ ਹੱਬ ਵਜੋਂ ਵਿਕਸਤ ਕਰਨ ਲਈ ਇਥੇ ਵੱਡੇ ਪੱਧਰ 'ਤੇ ਮੈਗਾ ਪ੍ਰਾਜੈਕਟ ਲਿਆਂਦੇ ਗਏ ਸਨ ਪਰ ਸੱਤਾ ਪਰਿਵਰਤਨ ਹੁੰਦੇ ਹੀ ਅਕਾਲੀਆਂ ਨੇ ਪੰਜਾਬ ਦੀ ਤਰੱਕੀ ਤੇ ਵਿਕਾਸ ਵੱਲ ਧਿਆਨ ਦੇਣ ਦੀ ਬਜਾਏ ਸਿਆਸੀ ਬਦਲਾਖੋਰੀ ਦੇ ਚਲਦੇ ਕਾਂਗਰਸੀਆਂ ਨੂੰ ਆਪਣਾ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ 'ਚ ਕਾਨੂੰਨ ਨਾਂ ਦੀ ਕੋਈ ਚੀਜ਼ ਨਹੀਂ। ਉਨ੍ਹਾਂ ਕਿਹਾ ਕਿ ਪਿਛਲੀ ਕਾਂਗਰਸ ਸਰਕਾਰ ਦੇ ਮੁਕਾਬਲੇ ਬਾਦਲ ਰਾਜ 'ਚ ਪੰਜਾਬ ਵਿਚ 65 ਫੀਸਦੀ ਅਪਰਾਧ ਵਧੇ ਹਨ। ਉਨ੍ਹਾਂ ਸਬਸਿਡੀਆਂ ਦੀ ਵਕਾਲਤ ਕਰਦਿਆਂ ਕਿਹਾ ਕਿ ਸਬਸਿਡੀਆਂ ਦੇਣਾ ਕੋਈ ਗਲਤ ਨਹੀਂ ਪਰ ਇਸ ਦਾ ਲਾਭ ਅਸਲ ਲੋੜਵੰਦਾਂ ਨੂੰ ਮਿਲਣਾ ਚਾਹੀਦਾ ਹੈ।

## ਪੰਜਾਬ 'ਚ ਕਾਂਗਰਸ ਲਈ ਸਮਰਪਿਤ ਉਮੀਦਵਾਰਾਂ ਨੂੰ ਹੀ ਟਿਕਟਾਂ ਦਿਆਂਗੇ : ਆਸਕਰ

ਅੰਮ੍ਰਿਤਸਰ, (ਨਦਬ) : ਕਾਂਗਰਸ ਦੀ ਕੇਂਦਰੀ ਚੋਣ ਕਮੇਟੀ (ਸੀ.ਈ.ਏ.) ਦੇ ਚੇਅਰਮੈਨ ਅਤੇ ਸੀਨੀਅਰ ਕਾਂਗਰਸੀ ਆਗੂ ਸ੍ਰੀ ਆਸਕਰ ਫਰਨਾਂਡਿਜ਼ ਨੇ ਅੱਜ ਇਥੇ ਕਿਹਾ ਹੈ ਕਿ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਵੱਲੋਂ ਲੋਕਾਂ ਅਤੇ ਪਾਰਟੀ ਦੀ ਸੇਵਾ ਕਰਨ ਵਾਲੇ ਸਮਰਪਿਤ ਉਮੀਦਵਾਰਾਂ ਦੀ ਚੋਣ ਕੀਤੀ ਜਾਵੇਗੀ ਅਤੇ ਉਮੀਦਵਾਰਾਂ ਦੀ ਚੋਣ ਲਈ ਵੀ ਇਹੀ ਯੋਗਤਾ ਨਿਰਧਾਰਤ ਕੀਤੀ ਗਈ ਹੈ। ਉਹ ਅੱਜ ਇਥੇ ਅਜੰਤਾ ਪਬਲਿਕ ਸਕੂਲ ਦੇ ਵਿਹੜੇ ਵਿਚ ਕੰਨਿਆ ਭਰੂਣ ਹੱਤਿਆ ਦੇ ਰੁਝਾਨ ਨੂੰ ਰੋਕਣ ਅਤੇ ਐਚ.ਆਈ.ਵੀ.?ਏਡਜ਼ ਤੋਂ ਬਚਾਅ ਲਈ ਕੀਤੇ ਗਏ ਜਾਗਰੂਕਤਾ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਆਏ ਸਨ। ਇਸ ਦੌਰਾਨ ਜ਼ਿਲਾ ਕਾਂਗਰਸ ਕਮੇਟੀ (ਦਿਹਾਤੀ) ਦੇ ਪ੍ਰਧਾਨ ਸੁਖਜਿੰਦਰ ਰਾਜ ਸਿੰਘ ਲਾਲੀ ਮਜੀਠੀਆ ਵੱਲੋਂ ਕੀਤੇ ਗਏ ਸਮਾਗਮ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦਸਿਆ ਕਿ ਕਾਂਗਰਸ ਵੱਲੋਂ ਉਮੀਦਵਾਰਾਂ ਦੀ ਚੋਣ ਲਈ ਨਿਰਧਾਰਿਤ ਕੀਤੇ ਗਏ ਮਾਪਦੰਡ ਤਹਿਤ ਪਾਰਟੀ ਨੂੰ ਸਮਰਪਿਤ ਅਤੇ ਲੋਕ ਸੇਵਾ ਕਰਨ ਵਾਲੇ ਉਮੀਦਵਾਰਾਂ ਦੀ ਚੋਣ ਕੀਤੀ ਜਾਵੇਗੀ। ਉਨ੍ਹਾਂ ਦਾਅਵਾ ਕੀਤਾ ਕਿ ਆਉਂਦੀਆਂ ਵਿਧਾਨ ਸਭਾ ਚੋਣਾ ਵਿਚ ਕਾਂਗਰਸ ਨੂੰ ਬਹੁਮਤ ਪ੍ਰਾਪਤ ਹੋਵੇਗੀ।


**Asian Western Grocery Store**

**8324 - 160 Ave. Edmonton, AB. T5Z 3P1**

**NOW OPEN**

*All indian, Fijian, South African Grocery*

**ਏਸ਼ੀਅਨ ਵੈਸਟਰਨ ਗਰੋਸਰੀ ਐਂਡ ਮੂਵੀ ਸਟੋਰ**

ਸਾਫ ਸੁਥਰੀ ਅਤੇ ਵਧੀਆ ਗਰੋਸਰੀ,ਵਧੀਆ ਸਬਜ਼ੀਆਂ, ਮੀਟ, ਹਰ ਤਰਾਂ ਦੇ ਭਾਂਡੇ, ਇੰਡੀਆ ਕਾਲ ਕਰਨ ਲਈ ਕਾਰਡ, ਨਵੀਆਂ ਮੂਵੀਆਂ - ਡਰਾਮੇ ਅਤੇ ਸੀਡੀਆਂ ਆਦਿ ਵਾਜਬ ਕੀਮਤ ਤੇ ਲੈਣ ਲਈ ਸਾਡੇ ਸਟੋਰ ਤੇ ਇੱਕ ਗੇੜਾ ਜ਼ਰੂਰ ਮਾਰੋ।











For more information call
Balraj @
780-756-2225
780-660-2061

A-WIN Insurance

ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ






For Friendly Service and Quick Quotes

- ਕਾਰ ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

- Car, Motorcycle
- Home, Condominium
- Tenant Package, Rental Dwellings
- Trucks: Long Haul & Gravel
- Commercial & Business Insurance
- Travel & Medical Insurance

Discounts up to 60%

Payment options available

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ

We Provide Service In English, Punjabi, Hindi & Urdu.

ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

ਐਡਮਿੰਟਨ: 780-465-6900
ਲੌਰੀ ਮੋਰੈਨੋ, ਸ਼ਾਲੂ ਬਦੇਸ਼ਾ, ਕਿਰਤਮੀਤ ਸਿੰਘ,
ਨਵਤੇਜ ਬੈਂਸ ਅਤੇ ਜਸਵੀਰ ਦਿਉਲ

ਕੈਲਗਰੀ: 403-775-2100
ਰੂਪੀ ਚੇਰਾ, ਹਰਦੀਪ ਗਿੱਲ,
ਤਰਨਪ੍ਰੀਤ ਮੈਹਦਵਾਨ ਅਤੇ ਜੈਸੀ ਸਿੰਘ

ADVANCED Roofing Systems Ltd.
RESIDENTIAL COMMERCIAL

Residential/Commercial Insurance Claims • Asphalt & Specialty Shingles • Siding, Soffits, Fascia • 2 Ply Membranes (SBS) • Cedar Shakes • New & Re-Roof Specialists • Condominums Welcome • Steep Roofs Welcome • Licaenced & Insured • Pine Shake Replacement • Roof Top Snow removel • FREE Estimates

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365



GILL Olson
(MANAGER)

HARRY'S EXCAVATING
Ph 780-918-2252
Specialist in : Digging Basements & All Kind of Services
ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ, ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ, ਜਾਂ ਫਿਰ ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਕੰਮ ਹੋਵੇ ਸਾਡੇ ਨਾਲ ਸੰਪਰਕ ਕਰੋ



C.J. Auto & Transmission Repair Ltd. & Body Shop
Specialize in Propane Repair & Body Shop
Nindy Rao (Manager)
Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims



KOPY CENTRE & PRINTING
"On Time ~ Every Time"
Digital Printing & Photo Copy
• Business Cards • Letter Heads • Invoices (NCR) • Flyers • Brochures • Invitation Cards • Tickets • Binders • PDF Files • Scanning • Lamination • Internet Service • Fax Service • Computer Service etc...
We do Art Work as well...
Tel: (780) 437-0200
Fax: (780) 437-0227 • kopycent@telus.net
9126B - 51 Ave. Edmonton, AB T6E 5L8

Sidhu Stucco Ltd.
Residential & Commercial
ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ।
Stucco is a versatile, beautiful, durable and fire resistant cladding.



All kind of Stucco
Acrylic & Rain Screen
Harinder Dhaliwal
(780) 297-9165

ADVANCE DRIVING SCHOOL & LIMOS
> Lady Instuctor Available
> Defensive Training Classes to Restore Demerits
> Free Pick up & Drop



> Airport Service Flat Rate
> Wedding Ceremony
> Any Other Function
780-660-4090
# 202-3456 91 St. Edmonton, AB

ਕੀ ਤੁਸੀਂ ਕਨੇਡਾ ਵਿੱਚ ਨਵੇਂ ਆਏ ਹੋ?
ਕੀ ਤੁਸੀਂ ਘਰ ਖਰੀਦਣ ਬਾਰੇ ਸੋਚ ਰਹੇ ਹੋ?
ਕੀ ਤੁਹਾਡੇ ਘਰ ਦੀ Mortgage Renew ਹੋਣ ਵਾਲੀ ਹੈ?
ਕੀ ਤੁਹਾਡੇ Credit Cards ਭਰੇ ਹੋਏ ਹਨ?
ਕੀ ਤੁਸੀਂ ਬੈਂਕਾਂ ਨਾਲੋਂ ਸਸਤੀ Mortgage ਲੈਣੀ ਚਾਹੁੰਦੇ ਹੋ?
ਕੀ ਤੁਸੀਂ ਘਰ ਉਪਰ Line of Credit ਲੈਣੀ ਚਾਹੁੰਦੇ ਹੋ?

MORTGAGE ALLIANCE
Walk In Centre
ਅਸੀਂ ਤੁਹਾਨੂੰ ਤੁਹਾਡੀ ਜ਼ਰੂਰਤ ਮੁਤਾਬਿਕ Mortgage ਲੈ ਕੇ ਦੇਣ ਦਾ ਵਾਅਦਾ ਕਰਦੇ ਹਾਂ।



Jessie Singh CAIB

ਜੇਕਰ ਉਪਰ ਦਿੱਤੇ ਸਵਾਲਾਂ ਵਿੱਚੋਂ ਕਿਸੇ ਇੱਕ ਦਾ ਜਵਾਬ ਵੀ ਹਾਂ ਵਿੱਚ ਹੈ ਤਾਂ ਫਿਰ ਦੇਰ ਨਾ ਕਰੋ
ਹੁਣੇ ਹੀ ਆਪਣੀ ਕਮਿਊਨਿਟੀ ਦੇ ਜਾਣੇ-ਪਛਾਣੇ,ਤਜਰਬੇਕਾਰ ਅਤੇ ਭਰੋਸੇਯੋਗ ਜੈਸੀ ਸਿੰਘ ਨੂੰ ਫੋਨ ਕਰੋ
403-830-7007

# ਪੰਜਾਬ

# ਅੱਜ-ਕੱਲ੍ਹ

ਪੰਜਾਬ ਪਾਲ

## ਸੰਗਤ ਦਰਸ਼ਨ



'ਸੰਗਤ ਦਰਸ਼ਨ' ਪ੍ਰੋਗਰਾਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਪਿਛਲੀ ਸਰਕਾਰ ਦੇ ਕਾਰਜਕਾਲ ਦੌਰਾਨ ਆਰੰਭ ਕੀਤਾ ਸੀ। ਇਸ ਨੂੰ ਵੋਟਾਂ ਤੋਂ ਇਕ ਵਰ੍ਹਾ ਪਹਿਲਾਂ ਫਿਰ ਚੋਣ ਪ੍ਰਚਾਰ ਦੇ ਇੱਕ ਤਰੀਕੇ ਵਜੋਂ ਮੁੜ ਸ਼ੁਰੂ ਕਰ ਲਿਆ ਹੈ। ਮੁੱਖ ਮੰਤਰੀ ਆਪਣਾ ਸਰਕਾਰੀ ਅਮਲਾ ਫੈਲਾ ਲੈ ਕੇ, ਸੁਰੱਖਿਆ ਛੱਤਰੀ ਤਾਣ ਕੇ ਇੱਕ ਨਿਸਚਿਤ ਥਾਂ 'ਤੇ ਪਹੁੰਚਦੇ ਹਨ। ਦੁਖਿਆਰਿਆਂ ਦੀਆਂ ਫ਼ਰਿਆਦਾਂ ਸੁਣਦੇ ਹਨ, ਵਿਕਾਸ ਕਾਰਜਾਂ ਦੇ ਚੈੱਕ ਵੰਡਦੇ ਹਨ ਅਤੇ ਕਾਂਗਰਸੀਆਂ ਨੂੰ ਖਰੀਆਂ ਖਰੀਆਂ ਸੁਣਾ ਕੇ ਵਾਪਸ ਚਾਲੇ ਪਾ ਲੈਂਦੇ ਹਨ। ਕਈ ਵਾਰ ਸੰਗਤ ਦਰਸ਼ਨ ਦੇ ਪ੍ਰੋਗਰਾਮ ਕਿਸੇ ਰੀਅਲਟੀ ਸ਼ੋਅ ਵਰਗੇ ਹੀ ਲਗਦੇ ਹਨ। ਪੂਰੀ ਤਰ੍ਹਾਂ ਵਿਉਂਤੇ ਹੋਏ ਤੇ ਚੈਨਲਾਂ 'ਤੇ ਪ੍ਰਸਾਰਿਤ ਕਰਨ ਲਈ ਬੜੀ ਹੁਸ਼ਿਆਰੀ ਨਾਲ ਫ਼ਿਲਮਾਏ ਹੋਏ। 'ਸੰਗਤ ਦਰਸ਼ਨ' ਦੀ ਕਈ ਪੱਖਾਂ ਤੋਂ ਆਲੋਚਨਾ ਹੋ ਰਹੀ ਹੈ। ਇਸ ਦੇ ਆਲੋਚਕ ਇਸ ਨੂੰ ਚੋਣ ਢਕਵੰਜ ਤੋਂ ਵੱਧ ਕੁੱਝ ਨਹੀਂ ਸਮਝਦੇ। ਇਹ ਗੱਲ ਸਹੀ ਵੀ ਜਾਪਦੀ ਹੈ ਕਿਉਂਕਿ ਜੇਕਰ ਮੁੱਖ ਮੰਤਰੀ ਨੇ ਆਪ ਹੀ ਚੈੱਕ ਬੁੱਕ ਜੇਬ 'ਚ ਪਾ ਕੇ ਤੁਰੇ ਫਿਰਨਾ ਹੈ ਤਾਂ ਫਿਰ ਸਰਕਾਰੀ ਮਸ਼ੀਨਰੀ ਦਾ ਕੀ ਅਰਥ ਰਹਿ ਜਾਂਦਾ ਹੈ। ਸਰਕਾਰੀ ਕਰਮਚਾਰੀ ਜਨਤਕ ਸੇਵਾਵਾਂ ਲਈ ਹੁੰਦੇ ਹਨ, ਇਸ ਲਈ ਲੋਕਾਂ ਦੀ ਸੇਵਾ ਲਈ ਵਿਧੀ ਪੂਰਵਕ ਪੂਰੀ ਸਰਕਾਰੀ ਮਸ਼ੀਨਰੀ ਹਾਜ਼ਰ ਰਹਿਣੀ ਚਾਹੀਦੀ ਹੈ ਨਾ ਕਿ ਇਕੱਲੇ ਮੁੱਖ ਮੰਤਰੀ ਤੇ ਉਨ੍ਹਾਂ ਦੇ ਕੁੱਝ ਚੋਣਵੇਂ ਅਧਿਕਾਰੀ। ਜੇਕਰ 'ਸੰਗਤ ਦਰਸ਼ਨ' ਵਿੱਚ ਸ਼ਿਕਾਇਤਾਂ ਆਉਂਦੀਆਂ ਹਨ ਤਾਂ ਇਸ ਦਾ ਭਾਵ ਸਰਕਾਰ ਦੀ ਪ੍ਰਸ਼ਾਸ਼ਨਿਕ ਨਾਕਾਮੀ ਵੀ ਹੈ ਕਿਉਂਕਿ ਇਹ ਸ਼ਿਕਾਇਤਾਂ ਜਿਨ੍ਹਾਂ ਦਫ਼ਤਰਾਂ 'ਚ ਸੁਣੀਆਂ ਤੇ ਹੱਲ ਕੀਤੀਆਂ ਜਾਣੀਆਂ ਬਣਦੀਆਂ ਹਨ, ਉਥੇ ਇਨ੍ਹਾਂ ਦੀ ਸੁਣਵਾਈ ਨਹੀਂ ਹੈ।

## ਧਰਮ ਅਤੇ ਵੋਟ



ਭਾਰਤ ਵਿੱਚ ਇੱਕ ਰਾਜਨੀਤਿਕ ਖੇਮਾ ਨਿਰੋਲ ਧਰਮ ਨਿਰਪੱਖ ਰਾਜਨੀਤੀ ਨੂੰ ਪ੍ਰਣਾਇਆ ਹੋਇਆ ਹੈ। ਭਾਰਤ ਦੇਸ਼ ਨੇ ਵੀ ਆਪਣੇ ਧਰਮ ਨਿਰਪੱਖ ਰਾਜ ਹੋਣ ਦਾ ਸੰਵਿਧਾਨਕ ਦਰਜਾ ਅਪਣਾਇਆ ਹੋਇਆ ਹੈ। ਇਥੇ ਧਰਮ ਅਤੇ ਰਾਜਨੀਤੀ ਦੀ ਅਲਹਿਦਗੀ ਦਾ ਰਾਗ ਅਤੇ ਫਿਰਕੂ ਏਜੰਡੇ ਵੀ ਅਪਣਾ ਰੱਖੇ ਹਨ। ਫਿਰ ਵੀ ਧਰਮ ਨਿਰਪੇਖਤਾ ਦਾ ਨਾਹਰਾ ਕਿਸੇ ਨਾ ਕਿਸੇ ਢੰਗ ਨਾਲ ਹਰ ਰਾਜਸੀ ਪਾਰਟੀ ਨੂੰ ਲਾਉਣਾ ਹੀ ਪੈਂਦਾ ਹੈ। ਧਰਮ ਅਤੇ ਰਾਜਨੀਤੀ ਨੂੰ ਅੱਡਰਿਆਂ ਕਰਨ ਦੀ ਲੱਖ ਕਵਾਇਦ ਦੇ ਬਾਵਜੂਦ 'ਧਰਮ' ਤੇ 'ਵੋਟ' ਨੂੰ ਅਲੱਗ ਅਲੱਗ ਕਰਨਾ ਡਾਢਾ ਔਖਾ ਕੰਮ ਹੋ ਗਿਆ ਹੈ। ਰਾਜਸੀ ਪਾਰਟੀਆਂ ਨੂੰ ਜਦੋਂ ਕਿਸੇ ਇਕ ਫਿਰਕੇ ਦੀਆਂ ਵੋਟਾਂ ਯਕਮੁਸ਼ਤ ਰੂਪ ਵਿੱਚ ਭੁਗਤਣ ਦੀ ਸੰਭਾਵਨਾ ਦਿਖਾਈ ਦਿੰਦੀ ਹੈ ਤਾਂ ਰਾਜਨੀਤੀ ਧਰਮ ਦੀ ਬੁੱਕਲ 'ਚ ਮੱਲੋਮੱਲੀ ਆ ਵੜਦੀ ਹੈ। ਇੰਨੀ ਦਿਨੀਂ ਡੇਰਾ ਸੱਚਾ ਸੌਦਾ ਦੀਆਂ ਵੋਟਾਂ ਦੇ ਸੌਦੇ ਦਾ ਬਾਜ਼ਾਰ ਗਰਮ ਹੈ। ਲੀਡਰਾਂ ਨੇ ਡੇਰਾ ਮੁਖੀ ਦੇ ਸਤਿਸੰਗਾਂ 'ਚ ਹਾਜ਼ਰੀ ਭਰਨੀ ਸ਼ੁਰੂ ਕਰ ਦਿੱਤੀ ਹੈ। ਕਿਹਾ ਜਾਂਦਾ ਹੈ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਇਹ ਡੇਰਾ ਸੱਚਾ ਸੌਦਾ ਦੀਆਂ ਵੋਟਾਂ ਹੀ ਸਨ ਜਿਨ੍ਹਾਂ ਨੇ ਮਾਲਵਾ ਬੈਲਟ 'ਚ ਸ਼੍ਰੋਮਣੀ ਅਕਾਲੀ ਦਲ (ਬ) ਦਾ ਸਫ਼ਾਇਆ ਕਰ ਦਿੱਤਾ ਸੀ। ਜਿਹੜੇ ਲੋਕ ਇਸ ਧਾਰਨਾ ਨੂੰ ਸੌ ਫ਼ੀਸਦੀ ਠੀਕ ਸਮਝਦੇ ਹਨ ਉਹ ਡੇਰੇ ਦੀਆਂ ਵੋਟਾਂ ਨੂੰ ਵਿਸ਼ੇਸ਼ ਮਹੱਤਵ ਦੇ ਰਹੇ ਹਨ। ਫਿਲਹਾਲ ਡੇਰਾ ਮੁਖੀ ਨੇ ਅਗਾਮੀ ਵਿਧਾਨ ਸਭਾ ਚੋਣਾਂ 'ਚ ਕਿਸੇ ਵੀ ਰਾਜਸੀ ਧਿਰ ਨੂੰ ਸਮਰਥਨ ਦੇਣ ਤੋਂ ਸਾਫ਼ ਇਨਕਾਰ ਕੀਤਾ ਹੈ। ਉਮੀਦ ਇਹੋ ਕੀਤੀ ਜਾਂਦੀ ਹੈ ਕਿ ਕਾਂਗਰਸ ਡੇਰੇ ਦਾ ਲੁਕਵਾਂ ਸਮਰਥਨ ਹਾਸਲ ਕਰਨ ਵਿਚ ਸਫ਼ਲ ਹੋ ਜਾਵੇਗੀ। ਖੁਲ੍ਹਾ ਸਮਰਥਨ ਦੇਣ ਦੀ ਸਥਿਤੀ 'ਚ ਇਸ ਸਮੇਂ ਡੇਰਾ ਹੈ ਵੀ ਨਹੀਂ ਕਿਉਂਕਿ ਪਿਛਲੀ ਵਾਰ ਦੇ ਖੁਲ੍ਹੇ ਸਮਰਥਨ ਦਾ ਡੇਰਾ ਪ੍ਰੇਮੀਆਂ ਨੂੰ ਕਾਫੀ ਖਮਿਆਜਾ ਭੁਗਤਣਾ ਪਿਆ ਹੈ।

## ਨੀਅਤ ਵਿਚ ਖੋਟ




ਪੰਜਾਬ ਪੁਲਿਸ, ਜੋ ਕਿ ਆਪਣੇ ਵਹਿਸ਼ੀ ਬਿੰਬ ਤੋਂ ਇਕੱਵੀਂ ਸਦੀ ਵਿੱਚ ਵੀ ਮੁਕਤ ਨਹੀਂ ਹੋ ਸਕੀ ਹੈ, ਲਈ ਇਨ੍ਹੀ ਦਿਨੀਂ ਨਵੀਂ ਨਿਯਮਾਂਵਲੀ ਦਾ ਖਰੜਾ ਤਿਆਰ ਕੀਤਾ ਜਾ ਰਿਹਾ ਹੈ। ਨਿਯਮਾਂ ਦਾ ਇਹ ਖਰੜਾ ਡੀ.ਜੀ.ਪੀ. ਪੰਜਾਬ ਵਲੋਂ ਅਗਲੇ ਮਹੀਨੇ ਅੰਤਿਮ ਰੂਪ ਦੇਣ ਲਈ ਸਰਕਾਰ ਨੂੰ ਸੌਂਪਿਆ ਜਾਵੇਗਾ। ਦਾਅਵਾ ਕੀਤਾ ਜਾ ਰਿਹਾ ਹੈ ਕਿ ਪੰਜਾਬ ਪੁਲਿਸ ਨੇ ਨਵੇਂ ਨਿਯਮਾਂ ਦਾ ਖਰੜਾ ਪਿਛਲੇ ਦਹਾਕਿਆਂ ਦੌਰਾਨ ਦੇਸ਼ ਦੀਆਂ ਅਦਾਲਤਾਂ 'ਚ ਹੋਏ ਇਤਿਹਾਸਕ ਫੈਸਲਿਆਂ, ਆਧੁਨਿਕ ਅਪਰਾਧਾਂ, ਮਨੁੱਖੀ ਅਧਿਕਾਰ ਕਮਿਸ਼ਨ ਦੇ ਸੋਧੇ ਮੈਨੂਅਲ 'ਤੇ ਹਦਾਇਤਾਂ, ਨਵੀਆਂ ਨੀਤੀਆਂ ਤੇ ਜੰਮੂ ਕਸ਼ਮੀਰ, ਹਰਿਆਣਾ, ਕਰਨਾਟਕ ਤੇ ਮਹਾਰਾਸ਼ਟਰ ਪੁਲਿਸ ਦੇ ਨਿਯਮਾਂ ਦੀ ਘੋਖ ਕਰਨ ਬਾਅਦ ਤਿਆਰ ਕੀਤਾ ਹੈ। ਇਹ ਖਰੜਾ ਤਿਆਰ ਕਰਨ ਲਈ ਭਾਰਤ ਸਰਕਾਰ ਦੇ ਬਿਊਰੋ ਆਫ਼ ਪੁਲਿਸ ਰਿਸਰਚ ਐਂਡ ਡਿਵੈਲਪਮੈਂਟ ਵਲੋਂ ਤਿਆਰ ਕੀਤੇ ਮਾਡਲ ਰੂਲਜ਼ ਦੀ ਵੀ ਮਦਦ ਲਈ ਗਈ ਹੈ। ਪੰਜਾਬ ਪੁਲਿਸ ਦੇ ਸੂਤਰਾਂ ਅਨੁਸਾਰ ਨਿਯਮਾਂ ਦਾ ਖਰੜਾ ਇਸ ਢੰਗ ਨਾਲ ਤਿਆਰ ਕੀਤਾ ਗਿਆ ਹੈ ਕਿ ਨਿਯੁਕਤੀਆਂ, ਤਰੱਕੀਆਂ, ਡੈਪੂਟੇਸ਼ਨ ਅਤੇ ਹੋਰ ਅਮਲੇ ਦੇ ਮਾਮਲਿਆਂ ਨੂੰ ਪੂਰੀ ਤਰ੍ਹਾਂ ਪਾਰਦਰਸ਼ੀ ਅਤੇ ਨਿਰਪੱਖ ਬਣਾਇਆ ਜਾ ਸਕੇ। ਇਕ ਪਾਸੇ ਨਵਾਂ ਕੋਡ ਆਫ਼ ਕੰਡਕਟ ਬਣਾਇਆ ਜਾ ਰਿਹਾ ਹੈ ਤੇ ਦੂਜੇ ਪਾਸੇ ਅਮਲ ਬਿਲਕੁਲ ਉਲਟ ਹੋ ਰਹੇ ਹਨ। ਪੰਜਾਬ ਪੁਲਿਸ ਦੇ ਕੁੱਝ ਅਧਿਕਾਰੀਆਂ ਉਪਰ ਮੁਕੱਦਮੇ ਚੱਲ ਰਹੇ ਹਨ। ਮੁਕੱਦਮੇ ਬਹੁਤ ਗੰਭੀਰ ਅਪਰਾਧਾਂ ਦੇ ਹਨ। ਇਨ੍ਹਾਂ ਅਧਿਕਾਰੀਆਂ ਵਿੱਚ ਆਈ.ਪੀ.ਐਸ. ਰੈਂਕ ਦੇ ਅਧਿਕਾਰੀ ਵੀ ਸ਼ਾਮਲ ਹਨ। ਕਾਨੂੰਨ ਅਨੁਸਾਰ ਇਨ੍ਹਾਂ ਅਧਿਕਾਰੀਆਂ ਨੂੰ ਨੌਕਰੀ ਤੋਂ ਮੁਅੱਤਲ ਕਰਨਾ ਬਣਦਾ ਹੈ। ਪਰ ਇਹ ਸ਼ਰੇਆਮ ਗ਼ੈਰ ਕਾਨੂੰਨੀ ਤੌਰ 'ਤੇ ਆਪਣੇ ਅਹੁਦਿਆਂ 'ਤੇ ਬਣੇ ਹੋਏ ਸਨ। ਹੁਣ ਕਿਤੇ ਆ ਕੇ ਪੰਜਾਬ ਸਰਕਾਰ ਨੇ ਹਾਈਕੋਰਟ ਦੇ ਦਖ਼ਲ ਦੇਣ ਤੇ ਇਨ੍ਹਾਂ ਨੂੰ ਅਹੁਦਿਆਂ ਤੋਂ ਫ਼ਾਰਗ ਕੀਤਾ ਹੈ। ਸੋ, ਜੇਕਰ ਸਰਕਾਰ ਦੀ ਨੀਅਤ ਵਿੱਚ ਹੀ ਖੋਟ ਹੈ ਤਾਂ ਨਵੀਂ ਨਿਯਮਾਂਵਲੀ ਦਾ ਵੀ ਸ਼ਾਇਦ ਹੀ ਕੋਈ ਸਾਰਥਕ ਸਿੱਟਾ ਨਿਕਲੇ।

## ਸੇਵਾ ਸਿੰਘ ਸੇਖਵਾਂ ਬਨਾਮ ਕ੍ਰਿਸ਼ਨ ਕੁਮਾਰ



ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ (ਡੀ.ਜੀ.ਐਸ.ਈ.) ਨੂੰ ਆਖ਼ਰ ਪੰਜਾਬ ਸਰਕਾਰ ਨੇ ਸਿੱਖਿਆ ਵਿਭਾਗ ਤੋਂ ਬਾਹਰ ਕਰ ਹੀ ਦਿੱਤਾ ਹੈ। ਕਈ ਦਿਨਾਂ ਤੋਂ ਇਸ ਆਈ.ਏ.ਐਸ. ਅਧਿਕਾਰੀ ਤੇ ਸਿੱਖਿਆ ਮੰਤਰੀ ਸੇਵਾ ਸਿੰਘ ਸੇਖਵਾਂ ਵਿਚਕਾਰ ਮੱਤਭੇਦਾਂ ਦੀ ਚਰਚਾ ਚਲਦੀ ਆ ਰਹੀ ਸੀ। ਡੀ.ਜੀ.ਐਸ.ਈ. ਵਜੋਂ ਕ੍ਰਿਸ਼ਨ ਕੁਮਾਰ ਵਲੋਂ ਲਗਾਤਾਰ ਆਪਣੇ ਵਿਭਾਗ ਉਪਰ ਬਾਜ਼ ਅੱਖ ਰੱਖੀ ਹੋਈ ਸੀ। ਉਸ ਦੀ ਸਖ਼ਤਾਈ ਕਾਰਨ ਭਾਵੇਂ ਸਕੂਲਾਂ ਅੰਦਰ ਅਧਿਆਪਕਾਂ ਦੀ ਹਾਜ਼ਰੀ ਵਿੱਚ ਜ਼ਿਕਰਯੋਗ ਸੁਧਾਰ ਹੋਇਆ, ਪਰ ਅਧਿਆਪਕ ਵਰਗ ਦੀ ਨਰਾਜ਼ਗੀ ਵੀ ਉਸ ਨੇ ਸਹੇੜ ਰੱਖੀ ਸੀ। ਇਸ ਨਰਾਜ਼ਗੀ ਦਾ ਇਕ ਨੌਕਰਸ਼ਾਹ ਉਪਰ ਤਾਂ ਕੋਈ ਅਸਰ ਨਹੀਂ ਸੀ ਹੋਣ ਲੱਗਾ ਪਰ ਸਰਕਾਰ ਜਾਂ ਸਿੱਖਿਆ ਮੰਤਰੀ ਨੂੰ ਇਸ ਦਾ ਚੁਣਾਵੀ ਨੁਕਸਾਨ ਹੋਣ ਦਾ ਜ਼ਰੂਰ ਖ਼ਦਸ਼ਾ ਸੀ। ਸੋ, ਉਸ ਨੂੰ ਕਈ ਦਲੀਲਾਂ ਦੇ ਕੇ ਦੂਸਰੇ ਮਹਿਕਮੇ 'ਚ ਤਬਦੀਲ ਕਰ ਦਿੱਤਾ ਗਿਆ। ਸਰਕਾਰ ਨੇ ਇਸ ਅਫ਼ਸਰ ਦੀ ਇਮਾਨਦਾਰੀ ਜਾਂ ਪ੍ਰਬੰਧਕੀ



ਨਿਪੁੰਨਤਾ ਬਾਰੇ ਕੋਈ ਸੰਦੇਹ ਨਹੀਂ ਪ੍ਰਗਟਾਇਆ, ਸਗੋਂ ਉਸ ਦੀ ਕਾਬਲੀਅਤ ਦੀ ਪ੍ਰਸ਼ੰਸਾ ਹੀ ਕੀਤੀ। ਸਿੱਖਿਆ ਮੰਤਰੀ ਸੇਖਵਾਂ ਨੇ ਵੀ ਕ੍ਰਿਸ਼ਨ ਕੁਮਾਰ ਨੂੰ ਤਬਦੀਲ ਕੀਤੇ ਜਾਣ ਬਾਰੇ ਕੇਵਲ ਇਹੋ ਕਿਹਾ ਕਿ ਇਕ ਅਫ਼ਸਰ ਨੂੰ ਤਿੰਨ ਸਾਲ ਤੋਂ ਵੱਧ ਕਿਸੇ ਇਕ ਮਹਿਕਮੇ 'ਚ ਨਹੀਂ ਰੱਖਿਆ ਜਾ ਸਕਦਾ। ਵਿਰੋਧੀ ਧਿਰ ਨੇ ਵੀ ਡੀ.ਜੀ.ਐਸ.ਈ. ਵਜੋਂ ਕ੍ਰਿਸ਼ਨ ਕੁਮਾਰ ਦੀਆਂ ਸੇਵਾਵਾਂ ਨੂੰ ਸਲਾਹਿਆ ਤੇ ਕਈ ਅਧਿਆਪਕ ਜਥੇਬੰਦੀਆਂ ਨੇ ਵੀ ਉਸ ਦੀ ਭੂਮਿਕਾ ਦੀ ਪ੍ਰਸ਼ੰਸਾ ਕੀਤੀ ਤੇ ਨਾਲ ਹੀ ਕ੍ਰਿਸ਼ਨ ਕੁਮਾਰ ਦੇ ਪ੍ਰਸ਼ੰਸਕਾਂ ਨੇ ਸਰਕਾਰੀ ਦਲੀਲਾਂ ਦੀ ਹਾਮੀ ਨਹੀਂ ਭਰੀ। ਵਿਰੋਧੀ ਧਿਰ ਨੇ ਤਾਂ ਇਥੋਂ ਤਕ ਵੀ ਕਿਹਾ ਕਿ ਬਾਦਲ ਸਰਕਾਰ ਨੂੰ ਚੰਗੇ ਅਫ਼ਸਰ ਪਸੰਦ ਹੀ ਨਹੀਂ। ਖ਼ੈਰ, ਕੁੱਝ ਵੀ ਹੋਵੇ ਕ੍ਰਿਸ਼ਨ ਕੁਮਾਰ ਵਿਵਾਦਗ੍ਰਸਤ ਹੋਣ ਦੇ ਬਾਵਜੂਦ ਸਿੱਖਿਆ ਵਿਭਾਗ ਦੇ ਕੁਰੂਖੇਤਰ ਵਿੱਚ ਇੱਕ ਚੰਗਾ ਤੇ ਦ੍ਰਿੜ ਸਾਰਥੀ ਬਣਿਆ ਹੋਇਆ ਸੀ। ਇੱਕ ਸੀਮਾ ਤੱਕ ਹੀ ਉਹ ਆਪਣਾ ਕੰਮ ਕਰ ਸਕਦਾ ਸੀ, ਉਸ ਤੋਂ ਬਾਹਰ ਨਹੀਂ। ਕ੍ਰਿਸ਼ਨ ਕੁਮਾਰ ਨੂੰ ਇੱਕ ਵਾਰ ਕਿਸੇ ਪੰਚਾਇਤ ਦਾ ਫ਼ੋਨ ਗਿਆ ਕਿ ਸਕੂਲ ਆ ਕੇ ਮਾਸਟਰ ਪੜ੍ਹਾਉਂਦੇ ਨਹੀਂ। ਕ੍ਰਿਸ਼ਨ ਕੁਮਾਰ ਨੇ ਜਵਾਬ ਦਿੱਤਾ 'ਮੇਰਾ ਕੰਮ ਮਾਸਟਰਾਂ ਨੂੰ ਸਕੂਲ ਵਾੜਨਾ ਸੀ, ਅੱਗੋਂ ਤੁਸੀਂ ਦੇਖੋ ਜਾਂ ਮਾਸਟਰ ਦੇਖਣ' ਇਹ ਕਹਿ ਕੇ ਕ੍ਰਿਸ਼ਨ ਕੁਮਾਰ ਨੇ ਸ਼ਾਇਦ ਆਪਣੀ ਸੀਮਾ ਵੱਲ ਹੀ ਇਸ਼ਾਰਾ ਕੀਤਾ ਸੀ।

## ਛੇਕੜਲੀ ਗੱਲ

ਕਮਿਊਨਿਸਟ ਬੁੱਧੀਜੀਵੀ ਇਕ ਨਵੇਂ ਕਾਡਰ ਨੂੰ ਸਾਧਨਾਂ ਬਰਾਬਰ ਵੰਡ ਬਾਰੇ ਕੁੱਝ ਨੁਕਤੇ ਸਮਝਾ ਰਿਹਾ ਸੀ। ਗੱਲਬਾਤ ਦੇ ਕੱਝ ਅੰਸ਼ ਇਸ ਤਰ੍ਹਾਂ ਸਨ।

ਬੁੱਧੀਜੀਵੀ : ਮੰਨ ਲਉ ਤੇਰੇ ਕੋਲ ਦੋ ਕਿੱਲੇ ਹਨ, ਇੱਕ ਤੂੰ ਆਪ ਰੱਖ ਲੈਣਾ, ਦੂਜਾ ਬੇਜ਼ਮੀਨੇ ਗੁਆਂਢੀ ਨੂੰ ਦੇ ਦੇਣਾ, ਦੋਵੇਂ ਸੌਖੇ ਰਹੋਂਗੇ।

ਕਾਡਰ : ਠੀਕ ਹੈ ਜੀ।

ਬੁੱਧੀਜੀਵੀ : ਬਲਦਾਂ ਦੀਆਂ ਦੋ ਜੋੜੀਆਂ ਨੇ, ਇਕ ਗੁਆਂਢੀ ਨੂੰ ਦੇ ਦੇਣੀ, ਦੋਵੇਂ ਠੀਕ ਰਹੋਂਗੇ।

ਕਾਡਰ : ਸਤਿ ਬਚਨ।

ਬੁੱਧੀਜੀਵੀ : ਤੇਰੇ ਕੋਲ ਦੋ ਸਾਈਕਲ ਹਨ ਤਾਂ ਇਕ ਗੁਆਂਢੀ ਨੂੰ ਦੇ ਦੇਣਾ। ਦੋਵੇਂ ਸੁਖਾਲੇ ਰਹੋਂਗੇ।

ਕਾਡਰ : ਇਹ ਨਹੀਂ ਜੀ ਮੇਰੇ ਤੋਂ ਹੋਣਾ।

ਬੁੱਧੀਜੀਵੀ : ਕਿਉਂ?

ਕਾਡਰ : ਕਿਉਂਕਿ ਇਹ ਮੇਰੇ ਕੋਲ ਸੱਚਮੁਚ ਦੋ ਹੈਗੇ ਆ।




Anuj Gupta
AMP, B.Com.
Associate Broker

Alberta Mortgage Centre

Best Rates, Choice of Lenders, Mortgage for Purchase, Construction, Renewal, Refinance
Rental or Commercial Property Good or Bad credit, New Immigrant or Self Employed

For FREE Consultation, please call
(780)479-2222

# 78, 4003-98 Street, Edmonton, AB www.albertamortgagecentre.com

CAAMP ACCHA | AXIOM | AMBA | BBB | think MORTGAGE think AMP



Krishna(KK)Gupta, AMP
"Experienced, Knowledgeable, Committed"
Serving the Community Since 1999

# ਕਿਸਾਨਾਂ ਦੀ ਵੀ ਸਕੀ ਨਹੀਂ ਅਕਾਲੀ-ਭਾਜਪਾ ਸਰਕਾਰ

ਚੰਡੀਗੜ੍ਹ, (ਇੰਦਰਪ੍ਰੀਤ ਸਿੰਘ) ਚੋਣਾਂ ਵਿੱਚ ਵਾਅਦੇ ਕਰਨ ਵਾਲੀ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੇ ਕਿਸਾਨਾਂ, ਬਜ਼ੁਰਗਾਂ, ਵਿਧਵਾਵਾਂ, ਅਪਾਹਜਾਂ, ਦਲਿਤਾਂ ਅਤੇ ਪੱਛੜਿਆਂ ਨਾਲ ਧੋਖਾ ਕੀਤਾ ਹੈ। ਸੱਤਾ ਲਈ ਪਿੰਡਾਂ-ਗਲੀਆਂ ਦੀ ਧੂੜ ਫੱਕਦੇ ਵੇਲੇ ਕੀਤੇ ਵਾਅਦੇ ਸੱਤਾ ਆਉਂਦਿਆਂ ਹੀ ਐਲਾਨ-ਪੱਤਰ ਵਿੱਚ ਬੰਦ ਕਰ ਕੇ ਰੱਖ ਦਿੱਤੇ ਗਏ। ਕਰਜ਼ੇ ਹੇਠ ਦਬ ਕੇ ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੇ ਵਾਰਸਾਂ ਨੂੰ ਦੋ ਲੱਖ ਐਕਸਗ੍ਰੇਸ਼ੀਆ ਤੇ ਸਰਕਾਰੀ ਨੌਕਰੀ ਦੀ ਅੱਜ ਤੱਕ ਉਡੀਕ ਹੈ।

ਪੰਜਾਬ ਸਰਕਾਰ ਦੇ ਚਾਰ ਸਾਲ ਪੂਰੇ ਹੋ ਗਏ ਹਨ ਪਰ ਐਲਾਨ ਪੱਤਰ ਵਿੱਚ ਕੀਤੇ 211 ਵਾਅਦਿਆਂ ਵਿਚੋਂ ਕਈ ਅਧੂਰੇ ਹਨ। ਇਸ 'ਤੇ ਜਦੋਂ ਐਲਾਨ ਪੱਤਰ ਬਣਾਉਣ ਵਾਲੇ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਨਾਲ ਗੱਲ ਕਰਨੀ ਚਾਹੀ ਤਾਂ ਉਨ੍ਹਾਂ ਦਾ ਫੋਨ ਬੰਦ ਮਿ-ਲਆ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਫੋਨ ਚੁੱਕਿਆ ਹੀ ਨਹੀਂ । ਸਿਖਿਆ, ਸਿਹਤ ਅਤੇ ਬੁਨਿਆਦੀ ਢਾਂਚੇ ਨੂੰ ਛੱਡ ਕੇ ਕਿਸੇ ਵਿਭਾਗ ਵਿੱਚ ਜ਼ਮੀਨ 'ਤੇ ਕੰਮ ਨਹੀਂ ਦਿਸਦਾ। 39 ਹਜ਼ਾਰ ਅਧਿਆਪਕਾਂ ਦੀ ਭਰਤੀ ਤੋਂ ਇਲਾਵਾ ਸਕੂਲਾਂ ਦੀਆਂ ਇਮਾਰਤਾਂ ਸੁਧਾਰਨ ਦਾ ਕੰਮ ਹੋਇਆ ਹੈ। ਐਲਾਨ-ਪੱਤਰ ਵਿੱਚ ਹਰ ਬਲਾਕ ਵਿੱਚ ਆਦਰਸ਼ ਸਕੂਲ ਖੋਲ੍ਹਣਾ ਦਾ ਵਾਅਦਾ ਸੀ ਪਰ ਚਾਰ ਸਾਲ ਵਿੱਚ ਨੌ ਸਕੂਲ ਹੀ ਖੁੱਲ੍ਹੇ। ਫਿਲਮ ਅਤੇ ਮੀਡੀਆ ਇੰਸਟੀਟਿਊਟ ਖੋਲ੍ਹਣ ਦੀ ਦਿਸ਼ਾ ਵਿੱਚ ਵੀ ਕੰਮ ਨਹੀਂ ਹੋਇਆ। ਯੂਨੀਵਰਸਿਟੀਆਂ ਨੂੰ 150 ਕਰੋੜ ਦੀ ਗਰਾਂਟ ਦਾ ਵਾਅਦਾ ਵੀ ਅਧੂਰਾ ਹੈ। ਨਾ ਹੀ ਕਿਸਾਨਾਂ ਦੇ ਬੱਚਿਆਂ ਨੂੰ ਸਿਖਿਆ ਲਈ ਸਸਤਾ ਕਰਜ਼ਾ ਮਿ-ਲਆ। ਵਾਅਦਾ ਸੀ ਕਿ 500 ਕਰੋੜ ਦਾ ਵਿਸ਼ੇਸ਼ ਸਿਹਤ ਫੰਡ ਬਣੇਗਾ, ਜਿਸ ਨਾਲ ਕਿਸਾਨਾਂ, ਦਲਿਤਾਂ ਅਤੇ ਪੱਛੜਾ ਵਰਗ ਲਈ ਸਿਹਤ ਬੀਮਾ ਯੋਜਨਾ ਲਾਗੂ ਕੀਤੀ



ਜਾਵੇਗੀ ਪਰ ਇਹ ਵੀ ਪੂਰਾ ਨਹੀਂ ਹੋਇਆ। ਜਨ ਸਿਹਤ ਵਿਭਾਗ ਵਿੱਚ ਵਾਟਰ ਵਰਕਸ ਦੇ ਬਿਲ ਮੁਆਫ ਕਰਨ, ਛੋਟੇ ਦੁਕਾਨਦਾਰਾਂ ਦਾ ਕਮਰਸ਼ੀਅਲ ਮੀਟਰ ਘਰੇਲੂ ਵਿੱਚ ਬਦਲਣ, ਸਬਜ਼ੀ ਮੰਡੀ ਵਿੱਚ ਮਾਰਕੀਟ ਫੀਸ ਦੀ ਠੇਕੇਦਾਰੀ ਪ੍ਰਥਾ ਖਤਮ ਕਰਨ ਵਰਗੇ ਵਾਅਦੇ ਵੀ ਹਾਲੇ ਐਲਾਨ-ਪੱਤਰ ਤੋਂ ਨਹੀਂ ਨਿਕਲ ਸਕੇ ਹਨ। ਸਬਜ਼ੀ ਉਤਪਾਦਕਾਂ ਲਈ ਕੋਲਡ ਚੇਨ ਬਣਾਉਣ, ਛੋਟੇ ਦੁਕਾਨਦਾਰਾਂ ਲਈ ਅਰਬਨ ਕੋ-ਆਪਰੇਟਿਵ ਬੈਂਕ ਖੋਲ੍ਹਣ ਆਦਿ ਦੇ ਵਾਅਦੇ ਵੀ ਲਟਕੇ ਪਏ ਹਨ। ਐਲਾਨ-ਪੱਤਰ ਵਿੱਚ ਸਭ ਤੋਂ ਵੱਡਾ ਵਾਅਦਾ ਤਿੰਨ ਸਾਲ ਵਿੱਚ ਸੂਬੇ ਨੂੰ ਬਿਜਲੀ ਸਰਪਲਸ ਬਣਾਉਣ ਦਾ ਸੀ। ਇਸ ਦਿਸ਼ਾ ਵਿੱਚ ਤਲਵੰਡੀ ਸਾਬੋ, ਰਾਜਪੁਰਾ, ਗੋਇੰਦਵਾਲ ਵਿੱਚ ਥਰਮਲ ਪਲਾਂਟਾਂ ਵਿੱਚ ਕੰਮ ਸ਼ੁਰੂ ਹੋ ਗਿਆ ਹੈ, ਪਰ ਇਨ੍ਹਾਂ ਨੂੰ ਪੂਰਾ ਹੋਣ ਵਿੱਚ ਢਾਈ ਤੋਂ ਤਿੰਨ ਸਾਲ ਹੋਰ ਲੱਗਣਗੇ। ਗਿੱਦੜਬਾਹਾ ਵਿੱਚ ਥਰਮਲ ਪਲਾਂਟ ਉਪਰ ਵੀ ਹਾਲੇ ਕੰਮ ਸ਼ੁਰੂ ਨਹੀਂ ਹੋਇਆ ਹੈ। ਥਰਮਲ ਪਲਾਂਟ ਤੋਂ ਇਲਾਵਾ ਕੋ-ਜੈਨਰੇਸ਼ਨ ਵਿੱਚ ਵੀ ਕੰਮ ਸ਼ੁਰੂ ਹੋਇਆ ਹੈ।

## ਕਿਹਾ ਪਰ ਭੁੱਲ ਗਏ..

"ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੇ ਵਾਰਸਾਂ ਨੂੰ ਦੋ ਲੱਖ ਐਕਸਗ੍ਰੇਸ਼ੀਆ ਗ੍ਰਾਂਟ ਅਤੇ ਇਕ ਨੂੰ ਨੌਕਰੀ ਦਿੱਤੀ ਜਾਵੇਗੀ।

"ਬਜ਼ੁਰਗਾਂ, ਵਿਧਵਾਵਾਂ ਅਤੇ ਅਪਾਹਜਾਂ ਦੀ ਪੈਨਸ਼ਨ 200 ਤੋਂ ਵਧ ਕੇ 400 ਰੁਪਏ ਕਰਾਂਗੇ।

"ਦਲਿਤ ਪਰਿਵਾਰਾਂ ਨੂੰ ਬਿਨਾਂ ਕਿਸੇ ਸ਼ਰਤ 400 ਯੂਨਿਟ ਬਿਜਲੀ ਪ੍ਰਤੀ ਬਿਲ ਮੁਫ਼ਤ ਦਿੱਤੀ ਜਾਵੇਗੀ।

"ਸਫਾਈ ਕਰਮਚਾਰੀਆਂ ਲਈ ਠੇਕੇਦਾਰੀ ਪ੍ਰਥਾ ਬੰਦ ਕਰਾਂਗੇ।

## ਪੈਟਰੋਲ ਉਪਰ ਚੁੰਗੀ ਨਹੀਂ ਹੋਈ ਖਤਮ

ਅਕਾਲੀ ਦਲ ਨੇ ਚੁੰਗੀ ਮੁਆਫ਼ ਕਰਨ ਦਾ ਵਾਅਦਾ ਤਾਂ ਪੂਰਾ ਕੀਤਾ ਪਰ ਪੈਟਰੋਲ 'ਤੇ ਚੁੰਗੀ ਮੁਆਫ਼ ਦਾ ਵਾਅਦਾ ਨਹੀਂ ਨਿਭਾਇਆ। ਇਹੀ ਨਹੀਂ, ਵੈਟ ਉਪਰ ਦਸ ਫੀਸਦੀ ਸਰਚਾਰਜ ਲਗਾ ਕੇ ਚੁੰਗੀ ਤੋਂ ਹੋਣ ਵਾਲੀ ਆਮਦਨ ਪੂਰੀ ਕਰ ਲਈ। ਕਈ ਵੱਡੇ ਵਾਅਦੇ ਪੂਰੇ ਵੀ ਕੀਤੇ, ਜਿਨ੍ਹਾਂ ਵਿਚੋਂ ਚਾਰ ਰੁਪਏ ਕਿਲੋ ਆਟਾ ਅਤੇ ਵੀਹ ਰੁਪਏ ਕਿਲੋ ਦਾਲ ਵੀ ਸ਼ਾਮਲ ਹੈ।

## ਇੰਜ ਵਾਅਦੇ ਹੁੰਦੇ ਰਹਿਣਗੇ

ਆਈ.ਡੀ.ਪੀ. ਦੇ ਪ੍ਰਧਾਨ ਆਈ.ਡੀ. ਖਜੂਰੀਆ ਦਾ ਕਹਿਣਾ ਹੈ ਕਿ ਜਦੋਂ ਤਕ ਚੋਣ ਐਲਾਨ ਪੱਤਰਾਂ ਨੂੰ ਕਾਨੂੰਨੀ ਦਾਇਰੇ ਵਿੱਚ ਨਹੀਂ ਲਿਆ ਜਾਂਦਾ, ਉਦੋਂ ਤਕ ਪਾਰਟੀਆਂ ਚੋਣ ਜਿੱਤਣ ਲਈ ਅਜਿਹੇ ਵਾਅਦੇ ਕਰਦੀਆਂ ਰਹਿਣਗੀਆਂ। ਉਹ ਵਾਅਦੇ ਪੂਰੇ ਹੋਣ ਲਾਇਕ ਵੀ ਹਨ ਜਾਂ ਨਹੀਂ ਇਸ ਉਪਰ ਕੋਈ ਧਿਆਨ ਨਹੀਂ ਦਿੰਦਾ। ਅਸੀਂ ਕਾਫੀ ਸਮੇਂ ਤੋਂ ਇਸ ਦੀ ਮੰਗ ਕਰਦੇ ਆ ਰਹੇ ਹਾਂ।

## ਹਾਲੇ ਤਾਂ ਇਕ ਸਾਲ ਪਿਆ ਹੈ

ਚੋਣਾਂ ਤੋਂ ਪਹਿਲਾਂ ਕੀਤੇ ਗਏ ਜ਼ਿਆਦਾਤਰ ਵਾਅਦੇ ਸਰਕਾਰ ਨੇ ਪੂਰੇ ਕਰ ਦਿੱਤੇ ਹਨ। ਬਿਜਲੀ ਦੇ ਮਾਮਲੇ ਵਿੱਚ ਸਰਪਲਸ ਕਰਨ ਵਿੱਚ ਕੁਝ ਵਕਤ ਲਗ ਰਿਹਾ ਪਰ ਸਭ ਕੁਝ ਸਾਡੇ ਹੱਥ ਵਿੱਚ ਨਹੀਂ ਹੁੰਦਾ। ਪ੍ਰਾਜੈਕਟਾਂ 'ਤੇ ਕੰਮ ਸ਼ੁਰੂ ਹੋ ਚੁੱਕਾ ਹੈ। ਬਠਿੰਡਾ ਰਿਫਾਇਨਰੀ ਸਮੇਂ ਤੋਂ ਪਹਿਲਾਂ ਪੂਰੀ ਕਰਵਾ ਦਿੱਤੀ ਗਈ ਹੈ। ਬੁੱਢੇ ਨਾਲੇ ਦੀ ਸਫਾਈ ਤਾਂ ਬਿਨਾਂ ਵਾਅਦੇ ਦੇ ਹੀ ਕਰਵਾਈ ਹੈ। ਸਿਹਤ ਲਈ ਫੰਡ ਸਥਾਪਤ ਕਰਨ ਦਾ ਵਾਅਦਾ ਸੀ ਪਰ ਇਹ ਰਾਸ਼ੀ ਸਿਹਤ ਦੇ ਬੁਨਿਆਦੀ ਢਾਂਚੇ 'ਤੇ ਖਰਚ ਕੀਤੀ ਹੈ। ਕੁਝ ਛੋਟੇ ਕੰਮ ਰਹਿੰਦੇ ਹੋਣਗੇ, ਜਿਨ੍ਹਾਂ ਨੂੰ ਪੂਰਾ ਕਰਨ ਲਈ ਸਾਡੇ ਕੋਲ ਪੂਰਾ ਇਕ ਸਾਲ ਹੈ।'

*ਹਰਚਰਨ ਸਿੰਘ ਬੈਂਸ (ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ)*

# ਵਿਸ਼ਵ ਕੱਪ ਕ੍ਰਿਕਟ 'ਤੇ ਵੀਹ ਹਜ਼ਾਰ ਕਰੋੜ ਰੁਪਏ ਦਾ ਸੱਟਾ ਲਗਣ ਦਾ ਖਦਸ਼ਾ

ਚੰਡੀਗੜ੍ਹ (ਮੋਹਿਤ ਸ਼੍ਰੀਵਾਸਤਵ) ਵਿਸ਼ਵ ਕੱਪ ਕ੍ਰਿਕਟ ਸ਼ੁਰੂ ਹੁੰਦੇ ਹੀ ਜਿਥੇ ਸਾਰੀਆਂ ਟੀਮਾਂ ਦੇ ਖਿਡਾਰੀ ਮੈਦਾਨ ਵਿੱਚ ਉਤਰ ਚੁੱਕੇ ਹਨ, ਉਥੇ ਦੁਨੀਆ ਭਰ ਤੋਂ ਸੱਟੇਬਾਜ਼ ਆਪਣੇ ਬੰਦ ਕਮਰਿਆਂ ਵਿੱਚ ਖੇਡ 'ਤੇ ਦਾਅ ਲਾਉਣ ਵਿੱਚ ਜੁਟ ਗਏ ਹਨ। ਜਿਵੇਂ ਜਿਵੇਂ ਟੂਰਨਾਮੈਂਟ ਅੱਗੇ ਵਧ ਰਿਹਾ ਹੈ, ਕੌਮਾਂਤਰੀ ਸੱਟਾ ਬਾਜ਼ਾਰ ਗਰਮ ਹੋ ਰਿਹਾ ਹੈ। ਇਸ ਵਾਰ ਧੋਨੀ ਦੀ ਟੀਮ ਇੰਡੀਆ ਸਟੋਰੀਆਂ ਦੀ ਪਹਿਲੀ ਪਸੰਦ ਬਣੀ ਹੋਈ ਹੈ। ਭਾਰਤੀ ਟੀਮ ਨੂੰ ਵਿਸ਼ਵ ਕੱਪ ਦਾ ਪ੍ਰਮੁੱਖ ਦਾਅਵੇਦਾਰ ਮੰਨਿਆ ਜਾ ਰਿਹਾ ਹੈ ਲਿਹ-ਾਜ਼ਾ ਰੇਟ 3.40 ਰੁਪਏ ਰੱਖਿਆ ਗਿਆ ਹੈ। ਇਕ ਅੰਦਾਜ਼ੇ ਅਨੁਸਾਰ ਵਿਸ਼ਵ ਕੱਪ ਤੋਂ ਬਾਅਦ ਤੱਕ ਹੋਏ ਮੈਚਾਂ 'ਤੇ ਕਰੀਬ 20 ਹਜ਼ਾਰ ਰੁਪਏ ਦਾ ਸੱਟਾ ਲਗ ਚੁੱਕਾ ਹੈ। ਕੌਮਾਂਤਰੀ ਸੱਟਾ ਬਾਜ਼ਾਰ ਵਿੱਚ ਟੀਮ ਇੰਡੀਆ ਨੂੰ ਕੱਪ ਦਾ ਮਜ਼ਬੂਤ ਦਾਅਵੇਦਾਰ ਮੰਨ ਕੇ ਰੇਟ ਤੈਅ ਕੀਤੇ ਗਏ ਹਨ। ਸ਼੍ਰੀਲੰਕਾ 4.75 ਰੁਪਏ, ਸਾਊਥ ਅਫਰੀਕਾ 5.25 ਰੁਪਏ, ਆਸਟਰੇਲੀਆ 5.70 ਰੁਪਏ, ਇੰਗਲੈਂਡ 5.75 ਰੁਪਏ, ਪਾਕਿਸਤਾਨ 6.00 ਰੁਪੇ, ਵੈਸਟਇੰਡੀਜ਼ 25 ਰੁਪਏ ਰੇਟ ਤੈਅ ਕੀਤੇ ਗਏ ਹਨ। ਟੀਮ ਤੋਂ ਇਲਾਵਾ ਕਈ ਹੋਰ ਪਹਿਲੂ ਹਨ ਜਿਸ ਨੂੰ ਧਿਆਨ ਵਿੱਚ ਰੱਖ ਕੇ ਸੱਟਾ ਲਾਇਆ ਜਾ ਰਿਹਾ ਹੈ। ਭਾਵ ਟਾਸ ਜਿੱਤਣ, ਬੈਟਿੰਗ ਜਾਂ ਬਾਲਿੰਗ ਦੇ ਫੈਸਲੇ, ਅਹਿਮ ਖਿਡਾਰੀਆਂ ਦੇ ਵਿਅਕਤੀਗਤ ਪ੍ਰਦਰਸ਼ਨ ਅਤੇ ਬੈਟਿੰਗ ਦੌਰਾਨ ਹੋਣ ਵਾਲੀ ਹਿੱਸੇਦਾਰੀ, ਟੀਮ ਦਾ ਵਧ ਤੋਂ ਵਧ ਅਤੇ ਘੱਟ ਤੋਂ ਘੱਟ ਸਕੋਰ ਵਰਗੇ ਦਾਅ ਸੱਟੇਬਾਜ਼ਾਂ ਦੀ ਝੋਲੀ ਵਿੱਚ ਹਨ। ਦੁਬਈ ਵਿੱਚ ਬੈਠੇ ਸੱਟਾ ਕਿੰਗ ਹਰ ਮੈਚ ਤੋਂ ਪਹਿਲਾਂ ਰੇਟ ਤੈਅ ਕਰਦੇ ਹਨ ਅਤੇ ਇਸ ਤੋਂ ਬਾਅਦ ਦੇਸ਼ ਵਿਦੇਸ਼ ਵਿੱਚ ਦਾਅ ਲਾਉਣ ਦੀ ਖੇਡ ਸ਼ੁਰੂ ਹੁੰਦੀ ਹੈ। ਇਕ ਸਟੋਰੀਏ ਨੇ ਦੱਸਿਆ ਕਿ ਦਾਅ 'ਤੇ ਲੱਗੀ ਰਕਮ ਦੀ ਕੋਈ ਗਿਣਤੀ ਨਹੀਂ ਹੈ ਅਤੇ ਇਹ ਕੰਮ ਬੇਹੱਦ ਮੁਸ਼ਕਲ ਹੈ ਕਿਉਂਕਿ ਕੌਮਾਂਤਰੀ ਪੱਧਰ 'ਤੇ ਅਜਿਹਾ ਹੋ ਰਿਹਾ ਹੈ। ਦਿੱਲੀ, ਮੁੰਬਈ, ਚੇਨਈ, ਕੋਲਕਾਤਾ, ਚੰਡੀਗੜ੍ਹ ਅਤੇ ਲਖਨਊ ਵਰਗੇ ਸ਼ਹਿਰਾਂ ਵਿੱਚ ਸੱਟਾ ਬਾਜ਼ਾਰ ਦਾ ਆਕਾਰ ਤੇਜ਼ੀ ਨਾਲ ਵਧਿਆ ਹੈ।

## ਨੈਟਵਰਕਿੰਗ ਨੂੰ ਸੁਰੱਖਿਅਤ ਪਨਾਹ

ਪੰਜਾਬ ਵਿੱਚ ਸੱਟੇਬਾਜ਼ਾਂ ਦੀ ਫੂਲਪਰੂਫ ਨੈਟਵਰਕਿੰਗ ਅੱਗੇ ਪੁਲੀਸ ਬੇਬੱਸ ਹੈ। ਲੁਧਿਆਣਾ, ਜਲੰਧਰ, ਅੰਮ੍ਰਿਤਸਰ ਅਤੇ ਪਟਿਆਲਾ ਸਮੇਤ ਹੋਰਨਾਂ ਜ਼ਿਲਿਆਂ ਵਿੱਚ ਬੁਕੀਆਂ ਨੇ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਪੋਸ਼ ਇਲਾਕਿਆਂ ਵਿੱਚ ਕਿਰਾਏ 'ਤੇ ਕੋਠੀਆਂ ਲੈ ਕੇ ਆਪਣੇ ਸੈਲਫੋਨ ਅਤੇ ਹੋਰ ਇਲੈਕਟ੍ਰਾਨਿਕ ਸਾਜ਼ੋ-ਸਾਮਾਨ ਲਗਾ ਲਏ ਹਨ ਤਾਂ ਕਿ ਪੁਲੀਸ ਤੋਂ ਬਚਿਆ ਜਾ ਸਕੇ। ਮੋਬਾਈਲ ਫੋਨ ਅਤੇ ਇੰਟਰਨੈਟ ਦੇ ਜ਼ਰੀਏ ਹੋ ਰਹੇ ਇਸ ਸਾਈਬਰ ਕਰਾਈਮ ਨੂੰ ਰੋਕਣ ਵਿੱਚ ਪੁਲੀਸ ਹਾਲ ਤਕ ਪੂਰੀ ਤਰ੍ਹਾਂ ਅਸਫਲ ਰਹੀ ਹੈ।




# ਵਿਸ਼ਵ

## ਅੱਜ-ਕੱਲ੍ਹ

## ਨਾਟੋ ਫ਼ੌਜਾਂ ਦੇ ਹਮਲੇ ਵਿਚ 50 ਆਮ ਨਾਗਰਿਕ ਮਰੇ



ਕਾਬੁਲ:(ਨਦਬ) ਅਫ਼ਗਾਨਿਸਤਾਨ ਵਿਚ ਤਾਲਿਬਾਨ ਵਿਰੁਧ ਕਾਰਵਾਈ ਕਰ ਰਹੀਆਂ ਨਾਟੋ ਫ਼ੌਜਾਂ ਦੇ ਹਮਲੇ ਵਿਚ ਪੰਜਾਹ ਤੋਂ ਵੱਧ ਆਮ ਨਾਗਰਿਕ ਉਸ ਸਮੇਂ ਮਾਰੇ ਗਏ ਜਦੋਂ ਉੱਤਰ ਪੂਰਬੀ ਅਫ਼ਗਾਨਿਸਤਾਨ ਦੇ ਦੂਰ ਦੁਰਾਡੇ ਦੇ ਇਲਾਕੇ ਵਿਚ ਮੁਹਿੰਮ ਛੇੜੀ ਗਈ। ਕੌਮਾਂਤਰੀ ਸੁਰੱਖਿਆ ਫ਼ੌਜਾਂ ਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਕੁਨਾਰ ਸੂਬੇ ਵਿਚ ਗਾਜ਼ੀਅਬਦ ਵਿਖੇ ਚਾਰ ਦਿਨ ਚੱਲੀ ਮੁਹਿੰਮ ਦੌਰਾਨ ਕਿਸੇ ਆਮ ਨਾਗਰਿਕ ਨੂੰ ਨੁਕਸਾਨ ਪੁੱਜਿਆ। ਸੂਤਰਾਂ ਮੁਤਾਬਕ ਆਮ ਨਾਗਰਿਕਾਂ ਦੀਆਂ ਹਵਾਈ ਹਮਲਿਆਂ ਕਾਰਨ ਹੁੰਦੀਆਂ ਮੌਤਾਂ ਨੇ ਰਾਸ਼ਟਰਪਤੀ ਹਾਮਿਦ ਅਤੇ ਅਮਰੀਕਾ ਦੀ ਅਗਵਾਈ ਵਾਲੀਆਂ ਗਠਜੋੜ ਫ਼ੌਜਾਂ ਦਰਮਿਆਨ ਤਣਾਅ ਪੈਦਾ ਕਰ ਦਿਤਾ ਹੈ। ਗਾਜ਼ੀਅਬਦ ਜ਼ਿਲ੍ਹੇ ਦੇ ਮੁਹੰਮਦ ਸ਼ਾਹ ਨੇ ਦਸਿਆ ਕਿ ਮੁਹਿੰਮ ਦੌਰਾਨ 70 ਵਿਅਕਤੀ ਮਾਰੇ ਗਏ ਜਾਂ ਜ਼ਖ਼ਮੀ ਹੋਏ। ਉਸ ਨੇ ਦਸਿਆ ਕਿ ਫ਼ੌਜਾਂ ਨੇ ਇਕ ਸੜਕ ’ਤੇ ਰੋਕਾਂ ਖੜੀਆਂ ਕਰ ਦਿਤੀਆਂ ਜਿਸ ਕਾਰਨ ਜ਼ਖ਼ਮੀਆਂ ਨੂੰ ਹਸਪਤਾਲ ਲਿਜਾਣ ਵਿਚ ਦੇਰ ਹੋਈ ਅਤੇ ਕਈ ਲੋਕ ਮੌਤ ਦੇ ਮੂੰਹ ਵਿਚ ਜਾ ਪਏ। ਜ਼ਖ਼ਮੀਆਂ ਵਿਚ ਮੁਹੰਮਦ ਸ਼ਾਹ ਦਾ ਪਰਿਵਾਰ ਵੀ ਸ਼ਾਮਲ ਹੈ, ਜਿਸ ਵਿਚ ਦੋ, ਛੇ ਅਤੇ ਅੱਠ ਸਾਲ ਦੀ ਉਮਰ ਦੇ ਤਿੰਨ ਬੱਚੇ ਵੀ ਸ਼ਾਮਲ ਹਨ। ਉਸ ਨੇ ਦਸਿਆ ਕਿ 2 ਸਾਲ ਦੇ ਬੱਚੇ ਦੀ ਹਮਲੇ ਦੌਰਾਨ ਲੱਤ ਹੀ ਉਡ ਗਈ ਜਦਕਿ ਦੂਜਾ ਬੱਚਾ ਗੰਭੀਰ ਜ਼ਖ਼ਮੀ ਹੋ ਗਿਆ। ਗਠਜੋੜ ਫੌਜਾਂ ਦਾ ਕਹਿਣਾ ਹੈ ਕਿ ਉਸ ਕੋਲ ਹਮਲੇ ਦੀ ਵੀਡੀਓ ਹੈ, ਜਿਸ ਵਿਚ 36 ਹਥਿਆਰਬੰਦ ਅਤਿਵਾਦੀ ਮਰੇ ਹੋਏ ਦਿਖਾਈ ਦੇ ਰਹੇ ਹਨ। ਕੌਮਾਂਤਰੀ ਸੁਰੱਖਿਆ ਬਲ ਦੇ ਮੇਜਰ ਮਾਈਕਲ ਜੋਨਸਨ ਨੇ ਦਸਿਆ ਕਿ ਮਿਜ਼ਾਇਲਾਂ ਰਾਹੀਂ ਹਮਲਾ ਕਰਨ ਦੀ ਥਾਂ ਸਿਰਫ ਗੋਲੀਆਂ ਚਲਾਈਆਂ ਗਈਆਂ।

## ਆਲਮੀ ਤਪਸ਼ ਸਮੁੰਦਰਾਂ ਅਤੇ ਝੀਲਾਂ ਵਿਚ ਪੈਦਾ ਕਰ ਦੇਵੇਗੀ ਜ਼ਹਿਰੀਲਾ ਮਾਦਾ ਅਤੇ ਬੈਕਟੀਰੀਆ



ਵਾਸ਼ਿੰਗਟਨ :(ਨਦਬ) ਅਮਰੀਕੀ ਵਿਗਿਆਨੀਆਂ ਨੇ ਕਿਹਾ ਹੈ ਕਿ ਆਲਮੀ ਤਪਸ਼ ਜਿਥੇ ਮਨੁੱਖਾਂ ’ਤੇ ਮਾੜਾ ਅਸਰ ਪਾ ਰਹੀ ਹੈ ਉਥੇ ਹੀ ਦੁਨੀਆ ਭਰ ਦੇ ਸਮੁੰਦਰਾਂ ਅਤੇ ਝੀਲਾਂ ਵਿਚ ਇਸ ਨਾਲ ਜ਼ਹਿਰੀਲਾ ਮਾਦਾ ਅਤੇ ਬੈਕਟੀਰੀਆ ਪੈਦਾ ਹੋ ਸਕਦੇ ਹਨ ਜਿਨ੍ਹਾਂ ਦਾ ਅਸਰ ਆਉਂਦੇ ਦਸ ਸਾਲਾਂ ਵਿੱਚ ਮਹਿਸੂਸ ਕੀਤਾ ਜਾ ਸਕੇਗਾ। ਨੈਸ਼ਨਲ ਓਸ਼ੀਐਨਿਕ ਐਂਡ ਐਟਮੋਸਫ਼ੀਅਰਕ ਐਡਮਨਿਸ਼ਟ੍ਰੇਸ਼ਨ (ਐਨ.ਓ.ਏ.ਏ.) ਦੇ ਵਿਗਿਆਨੀਆਂ ਵੱਲੋਂ ਕੀਤੇ ਅਧਿਐਨ ਮੁਤਾਬਕ ਵਾਤਾਵਰਣ ਵਿਚ ਤਬਦੀਲੀਆਂ ਨਾਲ ਸਮੁੰਦਰਾਂ ਦੇ ਪਾਣੀ ਅਤੇ ਤਾਜ਼ੇ ਪਾਣੀ ਵਿਚਲਾ ਤਾਪਮਾਨ ਬਦਲ ਰਿਹਾ ਹੈ ਜਿਸ ਨਾਲ ਨੁਕਸਾਨ ਦੇਹ ਬੈਕਟੀਰੀਆ ਪੈਦਾ ਹੋਣ ਦਾ ਖਤਰਾ ਬਣ ਗਿਆ ਹੈ। ਅਧਿਐਨ ਵਿਚ ਵਿਗਿਆਨੀਆਂ ਨੇ ਪਾਇਆ ਕਿ ਮੌਸਮ ਵਿਚ ਬਦਲਾਅ ਦੇ ਅਸਰ ਵਜੋਂ ਸਮੁੰਦਰ ਵਿਚ ਜ਼ਹਿਰੀਲਾ ਲਾਲ ਰੰਗ ਦਾ ਜਵਾਰ ਭਾਟਾ ਆ ਸਕਦਾ ਹੈ ਅਤੇ ਜਿਹੜੇ ਮਨੁੱਖ ਪ੍ਰਦੂਸ਼ਤ ਸਮੁੰਦਰੀ ਉਤਪਾਦ ਖਾਣਗੇ ਉਨ੍ਹਾਂ ਦੀ ਸਿਹਤ ’ਤੇ ਵੀ ਮਾੜਾ ਅਸਰ ਪਵੇਗਾ। ਵਿਗਿਆਨੀ ਸਟੀਫ਼ਨੀ ਮੂਰ ਨੇ ਕਿਹਾ, "ਸਾਡੇ ਅੰਦਾਜ਼ੇ ਸੰਕੇਤ ਕਰਦੇ ਹਨ ਕਿ 21ਵੀਂ ਸਦੀ ਦੇ ਅਖੀਰ ਤੱਕ ਸਮੁੰਦਰ ਵਿਚ ਪੈਦਾ ਹੋਣ ਵਾਲੀ ਬਨਸਪਤੀ 2 ਮਹੀਨੇ ਪਹਿਲਾਂ ਪੁੰਗਰ ਉਠਿਆ ਕਰੇਗੀ ਅਤੇ ਇਕ ਮਹੀਨਾ ਦੇਰ ਤਕ ਕਾਇਮ ਰਹੇਗੀ ਜਦਕਿ ਮੌਜੂਦਾ ਸਮੇਂ ਵਿਚ ਇਸ ਦਾ ਸਮਾਂ ਜੁਲਾਈ ਤੋਂ ਅਕਤੂਬਰ ਤਕ ਦਾ ਹੈ। ਇਕ ਹੋਰ ਅਧਿਐਨ ਵਿਚ ਐਨ.ਓ.ਏ.ਏ. ਦੇ ਵਿਗਿਆਨੀਆਂ ਨੇ ਪਾਇਆ ਕਿ ਰੇਗਿਸਥਾਨਾਂ ਦੀ ਧੂੜ ਜਿਸ ਵਿਚ ਲੋਹ ਕਣ ਹੁੰਦੇ ਹਨ, ਨਾਲ ਸਮੁੰਦਰੀ ਪਾਣੀ ਵਿਚ ਨੁਕਸਾਨਦੇਹ ਬੈਕਟੀਰੀਆ ਪੈਦਾ ਹੋਣ ਦਾ ਖਤਰਾ ਹੈ।

## ਪਾਕਿਸਤਾਨ ’ਚ ਅਮਰੀਕੀ ਡਰੋਨ ਹਮਲੇ ਦੌਰਾਨ 5 ਹਲਾਕ

ਪਿਸ਼ਾਵਰ:(ਨਦਬ) ਉੱਤਰ ਪਛਮੀ ਪਾਕਿਸਤਾਨ ਦੇ ਗੜਬੜੀ ਵਾਲੇ ਦੱਖਣੀ ਵਜ਼ੀਰੀਸਥਾਨ ਜ਼ਿਲ੍ਹੇ ਵਿਚ ਅਮਰੀਕਾ ਵਲੋਂ ਕੀਤੇ ਡਰੋਨ ਹਮਲੇ ਵਿਚ ਪੰਜ ਅਤਿਵਾਦੀ ਮਾਰੇ ਗਏ। 27 ਜਨਵਰੀ ਨੂੰ ਲਾਹੌਰ ਵਿਖੇ ਅਮਰੀਕੀ ਡਿਪਲੋਮੈਟ ਵਲੋਂ ਦੋ ਪਾਕਿਸਤਾਨੀਆਂ ਦੀਆਂ ਹਤਿਆ ਦੀ ਘਟਨਾ ਤੋਂ ਬਾਅਦ ਅਮਰੀਕਾ ਵਲੋਂ ਕੀਤੀ ਇਹ ਪਹਿਲੀ ਕਾਰਵਾਈ ਹੈ। ਇਕ ਫ਼ੌਜੀ ਅਧਿਕਾਰੀ ਨੇ ਦਸਿਆ ਕਿ ਡਰੋਨ ਹਮਲੇ ਦਾ ਨਿਸ਼ਾਨਾ ਅਤਿਵਾਦੀਆਂ ਵਲੋਂ ਵਰਤਿਆ ਜਾ ਰਿਹਾ ਇਕ ਮਕਾਨ ਸੀ। ਇਕ ਖੁਫੀਆ ਅਧਿਕਾਰੀ ਨੇ ਪੁਸ਼ਟੀ ਕੀਤੀ ਕਿ ਹਮਲਾ ਹੋਇਆ ਪਰ ਉਸ ਨੇ ਮਰਨ ਵਾਲਿਆਂ ਦੀ ਗਿਣਤੀ ਛੇ ਦੱਸੀ । ਦੱਸਣਯੋਗ ਹੈ ਕਿ ਅਮਰੀਕਾ ਵਲੋਂ ਕੀਤੇ ਜਾਂਦੇ ਡਰੋਨ ਹਮਲਿਆਂ ਕਾਰਨ ਪਾਕਿਸਤਾਨੀ ਲੋਕਾਂ ਵਿਚ ਡੂੰਘਾ ਰੋਸ ਪਾਇਆ ਜਾ ਰਿਹਾ ਹੈ।

## ਟਾਪੂਆਂ ਦੇ ਵਿਵਾਦ ਸਬੰਧੀ ਰੂਸ-ਜਾਪਾਨ ਦਰਮਿਆਨ ਗੱਲਬਾਤ ਅਸਫਲ

ਮਾਸਕੋ :(ਨਦਬ) ਚਾਰ ਟਾਪੂਆਂ ਦੇ ਸੰਕਟ ਬਾਰੇ ਰੂਸ ਅਤੇ ਜਾਪਾਨ ਦਰਮਿਆਨ ਸ਼ੁਰੂ ਹੋਈ ਗਲਬਾਤ ਉਸ ਸਮੇਂ ਅਸਫਲ ਹੋ ਗਈ ਜਦੋਂ ਟੋਕਿਓ ਨੇ ਟਾਪੂਆਂ ਉਪਰ ਆਪਣਾ ਦਾਅਵਾ ਕੀਤਾ ਜਦਕਿ ਮਾਸਕੋ ਨੇ ਆਪਣੇ ਗੁਆਂਢੀ ’ਤੇ ਹਮਲਾਵਰ ਰੁੱਖ ਅਪਣਾਉਣ ਦਾ ਦੋਸ਼ ਲਗਾਇਆ। ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਅਤੇ ਜਾਪਾਨ ਦੇ ਵਿਦੇਸ਼ ਮੰਤਰੀ ਸੇਈਜੀ ਮਾਈਹਾਰਾ ਦੀ ਗੱਲਬਾਤ ਨੇ ਤਣਾਅਪੂਰਨ ਮਾਹੌਲ ਪੈਦਾ ਕਰ ਦਿਤਾ। ਜਾਪਾਨ ਨੇ ਰੂਸ ਸਾਹਮਣੇ ਸੰਕਟ ਦੇ ਹੱਲ ਲਈ ਸਾਂਝਾ ਕਮਿਸ਼ਨ ਸਥਾਪਤ ਕਰਨ ਦਾ ਪ੍ਰਸਤਾਵ ਪੇਸ਼ ਕੀਤਾ। ਦੋਹੇਂ ਆਗੂ ਜਾਪਾਨ ਦੇ ਪ੍ਰਧਾਨ ਮੰਤਰੀ ਨਾਓਟੋਕਾਨ ਦੀ ਮਾਸਕੋ ਯਾਤਰਾ ਬਾਰੇ ਵੀ ਕੋਈ ਵਿਚਾਰ ਵਟਾਂਦਰਾ ਨਾ ਕਰ ਸਕੇ। ਜਾਪਾਨ ਦੇ ਵਿਦੇਸ਼ ਮੰਤਰੀ ਨੇ ਗੱਲਬਾਤ ਤੋਂ ਬਾਅਦ ਸਪੱਸ਼ਟ ਤੌਰ ’ਤੇ ਕਿਹਾ ਕਿ ਅਸੀਂ ਆਪਸੀ ਮੱਤਭੇਦਾਂ ਨੂੰ ਦੂਰ ਨਹੀਂ ਕਰ ਸਕੇ।




Ramneek Trehan
Accountant
(15 years of experience in Accounting Practice)

atc
Accounting & Tax Consultants Ltd.
ਅਕਾਊਂਟਿੰਗ ਐਂਡ ਟੈਕਸ ਕੰਸਲਟੈਂਟਸ ਲਿਮ.

Taken Over :
Joginder Kandola Accounting & Tax Services
ਜੋਗਿੰਦਰ ਕੰਡੋਲਾ ਅਕਾਊਂਟਿੰਗ ਐਂਡ ਟੈਕਸ ਸਰਵਿਸਜ਼



Mamta Trehan
Accountant
(7 years of experience in Accounting Practice)

Special Services for Personal Tax Returns

Corporate Accounts,
Personal Tax Returns & Consultation
ਕਾਰਪੋਰੇਟ ਅਕਾਊਂਟਸ, ਪਰਸਨਲ ਟੈਕਸ ਰਿਟਰਨਸ ਐਂਡ ਕੰਸਲਟੇਸ਼ਨ

WEEK ENDS open with appointments only

*The difference between Accountants is how they care for their clients.*

We are efficient, easy approachable and value for your time & money.
ਅਸੀਂ ਵਧੀਆ ਅਤੇ ਸਮੇਂ ਸਿਰ ਤੁਹਾਡੇ ਪੈਸੇ ਦੇ ਸਹੀ ਮੁੱਲ ਦੀਆਂ ਸੇਵਾਵਾਂ ਦਿੰਦੇ ਹਾਂ।

9235A - 35 Ave. NW, Edmonton, AB T6E 5Y1 | E-mail : ramneektrehan@gmail.com

Off : 780-462-0919 | Fax : 780-462-0818 | Cell : 780-862-1637

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

ਸੰਪਾਦਕੀ

# ਸ਼ਹੀਦ ਭਗਤ ਸਿੰਘ ਪਿੱਛੇ ਦੌੜ

ਅਸੀਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਯਾਦ ਕਰਦੇ ਹਾਂ, ਯਾਦ ਹੀ ਨਹੀਂ ਕਰਦੇ ਉਹ ਤਾਂ ਸਦਾ ਸਾਡੇ ਅੰਗ-ਸੰਗ ਹਨ, ਆਪਣੇ ਯੁੱਗ ਪਲਟਾਊ ਮਹਾਨ ਵਿਚਾਰਾਂ ਨਾਲ। ਕੇਵਲ ਭਗਤ ਸਿੰਘ ਹੀ ਨਹੀਂ, ਰਾਜਗੁਰੂ, ਸੁਖਦੇਵ ਵੀ ਅਤੇ ਇਨ੍ਹਾਂ ਵਰਗੇ ਉਹ ਹਜ਼ਾਰਾਂ ਲੋਕ ਵੀ ਜਿਨ੍ਹਾਂ ਭਾਰਤੀ ਅਵਾਮ ਦੀ ਤਕਦੀਰ ਬਦਲਣ ਲਈ ਆਪਣਾ ਸਾਰਾ ਕੁੱਝ ਵਾਰ ਦਿੱਤਾ।

ਭਗਤ ਸਿੰਘ ਸਿਰਫ਼ ਨਾਂਅ ਕਰਕੇ ਨਹੀਂ ਸਗੋਂ ਉਸ ਦੀ ਸਮੁੱਚੀ ਵਿਚਾਰਧਾਰਾ ਸਾਡੇ ਅੰਗ-ਸੰਗ ਹੈ, ਉਹ ਵਿਚਾਰਧਾਰਾ ਜਿਹੜੀ ਮਨੁੱਖ ਨੂੰ ਮਨੁੱਖ ਸਮਝਦੀ ਹੈ, ਜਿਹੜੀ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਨੂੰ ਬਰਦਾਸ਼ਤ ਹੀ ਨਹੀਂ ਕਰ ਸਕਦੀ, ਜਿਹੜੀ ਸਿਰਫ਼ ਭਾਰਤ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਵਾਉਣ ਤੱਕ ਸੀਮਤ ਨਾ ਰਹਿ ਕੇ ਸੰਸਾਰ ਭਰ ਦੇ ਲੋਕਾਂ ਦੀ ਮੁਕਤੀ ਦੀ ਵਿਚਾਰਧਾਰਾ ਹੈ।

ਪਰ ਆਪਣੇ ਪੰਜਾਬ ਵਿੱਚ ਤਾਂ ਕੁਝ ਹੋਰ ਹੀ ਵਾਪਰ ਰਿਹਾ ਹੈ। ਹਰ ਪਾਸੇ ਭਗਤ ਸਿੰਘ, ਭਗਤ ਸਿੰਘ ਹੋ ਰਹੀ ਹੈ। ਮਨਪ੍ਰੀਤ ਬਾਦਲ ਉਨ੍ਹਾਂ ਦੇ ਪਿੰਡ ਖਟਕੜ ਕਲਾਂ ਤੋਂ ਆਪਣੀ ਪਾਰਟੀ ਬਣਾਉਣ ਦਾ ਐਲਾਨ ਕਰਨ ਜਾ ਰਹੇ ਹਨ ਤਾਂ ਸੁਖਬੀਰ ਸਿੰਘ ਬਾਦਲ ਪਿੱਛੇ ਕਿਉਂ ਹਟਣ। ਉਨ੍ਹਾਂ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਗੇਮਜ਼ ਕਰਵਾਉਣ ਦਾ ਝੰਡਾ ਚੁੱਕ ਲਿਆ ਹੈ।ਕੈਪਟਨ ਅਮਰਿੰਦਰ ਸਿੰਘ ਵੀ 23 ਮਾਰਚ ਨੂੰ ਖਟਕੜ ਕਲਾਂ ਵਿੱਚ ਭਗਤ ਸਿੰਘ ਨੂੰ ਸ਼ਰਧਾਂਜਲੀ ਦੇਣ ਲਈ ਵੱਡਾ ਇਕੱਠ ਕਰਨ ਤੁਰ ਪਏ ਹਨ। ਪਹਿਲਾਂ ਯੂਥ ਕਾਂਗਰਸ ਦੇ ਪ੍ਰਧਾਨ ਰਵਨੀਤ ਬਿੱਟੂ ਵੀ ਭਗਤ ਸਿੰਘ ਦੇ ਨਾਅ 'ਤੇ ਪੰਜਾਬ ਵਿੱਚ ਨਵ-ਇਨਕਲਾਬ ਯਾਤਰਾ ਕਰ ਚੁੱਕੇ ਹਨ।

ਕਿੰਨਾ ਦਿਲਚਸਪ ਮੰਜ਼ਰ ਹੈ। ਅਚਾਨਕ ਹੀ ਸਾਰੀਆਂ ਸਿਆਸੀ ਧਿਰਾਂ ਨੂੰ ਭਗਤ ਸਿੰਘ ਨਜ਼ਰ ਆਉਣ ਲੱਗ ਪਏ। ਪਰ ਸਵਾਲ ਤਾਂ ਇਹ ਹੈ ਕਿ ਜਦ ਇਨ੍ਹਾਂ ਸਤਾਪ੍ਰਸਤ ਸਿਆਸੀ ਧਿਰਾਂ ਦਾ ਭਗਤ ਸਿੰਘ ਦੀ ਵਿਚਾਰਧਾਰਾ ਨਾਲ ਤਾਂ ਕੁਝ ਲੈਣਾ ਦੇਣਾ ਨਹੀਂ ਹੈ ਤਾਂ ਫਿਰ ਇਹ ਕਿਉਂ ਭਗਤ ਸਿੰਘ, ਭਗਤ ਸਿੰਘ ਦਾ ਰਾਗ ਅਲਾਪ ਰਹੀਆਂ ਹਨ?

ਦਰਅਸਲ ਬਿਨਾਂ ਸ਼ੱਕ ਭਗਤ ਸਿੰਘ ਭਾਰਤੀ ਜਵਾਨੀ ਦਾ ਅੱਜ ਸਭ ਤੋਂ ਪਸੰਦੀਦਾ ਨਾਇਕ ਹੈ। ਖਾਸ ਕਰਕੇ ਪੰਜਾਬੀ ਜਵਾਨੀ ਤਾਂ ਭਗਤ ਸਿੰਘ ਪ੍ਰਤੀ ਅਥਾਹ ਸ਼ਰਧਾ ਭਾਵ ਵੀ ਰੱਖਦੀ ਹੈ। ਭਾਵੇਂ ਪੰਜਾਬੀ ਜਵਾਨੀ ਦਾ ਵੱਡਾ ਹਿੱਸਾ ਭਗਤ ਸਿੰਘ ਦੀ ਵਿਚਾਰਧਾਰਾ ਤੋਂ ਪੂਰੀ ਤਰ੍ਹਾਂ ਅਣਭਿੱਜ ਹੀ ਹੈ ਪਰ ਆਜ਼ਮੀ ਸੰਗਰਾਮ ਦੌਰਾਨ ਭਗਤ ਸਿੰਘ ਦੀ ਜਾਂਬਾਜੀ ਇਨ੍ਹਾਂ ਨੂੰ ਬੇਹੱਦ ਪ੍ਰਭਾਵਤ ਕਰਦੀ ਹੈ। ਇਸ ਕਰਕੇ ਪੰਜਾਬ ਵਿੱਚ ਭਗਤ ਸਿੰਘ ਦੀਆਂ ਬਹੁਤੀਆਂ ਤਸਵੀਰਾਂ ਪਿਸਤੌਲ ਵਾਲੀਆਂ ਹੀ ਦਿਖਾਈ ਦਿੰਦੀਆਂ ਹਨ। ਪੰਜਾਬੀ ਜਵਾਨੀ ਵਿੱਚ ਭਗਤ ਸਿੰਘ ਦੀ ਇਸੇ ਲੋਕ ਪ੍ਰਿਅਤਾ ਨੂੰ ਹੀ ਵੱਖ ਵੱਖ ਸਿਆਸੀ ਧਿਰਾਂ ਵਰਤਣਾ ਚਾਹੁੰਦੀਆਂ ਹਨ ਤਾਂ ਜੋ ਉਹ ਭਗਤ ਸਿੰਘ ਦਾ ਨਾਂਅ ਲੈ ਕੇ ਪੰਜਾਬੀ ਜਵਾਨੀ ਨੂੰ ਗੁਮਰਾਹ ਕਰਕੇ ਆਪਣੇ ਸਿਆਸੀ ਹਿੱਤ ਪਾਲ ਸਕਣ।

ਇਹ ਗੱਲ ਹੁਣ ਬਿਲਕੁਲ ਸਾਫ ਹੈ ਕਿ ਭਗਤ ਸਿੰਘ ਨੂੰ ਸਾਰੀਆਂ ਹੀ ਸਤਾਪ੍ਰਸਤ ਸਿਆਸੀ ਧਿਰਾਂ ਆਪੋ-ਆਪਣੇ ਹਿਤਾਂ ਲਈ ਤਾਂ ਵਰਤਦੀਆਂ ਹਨ ਪਰ ਉਸ ਦੀ ਵਿਚਾਰਧਾਰਾ ਤੋਂ ਇਹ ਖੌਫ਼ ਖਾਂਦੀਆਂ ਹਨ। ਭਗਤ ਸਿੰਘ ਦੇ ਨਾਂਅ 'ਤੇ ਫਿਲਮਾਂ ਬਣਦੀਆਂ ਹਨ, ਮੇਲੇ ਲਗਦੇ ਹਨ, ਖੇਡ ਮੇਲੇ ਕਰਵਾਏ ਜਾਂਦੇ ਹਨ ਪਰ ਭਗਤ ਸਿੰਘ ਦੀ ਵਿਚਾਰਧਾਰਾ ਇਨ੍ਹਾਂ ਵਿਚੋਂ ਗਾਇਬ ਹੁੰਦੀ ਹੈ। ਤਾਜ਼ਾ ਮਾਮਲਾ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਕਰਵਾਈਆਂ ਜਾ ਰਹੀਆਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਖੇਡਾਂ ਦਾ ਹੈ। ਇਨ੍ਹਾਂ ਖੇਡਾਂ ਦੇ ਉਦਘਾਟਨੀ ਸਮਾਗਮ ਵਿੱਚ ਫਿਲਮ ਸਟਾਰ ਅਕਸ਼ੈ ਕੁਮਾਰ ਨੂੰ ਲੋਕਾਂ ਦੇ ਮਨੋਰੰਜਨ ਲਈ ਵਿਸ਼ੇਸ਼ ਤੌਰ 'ਤੇ ਬੁਲਾਇਆ ਗਿਆ। ਇਹਦੇ 'ਤੇ ਕਰੋੜਾਂ ਰੁਪਏ ਵੀ ਖਰਚੇ ਗਏ। ਕੀ ਭਗਤ ਸਿੰਘ ਦੇ ਨਾਂ 'ਤੇ ਕਰਵਾਈਆਂ ਜਾ ਰਹੀਆਂ ਇਨ੍ਹਾਂ ਖੇਡਾਂ ਵਿੱਚ ਕਿਧਰੇ ਵੀ ਭਗਤ ਸਿੰਘ ਕੇਂਦਰ ਵਿੱਚ ਦਿਖਾਈ ਦਿੰਦੇ ਹਨ? ਅਕਸ਼ੈ ਕੁਮਾਰ ਅਤੇ ਹੋਰਨਾਂ ਫਿਲਮੀ ਕਲਾਕਾਰਾਂ ਨੂੰ ਬੁਲਾਉਣਾ ਭਗਤ ਸਿੰਘ ਦੇ ਕਰਾਂਤੀਕਾਰੀ ਅਕਸ ਨੂੰ ਢਾਹ ਲਾਉਣ ਦੇ ਯਤਨ ਵਜੋਂ ਹੀ ਦੇਖਿਆ ਜਾ ਸਕਦਾ ਹੈ। ਇਹ ਸੰਸਾਰ ਦੇ ਮਹਾਨ ਕਰਾਂਤੀਕਾਰੀ ਨੂੰ ਸੀਮਤ ਕਰਨ ਦੀਆਂ ਕੋਸ਼ਿਸ਼ਾਂ ਹਨ। ਨਾਂਅ ਭਗਤ ਸਿੰਘ ਦਾ ਵਰਤਿਆ ਜਾ ਰਿਹਾ ਹੈ ਪਰ ਜਵਾਨੀ ਦੇ ਨਾਇਕ ਨੂੰ ਤਬਦੀਲ ਕਰਨ ਦੀ ਸਾਜ਼ਿਸ਼ ਹੋ ਰਹੀ ਹੈ। ਨੌਜਵਾਨਾਂ ਦੇ ਆਦਰਸ਼ ਹੀ ਬਦਲਣ ਦੀਆਂ ਕੋਝੀਆਂ ਕੋਸ਼ਿਸ਼ਾਂ ਦਾ ਹੀ ਸਿੱਟਾ ਹੈ ਕਿ ਭਗਤ ਸਿੰਘ ਤਾਂ ਹੈ ਪਰ ਉਹਦੀ ਵਿਚਾਰਧਾਰਾ ਗਾਇਬ ਹੈ।

ਇਨ੍ਹਾਂ ਪ੍ਰਸਥਿਤੀਆਂ ਵਿੱਚ ਹੀ ਸਮਝ ਲੈਣਾ ਚਾਹੀਦਾ ਹੈ ਕਿ ਖ਼ਤਰੇ ਕਿੱਥੇ ਹਨ? ਇਨ੍ਹਾਂ ਖ਼ਤਰਿਆਂ ਵਿਰੁੱਧ ਸਿੱਧੀ ਲੜਾਈ ਹੀ ਅੱਜ ਦੀ ਵੱਡੀ ਲੋੜ ਹੈ। ਤੇ ਇਹੀ ਭਗਤ ਸਿੰਘ ਨੂੰ ਸੱਚੀ ਸ਼ਰਧਾਂਜਲੀ ਵੀ ਹੈ।

ਸੰਪਾਦਕੀ ਬੋਰਡ — ਨਵਤੇਜ, ਦਲਬੀਰ ਸਾਂਗਿਆਣ (ਕੈਨੇਡਾ)
ਸੁਸ਼ੀਲ ਦੁਸਾਂਝ (ਭਾਰਤ)
ਸਲਾਹਕਾਰ ਬੋਰਡ — ਡਾ ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ. ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)

2nd Floor 3448 – 93 Street NW,
Edmonton T6E 6A4, Alberta (Canada)
Phone: 780 465 9118 Fax: 780 465 0661
e-mail: info@nawidunia.com

# ਵਿਗਿਆਨ, ਵਿਗਿਆਨੀ ਅਤੇ ਆਮ ਲੋਕ

ਪ੍ਰੋ. ਰਾਕੇਸ਼ ਰਮਨ



ਵਿਗਿਆਨੀ ਘੱਟ ਹੀ ਕਦੇ ਆਮ ਲੋਕਾਂ ਨੂੰ ਸਿੱਧਾ ਸੰਬੋਧਿਤ ਹੁੰਦੇ ਹਨ। ਉਹ ਆਪਣੀਆਂ ਖੋਜਾਂ ਦੇ ਸਮੁੱਚੇ ਪ੍ਰਭਾਵ ਦੀ ਬਹੁਤੀ ਜਾਣਕਾਰੀ ਆਮ ਆਦਮੀ ਤਕ ਪਹੁੰਚਦੀ ਕਰਨ ਦਾ ਉਪਰਾਲਾ ਵੀ ਨਹੀਂ ਕਰਦੇ। ਅਕਸਰ ਅਜਿਹਾ ਵਾਪਰਦਾ ਹੈ ਕਿ ਵਿਗਿਆਨਿਕ ਖੋਜਾਂ ਸਬੰਧੀ ਜਦੋਂ ਵਿਗਿਆਨੀ ਲੋਕਾਂ ਦੇ ਰੂਬਰੂ ਹੁੰਦੇ ਹਨ ਉਦੋਂ ਤਕ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਵਿਗਿਆਨਿਕ ਖੋਜਾਂ ਦੇ ਚਲਦਿਆਂ ਆਮ ਕਰ ਕੇ ਇਨ੍ਹਾਂ ਦੇ ਚੰਗੇ ਪੱਖਾਂ ਨੂੰ ਹੀ ਲੋਕਾਂ ਵਿਚ ਪ੍ਰਚਾਰਿਆ ਜਾਂਦਾ ਹੈ। ਇਹ ਪ੍ਰਚਾਰ ਸਰਕਾਰ ਸਮੇਤ ਬਹੁਤ ਸਾਰੀਆਂ ਏਜੰਸੀਆਂ ਕਰਦੀਆਂ ਹਨ। ਵਿਗਿਆਨਕ ਖੋਜਾਂ ਦੇ ਪੱਖ ਵਿਚ ਪ੍ਰਚਾਰ ਕਰਨ ਦੇ ਦੋ ਪ੍ਰਤੱਖ ਉਦੇਸ਼ ਹੁੰਦੇ ਹਨ। ਇਕ ਤਾਂ ਇਨ੍ਹਾਂ ਉਪਰ ਹੋ ਰਹੇ ਬੇਤਹਾਸ਼ਾ ਜਨਤਕ ਧਨ ਨੂੰ ਨਿਆਂਯੁਕਤ ਠਹਿਰਾਉਣਾ ਹੁੰਦਾ ਹੈ। ਦੂਜੇ, ਇਨ੍ਹਾਂ ਖੋਜਾਂ ਨਾਲ ਜੁੜੇ ਕਿਸੇ ਵਰਗ ਵਿਸ਼ੇਸ਼ ਦੇ ਹਿੱਤਾਂ ਨੂੰ ਸੁਰੱਖਿਅਤ ਰੱਖਦੇ ਹੋਏ ਇਨ੍ਹਾਂ ਦੇ ਵਿਰੋਧ ਨੂੰ ਟਾਲਣਾ ਹੁੰਦਾ ਹੈ। ਨੋਬਲ ਪੁਰਸਕਾਰਾਂ ਦਾ ਬਾਨੀ ਅਲਫ਼ਰਡ ਨੋਬਲ ਜਦੋਂ ਵਿਸਫ਼ੋਟਕਾਂ ਦੀ ਖੋਜ ਕਰ ਰਿਹਾ ਸੀ ਤਾਂ ਪ੍ਰਚਾਰ ਕੀਤਾ ਗਿਆ ਕਿ ਇਨ੍ਹਾਂ ਦੀ ਖੋਜ ਵਿਕਾਸ ਦੇ ਕਾਰਜਾਂ ਵਿਚ ਸਹਾਈ ਹੋਵੇਗੀ। ਨਿਰਸੰਦੇਹ, ਕਿਸੇ ਹੱਦ ਤਕ ਅਜਿਹਾ ਹੋਇਆ ਵੀ, ਪਰ ਇਨ੍ਹਾਂ ਖੋਜਾਂ ਨਾਲ ਵਿਨਾਸ਼ ਉਸ ਤੋਂ ਵੀ ਸ਼ਾਇਦ ਕਈ ਗੁਣਾਂ ਵੱਧ ਹੋਇਆ, ਜਿਸ ਦਾ ਕਿ ਇਨ੍ਹਾਂ ਖੋਜਾਂ ਦੇ ਚੱਲਦਿਆਂ ਤੌਖਲਾ ਪ੍ਰਗਟਾਇਆ ਗਿਆ ਸੀ।

ਇਹ ਸਹੀ ਹੈ ਕਿ ਇਕ ਵਿਗਿਆਨੀ ਦੀ ਕਾਰਜ ਪ੍ਰਣਾਲੀ ਵੱਖਰੀ ਤਰ੍ਹਾਂ ਦੀ ਹੁੰਦੀ ਹੈ। ਵਿਗਿਆਨੀ ਦੀ ਖੋਜ ਵਿੱਧੀ ਦੀਆਂ ਸੀਮਾਵਾਂ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ। ਵਿਗਿਆਨ ਦੀ ਚਰਚਾ ਕਰਦਿਆਂ ਮਾਕਸ ਵੇਬਰ ਦਾ ਕਹਿਣਾ ਹੈ ਕਿ ਵਿਗਿਆਨ ਸਾਡੀ ਨੀਤੀ ਅਤੇ ਯੋਗਤਾ ਦੀ ਗੱਲ ਤਾਂ ਕਰਦਾ ਹੈ, ਪਰ ਇਹ ਨਹੀਂ ਦੱਸਦਾ ਕਿ ਸਾਨੂੰ ਕੀ ਕਰਨਾ ਚਾਹੀਦਾ ਹੈ। ਵਿਗਿਆਨ ਉਸਤਿਤ ਅਤੇ ਨਿੰਦਿਆ ਨੂੰ ਤਿਆਗ ਕੇ ਹਕੀਕਤ ਦਾ ਬਿਆਨ ਕਰਦਾ ਹੈ। ਇਕ ਵਿਗਿਆਨੀ ਆਪ ਹੁਦਰਾ ਨਾ ਹੋ ਕੇ ਵਾਸਤਵਿਕਤਾ ਦੇ ਕਾਰਨਾਂ ਅਤੇ ਨਤੀਜਿਆਂ ਨੂੰ ਨਿਰਪੱਖ ਹੋ ਕੇ ਲੱਭਦਾ ਹੈ। ਇਸ ਤਰ੍ਹਾਂ ਵੇਬਰ (ਪ੍ਰਸਿੱਧ ਸਮਾਜ ਵਿਗਿਆਨੀ) ਨੇ 'ਹੈ' ਅਤੇ 'ਚਾਹੀਦਾ ਹੈ' ਵਿੱਚ ਫ਼ਰਕ 'ਤੇ ਜ਼ੋਰ ਦਿੱਤਾ ਹੈ। ਦਰਅਸਲ, ਇਸ 'ਹੈ' ਅਤੇ 'ਚਾਹੀਦਾ ਹੈ' ਵਿਚਕਾਰ ਲੋੜੀਂਦਾ ਸਬੰਧ ਸਥਾਪਤ ਨਾ ਹੋ ਸਕਣ ਦੀ ਸੂਰਤ ਵਿੱਚ ਹੀ ਵੱਡੀਆਂ ਸਮੱਸਿਆਵਾਂ ਦੀਆਂ ਜੜ੍ਹਾਂ ਹਨ। ਮਾਕਸ ਵੇਬਰ ਨੇ ਉਂਝ ਇਹ ਵੀ ਕਿਹਾ ਹੈ ਕਿ 'ਵਿਗਿਆਨਿਕ ਵਾਸਤਵਿਕਤਾ ਨੂੰ ਅਸੂਲਾਂ ਦੀ ਅਣਹੋਂਦ ਜਾਂ ਨੈਤਿਕ ਅਣਗਹਿਲੀ ਨਾਲ ਬਰਾਬਰੀ ਨਹੀਂ ਦਿੱਤੀ ਜਾ ਸਕਦੀ। ਮੁੱਲ ਸਵਾਧੀਨਤਾ ਦਾ ਅਰਥ ਹੈ ਕਿ (ਵਿਗਿਆਨੀ ਨੇ) ਵਿਸ਼ੇ ਵਸਤੂ ਨੂੰ ਨਿੱਜੀ ਕੀਮਤਾਂ ਅਨੁਸਾਰ ਨਹੀਂ ਪਰਖਣਾ' ਪਰ ਅਮਲ ਵਿੱਚ ਅਜਿਹਾ ਸਾਹਮਣੇ ਨਹੀਂ ਆ ਰਿਹਾ। ਵਿਗਿਆਨਿਕ ਖੋਜਾਂ ਦੇ ਸਬੰਧ ਵਿੱਚ ਵਧੇਰੇ ਕਰ ਕੇ 'ਅਸੂਲਾਂ ਦੀ ਅਣਹੋਂਦ' ਅਤੇ ਨੈਤਿਕ ਅਣਗਹਿਲੀ ਦੀ ਸੰਭਾਵਨਾ ਬਰਾਬਰ ਉਜਾਗਰ ਹੁੰਦੀ ਆਈ ਹੈ ਅਤੇ ਜਿਸ ਮੁਕਾਮ 'ਤੇ ਵਿਗਿਆਨਿਕ ਖੋਜਾਂ ਦਾ ਸਫ਼ਰ ਪਹੁੰਚ ਚੁੱਕਾ ਹੈ, ਉਥੇ ਸਥਿਤੀ ਬੇਹੱਦ ਭਿਅੰਕਰ ਬਣੀ ਹੋਈ ਦਿਖਾਈ ਦੇ ਰਹੀ ਹੈ।




ਭਾਰਤ ਦੇ ਦੂਰ ਸੰਚਾਰ ਵਿਭਾਗ ਦੁਆਰਾ ਜਾਰੀ ਕੀਤੀ ਗਈ ਇਕ ਰੀਪੋਰਟ ਅਨੁਸਾਰ ਮੋਬਾਈਲ ਫ਼ੋਨ ਨਾਲ ਜੁੜੀ ਸਮੁੱਚੀ ਪ੍ਰਣਾਲੀ ਮਨੁੱਖੀ ਸਿਹਤ ਉਪਰ ਘਾਤਕ ਪ੍ਰਭਾਵ ਪਾਉਂਦੀ ਹੈ। ਮੋਬਾਈਲ ਸੈੱਟਾਂ ਅਤੇ ਟਾਵਰਾਂ ਤੋਂ ਹੋਣ ਵਾਲੀ ਰੇਡੀਏਸ਼ਨ ਨਾਲ ਕਈ ਤਰ੍ਹਾਂ ਦੀਆਂ ਬੀਮਾਰੀਆਂ ਲੱਗਣ ਦਾ ਖਤਰਾ ਮਨੁੱਖੀ ਨਸਲ ਉਪਰ ਮੰਡਰਾ ਰਿਹਾ ਹੈ। ਗੱਲ ਇਥੋਂ ਤੱਕ ਹੀ ਸੀਮਤ ਨਹੀਂ, ਟਾਵਰਾਂ ਦੀ ਰੇਡੀਏਸ਼ਨ ਪਰਿੰਦਿਆਂ-ਚਰਿੰਦਿਆਂ ਦੀਆਂ ਕਈ ਪ੍ਰਜਾਤੀਆਂ ਨੂੰ ਖ਼ਤਮ ਕਰ ਰਹੀ ਹੈ। ਏਡੀਏਸ਼ਨ ਦੀ ਮਾਰ ਹੇਠ ਆ ਕੇ ਕਈ ਪੰਛੀ ਦਮ ਤੋੜ ਰਹੇ ਹਨ। ਮਧੂ ਮੱਖੀਆਂ ਦਾ ਵੱਡੀ ਪੱਧਰ 'ਤੇ ਖਾਤਮਾ ਹੋ ਰਿਹਾ ਹੈ। ਦਿਲਚਸਪ ਤੇ ਖੇਦ ਦੀ ਗੱਲ ਇਹ ਹੈ ਕਿ ਇਹ ਰੀਪੋਰਟ ਉਦੋਂ ਨਸ਼ਰ ਹੋਈ ਹੈ, ਜਦੋਂ ਮੋਬਾਈਲ ਫ਼ੋਨ ਜੀਵਨ ਦਾ ਇਕ ਅਨਿੱਖੜਵਾਂ ਅੰਗ ਬਣ ਗਿਆ ਹੈ ਜਾਂ ਫਿਰ ਬਣਾ ਦਿੱਤਾ ਗਿਆ ਹੈ। ਸਥਿਤੀ ਇਸ ਕਦਰ ਪੇਚੀਦਾ ਬਣ ਗਈ ਹੈ ਕਿ ਦੂਰ ਸੰਚਾਰ ਦੀ ਰੀਪੋਰਟ ਦੇ ਬਾਵਜੂਦ ਇਹ ਕਹਿ ਕੇ ਦਿਲ ਨੂੰ ਦਿਲਾਸਾ ਨਹੀਂ ਦਿੱਤਾ ਜਾ ਸਕਦਾ ਕਿ 'ਦੇਰ ਆਏ ਦਰੁੱਸਤ ਆਏ।' ਦੂਰ ਸੰਚਾਰ ਦੀਆਂ ਵਿਗਿਆਨਿਕ ਖੋਜਾਂ ਦੇ ਮਾਮਲੇ ਵਿੱਚ ਹੀ ਨਹੀਂ, ਸਗੋਂ ਹੋਰ ਵੀ ਕਈ ਖੇਤਰਾਂ, ਵਿਗਿਆਨਿਕ ਖੋਜਾਂ ਦੇ ਮਾਮਲੇ ਵਿੱਚ ਅਜੋਕਾ ਮਨੁੱਖ ਤੇ ਜੀਵਨ ਬੁਰੀ ਤਰ੍ਹਾਂ ਉਲਝਿਆ ਦਿਖਾਈ ਦੇ ਰਿਹਾ ਹੈ। ਆਮ ਆਦਮੀ ਨੂੰ ਉਸ ਦੀ ਉਲਝਣ ਦੇ ਕਾਰਨ ਉਦੋਂ ਸਮਝਾਏ ਜਾ ਰਹੇ ਹਨ, ਜਦੋਂ ਵਿਗਿਆਨ ਦੀਆਂ ਨਵੀਨਤਮ ਖੋਜਾਂ ਦੇ ਅਧਾਰ 'ਤੇ ਅਰਬਾਂ-ਖਰਬਾਂ ਰੁਪਏ ਦੇ ਕਾਰੋਬਾਰ ਸਥਾਪਿਤ ਹੋ ਗਏ ਹਨ ਅਤੇ ਕਈ ਸਾਰੀਆਂ ਵਿਗਿਆਨਿਕ ਬਲਾਵਾਂ ਚੰਗੇ ਭਲੇ ਬੰਦੇ ਦੇ ਗਲ ਪਾ ਦਿੱਤੀਆਂ ਗਈਆਂ ਹਨ। ਵਿਗਿਆਨੀ ਅਜੇ ਵੀ ਇਨ੍ਹਾਂ 'ਬਲਾਵਾਂ' ਨੂੰ ਲੈ ਕੇ ਸਿੱਧਾ ਲੋਕਾਂ ਨੂੰ ਸੰਬੋਧਿਤ ਨਹੀਂ ਹੋ ਰਿਹਾ। ਉਂਝ ਸਥਿਤੀ ਵਿੱਚ ਪਰਿਵਰਤਨ ਆਉਣ ਦੇ ਕੁੱਝ ਸੰਕੇਤ ਜ਼ਰੂਰ ਮਿਲਣ ਲੱਗ ਪਏ ਹਨ। ਵਿਗਿਆਨਿਕ ਖੋਜ ਅਤੇ ਆਮ ਆਦਮੀ ਵਿਚਕਾਰਲਾ ਪਾੜਾ ਵਿਗਿਆਨਿਕ ਭਾਈਚਾਰੇ ਵਿਚ ਪ੍ਰੇਸ਼ਾਨੀ ਪੈਦਾ ਕਰਨ ਲੱਗ ਪਿਆ ਹੈ। ਇਸ ਪ੍ਰੇਸ਼ਾਨੀ ਦਾ ਅਨੁਭਵ ਹੀ ਹਾਲ ਦੀ ਘੜੀ ਯੂਨੀਵਰਸਿਟੀਆਂ ਅਤੇ ਖੋਜ ਸੰਸਥਾਵਾਂ ਵਿੱਚ ਚਲ ਰਹੇ ਵਿਗਿਆਨਿਕ ਖੋਜ ਕਾਰਜ ਅਤੇ ਆਮ ਆਦਮੀ ਦਰਮਿਆਨ ਦੀ ਖਾਈ ਨੂੰ ਪੂਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ।

ਆਮ ਆਦਮੀ ਵਿੱਚ ਵਿਗਿਆਨ ਦੀ ਸਮਝ ਦੇ ਪੱਧਰ ਨੂੰ ਸੁਧਾਰਨਾ ਆਪਣੇ ਆਪ ਵਿੱਚ ਇਕ ਚੁਣੌਤੀ ਹੈ। ਹੁਣ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਦੋਵਾਂ ਪੱਧਰਾਂ 'ਤੇ ਕੁੱਝ ਅਜਿਹੇ ਯਤਨ ਆਰੰਭ ਹੋਏ ਹਨ, ਜਿਨ੍ਹਾਂ ਦਾ ਉਦੇਸ਼ ਵਿਗਿਆਨ ਅਤੇ ਤਕਨਾਲੋਜੀ ਵਿੱਚੋਂ ਤਰਕਹੀਣ ਤੇ ਸਵਾਰਥੀ ਰਾਜਨੀਤੀ ਨੂੰ ਮਨਫ਼ੀ ਕਰਨਾ ਹੈ। ਅਜਿਹੇ ਉਦੇਸ਼ ਤੋਂ ਪ੍ਰੇਰਿਤ 'ਵਿਗਿਆਨ ਦੇ ਵਿਹਾਰ ਵਿੱਚ ਸੁਤੰਤਰਤਾ ਅਤੇ ਜਵਾਬਦੇਹੀ ਸਬੰਧੀ ਸੰਮਤੀ' ਦੀ ਇੱਕ ਇਕੱਤਰਤਾ ਕੁੱਝ ਮਹੀਨੇ ਪਹਿਲਾਂ ਕੋਲੰਬੀਆ ਵਿੱਚ ਹੋਈ ਹੈ। ਇਸ ਇਕੱਤਰਤਾ ਵਿੱਚ ਇੱਕ ਸੁਝਾਅ ਪੱਤਰ ਵੀ ਤਿਆਰ ਕੀਤਾ ਗਿਆ ਹੈ, ਜੋ ਮੁੱਖ ਤੌਰ 'ਤੇ ਵਿਗਿਆਨਿਕ ਖੋਜਾਂ ਉਪਰ ਸੰਵਾਦ ਦੀ ਜ਼ੁੰਮੇਵਾਰੀ ਉਪਰ ਕੇਂਦਰਿਤ ਹੈ। ਗੁਹਾਟੀ ਵਿਖੇ ਦਸੰਬਰ ਵਿੱਚ ਹੋਈ ਇਕ ਇਕੱਤਰਤਾ ਵਿੱਚ ਵਿਗਿਆਨਿਕ ਖੋਜਾਂ ਦੀ ਸਾਰਥਕਤਾ ਨੂੰ ਸਮਾਜ-ਵਿਗਿਆਨਿਕ ਦ੍ਰਿਸ਼ਟੀ ਦੀ ਕਸੌਟੀ ਉਪਰ ਪਰਖਣ 'ਤੇ ਜ਼ੋਰ ਦਿੱਤਾ ਗਿਆ।

ਵਿਗਿਆਨੀ ਦੀ ਲੋਕਾਂ ਤੱਕ ਸਿੱਧੀ ਰਸਾਈ ਅਜੋਕੇ ਸਮਿਆਂ ਵਿੱਚ ਅਤੀ ਜ਼ਰੂਰੀ ਹੋ ਗਈ ਹੈ। ਉਸ ਨੂੰ ਖ਼ੁਦ ਹੀ ਨਿਰਸੰਕੋਚ ਹੋ ਕੇ ਹਰ ਤਰ੍ਹਾਂ ਦੇ ਸੰਚਾਰ-ਮਧਿਆਮਾਂ ਰਾਹੀਂ ਲੋਕਾਂ ਤੀਕ ਪਹੁੰਚਣਾ ਚਾਹੀਦਾ ਹੈ। ਅੱਗੋਂ ਵਿਗਿਆਨੀ ਦੇ ਮੂਲ ਵਿਚਾਰਾਂ ਅਤੇ ਤਰਕਾਂ ਨਾਲ ਵੀ ਛੇੜਛਾੜ ਨਹੀਂ ਹੋਣੀ ਚਾਹੀਦੀ। ਵਿਗਿਆਨੀਆਂ ਦੁਆਰਾ ਪ੍ਰਕਾਸ਼ਿਤ ਕਰਵਾਏ ਜਾਂਦੇ ਖੋਜ ਪੱਤਰਾਂ ਨੂੰ ਵੀ ਕੇਵਲ ਉਨ੍ਹਾਂ ਦੀ ਯੋਗਤਾ ਵਜੋਂ ਨਹੀਂ ਸਗੋ ਉਨ੍ਹਾਂ ਦੀ ਸਮਾਜਿਕ ਜ਼ੁੰਮੇਵਾਰੀ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਵਿਗਿਆਨਿਕ ਗਿਆਨ ਦਾ ਮੁੱਠੀ ਭਰ ਲੋਕਾਂ ਤੱਕ ਹੀ ਸੀਮਤ ਰਹਿਣਾ ਇਕ ਅਤਿਅੰਤ ਚਿੰਤਾਜਨਕ ਵਰਤਾਰਾ ਹੈ।

ਸਮਾਜਿਕ ਸਰੋਕਾਰਾਂ ਨਾਲ ਜੁੜੇ ਲੋਕਾਂ ਦੀ ਇਸ ਮੰਗ ਨੂੰ ਦਰਕਿਨਾਰ ਨਹੀਂ ਕੀਤਾ ਜਾ ਸਕਦਾ ਕਿ ਵਿਗਿਆਨੀਆਂ ਦੁਆਰਾ ਕੀਤੀਆਂ ਜਾ ਰਹੀਆਂ ਖੋਜਾਂ ਦੇ ਸਮਾਜ ਉਪਰ ਪੈਣ ਵਾਲੇ ਪ੍ਰਭਾਵਾਂ ਦੀ ਜਨਤਕ ਚਰਚਾ ਕਰਨ ਦੀ ਜ਼ੁੰਮੇਵਾਰੀ (ਨੈਤਿਕ) ਵਿਗਿਆਨੀਆਂ ਦੀ ਹੈ। ਇਹ ਵੀ ਜ਼ਰੂਰੀ ਹੈ ਕਿ ਇਸ ਚਰਚਾ ਵਿੱਚ ਖੋਜ ਦੇ ਸੰਭਾਵੀ ਖਤਰਿਆਂ ਦੀ ਚੇਤਾਵਨੀ ਵੀ ਸ਼ਾਮਲ ਹੋਵੇ।

raman.mlp@gmail.com

## ਛੋਟੀ ਜਿਹੀ ਪਰ ਵੱਡੀ ਗੱਲ

ਕੀ ਇਹ ਸਿਰਫ ਸੰਯੋਗ ਹੀ ਹੈ ਕਿ ਇਸ ਸਦੀ ਦੇ ਸਭ ਤੋਂ ਕ੍ਰਾਂਤੀਕਾਰੀ ਸ਼ਾਇਰ ਫੈਜ਼ ਅਹਿਮਦ ਫੈਜ਼ ਦੇ ਜਨਮ ਦਿਨ ਦੀ 100ਵੀਂ ਵਰ੍ਹੇਗੰਢ ਦੇ ਸਾਲ ਵਿਚ ਹੀ ਅਰਬ ਦੇਸ਼ਾਂ ਵਿਚ ਲੋਕ ਇਨਕਲਾਬ ਹੋ ਗਿਆ। ਅਜਿਹਾ ਲੋਕ ਇਨਕਲਾਬ ਜਿਸ ਦੀ ਕੁੱਝ ਸਾਲ ਪਹਿਲਾਂ ਕੋਈ ਕਲਪਨਾ ਵੀ ਨਹੀਂ ਕਰ ਸਕਦਾ ਸੀ। ਫੈਜ਼ ਸਾਹਿਬ ਦੀ 100ਵੀਂ ਵਰ੍ਹੇਗੰਢ ਮੌਕੇ ਤਾਨਾਸ਼ਾਹਾਂ ਵਿਰੁਧ ਜਨਤਾ ਸੜਕਾਂ 'ਤੇ ਉਤਰ ਆਈ। ਟਿਊਨੀਸ਼ੀਆ ਵਿਚ 23 ਸਾਲ ਤਕ ਸਤਾ ਵਿਚ ਰਹੇ ਬੇਨ ਅਲੀ ਗੱਦੀ ਛੱਡ ਚੁੱਕੇ ਹਨ। 30 ਸਾਲ ਤਕ ਸੱਤਾ 'ਤੇ ਕਾਬਜ਼ ਮਿਸਰ ਦੇ ਰਾਸ਼ਟਰਪਤੀ ਹੁਸਨੀ ਮੁਬਾਰਕ ਦਾ ਤਾਜ ਵੀ ਜਨਤਾ ਉਛਾਲ ਚੁੱਕੀ ਹੈ ਅਤੇ ਲੀਬੀਆ ਵਿਚ 42 ਸਾਲ ਤਕ ਤਾਨਾਸ਼ਾਹੀ ਚਲਾਉਣ ਵਾਲੇ ਕਰਨਲ ਗੱਦਾਫ਼ੀ ਦਾ ਤਖ਼ਤਾ ਪਲਟਣ ਲਈ ਜਨਤਾ ਸੜਕਾਂ 'ਤੇ ਉਤਰੀ ਹੋਈ ਹੈ। ਫੈਜ਼ ਨੇ ਅਪਣੇ ਸਮੇਂ ਵਿਚ ਫਲਸਤੀਨੀਆਂ ਦੇ ਲੋਕ ਸੰਘਰਸ਼ ਦਾ ਖੁਲ੍ਹ ਕੇ ਸਮਰਥਨ ਕੀਤਾ ਸੀ। ਪਾਕਿਸਤਾਨ ਵਿਚ ਲਿਆਕਤ ਅਲੀ ਸਰਕਾਰ ਦਾ ਤਖ਼ਤਾ ਪਲਟਣ ਤੋਂ ਬਾਅਦ ਫੈਜ਼ 'ਤੇ ਕਮਿਊਨਿਸਟ ਸ਼ਾਸ਼ਨ ਦੀ ਤਰਫ਼ਦਾਰੀ ਕਰਨ ਦੇ ਦੋਸ਼ ਲੱਗੇ ਅਤੇ 1951 ਵਿਚ ਉਨ੍ਹਾਂ ਨੂੰ ਮਿੰਟਗੁਮਰੀ ਜੇਲ੍ਹ ਲਾਹੌਰ ਭੇਜ ਦਿੱਤਾ ਗਿਆ। ਉਦੋਂ ਫੈਜ਼ ਨੇ ਲਿਖਿਆ ਸੀ...

'ਨਾ ਉਮੀਦ ਨਹੀਂ ਹੈ ਦਿਲ, ਨਾਕਾਮ ਹੀ ਤੋ ਹੈ,
ਲੰਮੀ ਹੈ ਗਮ ਕੀ ਸ਼ਾਮ, ਮਗਰ ਸ਼ਾਮ ਹੀ ਤੋ ਹੈ।'

ਇਹ ਸ਼ੇਅਰ ਬਹਿਰੀਨ, ਅਲਜੀਰੀਆ, ਜਾਰਡਨ, ਯਮਨ ਅਤੇ ਲੀਬੀਆ ਦੀ ਜਨਤਾ ਲਈ ਵੀ ਕਿਹਾ ਜਾ ਸਕਦਾ ਹੈ।

ਵਿਜੈ ਵਿਦਰੋਹੀ

# ਯੂਨੀਵਰਸਿਟੀ ਖੋਜ ਕਾਰਜ ਵਿੱਚ ਤੇਲ ਕੰਪਨੀਆਂ ਦੇ ਨਿਵੇਸ਼ ਦਾ ਲਾਭ ਕਿਸ ਨੂੰ ?

**ਕੈਮ ਫਿਨਟੋਨ**

ਅਲਬਰਟਾ ਯੂਨੀਵਰਸਿਟੀ ਦੇ ਕੈਂਪਸ ਦਾ ਗੇੜਾ ਲਗਾਓ ਗਰੰਟੀ ਹੈ ਕਿ ਅਜਿਹੀ ਇਮਾਰਤ, ਲੈਕਚਰ ਹਾਲ ਜਾਂ ਪ੍ਰਯੋਗਸ਼ਾਲਾ ਅੱਗੋਂ ਲੰਘੋਂਗੇ ਜਿਸ ਨੂੰ ਤੇਲ ਕੰਪਨੀਆਂ ਦੁਆਰਾ ਪੈਸੇ ਦਿਤੇ ਜਾਂਦੇ ਹਨ, ਕਿਉਂਕਿ ਜਨਤਕ ਫ਼ੰਡ ਲਗਾਤਾਰ ਘੱਟ ਰਹੇ ਹਨ। ਇਸ ਲਈ ਖੋਜ ਅਤੇ ਬੁਨਿਆਦੀ ਢਾਂਚੇ ਲਈ ਕੈਨੇਡਾ ਦੀਆਂ ਯੂਨੀਵਰਸਿਟੀਆਂ ਕਾਰਪੋਰੇਟ ਸਰੋਤਾਂ 'ਤੇ ਨਿਰਭਰ ਹੋ ਰਹੀਆਂ ਹਨ ਅਤੇ ਅਲਬਰਟਾ ਵਿਚ ਇਸ ਦਾ ਅਰਥ ਹੈ ਤੇਲ ਕੰਪਨੀਆਂ ਤੋਂ ਪ੍ਰਾਪਤ ਧਨ। ਸਕੂਲਾਂ ਲਈ ਫ਼ੰਡ ਹਾਸਲ ਕਰਨ ਦਾ ਇਹ ਨਵਾਂ ਤੇ ਸਥਿਰ ਸਰੋਤ ਹੈ। ਦੂਜੇ ਪਾਸੇ ਸੂਬਾਈ ਤੇ ਸੰਘੀ ਮਾਲੀਏ ਦਾ ਘਟਣਾ ਜਾਰੀ ਹੈ। ਬਹੁਤ ਸਾਰੇ ਅੰਡਰਗਰੈਜੂਏਟ ਅਤੇ ਗ੍ਰੈਜੂਏਟ ਵਿਦਿਆਰਥੀਆਂ ਲਈ ਇਹ ਇਕ ਵਰਦਾਨ ਹੈ, ਉਨ੍ਹਾਂ ਨੂੰ ਵਧੇਰੇ ਨਵੀਆਂ ਸੁਵਿਧਾਵਾਂ ਮਿਲ ਰਹੀਆਂ ਹਨ, ਜਿਥੇ ਪਹਿਲਾਂ ਫ਼ੰਡਾਂ ਦੀ ਕਮੀ ਸੀ ਜਾਂ ਫ਼ੰਡ ਬਿਲਕੁਲ ਹੀ ਨਹੀਂ ਸਨ , ਉਥੇ ਵੀ ਫ਼ੰਡ ਮਿਲਣ ਲੱਗੇ ਹਨ।

"ਇਕ ਅੰਡਰਗ੍ਰੈਜੂਏਟ ਵਿਦਿਆਰਥੀ ਲਈ ਇਹ ਚੀਜ਼ ਬੁਰੀ ਨਹੀਂ ਹੈ, ਤੁਹਾਨੂੰ ਨਵੀਆਂ ਇਮਾਰਤਾਂ ਮਿਲਦੀਆਂ ਹਨ ਅਤੇ ਸਿੱਖਣ ਲਈ ਪਹਿਲਾਂ ਨਾਲੋਂ ਕਿਤੇ ਵਧੀਆ ਥਾਂ ਮਿਲਦੀ ਹੈ।'' ਇਹ ਅਲਬਰਟਾ ਯੂਨੀਵਰਸਿਟੀ ਦੀ ਵਿਦਿਆਰਥੀ ਯੂਨੀਅਨ ਦੇ ਵੀ.ਪੀ. ਐਕਸਟਰਨਲ ਐਡਨ ਮਰਫ਼ੀ ਦਾ ਕਹਿਣਾ ਹੈ। ਪਰ ਆਲੋਚਕ ਇਸ ਗੱਲ ਨੂੰ ਲੈ ਕੇ ਚਿੰਤਤ ਹਨ ਕਿ ਧਨ ਆਖਰ ਸਨਅਤ ਦੇ ਸਾਫ਼ ਸੁਥਰੇ ਬਿੰਬ ਨਾਲ ਕਰ ਕੀ ਰਿਹਾ ਹੈ? ਟਾਰ ਸੈਂਡਸ ਸਨਅਤ ਤੋਂ ਆ ਰਹੇ ਫ਼ੰਡ ਸੂਬੇ ਵਿਚ ਤੇਲ ਸਨਅਤ ਨਾਲ ਜੁੜੇ ਯੂਨੀਵਰਸਿਟੀ ਖੋਜ ਕੇਂਦਰਾਂ ਦੀ ਸਥਾਪਤੀ ਨੂੰ ਉਤਸ਼ਾਹਿਤ ਕਰ ਰਹੇ ਹਨ। 'ਦਾ ਸੈਂਟਰ ਫ਼ਾਰ ਆਇਲ ਸੈਂਡਜ਼ ਇਨੋਵੇਸ਼ਨ' (ਸੀ.ਓ.ਐਸ.ਆਈ.) ਦੀ ਅਲਬਰਟਾ ਯੂਨੀਵਰਸਿਟੀ ਵਿਖੇ ਸਥਾਪਨਾ 'ਇੰਮਪੀਰੀਅਲ ਆਇਲ', 'ਅਲਬਰਟਾ ਇਨੋਵੇਟਸ-ਐਨਰਜੀ ਐਂਡ ਇਨਵਾਇਰਮੈਂਟ ਸੋਲੂਸ਼ਨਜ਼' ਅਤੇ 'ਦ ਫੈਕਲਟੀ ਆਫ਼ ਇੰਜੀਨੀਅਰਿੰਗ' ਦੀ ਹਿੱਸੇਦਾਰੀ ਨਾਂਲ 2005 ਵਿਚ ਹੋਈ। ਡਾ. ਮਰੈ ਗਰੇਅ ਦੇ ਅਨੁਸਾਰ, ਜਿਹੜਾ ਕਿ ਬਹੁਕਰੋੜੀ ਖੋਜ ਸੰਸਥਾ ਦਾ ਡਾਇਰੈਕਟਰ ਹੈ, ਸੀ.ਓ.ਐਸ.ਆਈ. ਲੋਕਾਂ ਦੀ ਅਗਲੀ ਪੀੜ੍ਹੀ ਨੂੰ (ਤੇਲ ਸੈਂਡਜ਼) ਤਕਨਾਲੌਜੀ ਵਿਚ ਸਿੱਖਿਅਤ ਕਰਨ ਲਈ ਹੋਂਦ ਵਿਚ ਆਈ ਹੈ।



ਕੈਲਗਰੀ ਯੂਨੀਵਰਸਿਟੀ ਵਿਖੇ 'ਦ ਇੰਸਟੀਚਿਊਟ ਆਫ਼ ਸਸਟੇਨਏਬਲ ਐਨਰਜੀ, ਇਨਵਾਇਰਮੈਂਟ ਐਂਡ ਇਕਾਨੋਮੀ' (ਆਈ.ਐਸ.ਈ.ਈ.ਈ.) ਇਕ ਅੰਤਰ ਅਨੁਸ਼ਾਸਨੀ ਸੰਸਥਾ ਹੈ। ਇਹ ਅਲਬਰਟਾ ਵਿਚਲੀ ਤੇਲ ਤੇ ਗੈਸ ਸਨਅਤ ਦੇ ਅਨੇਕਾਂ ਤਕਨੀਕੀ ਪੱਖਾਂ ਅਤੇ ਪਬਲਿਕ ਪਬਲੀਸਿਟੀ ਪੱਖਾਂ 'ਤੇ ਖੋਜ ਕਰਦੀ ਹੈ। ਇਹ ਖੋਜ, ਅਧਿਆਪਨ ਅਤੇ ਊਰਜਾ ਤੇ ਵਾਤਾਵਰਣ ਸਬੰਧੀ ਖੋਜ ਵਾਸਤੇ ਫ਼ੰਡਾਂ ਨੂੰ ਆਕਰਿਸ਼ਤ ਕਰਨ ਲਈ ਵਿਸ਼ੇਸ਼ ਦਰਜੇ ਦੀ ਵੀ ਦਾਅਵੇਦਾਰ ਹੈ।

ਸੀ.ਓ.ਐਸ.ਆਈ. ਆਪਣੀ ਵੈਬਸਾਈਟ ਦੇਖਣ ਵਾਲਿਆਂ ਨੂੰ ਅਜਿਹਾ ਸਬਜ਼ ਬਾਗ ਦਿਖਾਉਂਦੀ ਹੈ, ਜਿਸ ਵਿਚ ਆਇਲ ਸੈਂਡਜ਼ ਅਪਰੇਸ਼ਨ ਸਮੇਂ ਪਾਣੀ ਦੀ ਬਹੁਤ ਘੱਟ ਜਾਂ ਬਿਲਕੁਲ ਹੀ ਵਰਤੋਂ ਨਹੀਂ ਹੁੰਦੀ, ਊਰਜਾ ਦੀ ਘੱਟ ਖਪਤ ਹੁੰਦੀ ਹੈ, ਗਰੀਨ ਹਾਊਸ ਗੈਸ ਘੱਟ ਪੈਦਾ ਹੁੰਦੀ ਹੈ ਅਤੇ ਘੱਟ ਲਾਗਤ 'ਤੇ ਉਚੀ ਗੁਣਵੱਤਾ ਵਾਲੇ ਉਤਪਾਦ ਪੈਦਾ ਹੁੰਦੇ ਹਨ। 'ਦੋਵਾਂ ਸੰਸਥਾਵਾਂ ਦੇ ਫਤਵਿਆਂ ਵਿਚ ਸਥਿਰਤਾ ਇਕ ਸਾਂਝਾ ਵਿਚਾਰ ਹੈ, ਪਰ ਆਲੋਚਕ ਨੁਕਤਾ ਉਠਾਉਂਦੇ ਹਨ ਕਿ ਉਹ ਕਾਰਜ ਲਈ ਅਸਥਿਰ ਉਦਮ ਉਪਰ ਨਿਰਭਰ ਰਹਿਣਾ ਜਾਰੀ ਰੱਖ ਰਹੀਆਂ ਹਨ।

"ਅਸੀਂ ਉਸ ਕਿਸੇ ਵੀ ਚੀਜ਼ ਨਾਲੋਂ ਅੱਗੇ ਨਿਕਲ ਆਏ ਹਾਂ ਜਿਹੜੀ ਟਾਰ ਸੈਂਡਜ਼ ਲਈ ਦੂਰ ਤਕ ਸਥਿਰ ਰਹਿਣ ਵਾਲੀ ਹੈ'', ਆਇਲ ਸੈਂਡਜ਼ ਟਰੁਥ ਦਾ ਮੈਕਡਾਨਲ ਸਟੇਨ ਜ਼ਬਾਈ ਵਿਆਖਿਆ ਕਰਦਾ ਹੈ। ਉਹ ਇਨ੍ਹਾਂ ਸੰਸਥਾਵਾਂ ਨੂੰ ਹੱਲ ਪੇਸ਼ ਕਰਨ, ਤੇਲ ਸਨਅਤ ਦੀ ਇਸ਼ਤਿਹਾਰਬਾਜ਼ੀ ਤੇ ਲੋਕ ਸੰਪਰਕ ਦਾ ਅਭਿਆਸ ਕਰਨ ਵਾਲਿਆਂ ਵਜੋਂ ਦੇਖਦਾ ਹੈ, ਜਿਸ ਨਾਲ ਇਹ ਪ੍ਰਭਾਵ ਪੈਦਾ ਹੁੰਦਾ ਹੈ ਕਿ ਸਨਅਤ ਅਸੰਭਵ ਕਾਰਜ ਕਰ ਰਹੀ ਹੈ, ਟਾਰ ਸੈਂਡਜ਼ ਵਿਕਾਸ ਨੂੰ ਤੇਜ਼ ਕਰ ਰਹੀ ਹੈ ਜਦਕਿ ਤੇਲ ਸੋਧ ਕਾਰਜ ਇਸ ਢੰਗ ਨਾਲ ਜਾਰੀ ਹੈ ਜਿਹੜਾ ਸਾਨੂੰ ਵਾਯੂ ਮੰਡਲ ਤਬਦੀਲੀ ਵੱਲ ਲੈ ਜਾਵੇਗਾ ਅਤੇ ਮੁੱਖ ਧਾਰਾ ਤੋਂ ਹੇਠਲੇ ਭਾਈਚਾਰਿਆਂ ਨੂੰ ਉਜਾੜੇ ਵੱਲ।''

ਸਨਅਤ ਵੱਲੋਂ ਫ਼ੰਡਿੰਗ ਕਰਨ ਨਾਲ ਕਈ ਚਿੰਤਾਵਾਂ ਜੁੜੀਆਂ ਹੋਈਆਂ ਹਨ। ਇਹ ਪ੍ਰਜੈਕਟ ਖੋਜ ਖੇਤਰ ਨੂੰ ਉਨ੍ਹਾਂ ਵਿਸ਼ਿਆਂ ਤੇ ਵਿਚਾਰਾਂ ਤਕ ਸੀਮਿਤ ਰੱਖ ਰਹੀ ਹੈ, ਜਿਹੜੇ ਤੇਲ ਖੇਤਰ ਲਈ ਵਿਹਾਰਿਕ ਹੋ ਸਕਦੇ ਹਨ। "ਕੁੱਝ ਧਨ ਜੋ ਯੂਨੀਵਰਸਿਟੀਆਂ ਹਾਸਲ ਕਰਦੀਆਂ ਹਨ ਉਸ ਨਾਲ ਉਨ੍ਹਾਂ ਵਿਹਾਰਿਕ ਖੋਜ ਦੀਆਂ ਕਿਸਮਾਂ 'ਤੇ ਧਿਆਨ ਕੇਂਦਰਿਤ ਹੁੰਦਾ ਹੈ ਜਿਹੜੀਆਂ ਸੰਸਥਾ ਵਿਚ ਹੋ ਰਹੀਆਂ ਹੁੰਦੀਆਂ ਹਨ'', ਅਲਬਰਟਾ ਯੂਨੀਵਰਸਿਟੀ ਦੀ ਵਿਦਿਆਰਥੀ ਯੂਨੀਅਨ ਦੀ ਪ੍ਰਧਾਨ ਨਿਕ ਡੀਹੋਲਡ ਵਿਆਖਿਆ ਕਰਦੀ ਹੈ, "ਇਸ ਦਾ ਮਕਸਦ ਇਹ ਪ੍ਰਭਾਵ ਦੇਣਾ ਹੈ ਕਿ ਅੰਡਰਗ੍ਰੈਜੂਏਟ ਅਤੇ ਗ੍ਰੈਜੂਏਟ ਵਿਦਿਆਰਥੀ ਖੋਜ ਵਿਚ ਰੁੱਝੇ ਹੋਏ ਹਨ।'' ਆਪਣੀ ਰੀਪੋਰਟ 'ਆਇਲ ਗੋਜ਼ ਟੂ ਕਾਲਿਜ਼' ਵਿਚ ਜੈਨੀਫਰ ਵਾਸ਼ਬਰਨ ਯੂਨਾਈਟਡ ਸਟੇਟਸ ਦੀਆਂ ਯੂਨੀਵਰਸਿਟੀਆਂ ਵਿਚ ਆਇਲ ਇੰਡਸਟਰੀ ਫੰਡਿੰਗ ਅਤੇ ਖੋਜ ਦੀਆਂ ਚਾਲਾਂ ਦੀ ਵਿਸਤ੍ਰਿਤ ਜਾਣਕਾਰੀ ਦਿੰਦੀ ਹੈ। ਇਸ ਰੀਪੋਰਟ ਵਿਚ ਦਸ ਤੇਲ ਸਨਅਤ ਫੰਡਿੰਗ ਸੰਸਥਾਵਾਂ ਦਾ ਅਧਿਐਨ ਕੀਤਾ ਗਿਆ ਹੈ, ਇਨ੍ਹਾਂ ਵਿਚੋਂ 9 ਦੇ ਖੋਜ ਲਈ ਜਾਰੀ ਫ਼ੰਡ ਆਪਣੇ ਕੰਟਰੋਲ ਵਿਚ ਹੋਣ ਦੀ ਥਾਂ ਸਨਅਤੀ ਹਿੱਸੇਦਾਰਾਂ ਦੇ ਕੰਟਰੋਲ ਵਿਚ ਹੀ ਹਨ। ਵਾਸ਼ਬਰਨ ਨੇ ਨੁਕਤਾ ਉਠਾਇਆ ਹੈ ਕਿ ਇਸ ਦਾ ਅਰਥ ਇਹ ਬਣਦਾ ਹੈ ਕਿ ਤੇਲ ਤੇ ਗੈਸ ਕੰਪਨੀਆਂ ਖੁਦ ਆਪਣੀਆਂ ਖੋਜ ਸੰਸਥਾਵਾਂ ਖ਼ਰੀਦ ਰਹੀਆਂ ਹਨ ਅਤੇ ਫ਼ੈਸਲਾ ਕਰ ਰਹੀਆਂ ਹਨ ਕਿ ਖੋਜ ਦੀ ਵਰਤੋਂ ਕਿਵੇਂ ਹੋਵੇ।

ਪਰ ਖੋਜ ਵਿਚ ਫ਼ੰਡਿੰਗ ਕੇਵਲ ਸਨਅਤ ਹੀ ਨਹੀਂ ਕਰ ਰਹੀ, ਜਨਤਕ ਧਨ ਵੀ ਇਸ ਦਾ ਪ੍ਰਮੁੱਖ ਭਾਗ ਹੈ। 2008 ਵਿਚ ਆਈ.ਐਸ.ਈ.ਈ.ਈ. ਨੇ ਕਾਰਬਨ ਪ੍ਰਾਪਤੀ ਅਤੇ ਸਟੋਰੇਜ਼ ਤਕਨਾਲੌਜੀ ਦੀ ਖੋਜ ਲਈ 'ਨੇਚੁਰਲ ਰੀਸੋਰਸਜ਼' ਕੈਨੇਡਾ ਤੋਂ 5 ਲੱਖ ਡਾਲਰ ਹਾਸਲ ਕੀਤੇ। ਵਾਤਾਵਰਣਕ ਸਮੂਹ ਜਿਵੇਂ ਕਿ ਗਰੀਨਪੀਸ ਸੀ.ਸੀ.ਐਸ. ਨੂੰ ਇਕ ਝੂਠੇ ਹੱਲ ਵਜੋਂ ਦੇਖਦੇ ਹਨ- ਇਕ ਅਣ ਅਜ਼ਮਾਈ ਤਕਨਾਲੌਜੀ ਜਿਹੜੀ ਸਨਅਤਾਂ ਅਤੇ ਸਰਕਾਰੀ ਅਫ਼ਸਰਾਂ ਵਲੋਂ ਆਪਣਾ ਇਹ ਬਿੰਬ ਬਣਾਉਣ ਲਈ ਪੇਸ਼ ਕੀਤੀ ਜਾ ਰਹੀ ਹੈ ਕਿ ਉਹ ਜਲਵਾਯੂ ਤਬਦੀਲੀ ਉਪਰ ਕੰਮ ਕਰ ਰਹੇ ਹਨ। ਅੱਜ ਤਕ ਐਨ.ਆਰ.ਸੀ. 151 ਲੱਖ ਡਾਲਰ ਨਵੀਂ ਸੀ.ਸੀ.ਐਸ ਤਕਨਾਲੌਜੀ ਨੂੰ ਖੋਜਣ ਤੇ ਵਿਕਸਿਤ ਕਰਨ ਉਪਰ ਖ਼ਰਚ ਕਰ ਚੁੱਕੀ ਹੈ। ਸੀ.ਓ.ਐਸ.ਆਈ. ਤੋਂ ਇਲਾਵਾ ਅਲਬਰਟਾ ਯੂਨੀਵਰਸਿਟੀ ਕੋਲ ਆਇਲ ਸੈਂਡਜ਼ ਰੀਸਰਚ ਐਂਡ ਇਨਫ਼ਾਰਮੇਸ਼ਨ ਨੈਟਵਰਕ (ਓ.ਐਸ.ਆਰ.ਆਈ.ਐਨ.) ਲਈ ਵੀ ਜਗ੍ਹਾ ਹੈ। ਇਹ ਸਮੂਹ ਖੋਜ ਦਾ ਮਿਲਾਣ, ਵਿਆਖਿਆ ਤੇ ਵਿਸ਼ਲੇਸ਼ਣ ਕਰ ਕੇ ਸਨਅਤ, ਮੀਡੀਆ ਤੇ ਸਰਕਾਰੀ ਅਧਿਕਾਰੀਆਂ ਨੂੰ ਭੇਜਦਾ ਹੈ। ਓ.ਐਸ.ਆਰ.ਆਈ.ਐਨ. ਕੁੱਲ 4.5 ਲੱਖ ਡਾਲਰ ਨਾਲ ਅਲਬਰਟਾ ਇਨਵਾਇਰਮੈਂਟ ਤੋਂ ਪ੍ਰਾਪਤ ਦੋ ਗ੍ਰਾਂਟਾਂ ਨਾਲ ਸਥਾਪਤ ਕੀਤੀ ਗਈ ਹੈ, ਇਸ ਗਰਾਂਟ ਦਾ 21 ਫੀਸਦੀ ਹਿੱਸਾ ਯੂਨੀਵਰਸਿਟੀਆਂ ਨੂੰ, 53 ਫੀਸਦੀ ਹਿੱਸਾ ਸਲਾਹਕਾਰਾਂ, ਸਨਅਤ ਤੇ ਸਹਿਯੋਗੀਆਂ ਨੂੰ ਤੇ ਬਾਕੀ 26 ਫੀਸਦੀ ਹਿੱਸਾ ਬਾਹਰੀ ਖੋਜ ਸੰਗਠਨਾ ਨੂੰ ਜਾਂਦਾ ਹੈ।

ਵਾਸ਼ਬਰਨ ਨੇ ਇਹ ਨੁਕਤਾ ਵੀ ਉਠਾਇਆ ਹੈ ਕਿ ਵੱਡੀਆਂ ਤੇਲ ਕੰਪਨੀਆਂ ਲਈ ਕਰੋੜਾਂ ਡਾਲਰ ਖ਼ਰਚ ਕੇ ਵੀ, ਇਹ ਸੰਸਥਾਵਾਂ ਅਸਲ ਵਿਚ ਲੋਕ ਸੰਪਰਕ ਸੌਦੇਬਾਜ਼ ਹੀ ਹਨ ਜਦਕਿ ਵਿਖਾਵਾ ਇਹ ਕਰ ਰਹੀਆਂ ਹਨ ਕਿ ਤੇਲ ਤੇ ਗੈਸ ਕੰਪਨੀਆਂ ਖੋਜ ਤੇ ਵਿਕਾਸ ਕਾਰਜਾਂ ਵਿਚ ਨਿਵੇਸ਼ ਵਧਾ ਰਹੀਆਂ ਹਨ। ਦਰਅਸਲ, ਪਿਛਲੇ ਤਿੰਨ ਦਹਾਕਿਆਂ ਤੋਂ ਇਹ ਬਜਟ ਜ਼ਾਇਆ ਜਾ ਰਿਹਾ ਹੈ। 1980 ਦੌਰਾਨ ਚਾਰ ਵੱਡੀਆਂ ਤੇਲ ਕੰਪਨੀਆਂ (Exxon Mobil, BP, Shell & Chevron) ਦਾ ਖੋਜ ਤੇ ਵਿਕਾਸ ਲਈ ਬਜਟ ਔਸਤ 6.4 ਬਿਲੀਅਨ (ਯੂ.ਐਸ.) ਡਾਲਰ ਪ੍ਰਤੀ ਸਾਲ ਸੀ। 2000 ਤਕ ਇਹ ਰਕਮ 1.7 ਬਿਲੀਅਨ (ਯੂ.ਐਸ.) ਡਾਲਰ ਰਹਿ ਗਈ ਅਤੇ ਹੁਣ ਤਕ ਇਸ ਵਿਚ ਜ਼ਰਾ ਕੁ ਵਾਧਾ ਹੀ ਹੋਇਆ ਹੈ।

ਸ਼ੈੱਲ ਦੀ ਰੀਪੋਰਟ ਅਨੁਸਾਰ ਇਸ ਨੇ 2009 ਵਿਚ 278 ਬਿਲੀਅਨ (ਯੂ.ਐਸ.) ਡਾਲਰ ਕਮਾਏ ਹਨ ਜਦਕਿ ਅਪਣੇ ਖੋਜ ਤੇ ਵਿਕਾਸ ਕਾਰਜਾਂ ਵਿਚ 1.3 ਬਿਲੀਅਨ (ਯੂ.ਐਸ.) ਡਾਲਰ ਖ਼ਰਚ ਕੀਤੇ। ਅਲਬਰਟਾ ਯੂਨੀਵਰਸਿਟੀ 'ਤੇ ਝਾਤ ਮਾਰੀਏ ਤਾਂ ਇਸ ਨੇ 2007 ਵਿਚ ਸ਼ੈੱਲ ਤੋਂ ਮਿਲੇ 1 ਮਿਲੀਅਨ (ਯੂ.ਐਸ.) ਡਾਲਰ ਯੂਨੀਵਰਸਿਟੀ ਵਿਚ ਨਿਵੇਸ਼ ਕੀਤੇ, ਜਿਸ ਵਿਚ 250,000 ਡਾਲਰ ਵੀ ਸ਼ਾਮਲ ਸਨ ਜਿਹੜੇ ਜੀ.ਓ. ਮਕੈਨੀਕਲ/ਰੀਸਰਵੀਅਰ ਪ੍ਰਯੋਗ ਸੁਵਿਧਾ ਲਈ ਖ਼ਰਚ ਕੀਤੇ ਗਏ, ਜਿਹੜੀ ਸੁਵਿਧਾ ਕੰਪਨੀ ਨੂੰ ਯੂ ਆਫ਼ ਏ ਦੇ ਖੋਜ ਪ੍ਰਾਜੈਕਟ ਨੂੰ ਸਹੀਬੱਧ ਕਰਨ ਲਈ ਉਪਲੱਬਧ ਹੋਵੇਗੀ। ਉਸੇ ਸਾਲ ਵੱਡੀਆਂ ਕੰਪਨੀਆਂ ਦੀ ਕੁੱਲ ਕਮਾਈ 335 ਬਿਲੀਅਨ ਡਾਲਰ ਨੂੰ ਟੱਪ ਗਈ, ਜਿਸ ਤੋਂ ਇਹ ਵਿਸ਼ਵਾਸ ਪੱਕਾ ਹੁੰਦਾ ਹੈ ਕਿ ਖੋਜ ਫੰਡਿੰਗ ਦੇ ਲੁਕਵੇਂ ਮਨੋਰਥ ਹਨ। "ਸ਼ੈੱਲ, ਸਨਕੋਰ ਜਾਂ ਅਲਬਾਈਨ ਦੇ ਨਾਂ ਹੇਠ ਸਪਾਂਸਰਸ਼ਿਪਜ਼ ਪ੍ਰਦਾਨ ਕਰਨ, ਆਡੀਟੋਰੀਅਮ ਖਰੀਦਣ ਜਾਂ ਹੋਰ ਕਈ ਕੁੱਝ ਕਰਨ ਪਿੱਛੇ ਵਿਚਾਰ ਮਾਹੌਲ ਨੂੰ ਆਮ ਵਰਗਾ ਦਿਖਾਉਣ ਦਾ ਹੈ। ਸਟੇਨਜ਼ਬਾਈ ਵਿਆਖਿਆ ਕਰਦੀ ਹੈ- "ਇਹ ਸਭ ਕੁੱਝ ਇਹ ਪ੍ਰਭਾਵ ਦਿੰਦਾ ਹੈ ਕਿ ਉਹ (ਤੇਲ ਕੰਪਨੀਆਂ) ਤੁਹਾਡੇ ਭਾਈਚਾਰੇ ਦਾ ਹਿੱਸਾ ਹਨ। ਉਹ ਇਹ ਪ੍ਰਭਾਵ ਵੀ ਸਿਰਜਦੀਆਂ ਹਨ ਕਿ ਉਹ ਕੇਵਲ ਉਥੇ ਮੌਜੂਦ ਹੀ ਨਹੀਂ ਸਗੋਂ ਅਟੱਲ ਰੂਪ ਵਿਚ ਉਥੇ ਬਣੀਆਂ ਵੀ ਰਹਿਣਗੀਆਂ ਤੇ ਤੁਹਾਨੂੰ ਉਨ੍ਹਾਂ ਨੂੰ ਸਵੀਕਾਰ ਕਰਨ ਅਤੇ ਉਨ੍ਹਾਂ ਨਾਲ ਮਿਲ ਕੇ ਕੰਮ ਕਰਨ ਦੇ ਢੰਗ ਤਰੀਕੇ ਲੱਭਣ ਦੀ ਲੋੜ ਹੈ, ਬਜਾਏ ਉਨ੍ਹਾਂ ਨੂੰ ਬੰਦ ਕਰਨ ਦੇ।"

ਇਸ ਸਮੁੱਚੀ ਫ਼ੰਡਿੰਗ ਅਤੇ ਸਥਿਰਤਾ ਦੀ ਸਲਾਹੁਤਾ ਦਰਮਿਆਨ ਇਨ੍ਹਾਂ ਖੋਜ ਸੰਸਥਾਵਾਂ ਦਾ ਏਜੰਡਾ ਅਸਲ ਸੰਸਾਰ ਵਿਚ ਬਹੁਤ ਘੱਟ ਪ੍ਰਗਤੀ ਦਿਖਾ ਸਕਿਆ ਹੈ, ਇੰਡਸਟਰੀ ਦੇ ਖਰਾਬ ਬਿੰਬ ਬਾਰੇ ਕੈਨੇਡੀਅਨ ਸਰਕਾਰ ਦੁਆਰਾ ਜਾਰੀ ਰੀਪੋਰਟ ਇਹੋ ਦਰਸਾਉਂਦੀ ਹੈ। ਇਸੇ ਦੌਰਾਨ ਇਸ ਹਫ਼ਤੇ ਅਲਬਰਟਾ ਯੂਨੀਵਰਸਿਟੀ ਦੇ ਇੰਜੀਨੀਅਰਿੰਗ ਵਿਭਾਗ ਦੇ ਵਿਦਿਆਰਥੀ ਸ਼ੈੱਲ ਲੈਕਚਰ ਥੀਏਟਰ ਵਿਚ ਆਪਣੀਆਂ ਕਲਾਸਾਂ ਲਗਾਉਣ ਲਈ ਪਰਤ ਰਹੇ ਹਨ। ਇਨ੍ਹਾਂ ਵਿਚੋਂ ਬਹੁਤ ਸਾਰੇ ਜਿਹੜੇ ਤੇਲ ਟਿਕਾਣਿਆਂ 'ਤੇ ਕੰਮ ਕਰਨ ਲਈ ਜਾ ਰਹੇ ਹਨ, ਇਸ ਸਵਾਲ ਦੇ ਸਨਮੁੱਖ ਹਨ ਕਿ ਸਨਅਤ ਸੱਚਮੁਚ ਪ੍ਰਦੂਸ਼ਣ ਦੀ ਸਮੱਸਿਆ ਦਾ ਹੱਲ ਲੱਭਣ ਲਈ ਨਿਵੇਸ਼ ਨੂੰ ਤਰਜੀਹ ਦਿੰਦੀ ਹੈ ਜਾਂ ਫਿਰ ਇਹ ਇਸ ਦਾ ਲੋਕ ਸੰਪਰਕ ਕੇਵਲ ਯੁੱਧ ਦਾ ਹੀ ਇਕ ਮੋਰਚਾ ਹੈ?

**ਅਨੁਵਾਦ : ਪ੍ਰੋ. ਰਾਕੇਸ਼ ਰਮਨ**

ਧੁਖ਼ਦਾ ਕਾਲਮ

# 'ਭਲਾ ਕੌਣ ਪਿੰਜਰੇ ਦਾ ਦਰ ਖੋਲ੍ਹਦਾ ਹੈ?'

**ਸੁਸ਼ੀਲ ਦੁਸਾਂਝ**

ਕੌਮਾਂਤਰੀ ਇਸਤਰੀ ਦਿਹਾੜਾ ਸੰਸਾਰ ਭਰ ਦੀਆਂ ਇਸਤਰੀਆਂ ਲਈ ਮੁਕਤੀ ਵੱਲ ਵੱਧਣ ਦਾ ਰਾਹ ਖੋਲ੍ਹਦਾ ਹੈ। ਪਰ ਕੀ ਅੱਜ ਦੀ ਤਾਰੀਕ ਵਿਚ ਇਹ ਮਹਾਨ ਦਿਨ ਆਪਣੇ ਪੂਰੇ-ਸੂਰੇ ਅਰਥਾਂ ਵਿਚ ਮਨਾਇਆ ਜਾ ਰਿਹਾ ਹੈ? ਕੀ ਇਸ ਦਿਹਾੜੇ ਨੂੰ ਵੀ ਹੁਣ ਇਕ ਰਵਾਇਤੀ ਦਿਨ ਵਾਂਗ ਹੀ ਨਹੀਂ ਲਿਆ ਜਾਣ ਲੱਗ ਪਿਆ? ਇਹ ਸਵਾਲ ਹਰ ਉਸ ਵਿਅਕਤੀ ਦੀ ਅੰਤਰ-ਆਤਮਾ ਨੂੰ ਝੰਜੋੜਦਾ ਹੈ ਜਿਹੜਾ ਸੱਚਮੁੱਚ ਹੀ ਇਸਤਰੀ ਜਗਤ ਦੀ ਦਸ਼ਾ ਅਤੇ ਦਿਸ਼ਾ ਨੂੰ ਸਹੀ ਲੀਹਾਂ 'ਤੇ ਨਿਰਧਾਰਤ ਕਰਨ ਦੇ ਸੰਘਰਸ਼ੀਲ ਆਹਰ ਵਿਚ ਜੁਟਿਆ ਹੋਇਆ ਹੈ। ਉਨ੍ਹਾਂ ਅਖੌਤੀ ਕਿਸਮ ਦੇ ਲੋਕ-ਆਗੂਆਂ ਲਈ ਇਸ ਸਵਾਲ ਦਾ ਕੋਈ ਅਰਥ ਨਹੀਂ ਹੈ ਜਿਹੜੇ ਬਾਹਰ ਤਾਂ ਇਸਤਰੀਆਂ ਦੇ ਹੱਕਾਂ ਦੇ ਸਭ ਤੋਂ ਵੱਡੇ ਪਹਿਰੇਦਾਰ ਹਨ ਪਰ ਆਪਣੇ ਘਰੇ ਰਾਤ ਨੂੰ ਦਾਰੂ ਨਾਲ ਟੱਲੀ ਹੋ ਕੇ ਆਪਣੀਆਂ ਪਤਨੀਆਂ ਦੁਆਲੇ ਡਾਂਗ ਕੱਢੀ ਰੱਖਦੇ ਹਨ। ਇਸਤਰੀ ਲਾਜ਼ਮੀ ਹੀ ਹਰ ਯੁੱਗ ਦਾ ਪਵਿੱਤਰ ਸ਼ਬਦ ਹੈ ਪਰ ਕੀ ਇਹ ਆਪਣੇ ਸ਼ਾਬਦਿਕ ਅਰਥਾਂ ਸੰਗ ਹੀ ਸਾਡੇ ਜੀਵਨ ਵਿਚ ਪ੍ਰਵਾਨ ਹੈ? ਇਸ 'ਤੇ ਗੰਭੀਰ ਚਰਚਾ ਹੋਣੀ ਹੀ ਚਾਹੀਦੀ ਹੈ।

ਇਸ ਵਕਤ ਕੁੱਲ ਦੁਨੀਆ ਦੀ ਲੱਗਭੱਗ ਅੱਧੀ ਆਬਾਦੀ ਇਸਤਰੀ ਬੁਰੀ ਤਰ੍ਹਾਂ ਨਪੀੜੀ ਜਾ ਰਹੀ ਹੈ। ਇਸਤਰੀ ਜਗਤ ਦੀਆਂ ਸਮਸਿਆਵਾਂ ਆਪਾਰ ਹਨ। ਅੱਜ ਸਾਡੇ ਆਪਣੇ ਮੁਲਕ ਵਿਚ ਇਸਤਰੀ ਦੀ ਕੀ ਦਸ਼ਾ ਹੈ? ਜ਼ਰਾ ਗਹੁ ਨਾਲ ਦੇਖਣ ਦੀ ਲੋੜ ਹੈ। ਸਭ ਕੁੱਝ ਦਿਖਾਈ ਦੇ ਰਿਹਾ ਹੈ ਪਰ ਅਸੀਂ ਆਪਣੀਆਂ ਅੱਖਾਂ ਕਿਉਂ ਮੀਟ ਲਈਆਂ ਹਨ। ਇਸਤਰੀ ਲਈ ਕਿਤੇ ਵੀ ਸੁਰੱਖਿਆ ਦੀ ਕੋਈ ਵੀ ਗਾਰੰਟੀ ਨਹੀਂ ਹੈ। ਸਾਡੇ ਮੁਲਕ ਵਿਚ ਹਰ ਰੋਜ਼ 40 ਤੋਂ ਵਧੇਰੇ ਬਲਾਤਕਾਰ ਦੇ ਮਾਮਲੇ ਦਰਜ ਹੁੰਦੇ ਹਨ। 25 ਤੋਂ ਵਧੇਰੇ ਨਵ-ਵਿਆਹੁਤਾ ਦਹੇਜ-ਹਤਿਆ ਦਾ ਸ਼ਿਕਾਰ ਹੁੰਦੀਆਂ ਹਨ। ਤਸ਼ੱਦਦ, ਅਗਵਾ, ਛੇੜਖਾਨੀ ਅਤੇ ਯੌਨ-ਪੀੜਾ ਦੇ 225 ਤੋਂ ਵਧੇਰੇ ਮਾਮਲੇ ਪੁਲਸ-ਥਾਣਿਆਂ ਵਿਚ ਦਰਜ ਹੁੰਦੇ ਹਨ। ਇਸ ਤੋਂ ਇਲਾਵਾ ਹੋਰ ਸੈਂਕੜੇ ਮਾਮਲੇ ਅਜਿਹੇ ਹੁੰਦੇ ਹਨ ਜੋ ਕਿਤੇ ਦਰਜ ਹੀ ਨਹੀਂ ਹੁੰਦੇ; ਕਿਉਂਕਿ ਸ਼ਰਮ, ਹਯਾ ਅਤੇ ਬਦਨਾਮੀ ਦੇ ਡਰੋਂ ਇਸਤਰੀਆਂ ਉਨ੍ਹਾਂ ਨੂੰ ਛਾਤੀ 'ਤੇ ਪੱਥਰ ਰੱਖ ਕੇ ਅੰਦਰ ਹੀ ਅੰਦਰ ਜਜ਼ਬ ਕਰ ਜਾਂਦੀਆਂ ਹਨ। ਭਾਰਤ ਵਰਗੇ 'ਸਮਾਜਿਕ ਕਦਰਾਂ' ਨੂੰ ਪਰਣਾਏ ਦੇਸ਼ ਵਿਚ ਛੋਟੀ ਉਮਰ ਦੀਆਂ ਬੱਚੀਆਂ ਤਾਂ ਆਪਣੇ ਉਪਰ ਹੋ ਰਹੇ ਅਤਿਆਚਾਰਾਂ ਨੂੰ ਬਿਆਨ ਤੱਕ ਨਹੀਂ ਕਰਦੀਆਂ। ਇਹ ਇਸ ਲਈ, ਕਿਉਂਕਿ ਪਰਿਵਾਰ, ਇਥੋਂ ਤੱਕ ਕਿ ਮਾਤਾ-ਪਿਤਾ ਅਤੇ ਪੂਰਾ ਸਮਾਜ ਉਨ੍ਹਾਂ ਪ੍ਰਤੀ ਸਾਮੰਤੀ ਵਤੀਰਾ ਅਪਣਾਈ ਰੱਖਦੇ ਹਨ। ਪੱਛੜੇ ਪਿੰਡਾਂ ਤੋਂ ਲੈ ਕੇ ਮਹਾਂਨਗਰ ਤੱਕ ਇਸਤਰੀਆਂ ਦੀ ਇਹ ਹੀ ਹੋਣੀ ਹੈ। ਉਂਜ ਪਿੰਡਾਂ ਦੇ ਮੁਕਾਬਲੇ ਸ਼ਹਿਰਾਂ ਅਤੇ ਖਾਸ ਕਰਕੇ ਮਹਾਂਨਗਰਾਂ ਵਿਚ ਇਸ ਤਰ੍ਹਾਂ ਦੀਆਂ ਘਟਨਾਵਾਂ ਵਧੇਰੇ ਵਾਪਰਦੀਆਂ ਹਨ ਅਤੇ ਇਨ੍ਹਾਂ ਵਿਚ ਹੋਰ ਵੀ ਤੇਜ਼ੀ ਨਾਲ ਵਾਧਾ ਹੋਇਆ ਹੈ। ਸ਼ਹਿਰੀ ਖੇਤਰਾਂ ਵਿਚ ਉਦਾਰੀਕਰਨ ਨੇ ਬਾਜ਼ਾਰ ਵਿਚ ਔਰਤਾਂ ਦੀ ਭੂਮਿਕਾ ਨੂੰ ਨਵੇਂ ਹੀ ਅੰਦਾਜ਼ ਬਖਸ਼ ਦਿੱਤੇ ਹਨ। ਇਹਦੇ ਨਾਲ ਇਸਤਰੀਆਂ ਦੀਆਂ ਮੁਸ਼ਕਲਾਂ ਵਿਚ ਚੋਖਾ ਵਾਧਾ ਹੋਇਆ ਹੈ। ਨਵੀਆਂ ਥਾਵਾਂ ਅਤੇ ਨਵੇਂ ਕੰਮਾਂ ਉਪਰ ਇਸਤਰੀਆਂ ਨੂੰ ਗੰਭੀਰ ਕਿਸਮ ਦੇ ਯੌਨ-ਸ਼ੋਸ਼ਣ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸਤਰੀਆਂ ਅਕਸਰ ਹੀ ਇਸ ਸ਼ੋਸ਼ਣ ਦੇ ਖਿਲਾਫ ਆਵਾਜ਼ ਨਹੀਂ ਉਠਾਉਦੀਆਂ। ਇਸ ਨਾਲ ਸ਼ੋਸ਼ਣ ਕਰਨ ਵਾਲੇ ਦਾ ਹੌਸਲਾ ਵੱਧਦਾ ਹੈ ਅਤੇ ਫੇਰ ਪੀੜਤ ਔਰਤ ਲਈ ਸ਼ੋਸ਼ਣ ਹੀ ਉਸ ਦਾ ਨਸੀਬ ਬਣ ਜਾਂਦਾ ਹੈ।



ਦਰਅਸਲ, ਸੰਸਾਰੀਕਰਨ ਦੇ ਕਾਰਨ ਇਸਤਰੀਆਂ ਵਿਚਾਲੇ ਅਸੁਰੱਖਿਆ ਦੀ ਭਾਵਨਾ ਵਧੀ ਹੈ। ਸਾਡੇ ਮੁਲਕ ਦੇ ਨਾਲ-ਨਾਲ ਪੂਰੇ ਏਸ਼ੀਆ ਵਿਚ ਹੀ ਸਥਿਤੀ ਬਹੁਤ ਹੀ ਮਾੜੀ ਹੈ। ਸਮਾਜਿਕ ਅਤੇ ਭਾਈਚਾਰਕ ਸਥਿਤੀਆਂ ਦੇ ਨਾਲ ਹੀ ਆਰਥਿਕ ਕਾਰਨਾਂ ਕਰਕੇ ਇਸਤਰੀਆਂ ਨੂੰ ਹਰ ਪਲ ਨਵੇਂ ਤੋਂ ਨਵੇਂ ਹਾਦਸਿਆਂ ਨਾਲ ਦੋ-ਚਾਰ ਹੋਣਾ ਪੈਂਦਾ ਹੈ। ਸੰਸਾਰੀਕਰਨ ਦੇ ਮਾਰੂ ਪ੍ਰਭਾਵਾਂ ਦਾ ਹੀ ਨਤੀਜਾ ਹੈ ਕਿ ਜੇਕਰ ਸਨਅਤਾਂ ਅਤੇ ਹੋਰਨਾਂ ਉਦਯੋਗਾਂ ਵਿਚ ਛਾਂਟੀ ਦੀ ਤਲਵਾਰ ਵੀ ਚੱਲਦੀ ਹੈ ਤਾਂ ਉਸ ਦਾ ਪਹਿਲਾ ਸ਼ਿਕਾਰ ਕਿਰਤੀ ਔਰਤਾਂ ਹੀ ਹੁੰਦੀਆਂ ਹਨ। ਜਿੱਥੇ ਇਸਤਰੀਆਂ ਕੰਮ ਕਰਦੀਆਂ ਹਨ ਉਥੇ ਮਿਹਨਤ ਵੀ ਮਰਦਾਂ ਨਾਲੋਂ ਲੱਗਭੱਗ ਅੱਧੀ ਹੀ ਮਿਲਦੀ ਹੈ।

ਬਾਜ਼ਾਰੀਕਰਨ ਦੇ ਇਸ ਦੌਰ ਵਿਚ ਤਾਂ ਇਸਤਰੀ ਨੂੰ ਇਸਤਰੀ ਹੀ ਨਹੀਂ ਰਹਿਣ ਦਿੱਤਾ ਗਿਆ। ਉਸ ਦਾ ਪੂਰੇ ਦਾ ਪੂਰਾ ਸਰੂਪ ਬਦਲ ਦਿੱਤਾ ਗਿਆ ਹੈ। ਬਾਜ਼ਾਰੀ ਸ਼ਕਤੀਆਂ ਲਈ ਇਸਤਰੀ ਸਿਰਫ ਤੇ ਸਿਰਫ ਇਕ ਵਸਤੂ ਹੀ ਹੈ। ਬਿਜਲਈ ਅਤੇ ਪ੍ਰਿੰਟ ਮੀਡੀਏ ਦੀ ਮੁਕਾਬਲੇਬਾਜ਼ੀ ਵਿਚ ਔਰਤ ਦੀ ਅਸਮਤ ਹੀ ਦਾਅ ਉਤੇ ਲਾ ਦਿੱਤੀ ਗਈ ਹੈ। ਦਰਅਸਲ, ਬਾਜ਼ਾਰ ਨੂੰ ਸਭ ਕੁੱਝ ਇਵੇਂ ਹੀ ਚਾਹੀਦਾ ਹੈ। ਇਸੇ ਲਈ ਵਿਧਾਨ ਸਭਾਵਾਂ ਅਤੇ ਲੋਕ ਸਭਾ ਵਿਚ ਇਸਤਰੀਆਂ ਲਈ 33 ਫੀਸਦੀ ਰਾਖਵਾਂਕਰਨ ਤਹਿ ਕਰਨ ਵਾਲਾ 'ਮਹਿਲਾ ਰਾਖਵਾਂਕਰਨ ਬਿਲ' ਪਾਸ ਤਾਂ ਕੀ ਹੋਣਾ ਹੈ, ਉਸ ਉਪਰ ਬਹਿਸ ਦੀਆਂ ਸੰਭਾਵਨਾਵਾਂ ਨੂੰ ਵੀ ਲੱਗਭੱਗ ਸਮਾਪਤ ਕਰ ਦਿੱਤਾ ਗਿਆ ਹੈ। ਇਹ ਸਭ ਕੁੱਝ ਬਾਜ਼ਾਰ ਮੁਤਾਬਕ ਹੀ ਹੋ ਰਿਹਾ ਹੈ। ਜੇ ਇਸਤਰੀ ਖੁਦ ਮੁਖਤਿਆਰ ਹੋ ਗਈ ਤਾਂ ਇਵੇਂ ਨਹੀਂ ਚੱਲ ਸਕੇਗਾ। ਇਸ ਆਰਥਿਕ, ਸਮਾਜਿਕ ਅਤੇ ਰਾਜਨੀਤਕ ਸੰਦਰਭ ਵਿਚ ਹੀ ਇਸਤਰੀ ਦੀ ਹੋਣੀ ਨੂੰ ਦੇਖਿਆ ਜਾਣਾ ਚਾਹੀਦਾ ਹੈ।

ਇਕ ਸਵਾਲ ਹਰ ਵਿਅਕਤੀ ਦੇ ਮਨ-ਮਸਤਕ 'ਤੇ ਉੱਕਰ ਸਕਦਾ ਹੈ ਕਿ ਜੇਕਰ ਭਾਰਤੀ ਇਸਤਰੀ ਦੀ ਹਾਲਤ ਏਨੀ ਹੀ ਮਾੜੀ ਹੈ ਤਾਂ ਫੇਰ 33 ਫੀਸਦੀ ਰਿਜ਼ਰਵੇਸ਼ਨ ਨੇ ਇਸਤਰੀਆਂ ਦਾ ਕੀ ਭਲਾ ਕਰ ਦੇਣਾ ਹੈ? ਦਰਅਸਲ, ਮਾਮਲਾ ਏਨਾ ਸਰਲ ਨਹੀਂ ਹੈ। ਇਹ ਠੀਕ ਹੈ ਕਿ ਪ੍ਰਸਥਿਤੀਆਂ ਬੇਹੱਦ ਮਾੜੀਆਂ ਹਨ ਪਰ ਇਹ ਵੀ ਸੱਚ ਹੈ ਕਿ ਇਸਤਰੀ ਆਪਣੇ ਅਧਿਕਾਰਾਂ ਪ੍ਰਤੀ ਲਗਾਤਾਰ ਚੇਤੰਨ ਹੁੰਦੀ ਜਾ ਰਹੀ ਹੈ। ਪੰਚਾਇਤਾਂ ਅਤੇ ਨਗਰਪਾਲਕਾਵਾਂ ਵਿਚ 33 ਫੀਸਦੀ ਰਿਜਰਵੇਸ਼ਨ ਮਿਲਣ ਦੇ ਨਾਲ ਬਿਨਾਂ ਸ਼ੱਕ ਇਸਤਰੀ ਲੀਡਰਸ਼ਿਪ ਦੀ ਇਕ ਨਵੀਂ ਪੌਦ ਸਾਹਮਣੇ ਆ ਰਹੀ ਹੈ ਤੇ ਲੋਕ ਸਭਾ ਤੇ ਵਿਧਾਨ ਸਭਾਵਾਂ ਵਿਚ ਇਹ ਹੱਕ ਮਿਲਣ ਨਾਲ ਲਾਜ਼ਮੀ ਤੌਰ 'ਤੇ ਭਾਰਤੀ ਇਸਤਰੀਆਂ ਦੇ ਮਸਤਕ ਵਿਚ ਨਵੇਂ ਸੂਰਜ ਦੇ ਉਦੈ ਹੋਣ ਦੀਆਂ ਸੰਭਾਵਨਾਵਾਂ ਪ੍ਰਬਲ ਹੋਣਗੀਆਂ।

ਆਖ਼ਰੀ ਅਤੇ ਅਸਲੀ ਗੱਲ ਇਹ ਹੈ ਕਿ ਅਸਲ ਵਿਚ ਵੱਡੇ ਪੈਮਾਨੇ 'ਤੇ ਇਸਤਰੀ ਦੀ ਹੋਣੀ ਬਦਲਣ ਲਈ ਪੂਰੇ ਰਾਜਨੀਤਕ ਏਜੰਡੇ ਨੂੰ ਹੀ ਬਦਲਣ ਦੀ ਲੋੜ ਹੈ ਪਰ ਇਹ ਐਨਾ ਸੌਖਾ ਕਾਰਜ ਨਹੀਂ ਹੈ। ਇਸ ਵੱਡੀ ਤਬਦੀਲੀ ਦੀ ਲੜਾਈ ਵਿਚ ਕੁੱਝ ਇਕ ਗੈਰ-ਸਰਕਾਰੀ ਅਤੇ ਔਰਤਾਂ ਦੀਆਂ ਜਥੇਬੰਦੀਆਂ ਨਹੀਂ ਬਲਕਿ ਸਮੁੱਚੇ ਕਿਰਤੀ ਲੋਕਾਂ ਦੇ ਸਾਂਝੇ, ਵਿਆਪਕ ਤੇ ਬੱਝਵੇਂ ਸੰਘਰਸ਼ ਦਾ ਉਭਰਨਾ ਇਕ ਲਾਜ਼ਮੀ ਤੇ ਬੁਨਿਆਦੀ ਸ਼ਰਤ ਹੈ। ਅਖੀਰ ਵਿਚ ਕੁਰਕਸ਼ੇਤਰ ਵੱਸਦੇ ਪੰਜਾਬੀ ਸ਼ਾਇਰ ਰਾਬਿੰਦਰ ਮਸਰੂਰ ਦਾ ਇਕ ਸ਼ਿਅਰ ਆਪਣੀਆਂ ਮਾਵਾਂ,ਭੈਣਾਂ ਅਤੇ ਬੱਚੀਆਂ ਦੇ ਨਾਂਅ-

'ਜੇ ਉਡਣੈ ਤਾਂ ਫਿਰ ਤੋੜਨਾ ਹੀ ਪਵੇਗਾ,
ਭਲਾ ਕੌਣ ਪਿੰਜਰੇ ਦਾ ਦਰ ਖੋਲ੍ਹਦਾ ਹੈ।'

# ਸੂਚਨਾ ਤਕਨੀਕ ਉਦਯੋਗ ਦਾ ਸੱਚ

ਲਖਵਿੰਦਰ

ਅੱਜ ਜਦੋਂ ਭਾਰਤ ਵਿਚ ਪੂੰਜੀਵਾਦੀ ਲੁੱਟ ਕਾਰਨ ਲੋਕਾਂ ਦੀ ਹਾਲਤ ਦਿਨ-ਬ-ਦਿਨ ਵਿਗੜਦੀ ਜਾ ਰਹੀ ਹੈ, ਬਣਦੀਆਂ ਬਦਲਦੀਆਂ ਸਰਕਾਰਾਂ ਦਾ ਲੋਕ-ਵਿਰੋਧੀ ਚਰਿੱਤਰ ਹੋਰ ਵੀ ਸਪੱਸ਼ਟ ਹੁੰਦਾ ਜਾ ਰਿਹਾ ਹੈ, ਰੰਗ ਬਿਰੰਗੇ ਵੋਟ ਬਟੋਰੂ ਮਦਾਰੀ ਹਰ ਤਰ੍ਹਾਂ ਦੀਆਂ ਕੋਸ਼ਿਸ਼ਾਂ ਕਰ ਕੇ ਇਸ ਪੂੰਜੀਵਾਦੀ ਢਾਂਚੇ ਨੂੰ ਬਚਾਉਣ ਲਈ ਅਪਾਣੀਆਂ ਖੋਖਲੀਆਂ ਉਪਲੱਬਧੀਆਂ ਦਾ ਇਸ ਤਰ੍ਹਾਂ ਪ੍ਰਚਾਰ ਕਰ ਰਹੇ ਹਨ ਜਿਵੇਂ ਹਰ ਪਾਸੇ ਤਰੱਕੀ ਦਾ ਮਾਹੌਲ ਹੋਵੇ, ਜਿਵੇਂ ਆਉਣ ਵਾਲੇ ਦਿਨਾਂ ਵਿਚ ਨਕਰ ਵਰਗੀ ਜ਼ਿੰਦਗੀ ਕੱਟ ਰਹੇ ਗ਼ਰੀਬ ਕਿਰਤੀ ਲਡੋਕਾਂ ਦੇ ਦੁੱਖਾਂ ਨੂੰ ਛੂ ਮੰਤਰ ਕਰ ਦਿਤਾ ਜਾਵੇਗਾ ਤਾਂ ਇਸੇ ਮਖੌਟਾ ਬਚਾਉ ਮੁਹਿੰਮ ਦੌਰਾਨ ਸੂਚਨਾ ਤਕਨੀਕ ਉਦਯੋਗ ਨੂੰ ਬਹੁਤ ਵਧਾ ਚੜ੍ਹਾ ਕੇ ਪੇਸ਼ ਕੀਤਾ ਜਾਂਦਾ ਹੈ। ਬੰਗਲੌਰ, ਗੁੜਗਾਉਂ, ਹੈਦਰਾਬਾਦ, ਪੂਨੇ, ਚੇਨਈ, ਨੋਇਡਾ ਅਤੇ ਕੋਲਕਾਤਾ ਜਿਹੇ ਵੱਡੇ ਵੱਡੇ ਸ਼ਹਿਰਾਂ ਦੀਆਂ ਚਮਚਮਾਉਦੀਆਂ ਬਿਲਡਿੰਗਾਂ ਦੇ ਉਦਾਹਰਨ ਪੇਸ਼ ਕਰ ਕਰ ਸਰਕਾਰਾਂ ਇਹ ਵਿਖਾਵਾ ਕਰਨ ਦੀ ਕੋਸ਼ਿਸ਼ ਕਰਦੀਆਂ ਹਨ ਕਿ ਹੁਣ ਤਾਂ ਬੇਰੁਜ਼ਗਾਰੀ ਦੀ ਕੋਈ ਸਮੱਸਿਆ ਰਹੀ ਹੀ ਨਹੀਂ, ਕਿ ਹੁਣ ਤਾਂ ਹਰ ਪਾਸੇ ਰੁਜ਼ਗਾਰ ਹੀ ਰੁਜ਼ਗਾਰ ਹੈ। ਉਹ ਇਹ ਕਹਿੰਦੇ ਕਦੇ ਵੀ ਨਹੀਂ ਥੱਕਦੇ ਕਿ ਜੇ ਕੋਈ ਵੀ ਮਿਹਨਤ ਕਰੇ ਤਾਂ ਇਸੇ ਵਿਵਸਥਾ ਅੰਦਰ ਖੁਸ਼ਹਾਲ ਤੇ ਆਰਾਮਦਾਇਕ ਜ਼ਿੰਦਗੀ ਜਿਉਂ ਸਕਦਾ ਹੈ। ਉਨ੍ਹਾਂ ਮੁਤਾਬਕ ਜੇ ਹੁਣ ਵੀ ਕੋਈ ਬੇਰੁਜ਼ਗਾਰ ਜਾਂ ਗ਼ਰੀਬ ਹੈ ਤਾਂ ਉਸ ਦਾ ਆਪਣਾ ਕਸੂਰ ਹੈ ਨਾ ਕਿ ਪੂੰਜੀਵਾਦ ਦਾ।

ਭਾਰਤ ਵਰਗੇ ਗ਼ਰੀਬ ਦੇਸ਼ਾਂ ਵਿਚ ਵਿਦੇਸ਼ੀ ਪੂੰਜੀ ਨਿਵੇਸ਼ ਵਧਦਾ ਹੀ ਜਾ ਰਿਹਾ ਹੈ। ਸਾਮਰਾਜਵਾਦੀ ਦੇਸ਼ਾਂ ਵਿਚ ਮਜ਼ਦੂਰੀ ਦੀਆਂ ਦਰਾਂ ਬਹੁਤ ਉਚੀਆਂ ਹਨ। ਇਸ ਲਈ ਇਨ੍ਹਾਂ ਦੇਸ਼ਾਂ ਦੀਆਂ ਅਨੇਕਾਂ ਕੰਪਨੀਆਂ ਆਪਣੇ ਕਾਰਖਾਨੇ ਗ਼ਰੀਬ ਦੇਸ਼ਾਂ ਵਿਚ ਲੈ ਕੇ ਜਾ ਰਹੀਆਂ ਹਨ ਜਿਥੇ ਸਸਤੀ ਕਿਰਤ ਦੇ ਨਾਲ ਨਾਲ ਕੱਚਾ ਮਾਲ ਭਾਰੀ ਮਾਤਰਾ ਵਿਚ ਉਪਲਬੱਧ ਹੈ। ਇੰਟਰਨੈਟ ਖੋਜ ਨੇ ਦਫ਼ਤਰੀ ਕੰਮ ਕਾਜ ਨੂੰ ਵੀ ਗ਼ਰੀਬ ਦੇਸ਼ਾਂ ਵਿਚ ਸ਼ਿਫ਼ਟ ਕਰ ਸਕਣਾ ਅਸਾਨ ਬਣਾ ਦਿਤਾ ਹੈ। ਇਸ ਲਈ ਸਾਮਰਾਜਵਾਦੀ ਦੇਸ਼ਾਂ ਦੀਆਂ ਕੰਪਨੀਆਂ ਆਪਣੇ ਲਿਖਤੀ ਕੰਮ ਕਾਜ ਨੂੰ ਵੀ ਭਾਰਤ ਵਰਗੇ ਦੇਸ਼ਾਂ ਵਿਚ ਸ਼ਿਫ਼ਟ ਕਰ ਰਹੀਆਂ ਹਨ। ਇਸੇ ਨੂੰ ਹੀ ਬਹੁ ਪ੍ਰਚਾਰਿਤ ਬੀ.ਪੀ.ਓ. (ਬਿਜਨਸ ਪਰੋਸੈਸ ਆਊਟਸੋਰਸਿੰਗ) ਕਹਿੰਦੇ ਹਨ ਅਤੇ ਭਾਰਤ ਵਰਗੇ ਦੇਸ਼ਾਂ ਵਿਚ ਜਿਥੇ ਕੰਪਨੀਆਂ ਦਾ ਇਸ ਕਿਸਮ ਦਾ ਕੰਮ ਕਾਜ ਹੁੰਦਾ ਹੈ ਉਸ ਨੂੰ ਕਾਲ ਸੈਂਟਰ ਕਿਹਾ ਜਾਂਦਾ ਹੈ। ਇਸ ਬੀ.ਪੀ.ਓ. ਸੈਕਟਰ ਨੂੰ ਹੀ ਅੱਜ ਸੂਚਨਾ ਉਦਯੋਗ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਅਸਲੀਅਤ ਇਹ ਹੈ ਕਿ ਆਪਣੇ ਦਸ ਬਾਰਾਂ ਵਰ੍ਹਿਆਂ ਦੇ ਦੌਰ ਵਿਚ ਸੂਚਨਾ ਤਕਨੀਕ ਉਦਯੋਗ ਸਿਰਫ਼ 2 ਲੱਖ ਲੋਕਾਂ ਨੂੰ ਹੀ ਰੁਜ਼ਗਾਰ ਦੇ ਸਕਿਆ ਹੈ ਅਤੇ ਦੂਜੇ ਪਾਸੇ ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨਾਂ ਦੀ ਗਿਣਤੀ ਕਰੋੜਾਂ ਵਿਚ ਹੈ। ਇਸ ਵਿਚ ਵੀ ਜੇ ਗਹਿਰਾਈ ਨਾਲ ਵੇਖਿਆ ਜਾਵੇ ਤਾਂ ਨੌਕਰੀ ਹਾਸਲ ਕਰ ਸਕਣ ਵਾਲੇ ਨੌਜਵਾਨ ਮੁੱਖ ਰੂਪ ਵਿਚ ਉਸ ਮੱਧ ਵਰਗ ਵਿਚੋਂ ਹੁੰਦੇ ਹਨ ਜਿਨ੍ਹਾਂ ਦੇ ਮਾਤਾ ਪਿਤਾ ਜਾਂ ਤਾਂ ਸੁਰੱਖਿਅਤ ਨੌਕਰੀ ਕਰ ਰਹੇ ਹੁੰਦੇ ਜਾਂ ਫਿਰ ਆਪਣਾ ਕੋਈ ਚੰਗੀ ਕਮਾਈ ਵਾਲਾ ਕਾਰੋਬਾਰ ਕਰ ਰਹੇ ਹੁੰਦੇ ਹਨ। ਸੂਚਨਾ ਉਦਯੋਗ ਵਿਚ ਕੰਮ ਉਨ੍ਹਾਂ ਨੂੰ ਹੀ ਮਿਲ ਸਕਦਾ ਹੈ ਜੋ ਕਾਨਵੈਂਟ ਜਾਂ ਪਬਲਿਕ ਸਕੂਲਾਂ ਵਿਚ ਪੜ੍ਹੇ ਹੋਣ ਅਤੇ ਅੰਗਰੇਜ਼ੀ ਚੰਗੀ ਬੋਲ ਲੈਂਦੇ ਹੋਣ। ਇਸ ਤਰ੍ਹਾਂ ਚੰਗੀ ਯੋਗਤਾ ਵਾਲੇ ਅੰਗਰੇਜ਼ੀ ਨਾ ਬੋਲ ਸਕਣ ਵਾਲੇ ਹੋਣਹਾਰ ਨੌਜਵਾਨਾਂ ਨੂੰ ਬਾਹਰ ਦਾ ਰਸਤਾ ਦਿਖਾ ਦਿਤਾ ਜਾਂਦਾ ਹੈ।

ਇਸ ਉਦਯੋਗ ਬਾਰੇ ਇਹ ਪ੍ਰਚਾਰ ਕੀਤਾ ਜਾਂਦਾ ਹੈ ਕਿ ਇਥੇ ਕੰਮ ਕਰਨ ਵਾਲਿਆਂ ਲਈ ਮਾਹੌਲ ਕਾਲਜ ਕੈਂਪਸ ਵਰਗਾ ਅਤੇ ਬਹੁਤ ਆਰਾਮਦਾਇਕ ਹੁੰਦਾ ਹੈ। ਕੰਮ ਦੇ ਹਾਲਾਤ ਕਿਹੋ ਜਿਹੇ ਹੋਣਗੇ ਇਸ ਦਾ ਅੰਦਾਜਾ ਤਾਂ ਇਸ ਤੋਂ ਲਾਇਆ ਜਾ ਸਕਦਾ ਹੈ ਕਿ ਵੀ.ਵੀ. ਗਿਰੀ ਕਿਰਤ ਸੰਸਥਾਨ ਦੇ ਬਾਬੂ ਪੀ. ਰਾਕੇਸ਼ ਦੁਆਰਾ ਤਿਆਰ ਕੀਤੀ ਗਈ ਰੀਪੋਰਟ ਵਿਚ ਉਨ੍ਹਾਂ ਨੇ ਸੂਚਨਾ ਤਕਨੀਕ ਉਦਯੋਗ ਦੀਆਂ ਹਾਲਤਾਂ ਦੀ ਤੁਲਨਾ ਰੋਮਨ ਗੁਲਾਮੀ ਅਤੇ ਉਨੀਵੀਂ ਸਦੀ ਦੀਆਂ ਜੇਲਾਂ ਨਾਲ ਕੀਤੀ ਹੈ। ਕੰਮ ਦੇ 11-12 ਘੰਟੇ ਬਹੁਤ ਹੀ ਆਮ ਗੱਲ ਹੈ, ਬਿਨਾਂ ਕਿਸੇ ਓਵਰ ਟਾਈਮ ਦੀ ਤਨਖ਼ਾਹ ਦੇ। ਘਰ ਤੋਂ ਨਿਕਲਣ ਅਤੇ ਵਾਪਸ ਆਉਣ ਵਿਚ 15-16 ਘੰਟੇ ਲੱਗ ਜਾਂਦੇ ਹਨ। ਇਸ ਦਾ ਅਰਥ ਹੈ ਕਿ 15-16 ਘੰਟੇ ਕਰਮਚਾਰੀ ਕੰਪਨੀ ਦੀ ਗ੍ਰਿਫ਼ਤ ਵਿਚ ਹੀ ਫਸਿਆ ਰਹਿੰਦਾ ਹੈ। ਅਜਿਹਾ ਇਸ ਲਈ ਹੁੰਦਾ ਹੈ ਕਿ ਆਵਜਾਈ ਦੀ ਸੁਵਿਧਾ ਦੇ ਨਾਂ 'ਤੇ ਕਰਮਚਾਰੀਆਂ ਦੇ ਗਲ ਵਿਚ ਰੱਸਾ ਕਸਿਆ ਹੋਇਆ ਹੈ। ਇਕ ਡਰਾਈਵਰ ਦੁਆਰਾ ਕਿੰਨੇ ਹੀ ਕਰਮਚਾਰੀਆਂ ਨੂੰ ਉਨ੍ਹਾਂ ਦੇ ਘਰਾਂ ਤਕ ਛੱਡ ਕੇ ਆਉਣਾ ਹੁੰਦਾ ਹੈ। ਆਪਣੀ ਵਾਰੀ ਦੀ ਉਡੀਕ ਵਿਚ ਕੰਪਨੀ ਵਿਚ ਹੀ ਬਹੁਤ ਦੇਰ ਤਕ ਬੈਠਣਾ ਪੈਂਦਾ ਹੈ। ਰਾਤ ਵਿਚ ਤਾਂ ਸਥਿਤੀ ਬਹੁਤ ਹੀ ਕਸੂਤੀ ਬਣ ਜਾਂਦੀ ਹੈ, ਜਦੋਂ ਕੰਪਨੀ ਦੀ 'ਆਵਾਜਾਈ' ਤੋਂ ਬਿਨਾਂ ਹੋਰ ਕੋਈ ਚਾਰਾ ਹੀ ਨਹੀਂ ਹੁੰਦਾ। ਡਰਾਈਵਰ ਵੀ ਨੌਕਰੀ 'ਤੇ ਪੱਕੇ ਨਹੀਂ ਰੱਖੇ ਜਾਂਦੇ, ਸਿਰਫ਼ ਕਿਰ-ਾਏ 'ਤੇ ਹੀ ਲਏ ਜਾਂਦੇ ਹਨ। ਨੌਕਰੀ 'ਤੇ ਪੱਕਾ ਰੱਖੇ ਜਾਣ ਦਾ ਅਰਥ ਹੋਵੇਗਾ ਕਈ ਤਰ੍ਹਾਂ ਦੇ ਫ਼ੰਡ, ਭੱਤੇ ਆਦਿ ਵੀ ਦੇਣੇ ਪੈਣਗੇ ਅਤੇ ਇਹ ਸੁਵਿਧਾਵਾਂ ਕੰਪਨੀ ਦੇ ਮੁਨਾਫ਼ੇ ਵਿਚ ਕਮੀ ਦਾ ਕਾਰਨ ਬਣਨਗੀਆਂ।

ਇਹ ਮਾਨਤਾ ਕਿ ਆਈ.ਟੀ. ਉਦਯੋਗ ਔਰਤਾਂ ਲਈ ਬਰਾਬਰੀ ਦਾ ਦਰਜਾ ਪ੍ਰਦਾਨ ਕਰਦਾ ਹੈ, ਵੀ ਇਕ ਭਰਮ ਹੀ ਹੈ। ਔਰਤਾਂ ਨੂੰ ਆਮ ਤੌਰ 'ਤੇ ਘੱਟ ਤਨਖ਼ਾਹ ਅਤੇ ਘੱਟ ਯੋਗਤਾ ਵਾਲੇ ਕੰਮ ਹੀ ਦਿਤੇ ਜਾਂਦੇ ਹਨ। ਇਸ ਤਰ੍ਹਾਂ ਆਈ.ਟੀ. ਉਦਯੋਗ ਕਿਰਤ ਮੰਡੀ ਵਿਚ ਲਿੰਗ ਭੇਦ ਨੂੰ ਕਾਇਮ ਰੱਖ ਰਿਹਾ ਹੈ। ਔਰਤਾਂ ਤੋਂ ਦੇਰ ਰਾਤ ਦੀਆਂ ਸ਼ਿਫ਼ਟਾਂ ਵਿਚ ਕੰਮ ਕਰਾਇਆ ਜਾਂਦਾ ਹੈ। ਰਾਤ ਨੂੰ ਆਉਂਦੇ ਜਾਂਦੇ ਭਿਅੰਕਰ ਅਸੁਰੱਖਿਆ ਦਾ ਵਾਤਾਵਰਣ ਬਣਿਆ ਰਹਿੰਦਾ ਹੈ। ਬੰਗਲੌਰ ਵਿਚ ਪ੍ਰਤਿਭਾ ਸ੍ਰੀਕਾਂਤ ਮੂਰਤੀ ਨਾਂ ਦੀ ਬੀ.ਪੀ.ਓ. ਕਰਮਚਾਰੀ ਨਾਲ ਬਲਾਤਕਾਰ ਅਤੇ ਕਤਲ ਦਾ ਮਾਮਲਾ ਸਾਰਿਆਂ ਦੇ ਸਾਹਮਣੇ ਹੈ। ਇਹ ਸੂਚਨਾ ਉਦਯੋਗ ਕੰਪਨੀਆਂ ਜੋ ਆਪਣੇ ਕਰਮਚਾਰੀਆਂ ਦੀ ਮਿਹਨਤ ਤੋਂ ਅਰਬਾਂ ਰੁਪਏ ਕਮਾਉਂਦੀਆਂ ਹਨ, ਉਹ ਕਰਮਚਾਰੀਆਂ ਦੀ ਸੁਰੱਖਿਆ ਬਾਰੇ ਨਾ ਤਾਂ ਕੁੱਝ ਸੋਚ ਹੀ ਰਹੀਆਂ ਹਨ ਅਤੇ ਨਾ ਹੀ ਉਨ੍ਹਾਂ ਦੀ ਕੋਈ ਜ਼ਿੰਮੇਵਾਰੀ ਚੁੱਕਣ ਲਈ ਤਿਆਰ ਹਨ। ਉਨ੍ਹਾਂ ਨੂੰ ਤਾਂ ਬਸ ਮੁਨਾਫ਼ਾ ਚਾਹੀਦਾ ਹੈ।

ਆਪਣੇ ਕਰਮਚਾਰੀਆਂ ਨੂੰ ਤਨਾਉ ਮੁਕਤ ਕਰਨ ਦੇ ਨਾਂ 'ਤੇ ਇਹ ਦੇਸ਼ੀ ਵਿਦੇਸ਼ੀ ਕੰਪਨੀਆਂ ਸਮੇਂ ਸਮੇਂ 'ਤੇ ਪਾਰਟੀਆਂ, ਜਸ਼ਨਾਂ ਦਾ ਆਯੋਜਨ ਕਰਦੀਆਂ ਰਹਿੰਦੀਆਂ ਹਨ। ਇਨ੍ਹਾਂ ਵਿਚ ਜਿਸ ਪਤਨਸ਼ੀਲ, ਪੂੰਜੀਵਾਦੀ ਸਭਿਆਚਾਰ ਨੂੰ ਹਵਾ ਦਿਤੀ ਜਾਂਦੀ ਹੈ, ਉਸ ਨੂੰ ਕਦੇ ਵੀ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਇਹ ਪਾਰਟੀਆਂ ਅਸ਼ਲੀਲ ਨੁਮਾਇਸ਼ਾਂ ਹੁੰਦੀਆਂ ਹਨ, ਖੁਲ੍ਹੇਪਨ ਦੇ ਨਾਂ 'ਤੇ ਨੰਗੇਪਨ ਨੂੰ ਵਧਾਉਂਦੀਆਂ ਹਨ। ਇਨ੍ਹਾਂ ਪਾਰਟੀਆਂ ਦਾ ਗੀਤ ਸੰਗੀਤ ਅਤੇ ਨਾਚ ਇਕ ਅਜਿਹਾ ਮਾਹੌਲ ਸਿਰਜਦਾ ਹੈ ਜੋ ਪੂੰਜੀਵਾਦੀ ਬਰਬਰਤਾ ਪ੍ਰਤੀ ਸੂਚਨਾ ਤਕਨੀਕ ਉਦਯੋਗ ਦੇ ਇਨ੍ਹਾਂ ਅਧੁਨਿਕ ਮਜ਼ਦੂਰਾਂ ਨੂੰ ਸੰਵੇਦਨਹੀਣ ਬਣਾਉਣ ਦਾ ਹੀ ਕੰਮ ਕਰਦਾ ਹੈ।

ਉਥੇ ਕੋਈ ਕਿਰਤ ਕਾਨੂੰਨ ਲਾਗੂ ਨਹੀਂ ਹੁੰਦੇ। ਯੂਨੀਅਨ ਬਣਾ ਕੇ ਹੜਤਾਲ ਕਰਨ ਦਾ ਤਾਂ ਸਵਾਲ ਹੀ ਨਹੀਂ ਉਠਦਾ। ਪਹਿਲੀ ਗੱਲ ਤਾਂ ਇਹ ਹੈ ਕਿ ਉਥੇ ਸਿਸਟਮ ਹੀ ਅਜਿਹਾ ਬਣਾਇਆ ਜਾਂਦਾ ਹੈ ਕਿ ਕਰਮਚਾਰੀਆਂ ਵਿਚ ਵਿਅਕਤੀਵਾਦੀ ਸੋਚ ਭਾਰੂ ਰਹੇ। ਸਮੂਹਿਕਤਾ ਜ਼ਿਆਦਾ ਤੋਂ ਜ਼ਿਆਦਾ ਘੱਟ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਤਾਂ ਕਿ ਉਨ੍ਹਾਂ ਵਿਚ ਏਕਾ ਕਰਨ ਅਤੇ ਯੂਨੀਅਨਬਾਜ਼ੀ ਕਰਨ ਦੀ ਸੋਚ ਪੈਦਾ ਹੀ ਨਾ ਹੋਵੇ। ਅਪਣੇ ਕਿਸੇ ਸਹਿ ਕਰਮਚਾਰੀ ਤੋਂ ਤਨਖ਼ਾਹ ਪੁਛਣਾ ਵੀ ਨੌਕਰੀ ਤੋਂ ਹੱਥ ਧੋ ਬੈਠਣ ਦਾ ਕਾਰਨ ਬਣ ਸਕਦਾ ਹੈ। ਉਨ੍ਹਾਂ ਦੇ ਟਾਰ-ਗੇਟ ਹੀ ਏਨੇ ਵੱਡੇ ਵੱਡੇ ਤੈਅ ਕੀਤੇ ਜਾਂਦੇ ਹਨ ਕਿ ਉਹ ਆਪਣੀਆਂ ਨੌਕਰੀਆਂ ਬਚਾਉਣ ਤੋਂ ਸਿਵਾ ਹੋਰ ਕੁੱਝ ਸੋਚ ਵੀ ਨਹੀਂ ਪਾਉਂਦੇ। ਰੋਜ਼ਾਨਾ 15-16 ਘੰਟੇ ਕੰਮ ਅਤੇ ਹਫ਼ਤੇ ਵਿਚ ਸਿਰਫ਼ ਇਕ ਹੀ ਛੁੱਟੀ ਅਤੇ ਉਸ ਦਾ ਵੀ ਪਤਾ ਨਹੀਂ ਕਿ ਮਿਲੇਗੀ ਜਾਂ ਨਹੀਂ, ਉਚੇ ਟਾਰਗੇਟ ਅਤੇ ਨੌਕਰੀ ਬਚਾਉਣ ਦੀ ਚਿੰਤਾ ਇਕ ਘੁਟਨ ਭਰਿਆ ਮਾਹੌਲ ਤਿਆਰ ਕਰਦੇ ਹਨ, ਜਿਸ ਦਾ ਨਤੀਜਾ ਇਹ ਹੈ ਕਿ 10 ਵਿਚੋਂ 7 ਬੀ.ਪੀ.ਓ. ਮੁਲਾਜ਼ਮ ਭਿਅੰਕਰ ਮਾਨਸਿਕ ਤਨਾਅ ਅਤੇ ਨਿਰਾਸ਼ਾਪੂਰਨ ਸਥਿਤੀ ਵਿਚ ਰਹਿ ਰਹੇ ਹਨ। ਇਹ ਵੀ ਤਾਂ ਇਕ ਤੱਥ ਹੈ ਕਿ ਵਿਦੇਸ਼ੀ ਆਈ.ਟੀ. ਕੰਪਨੀਆਂ ਆਪਣੇ ਮੂਲ ਦੇਸ਼ ਵਿਚ ਜੋ ਤਨਖ਼ਾਹ ਦਿੰਦੀਆਂ ਹਨ, ਭਾਰਤੀਆਂ ਨੂੰ ਉਸ ਤੋਂ ਕਿਤੇ ਘੱਟ ਮਿਲਦਾ ਹੈ। ਸਸਤੀ ਕਿਰਤ ਦੀ ਵਜ੍ਹਾ ਕਰ ਕੇ ਸਾਮਰਾਜਵਾਦੀਆਂ ਦੀ ਚਾਂਦੀ ਹੀ ਚਾਂਦੀ ਹੈ। ਜ਼ਿਆਦਾਤਰ ਸੂਚਨਾ ਤਕਨੀਕ ਮਜ਼ਦੂਰ ਜੋ ਕਿ 8-10 ਹਜ਼ਾਰ ਰੁਪਏ ਹੀ ਪ੍ਰਤੀ ਮਹੀਨਾ ਕਮਾ ਪਾਉਂਦੇ ਹਨ, ਇਨ੍ਹਾਂ ਦੇਸ਼ੀ-ਵਿਦੇਸ਼ੀ ਪੂੰਜੀਪਤੀਆਂ ਸਾਮਰਾਜਵਾਦੀਆਂ ਨੂੰ ਆਪਣੀ ਕਮਾਈ ਤੋਂ ਕਿਤੇ ਵੱਧ ਕਮਾ ਕੇ ਦਿੰਦੇ ਹਨ। ਭਾਰਤ ਵਿਚ ਪਿਛਲੇ ਡੇਢ ਵਰ੍ਹੇ ਦੌਰਾਨ ਵਧਿਆ ਫੁਲਿਆ ਸੂਚਨਾ ਉਦਯੋਗ ਭਾਰਤੀ ਅਰਥਚਾਰੇ ਦੇ ਵਿਸ਼ਵ ਪੂੰਜੀਵਾਦੀ ਅਰਥਚਾਰੇ ਨਾਲ ਏਕੀਕਰਨ ਨੂੰ ਦਰਸਾਉਂਦਾ ਹੈ। ਭਾਰਤੀ ਅਰਥਚਾਰੇ ਦੇ ਇਸ ਸੂਚਨਾ ਤਕਨੀਕ ਉਦਯੋਗ ਦਾ ਇਹ ਸੈਕਟਰ ਵਿਸ਼ਵ-ਪੂੰਜੀਵਾਦੀ ਵਿਵਸਥਾ ਨਾਲ ਪੂਰੀ ਤਰ੍ਹਾਂ ਜੁੜਿਆ ਹੋਇਆ ਹੈ। ਵਿਸ਼ਵ ਪੂੰਜੀਵਾਦੀ ਅਰਥਚਾਰੇ ਵਿਚ ਕਿਸੇ ਪ੍ਰਕਾਰ ਦਾ ਵੀ ਕੋਈ ਆਉਣ ਵਾਲਾ ਉਤਾਰ ਚੜਾਅ ਇਸ ਖੇਤਰ ਨੂੰ ਸਿੱਧਾ ਪ੍ਰਭਾਵਿਤ ਕਰੇਗਾ। ਆਰਥਿਕ ਮੰਦੀ ਨਾਲ ਜੂਝ ਰਹੇ ਸਾਮਰਾਜਾਵਾਦੀ ਦੇਸ਼ਾਂ ਉਤੇ ਪੂਰੀ ਤਰ੍ਹਾਂ ਨਿਰਭਰ ਭਾਰਤ ਦਾ ਸੂਚਨਾ ਤਕਨੀਕ ਉਦਯੋਗ ਇਕ ਪਾਣੀ ਦੇ ਬੁਲਬਲੇ ਦੀ ਤਰ੍ਹਾਂ ਹੈ ਜੋ ਸਾਮਰਾਜਵਾਦੀ ਦੇਸ਼ਾਂ ਦੇ ਗਹਿਰਾਉਂਦੇ ਆਰਥਿਕ ਸੰਕਟਾਂ, ਤਿੱਖੇ ਹੁੰਦੇ ਅੰਤਰ-ਸਾਮਰਾਜਵਾਦੀ ਅੰਤਰ-ਵਿਰੋਧਾਂ ਵਜੋਂ ਕਦੇ ਵੀ ਫੁੱਟ ਸਕਦਾ ਹੈ।

# ਪੱਤਰਕਾਰੀ ਦਾ ਇਸਤਰੀ ਪੱਖ

ਭਾਸ਼ਾ ਸਿੰਘ




-ਮੈਨੂੰ ਪਤਾ ਹੁੰਦਾ ਕਿ ਤੁਹਾਡੀ ਬੱਚੀ ਹੈ, ਤਾਂ ਸ਼ਾਇਦ ਤੁਹਾਨੂੰ ਨੌਕਰੀ ਨਹੀਂ ਮਿਲਦੀ। ਬਹੁਤ ਧਿਆਨ ਵੰਡਦਾ ਹੈ ਔਰਤਾਂ ਦਾ, ਅੱਧੇ ਸਮੇਂ ਬਿਮਾਰੀ ਹੀ ਚਲਦੀ ਰਹਿੰਦੀ ਹੈ। ਛੁੱਟੀਆਂ ਤੇ ਬਾਕੀ ਝੰਝਟ ਵੱਖ।

-ਕੁੜੀਆਂ ਪੱਤਰਕਾਰੀ ਵਿੱਚ ਆ ਕੇ ਕੁੜੀਆਂ ਨਹੀਂ ਰਹਿੰਦੀਆਂ, ਉਹ ਪੱਤਰਕਾਰ ਹੁੰਦੀਆਂ ਹਨ। ਜੇ ਕੁੜੀ ਬਣ ਕੇ ਰਹਿਣਾ ਹੈ ਤਾਂ ਨੌਕਰੀ ਛੱਡ ਦਿਓ। ਦਫਤਰ ਦੀ ਗੱਡੀ ਰਾਤ ਨੂੰ ਤੁਹਾਨੂੰ ਘਰ ਤਕ ਕਿਉਂ ਛੱਡੇ। ਜਿਵੇਂ ਬਾਕੀ ਲੋਕਾਂ ਨੂੰ ਗਲੀ ਦੇ ਮੋੜ ਤਕ ਉਤਾਰਦੀ ਹੈ, ਉਥੇ ਤੁਹਾਨੂੰ ਵੀ ਉਤਾਰੇਗੀ।

ਇਹ ਦੋ ਬੇਹੱਦ ਛੋਟੀਆਂ ਅਤੇ ਆਮ ਜਿਹੀਆਂ ਲੱਗਣ ਵਾਲੀਆਂ ਟਿੱਪਣੀਆਂ ਹਨ। ਹੋ ਸਕਦਾ ਹੈ ਕਿ ਕੁਝ ਲੋਕਾਂ ਨੂੰ ਲੱਗੇ ਕਿ ਇਨ੍ਹਾਂ ਤੋਂ ਪੱਤਰਕਾਰੀ ਦੀ ਕੋਈ ਚੰਗੀ ਤਸਵੀਰ ਵੀ ਸਾਹਮਣੇ ਨਹੀਂ ਆਉਂਦੀ। ਝਲਕ ਮਿਲਦੀ ਹੈ ਤਾਂ ਬਸ ਮਾਨਸਿਕਤਾ ਦੀ। ਅਜਿਹੀ ਹੀ ਮਾਨਸਿਕਤਾ ਨਾਲ ਟਕਰਾਉਣਾ ਪੈਂਦਾ ਹੈ ਜਦੋਂ ਪੱਤਰਕਾਰੀ ਵਿਚ ਮੁਸਲਿਮ ਜਾਂ ਦਲਿਤ ਸਾਥੀਆਂ ਦੀ ਖੋਜ ਕਰਨ ਨਿਕਲਦੇ ਹਾਂ। ਜਿਨ੍ਹਾਂ ਦੀ ਅੱਜ ਵੀ ਪੱਤਰਕਾਰੀ ਵਿੱਚ ਮੌਜੂਦਗੀ ਬਹੁਤ ਘੱਟ ਹੈ। ਖੈਰ, ਪਿਛਲੇ ਡੇਢ ਦਹਾਕੇ ਤੋਂ ਵੱਧ ਦੀ ਪੱਤਰਕਾਰੀ ਵਿੱਚ ਸਫਰ ਦੌਰਾਨ ਉਪਰ ਦਿੱਤੀਆਂ ਗਈਆਂ ਟਿੱਪਣੀਆਂ ਅਤੇ ਅਜਿਹੀਆਂ ਅਣਗਿਣਤ ਗੱਲਾਂ ਵਿਚੋਂ ਲੰਘਣ ਦਾ ਮੌਕਾ ਮੈਨੂੰ ਬਹੁਤ ਵਾਰ ਮਿਲਿਆ। ਕਈਆਂ ਦਾ ਡਟ ਕੇ ਵਿਰੋਧ ਕੀਤਾ ਪਰ ਜ਼ਿਆਦਾਤਰ ਨੂੰ ਹੱਸ ਕੇ ਟਾਲ ਦਿੱਤਾ। ਦਫਤਰ ਤੋਂ ਘਰ ਤਕ ਗੱਡੀ ਛੱਡੇ ਇਸ ਲਈ ਮੈਨੇਜਮੈਂਟ ਨਾਲ ਸ਼ਿਖਰ ਤਕ ਲੜਾਈ ਲੜੀ, ਮਹਿਲਾ ਕਰਮਚਾਰੀਆਂ ਲਈ ਵੱਖਰੇ ਟਾਇਲਟ ਹੋਣ ਇਸ ਲਈ ਵੀ ਜੰਗ ਛੇੜਨੀ ਪਈ। ਇਹ ਸਾਰੀਆਂ ਗੱਲਾਂ ਬੀਤੇ ਸਮੇਂ ਦੀਆਂ ਗੱਲਾਂ ਨਹੀਂ ਹਨ, ਅੱਜ ਵੀ ਹਕੀਕਤ ਹੈ। ਇਹ ਛੋਟੀਆਂ ਛੋਟੀਆਂ ਗੱਲਾਂ ਲਗ ਸਕਦੀਆਂ ਹਨ ਪਰ ਅੱਜ ਵੀ ਮਹਿਲਾ ਪੱਤਰਕਾਰਾਂ ਲਈ ਕੰਮ ਕਰਨ ਲਾਇਕ ਸਨਮਾਨਜਨਕ ਸੁਰੱਖਿਅਤ ਸਥਿਤੀਆਂ 'ਤੇ ਦਿੱਲੀ ਤੋਂ ਲੈ ਕੇ ਛੋਟੇ ਸ਼ਹਿਰਾਂ ਤੱਕ ਬਹਿਸਾਂ ਚੱਲ ਰਹੀਆਂ ਹਨ। ਅੱਜ ਵੀ ਕੁੜੀਆਂ ਨੂੰ ਨੌਕਰੀ ਦੇਣ ਤੋਂ ਪਹਿਲਾਂ ਇਹ ਹਿਸਾਬ ਲਾਇਆ ਜਾਂਦਾ ਹੈ ਕਿ ਉਹ ਵਿਆਹ ਕਰਨੀਆਂ, ਬੱਚੇ ਹੋਣਗੇ ਅਤੇ ਇਸ ਨਾਲ ਕੰਮ ਵਿੱਚ ਨੁਕਸਾਨ ਹੋਵੇਗਾ। ਜਿਸ ਤਰ੍ਹਾਂ ਬਾਕੀ ਕਾਰਪੋਰੇਟ ਜਗਤ ਵਿੱਚ ਬੱਚਾ ਹੋਣ 'ਤੇ ਛੁੱਟੀ ਦੇਣ ਉਪਰ ਹਾਏ-ਤੋਬਾ ਮਚਦੀ ਹੈ, ਮਹਿਲਾਵਾਂ ਨੂੰ ਇਹ ਲੁਕਾਉਣਾ ਪੈਂਦਾ ਹੈ ਕਿ ਉਹ ਵਿਆਹੀਆਂ ਹਨ। ਸਹਿਕਰਮੀ ਨਾਲ ਵਿਆਹ ਤੋਂ ਬਾਅਦ ਆਪਣੀ ਨੌਕਰੀ ਨੂੰ ਬਚਾਉਣ ਲਈ ਪਿਛਲੇ ਸਾਲ ਹੀ ਦੇਹਰਾਦੂਨ ਵਿੱਚ ਇਕ ਨੌਜਵਾਨ ਮਹਿਲਾ ਪੱਤਰਕਾਰ ਨੇ ਪੂਰੀ ਕੋਸ਼ਿਸ਼ ਕੀਤੀ। ਵਿਅਕਤੀ ਦੀ ਨਿੱਜਤਾ 'ਤੇ ਹਮਲਾ ਕਰਨ ਵਾਲੇ ਅਜਿਹੇ ਬੇਹੂਦਾ ਨਿਯਮ ਉਹ ਨਹੀਂ ਬਦਲਵਾ ਸਕੀ ਅਤੇ ਆਖਿਰਕਾਰ ਉਸ ਨੂੰ ਹੀ ਨੌਕਰੀ ਛਡਣੀ ਪਈ। ਆਖਰ ਉਸ ਦੀ ਤਨਖਾਹ ਆਪਣੇ ਜੀਵਨ ਸਾਥੀ ਤੋਂ ਬਹੁਤ ਘੱਟ ਜੋ ਸੀ। ਉਹ ਪੱਤਰਕਾਰ ਬਹਾਦੁਰ ਸੀ ਅਤੇ ਇਹ ਜਾਣਦੇ ਹੋਏ ਲੜਾਈ ਲੜ ਰਹੀ ਸੀ ਕਿ ਆਖਰਕਾਰ ਉਸ ਨੂੰ ਇਸ ਨੌਕਰੀ ਤੋਂ ਹੱਥ ਧੋਣਾ ਪਏਗਾ। ਪਰ ਉਹ ਵੀ ਇਸ ਨੂੰ ਲੰਬਾ ਨਹੀਂ ਖਿੱਚ ਸਕਦੀ ਸੀ ਕਿਉਂਕਿ ਨੌਕਰੀ ਉਸ ਨੂੰ ਕਿਤੇ ਨਾ ਕਿਤੇ ਚਾਹੀਦੀ ਹੀ ਸੀ। ਉਹ ਜਾਣਦੀ ਸੀ ਨਿੱਜੀ ਪਰਿਵਾਰਕ ਘਰਾਣਿਆਂ ਦੀ ਮਾਲਕੀ ਵਿੱਚ ਸਿਮਟੇ ਅਖਬਾਰਾਂ ਵਿੱਚ ਅੰਦੋਲਨਕਾਰੀ ਜਾਂ ਮੈਨੇਜਮੈਂਟ ਦੇ ਵਿਰੋਧ ਵਿੱਚ ਜਾਣ ਵਾਲੇ ਪੱਤਰਕਾਰਾਂ ਦੀ ਸਥਿਤੀ ਤਮਾਮ ਉਮਰ ਬੇਰੁਜ਼ਗਾਰੀ ਵਿੱਚ ਹੀ ਲੰਘਦੀ ਹੈ। ਇਸ ਬਾਰੇ ਜਦੋਂ ਮੈਂ ਸੀਨੀਅਰ ਪੱਤਰਕਾਰ ਕੁਲਦੀਪ ਨਈਅਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਨੇ ਕਾਨੂੰਨੀ ਤੌਰ 'ਤੇ ਪਹਿਲ ਕਰਨ ਅਤੇ ਪੱਤਰਕਾਰੀ ਵਿੱਚ ਠੇਕੇਦਾਰੀ ਪ੍ਰਥਾ ਖਿਲਾਫ ਮੁਹਿੰਮ ਵਿੱਢਣ ਦੀ ਗੱਲ ਦੁਹਰਾਈ। ਖੈਰ, ਬਾਕੀ ਤਮਾਮ ਮਾਮਲਿਆਂ ਵਾਂਗ ਇਹ ਮੁੱਦਾ ਵੀ ਛੱਡਣ ਲਈ ਮਜਬੂਰ ਕੀਤਾ ਜਾਂਦਾ ਹੈ। ਨਾਲ ਹੀ ਇਹ ਚਾਰਾ ਪਾਇਆ ਜਾਂਦਾ ਹੈ ਕਿ ਬੱਚਾ ਵੱਡਾ ਹੋਣ 'ਤੇ ਮੁੜ ਨੌਕਰੀ 'ਤੇ ਆ ਸਕਦੇ ਹੈ, ਜੋ ਕਿ ਹੁੰਦਾ ਨਹੀਂ ਹੈ। ਹੋਵੇ ਵੀ ਤਾਂ ਨੌਕਰੀ ਵਿੱਚ ਬਰੇਕ ਲੱਗਦਾ ਹੈ ਅਤੇ ਮੁੜ ਨਵੇਂ ਸਿਰੇ ਤੋਂ ਜੁਆਇਨਿੰਗ ਕਰਨੀ ਪੈਂਦੀ ਹੈ। ਆਪਣੀਆਂ ਕਈ ਮਹਿਲਾ ਪੱਤਰਕਾਰ ਸਾਥੀਆਂ ਨਾਲ ਮੈਂ ਖੁਦ ਅਜਿਹਾ ਹੁੰਦੇ ਹੋਏ ਦੇਖ ਚੁੱਕੀ ਹਾਂ। ਅਜਿਹੀ ਮਾਮੂਲੀ ਜਿਹੇ ਦਿਖਣ ਵਾਲੇ ਅਤੇ ਚਰਚਾ ਤੋਂ ਬਾਹਰ ਰਹਿਣ ਵਾਲੇ ਮੁੱਦਿਆਂ ਤੋਂ ਮੈਂ ਜਾਣਬੁੱਝ ਕੇ ਆਪਣੀ ਗੱਲ ਸ਼ੁਰੂ ਕੀਤੀ ਸੀ। ਇਹ ਸਥਿਤੀਆਂ, ਮਾਹੌਲ, ਕੰਮ ਕਰਨ ਦੀਆਂ ਸਥਿਤੀਆਂ ਬਹੁਤ ਹਦ ਤਕ ਤੈਅ ਕਰ ਦਿੰਦੀਆਂ ਹਨ ਕਿ ਔਰਤਾਂ ਕਿੱਥੇ ਤਕ ਅੱਗੇ ਵਧਣਗੀਆਂ।

ਸਵਾਲ ਇਹ ਹੈ ਕਿ ਇਨ੍ਹਾਂ ਸਥਿਤੀਆਂ ਦਾ, ਜੋ ਨਿਸਚਿਤ ਤੌਰ 'ਤੇ ਔਰਤ ਵਿਰੋਧੀ-ਪੁਰਸ਼ ਪ੍ਰਧਾਨ ਸੋਚ ਤੋਂ ਪੈਦਾ ਹੁੰਦੀਆਂ ਹਨ, ਕਿਸ ਤਰ੍ਹਾਂ ਇਸ ਗੱਲ ਨਾਲ ਸਬੰਧ ਹੈ ਕਿ ਤਮਾਮ ਦਾਅਵੇਦਾਅਰੀਆਂ ਦੇ ਬਾਵਜੂਦ ਮੀਡੀਆ ਵਿੱਚ ਔਰਤਾਂ ਫੈਸਲਾਕੁੰਨ ਸਥਿਤੀ ਵਿੱਚ ਨਹੀਂ ਹਨ। ਮੀਡੀਆ ਵਿੱਚ ਆਖਰ ਉਹ ਕਿਹੜੇ ਬਾਰੀਕ ਧਾਗੇ ਬੁਣੇ ਗਏ ਹਨ ਜਿਨ੍ਹਾਂ ਤੋਂ ਉਨ੍ਹਾਂ ਨੂੰ ਅੱਗੇ ਵਧਣ ਤੋਂ, ਖਬਰਾਂ ਦੀ ਖੇਡ ਵਿੱਚ ਅਹਿਮ ਭੂਮਿਕਾ ਨਿਭਾਉਣ ਤੋਂ ਰੋਕਿਆ ਜਾਂਦਾ ਹੈ। ਇਹ ਧਾਗੇ ਜਿੰਨੇ ਮਹੀਨ ਹਨ, ਬੇਸ਼ਕ ਓਨੇ ਰੰਗੀਨ ਵੀ। ਸ਼ਿਖਰ ਅਹੁਦਿਆਂ ਤਕ ਔਰਤ ਪੱਤਰਕਾਰਾਂ ਨੂੰ ਪੁੱਜਣ ਤੋਂ ਰੋਕਣ ਲਈ ਇਕ ਅਦ੍ਰਿਸ਼ ਸੈਂਸਰ-ਰੋਕ ਜਾਂ ਗਲਾਸ ਸੀਲਿੰਗ ਕੰਮ ਕਰ ਰਹੀ ਹੈ। ਇਹ ਤਮਾਮ ਸਥਿਤੀਆਂ ਇਸੇ ਅਦ੍ਰਿਸ਼ਕ ਰੋਕ ਜਾਂ ਰੁਕਾਵਟ ਨਾਲ ਜੁੜੀਆਂ ਹੋਈਆਂ ਹਨ। ਇਸ ਬਾਜ਼ਾਰ ਦੀ ਅੰਨ੍ਹੀ ਦੌੜ ਨੇ ਇਸ ਅਦ੍ਰਿਸ਼ ਰੋਕ ਨੂੰ ਹੋਰ ਮਜ਼ਬੂਤ ਹੀ ਕੀਤਾ ਹੈ, ਕਿਤੋਂ ਤੋੜਿਆ ਨਹੀਂ ਹੈ। ਇਹ ਅਕਾਰਨ ਹੀ ਨਹੀਂ ਹਨ ਕਿ ਹਾਸ਼ੀਏ 'ਤੇ ਖੜੇ ਭਾਈਚਾਰੇ (ਔਰਤਾਂ, ਘੱਟ ਗਿਣਤੀਆਂ, ਆਦਿਵਾਸੀਆਂ ਆਦਿ) ਦਾ ਮੀਡੀਆ ਵਿੱਚ ਬਹੁਤ ਹੀ ਘੱਟ ਨੁਮਾਂਇੰਦਗੀ ਹੈ,ਉਚੇ ਅਹੁਦਿਆਂ 'ਤੇ ਤਾਂ ਨਾ ਦੇ ਬਰਾਬਰ।

ਦੁਖ ਇਸ ਗੱਲ ਦਾ ਹੈ ਕਿ ਹਿੰਦੀ ਪੱਤਰਕਾਰੀ ਦੇ ਜ਼ਬਰਦਸਤ ਵਿਸਤਾਰ ਤੋਂ ਪ੍ਰਭਾਵਤ ਹੋ ਕੇ ਲੇਖ-ਕਿਤਾਬਾਂ ਤਾਂ ਖੂਬ ਆਈਆਂ ਪਰ ਉਨ੍ਹਾਂ ਵਿੱਚ ਔਰਤ ਵਿਰੋਧੀ ਢਾਂਚੇ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ। ਪੇਸ਼ੇ ਤੋਂ ਪੱਤਰਕਾਰ ਅਤੇ ਦ ਹੂਟ ਵੈਬਸਾਈਟ ਚਲਾਉਣ ਵਾਲੀ ਤੇਜ਼-ਤਰਾਰ ਪੱਤਰਕਾਰ ਸ਼ੇਵੰਤੀ ਨੇਨਨ ਦੀ ਕਿਤਾਬ 'ਡੂ ਹੈਡਲਾਈਨਜ਼ ਫਾਰਮ ਹਾਰਟਲੈਂਡ ਡੂ' ਵੀ ਇਸ ਪਾਸੇ ਰੌਸ਼ਨੀ ਨਹੀਂ ਪਾਉਂਦੀ। ਇਸੇ ਤਰ੍ਹਾਂ ਉਹ ਵਿਸਤਾਰ ਵਿੱਚ ਹਿੰਦੀ ਪੱਟੀ ਵਿੱਚ ਅਖਬਾਰਾਂ ਵਿੱਚ ਸਟਰਿੰਗਰਾਂ ਦੇ ਜਾਲ, ਕੰਮ-ਕਾਜ ਨੂੰ ਤਾਂ ਨੋਟਿਸ ਵਿੱਚ ਲੈਂਦੀ ਹੈ ਅਤੇ ਜੋ ਖੁਦ ਉਨ੍ਹਾਂ ਦੇ ਜ਼ਿਕਰ ਤੋਂ ਹੀ ਪਤਾ ਚਲਦਾ ਹੈ ਕਿ ਸਾਰੇ ਮਰਦ ਹਨ ਪਰ ਉਹ ਜੈਂਡਰ ਸੰਵੇਦਨਸ਼ੀਲ ਵਿਆਖਿਆ ਵਿੱਚ ਨਹੀਂ ਜਾਂਦੀ। ਉਨ੍ਹਾਂ ਦੀ ਕਿਤਾਬ ਵਿੱਚ ਇਸ ਗੱਲ ਦੀ ਵੀ ਵਿਆਖਿਆ ਨਹੀਂ ਮਿਲਦੀ ਕਿ ਕਿਸ ਤਰ੍ਹਾਂ ਛੋਟੇ ਅਖਬਾਰਾਂ ਨੂੰ ਖਾ ਕੇ ਦੇਸ਼ ਭਰ ਵਿੱਚ ਆਪਣਾ ਪ੍ਰਸਾਰ ਕਰਨ ਵਾਲੇ ਵੱਡੀ ਪੂੰਜੀ ਦੇ ਅਖਬਾਰਾਂ ਨੇ ਪੱਤਰਕਾਰਾਂ ਦੀ ਸਥਿਤੀ ਨੂੰ ਹੋਰ ਤਰਸਯੋਗ ਕੀਤਾ ਹੈ। ਬਾਜ਼ਾਰ ਦੇ ਇਸ ਵਿਸਤਾਰ ਵਿੱਚ ਮਹਿਲਾ ਪੱਤਰਕਾਰਾਂ ਦੇ ਹੋਰ ਹਾਸ਼ੀਏ 'ਤੇ ਜਾਣ, ਠੇਕੇ 'ਤੇ ਰੱਖੇ ਜਾਣ ਦਾ ਜ਼ਿਕਰ ਨਹੀਂ ਮਿਲਦਾ।

ਮੁਕਤ ਬਾਜ਼ਾਰ ਵਿਵਸਥਾ ਦਾ ਝੰਡਾ-ਬਰਦਾਰ ਬਣੇ ਅਖਬਾਰਾਂ ਵਿੱਚ ਇਕ ਪਾਸੇ ਜਿਥੇ ਕਿਰਤ ਕਾਨੂੰਨਾਂ ਦਾ ਜ਼ਬਰਦਸਤ ਉਲੰਘਣ ਹੁੰਦਾ ਹੈ ਉਥੇ ਬੇਹੱਦ ਸਾਮੰਤੀ ਸੋਚ ਦਾ ਬੋਲਬਾਲਾ ਹੈ। ਇਥੇ ਵੀ ਬਾਜ਼ਾਰ ਦਾ ਉਹੀ ਫਲਸਫਾ ਹਾਵੀ ਹੈ-ਇਕ ਪਾਸੇ ਉਸ ਨੂੰ ਘੱਟ ਕੱਪੜਿਆਂ ਵਿਚ ਵਿਕਾਉ ਔਰਤ ਚਾਹੀਦੀ ਹੈ ਅਤੇ ਦੂਜੇ ਪਾਸੇ ਕਰਵਾ ਚੌਥ ਮਨਾਉਂਦੀ, ਵਰਤ ਤਿਓਹਾਰ, ਸਤੀ ਦੀ ਮਹਿਮਾ ਗਾਉਂਦੀ ਪਰੰਪਰਾ ਦੇ ਰੰਗ ਵਿੱਚ ਡੁੱਬੀ ਲਕੜ ਦੀ ਮੂਰਤ। ਜਿਸ ਤਰ੍ਹਾਂ ਚੁਟਕੀ ਦੇ ਇਸ਼ਤਿਹਾਰ ਦੀ ਮਹਿਲਾ ਸੁਪਰ ਵੂਮਨ ਸਭ ਕੁਝ ਹੱਲ ਕਰ ਦਿੰਦੀ ਹੈ ਅਤੇ ਪਰੰਪਰਾ ਦਾ ਵੀ ਖਿਆਲ ਰੱਖਦੀ ਹੈ। ਨਗਨ ਆਧੁਨਿਕਤਾ ਦਾ ਪ੍ਰਚਾਰ-ਪ੍ਰਸਾਰ ਸਾਮੰਤੀ ਸੋਚ-ਨਜ਼ਰੀਏ ਦੇ ਨਾਲ।

ਹਕੀਕਤ ਇਹੀ ਹੈ ਕਿ ਤਮਾਮ ਮਹਿਮਾ ਗੁਣਗਾਣ ਦੇ ਬਾਵਜੂਦ ਮੀਡੀਆ ਤੋਂ ਦੇ ਫੈਸਲਾਕੁੰਨ ਪ੍ਰਭਾਮੰਡਲ ਤੋਂ ਹਾਸ਼ੀਏ ਦੇ ਲੋਕ ਬਾਹਰ ਹਨ। ਉਹ ਨਾ ਤਾਂ ਖਬਰ ਬਣ ਰਹੇ ਹਨ, ਨਾ ਖਬਰਾਂ ਨਾਲ ਖੇਡ ਰਹੇ ਹਨ ਅਤੇ ਨਾ ਹੀ ਖਬਰਾਂ ਦੇ ਬਾਜ਼ਾਰ ਦੇ ਮਹਾਰਥੀ ਬਣ ਪਾ ਰਹੇ ਹਨ। ਹਾਸ਼ੀਏ ਦੇ ਇਹ ਲੋਕ ਹਾਲੇ ਅਖਬਾਰ-ਖਬਰਾਂ ਦੇ ਵਪਾਰ ਵਿੱਚ ਹਾਸ਼ੀਏ 'ਤੇ ਹੀ ਟਿਕੇ ਹੋਏ ਹਨ। ਪ੍ਰਿੰਟ ਮੀਡੀਆ ਵਿੱਚ ਤਾਂ ਉਹ ਖਬਰਾਂ ਬਾਰੇ ਫੈਸਲਾ ਲੈਣ ਵਾਲੇ ਅਹੁਦਿਆਂ ਤੋਂ ਬਹੁਤ ਦੂਰ ਹਨ। ਅਜਿਹਾ ਸਿਰਫ਼ ਹਿੰਦੀ, ਅੰਗਰੇਜ਼ੀ ਦੇ ਨਾਲ-ਨਾਲ ਹਰ ਭਾਸ਼ਾ ਵਿੱਚ ਹੀ ਹੋ ਰਿਹਾ ਹੈ। ਅੰਗੇਰਜ਼ੀ ਵਿੱਚ ਦਾਅਵੇਦਾਰੀ ਦੀ ਲੜਾਈ ਮਹਿਲਾ ਪੱਤਰਕਾਰਾਂ ਨੇ ਬਹੁਤ ਪਹਿਲਾਂ ਸ਼ੁਰੂ ਕਰ ਦਿੱਤੀ ਸੀ, ਇਸ ਲਈ ਉਥੇ ਉਹ ਉਚ ਅਹੁਦਿਆਂ ਤਕ ਰਾਹ ਬਣਾ ਸਕੀ ਹੈ। ਹਾਲਾਂਕਿ ਉਥੇ ਵੀ ਸੰਪਾਦਕ ਅਹੁਦਿਆਂ 'ਤੇ ਔਰਤਾਂ ਇਕਾ-ਦੁੱਕਾ ਹੀ ਹਨ। ਉਸ ਦੇ ਮੁਕਾਬਲੇ ਹਿੰਦੀ, ਪੰਜਾਬੀ ਵਿੱਚ ਹਾਲਾਤ ਜ਼ਿਆਦਾ ਖਰਾਬ ਹਨ। ਮਹਿਲਾ ਸੰਪਾਦਕਾਂ ਦਾ ਕਾਲ ਤਾਂ ਹੈ ਹੀ, ਮਹਿਲਾ ਮੈਨੇਜਿੰਗ ਐਡਿਟਰ, ਮਹਿਲਾ ਬਿਓਰੋ ਚੀਫ, ਮਹਿਲਾ ਨਿਊਜ਼ ਐਡਿਟਰ ਆਦਿ ਵੀ ਨਜ਼ਰ ਨਹੀਂ ਆਉਂਦੀਆਂ। ਹਿੰਦੀ ਦੇ ਮੁੱਖਧਾਰਾ ਦੇ ਅਖਬਾਰਾਂ ਵਿੱਚ ਹਾਲੇ ਤਕ ਸਿਰਫ ਇਕ ਹੀ ਮਹਿਲਾ ਸੰਪਾਦਕ ਬਣੀ ਹੈ। ਇਹ ਤੱਥ ਮਹਿਲਾ ਪੱਤਰਕਾਰਾਂ ਦੇ ਵਿਕਾਸ ਨੂੰ ਰੋਕਣ

ਵਾਲੀ ਮਜ਼ਬੂਤ ਗਲਾਸ ਸੀਲਿੰਗ ਨੂੰ ਸਾਹਮਣੇ ਲਿਆਉਂਦਾ ਹੈ। ਹਾਲਾਂਕਿ ਸੰਪਾਦਕ ਦੇ ਹੇਠਾਂ ਤੱਕ ਦੇ ਅਹੁਦਿਆਂ ’ਤੇ ਵੀ ਪੁੱਜਣਾ ਹਾਲੇ ਤਕਰੀਬਨ ਅਸੰਭਵ ਬਣਿਆ ਹੋਇਆ ਹੈ। ਉਹ ਵੀ ਉਦੋਂ ਜਦੋਂ ਪਿਛਲੇ ਕੁਝ ਸਾਲਾਂ ਤੋਂ ਕੁੜੀਆਂ ਦਾ ਪੱਤਰਕਾਰੀ ਵਿੱਚ ਆਉਣਾ ਵਧਿਆ ਹੈ। ਵੱਡੀ ਤਾਦਾਦ ਵਿੱਚ ਇਸ ਪੇਸ਼ੇ ਵਿੱਚ ਕੁੜੀਆਂ ਆ ਰਹੀਆਂ ਹਨ ਤੇ ਪੂਰੀ ਇੱਛਾ-ਸ਼ਕਤੀ ਨਾਲ ਆਪਣੀ ਦਾਅਵੇਦਾਰੀ ਠੋਕ ਵੀ ਰਹੀਆਂ ਹਨ। ਇਥੇ ਇਹ ਸਮਝਣ ਦੀ ਲੋੜ ਹੈ ਕਿ ਹਾਲੇ ਵੀ ਉਪਰ ਦੀਆਂ ਪੌੜੀਆਂ ’ਤੇ ਜੋ ਲੋਕ ਬੈਠੇ ਹਨ ਉਨ੍ਹਾਂ ਨੇ ਮਹਿਲਾ ਪੱਤਰਕਾਰਾਂ ਦੇ ਉਪਰ ਵਧਣ ’ਤੇ ਕੋਈ ਐਲਾਨੀ ਗਲਾਸ ਸੀਲਿੰਗ ਜਾਂ ਪਾਬੰਦੀ ਨਹੀਂ ਲਗਾਈ। ਪਰ ਜਦੋਂ ਤੁਸੀਂ ਬਿਊਰੋ-ਨਿਊਜ਼ ਡੈਸਕ ਦੀ ਪੜਤਾਲ ਕਰੋਗੇ ਤਾਂ ਨਜ਼ਰ ਆਏਗਾ ਕਿ ਮਹਿਲਾ ਪੱਤਰਕਾਰ ਕਿਥੇ ਹਨ? ਉਨ੍ਹਾਂ ਤੋਂ ਵੀ ਬੁਰਾ ਹਾਲ, ਗਿਣਤੀ ਦੇ ਪੱਧਰ ’ਤੇ ਵੀ ਘੱਟ ਗਿਣਤੀਆਂ ਖਾਸ ਕਰ ਕੇ ਮੁਸਲਮਾਨਾਂ, ਦਲਿਤਾਂ ਅਤੇ ਆਦਿਵਾਸੀਆਂ ਦਾ ਹੈ। ਉਹ ਤਾਂ ਸਿਰੇ ਤੋਂ ਨਦਾਰਦ ਹਨ। ਅਜਿਹਾ ਲਗਦਾ ਹੈ ਕਿ ਪੱਤਰਕਾਰੀ ਨੂੰ ਉਨ੍ਹਾਂ ਦੀ ਕੋਈ ਜ਼ਰੂਰਤ ਹੀ ਨਹੀਂ ਹੈ ਜਾਂ ਉਨ੍ਹਾਂ ਖਿਲਾਫ ਇਕ ਅਣਐਲਾਨੀ ਧਾਰਾ ਚੱਲ ਰਹੀ ਹੈ। ਇਸ ਪਿੱਛੇ ਇਕ ਸੁਚੇਤ ਸਿਆਸੀ ਦ੍ਰਿਸ਼ਟੀ ਹੈ। ਔਰਤਾਂ ਖਿਲਾਫ ਗਲਾਸ ਸੀਲਿੰਗ ਦੇ ਸਵਾਲ ’ਤੇ ਕਈ ਸੀਨੀਅਰ ਸੰਗੀ-ਸਾਥੀ ਜਿਨ੍ਹਾਂ ਵਿੱਚ ਵੱਡੀ ਗਿਣਤੀ ਮਹਿਲਾ ਪੱਤਰਕਾਰਾਂ ਦੀ ਵੀ ਹੈ, ਕਹਿੰਦੀਆਂ ਹਨ ਕਿ ਦਰਅਸਲ ਖੁਦ ਹੀ ਔਰਤਾਂ ਜ਼ਿੰਮੇਦਾਰੀ ਭਰਿਆ ਅਹੁਦਾ ਨਹੀਂ ਚਾਹੁੰਦੀਆਂ ਕਿਉਂਕਿ ਫੇਰ ਘਰ ਠੀਕ ਤਰ੍ਹਾਂ ਨਾਲ ਨਹੀਂ ਦੇਖ ਪਾਉਂਦੀਆਂ। ਭਾਵ ਇਹ ਵੀ ਤਰਕ ਦਿੱਤਾ ਜਾਂਦਾ ਹੈ ਕਿ ਜੋ ਗਲਾਸ ਸੀਲਿੰਗ ਔਰਤਾਂ ਲਈ ਹੈ, ਉਹ ਉਨ੍ਹਾਂ ਨੇ ਖੁਦ ਹੀ ਚੁਣੀ ਹੈ। ਗੁਲਾਮ ਆਪਣੀ ਗੁਲਾਮੀ, ਪੱਛੜਿਆ ਆਪਣੇ ਪੱਛੜੇਪਣ ਲਈ ਖੁਦ ਜ਼ਿੰਮੇਦਾਰ ਹੁੰਦਾ ਹੈ। ਬੜਾ ਹਾਸੋ-ਹੀਣਾ ਲੱਗਦਾ ਹੈ ਇਹ ਤਰਕ ਪਰ ਇਸਦਾ ਵਿਸਥਾਰ ਕਰਨਾ ਇਸ ਲਈ ਜ਼ਰੂਰੀ ਹੈ ਕਿਉਂਕਿ ਇਸ ਤੋਂ ਪਤਾ ਚਲਦਾ ਹੈ ਕਿ ਅਜਿਹੇ ਸਾਮੰਤੀ ਤਰਕ ਕਿਸ ਤਰ੍ਹਾਂ ਸਾਡੇ ਅੰਦਰ ਵੀ ਜਗ੍ਹਾ ਬਣਾ ਰਹੇ ਹਨ। ਹੈਰਾਨੀ ਇਸ ਗੱਲ ’ਤੇ ਵੀ ਹੁੰਦੀ ਹੈ ਕਿ ਇਹ ਸੱਚ ਏਨਾ ਸਾਫ ਦਿਖਦਾ ਹੈ ਪਰ ਇਸ ਦੀ ਡੂੰਘੀ ਪੜਤਾਲ ਦੀ ਕੋਸ਼ਿਸ਼ ਬਹੁਤ ਸਲੀਕੇ ਨਾਲ ਨਹੀਂ ਕੀਤੀ ਗਈ। ਸਾਲ 2005-06 ਵਿੱਚ ਪ੍ਰੈਸ ਇੰਸਟੀਟਿਊਟ ਆਫ ਇੰਡੀਆ ਅਤੇ ਮਹਿਲਾ ਕਮਿਸ਼ਨ ਨੇ ਜ਼ਰੂਰ ਕੁਝ ਰਾਜਾਂ ਵਿੱਚ ਮਹਿਲਾ ਪੱਤਰਕਾਰਾਂ ਦੀ ਸਥਿਤੀ, ਉਨ੍ਹਾਂ ਦੀ ਤਨਖਾਹ ਆਦਿ ਦਾ ਅਧਿਐਨ ਕੀਤਾ ਸੀ। ਇਸ ਵਿੱਚ ਉਤਰ ਭਾਰਤ ਦੇ ਰਾਜ ਜਿਵੇਂ ਕਿ ਮੱਧ ਪ੍ਰਦੇਸ਼, ਛੱਤੀਸਗੜ੍ਹ, ਬਿਹਾਰ, ਰਾਜਸਥਾਨ, ਉਤਰ ਪ੍ਰਦੇਸ਼, ਝਾਰਖੰਡ ਆਦਿ ਸ਼ਾਮਲ ਸਨ। ਇਸ ਅਧਿਐਨ ਵਿੱਚ ਅੰਗਰੇਜ਼ੀ, ਹਿੰਦੀ ਅਤੇ ਭਾਸ਼ਾਈ ਅਖਬਾਰਾਂ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਨੂੰ ਸਮੇਟਿਆ ਗਿਆ ਸੀ। ਇਨ੍ਹਾਂ ਤਮਾਮ ਸੂਬਿਆਂ ਵਿੱਚ ਜਿੰਨੀਆਂ ਔਰਤ ਪੱਤਰਕਾਰਾਂ ਨੇ ਅਧਿਐਨ ਦਾ ਫਾਰਮ ਭਰ ਕੇ ਜਾਣਕਾਰੀ ਦਿੱਤੀ ਉਨ੍ਹਾਂ ਵਿਚੋਂ ਸਿਰਫ ਦੋ ਹੀ ਸਥਾਈ ਕਰਮਚਾਰੀ ਸਨ, ਬਾਕੀ ਸਾਰੀਆਂ ਠੇਕੇ ’ਤੇ ਸਨ। ਇਸ ਨਾਲ ਅਹੁਦੇ ਨੂੰ ਲੈ ਕੇ ਮਹਿਲਾ ਪੱਤਰਕਾਰਾਂ ਨਾਲ ਕੀਤੇ ਜਾ ਰਹੇ ਭੇਦਭਾਵ ਵੀ ਸਾਹਮਣੇ ਆਏ। ਵਧ ਤੋਂ ਵਧ ਤਨਖਾਹ ਵੀ 10 ਹਜ਼ਾਰ ਰੁਪਏ ਤੱਕ ਹੀ ਮਿਲ ਰਹੀ ਸੀ। ਇਸ ਅਧਿਐਨ ਨੇ ਮਹਿਲਾ ਪੱਤਰਕਾਰਾਂ ਦੀ ਸਥਿਤੀ ਬਾਰੇ ਮੋਟਾ-ਮੋਟਾ ਜਾਇਜ਼ਾ ਦਿੱਤਾ। ਹਰ ਜਗ੍ਹਾ ਔਰਤਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਮੈਟਰਨਿਟੀ ਛੁੱਟੀ ਲੈਣ ਵਿੱਚ ਖਾਸੀ ਮੁਸ਼ਕਲ ਆਉਂਦੀ ਹੈ। ਸੰਸਥਾ ਵਿੱਚ ਵਿਆਹ ਅਤੇ ਬੱਚੇ ਨੂੰ ਲੈ ਕੇ ਉਨ੍ਹਾਂ ਨੂੰ ਰਖਿਆਤਮਕ ਢੰਗ ਨਾਲ ਗੱਲ ਕਰਨੀ ਪੈਂਦੀ ਹੈ। ਸੰਸਥਾ ਤੇ ਸੀਨੀਅਰਾਂ ਦਾ ਭਾਵ ਅਜਿਹਾ ਹੁੰਦਾ ਹੈ ਜਿਵੇਂ ਉਹ ਕੋਈ ਗੁਨਾਹ ਕਰ ਰਹੀਆਂ ਹੋਣ। ਪਿਛਲੇ ਸਾਲਾਂ ਤੋਂ ਪੱਤਰਕਾਰੀ ਵਿੱਚ ਸਰਗਰਮ ਅਨੂ ਆਨੰਦ ਦਾ ਕਹਿਣਾ ਹੈ ਕਿ ਪਹਿਲਾਂ ਦੇ ਮੁਕਾਬਲੇ ਅੱਜ ਪੱਤਰਕਾਰੀ ਵਿੱਚ ਔਰਤਾਂ ਨੂੰ ਰਿਪੋਰਟਿੰਗ, ਡੈਸਕ ’ਤੇ ਜ਼ਿਆਦਾ ਐਕਸਪੋਜ਼ਰ ਮਿਲ ਰਿਹਾ ਹੈ, ਤਨਖਾਹ ਦੀ ਸਥਿਤੀ ਵੀ ਸੁਧਰੀ ਹੈ। ਪਰ ਹਾਲੇ ਵੀ ਮਾਨਸਿਕਤਾ ਵਿੱਚ ਖਾਸ ਤਬਦੀਲੀ ਨਹੀਂ ਆਈ। ਉਨ੍ਹਾਂ ਦਾ ਕਹਿਣਾ ਹੈ ਕਿ ਅੱਜ ਮਹਿਲਾ ਪੱਤਰਕਾਰਾਂ ਨੂੰ ਜੰਗ, ਰੱਖਿਆ, ਸੀ.ਬੀ.ਆਈ., ਇੰਟੈਲੀਜੈਂਸ ਵਰਗੀ ਬੀਟ ਰਿਪੋਰਟਿੰਗ ਵਿੱਚ ਨਹੀਂ ਦਿੱਤੀ ਜਾਂਦੀ। ਬਿਊਰੋ ਵਿੱਚ ਔਰਤਾਂ ਦੀ ਸੰਖਿਆ ਬੇਹੱਦ ਘੱਟ ਹੈ।

ਨਵਭਾਰਤ ਟਾਈਮਜ਼ ਹਿੰਦੂਸਤਾਨ ਅਖਬਾਰਾਂ ਵਿੱਚ ਕੰਮ ਕਰ ਚੁੱਕੀ ਇਰਾ ਝਾਅ ਦਾ ਕਹਿਣਾ ਹੈ ਕਿ ਜਿਸ ਤਰ੍ਹਾਂ ਬਾਕੀ ਸਮਾਜ ਵਿੱਚ ਇਸਤਰੀ ਵਿਰੋਧੀ ਸੋਚ ਹਾਵੀ ਹੈ, ਉਸੇ ਤਰ੍ਹਾਂ ਪੱਤਰਕਾਰੀ ਵਿੱਚ ਵੀ ਹੈ। ਉਚ ਅਹੁਦਿਆਂ ’ਤੇ ਜੋ ਔਰਤਾਂ ਪੁੱਜਦੀਆਂ ਹਨ, ਸੰਪਾਦਕ ਬਣਦੀਆਂ ਹਨ ਉਹ ਵੀ ਮਰਦਾਂ ਦੀ ਸੋਚ ਤੋਂ ਹੀ ਜ਼ਿਆਦਾ ਪ੍ਰਭਾਵਤ ਨਜ਼ਰ ਆਉਂਦੀਆਂ ਹਨ। ਠੀਕ ਇਸੇ ਤਰ੍ਹਾਂ ਅੱਜ ਇਲੈਕਟ੍ਰਾਨਿਕ ਮੀਡੀਆ ਵਿੱਚ ਐਂਕਰਾਂ ਅਤੇ ਰਿਪੋਰਟਰਾਂ ਦੇ ਰੂਪ ਵਿੱਚ ਮਹਿਲਾ ਪੱਤਰਕਾਰਾਂ ਦੀ ਭਰਮਾਰ ਹੈ। ਇਸ ਬਾਰੇ ਆਮ ਤੌਰ ’ਤੇ ਇਹੀ ਸਮਝਿਆ ਜਾਂਦਾ ਹੈ ਕਿ ਇਥੇ ਔਰਤਾਂ ਦਾ ਹੀ ਬੋਲਬਾਲਾ ਹੈ, ਜਦਕਿ ਇਥੇ ਵੀ ਫੈਸਲਾਕੁੰਨ ਹਾਲਤ ਵਿੱਚ ਉਹ ਨਾ ਦੇ ਬਰਾਬਰ ਹਨ। ਔਰਤ ਦੇ ਚੇਹਰੇ ਦੇ ਗਲੈਮਰ ਨੂੰ ਹੀ ਐਂਕਰਾਂ-ਨਿਊਜ਼ ਰੀਡਰਾਂ ਦੇ ਤੌਰ ’ਤੇ ਪਰੋਸਿਆ ਜਾ ਰਿਹਾ ਹੈ, ਟੀ.ਆਰ.ਪੀ. ਦੀ ਖੇਡ ਵਿੱਚ ਇਹ ਵੀ ਔਜਾਰ ਹਨ। ਹਾਂ, ਇਹ ਜ਼ਰੂਰ ਹੈ ਕਿ ਔਰਤਾਂ ਸਮੇਤ ਬਾਕੀ ਭਾਈਚਾਰਿਆਂ ਦੀ ਦਾਅਵੇਦਾਰੀ ਜਿਵੇਂ-ਜਿਵੇਂ ਵਧੇਗੀ ਤੇਜ਼ ਹੋਵੇਗੀ ਉਵੇਂ-ਉਵੇਂ ਇਸ ਗਲਾਸ ਸੀਲਿੰਗ ਦੀ ਛੱਤ ਵਿੱਚ ਕੁਝ ਤਰੇੜਾਂ ਪੈਣਗੀਆਂ।

K.P. ACCOUNTING & TAX SERVICES
135 Millbourne Road East Lee Ridge Plaza, Edmonton, AB T6K1P6

SAVE YOUR TAX

- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS
- TAX RETURNS FOR SELF EMPLOYED
- SMALL BUSINESS SETUP & BOOKKEEPING
- ACCOUNTING & G.S.T. RETURNS
- FINANCIAL STATEMENTS


KAPIL SHARMA

FOR FAST REFUND USE E-FILES

ਇਨਕਮ ਟੈਕਸ ਦੇ ਪੇਪਰ ਭਰਾਉਣ ਲਈ
ਆਪਣੇ ਭਾਈਚਾਰੇ ਦੇ ਜਾਣੇ-ਪਛਾਣੇ ਅਕਾਊਂਟੈਂਟ
ਕਪਿਲ ਸ਼ਰਮਾ ਨਾਲ ਸੰਪਰਕ ਕਰੋ

780-469-2677
FAX : 780-469-2026

chipmaster
auto paint systems
The “Ultimate” Auto Paint & Detail System

Services:
- Insurance Claims
- Scratches
- Rock Chips
- Bumper Scuffs, Cracks and Dents

Don't Replace It - Repair It




Chipmaster Features:
* Fully Trained & Licensed Technicians
* No Appointments for Estimates
* Unique Paint Matching System
* Repairs to Luxury Vehicles with Metallic & Pearl Paint
* Specializing in Light Collision

“Serving Millwoods Autorow”
Ph. 780-461-2619 Fax: 780-485-2618

## 1984 ਸਿੱਖ ਕਤਲੇਆਮ : ਇਨਸਾਫ਼ ਦੀ ਆਸ ਵਿਚ ਕੁੱਝ ਲੋਕ ਆਪਣਿਆਂ ਦੀਆਂ 'ਨਿਸ਼ਾਨੀਆਂ' ਲੱਗੇ ਲੱਭਣ



# ...ਤੇ ਜ਼ਿੰਦਾ ਹੋ ਗਿਆ ਹੋਂਦ

ਇਹ ਕਹਾਣੀ ਉਸ ਪਿੰਡ ਦੀ ਹੈ ਜਿਸ ਦਾ ਵਜੂਦ 3 ਨਵੰਬਰ 1984 ਨੂੰ ਖ਼ਤਮ ਹੋ ਗਿਆ ਸੀ। 27 ਸਾਲ ਬਾਅਦ ਹੋਂਦ ਨੂੰ ਹੁਣ ਹਰ ਕੋਈ ਬਦਲੀ ਨਜ਼ਰ ਨਾਲ ਦੇਖ ਰਿਹਾ ਹੈ। ਹਮਦਰਦੀ ਪੂਰੀ ਹੈ ਤਾਂ ਸਵਾਲ ਵੀ ਬਹੁਤ ਹਨ। ਰਾਜਨੀਤੀ ਨੇ ਪੋਜੀਸ਼ਨ ਲੈ ਲਈ ਹੈ। ਪ੍ਰਸ਼ਾਸਨ ਵੀ ਅਲਰਟ ਹੋ ਗਿਆ ਹੈ। ਸਵਾਲ ਅੱਜ ਵੀ ਉਹੀ ਹਨ ਜੋ ਪਹਿਲਾਂ ਸਨ ਕਿ ਆਖ਼ਿਰ ਇਨਸਾਫ ਕਿਸ ਤਰ੍ਹਾਂ ਮਿਲੇ?

### ਆਵਾਜ਼ ਦਬ ਨਾ ਜਾਏ-

ਮੀਡੀਆ ਖਾਸ ਰੀਪੋਟਿੰਗ ਵਿਚ ਰੁਝ ਗਿਆ ਹੈ। ਇੱਕ ਚੰਗੀ ਖ਼ਬਰ ਹੱਥ ਲੱਗੀ ਹੈ। 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਬਚਾਉਣ ਵਾਲੇ ਹੋਂਦ ਦੇ ਨੇੜੇ ਤੇੜੇ ਹਨ। ਦੰਗਾਕਾਰੀ ਉਨ੍ਹਾਂ ਨੂੰ ਵੀ ਨਿਸ਼ਾਨਾ ਬਣਾਉਣਾ ਚਾਹੁੰਦੇ ਸਨ ਪਰ ਹਿੰਮਤ ਅਤੇ ਸਾਹਸ ਦੇ ਸਾਹਮਣੇ ਉਨ੍ਹਾਂ ਨੂੰ ਆਪਣਾ ਰਸਤਾ ਬਦਲਨਾ ਪਿਆ। ਬਚ ਜਾਣ ਵਾਲੇ ਅਤੇ ਬਚਾਉਣ ਵਾਲਿਆਂ ਵਿੱਚ ਮਾਨਵਤਾ ਦਾ ਅਜਿਹਾ ਰਿਸ਼ਤਾ ਵੀ ਨਜ਼ਰ ਆਇਆ ਜੋ ਸਾਰੇ ਧਾਰਮਕ ਗ੍ਰੰਥਾਂ ਵਿਚ ਪੜ੍ਹਦੇ ਹਨ। ਰਿਸ਼ਤੇ ਦੇ ਨੇੜੇ ਪਹੁੰਚੀਏ ਤਾਂ ਇਹ ਧਰਮ ਨਿਰਪੱਖਤਾ ਦੀ ਅਸਲੀ ਕਹਾਣੀ ਵੀ ਨਜ਼ਰ ਆਉਂਦੀ ਹੈ। ਦਰਅਸਲ ਹੋਂਦ ਫੋਕਸ ਵਿਚ ਜ਼ਿਆਦਾ ਇਸ ਲਈ ਰਿਹਾ ਕਿਉਂਕਿ ਇਥੇ ਵੀ ਜ਼ਮੀਨ 'ਤੇ ਖ਼ੂਨ ਜ਼ਿਆਦਾ ਵਹਿ ਗਿਆ। ਦੰਗਾਕਾਰੀਆਂ ਦਾ ਕੋਈ ਰਸਤਾ ਨਹੀਂ ਹੁੰਦਾ ਇਸ ਲਈ ਜਿਥੋਂ ਖ਼ਬਰ ਮਿਲਦੀ ਉਥੇ ਦੌੜ ਪੈਂਦੇ ਹਨ । ਸ਼ਹਿਰ ਦੇ ਐਵਰੇਸਟ ਸਿਨੇਮਾ ਦੇ ਪਿਛੇ ਰਹਿ ਰਹੇ ਸਰਦਾਰ ਰਾਜ ਸਿੰਘ ਦਾ ਦਰਵਾਜ਼ਾ ਗੁਆਂਢ ਦੇ ਇੰਦਰਭਾਨ ਨੇ ਖਟਖਟਾਇਆ ਅਤੇ ਕਿਹਾ, ਤੁਹਾਡੀ ਕੱਪੜਿਆਂ ਦੀ ਦੁਕਾਨ ਵਿਚ ਅੱਗ ਲਾ ਦਿਤੀ ਗਈ ਹੈ, ਇਸ ਲਈ ਸਾਰੇ ਮੇਰੇ ਘਰ ਚਲੋ, ਦੰਗਾਕਾਰੀ ਕਿਸੇ ਸਮੇਂ ਵੀ ਆ ਸਕਦੇ ਹਨ। 15 ਮਿੰਟ ਬਾਅਦ ਹੀ ਰਾਜ ਸਿੰਘ ਦੇ ਪਰਿਵਾਰ ਵਿਚ ਭੰਨ ਤੋੜ ਹੋ ਗਈ। ਇੰਦਰਭਾਨ ਨੇ ਮਾਨਵਤਾ ਦੀ ਮਿਸਾਲ ਪੇਸ਼ ਕੀਤੀ ਤੇ ਪਰਿਵਾਰ ਨੂੰ ਬਚਾ ਲਿਆ ਪਰ ਖਤਰਾ ਟਲਿਆ ਨਹੀਂ ਸੀ। ਇੰਦਰਭਾਨ ਨੇ ਕਿਹਾ- ਥਾਂ ਬਦਲਣੀ ਪਵੇਗੀ। ਪਤਾ ਚਲਦੇ ਹੀ ਖਰਸਾਨਕੀ ਦਾ ਰਮੇਸ਼ ਬਾਈਕ ਲੈ ਕੇ ਪਹੁੰਚ ਗਿਆ ਅਤੇ ਰਾਜ ਸਿੰਘ ਦੇ ਸਭ ਤੋਂ ਛੋਟੇ ਬੇਟੇ ਗੁਰਮੁੱਖ ਨੂੰ ਹਨੇਰੇ ਵਿਚ ਆਪਣੇ ਘਰ ਲੈ ਗਿਆ। ਵੱਡੇ ਮੁੰਡੇ ਜਸਵੀਰ ਸਿੰਘ ਨੂੰ ਓਮ ਪ੍ਰਕਾਸ਼ ਅਤੇ ਉਸ ਦੀ ਪਤਨੀ ਕਮਲਾ ਦੇਵੀ ਨੂੰ ਕਤੋਪੁਰ ਅਤੇ ਵਿਚਕ-ਾਰਲੇ ਮੁੰਡੇ ਜਵਾਹਰ ਸਿੰਘ ਨੂੰ ਚੌਧਰੀ ਰਾਮ ਚੰਦਰ ਪਿੰਡ ਬੇਰਵਾਲ ਆਪਣੇ ਘਰ ਲੈ ਆਇਆ। ਪਤਨੀ ਅਤੇ ਬੇਟੀ ਨੂੰ ਸਹਿਜਧਾਰੀ ਮਾਮੇ ਕੋਲ ਰਹਿਣ ਨੂੰ ਜਗ੍ਹਾ ਮਿਲ ਗਈ।

9 ਦਿਨ ਬਾਅਦ ਕਤਲੇਆਮ ਸ਼ਾਂਤ ਹੋ ਗਿਆ ਤਾਂ ਇਹ ਪਰਿਵਾਰ ਵੀ ਆਪਣੇ ਪਿੰਡ ਹੁਸੈਨਪੁਰ ਦੀ 12 ਏਕੜ ਜ਼ਮੀਨ, ਦੁਕਾਨ ਅਤੇ ਘਰ ਨੂੰ ਵੇਚ ਕੇ ਪੰਜਾਬ ਦੇ ਸ਼ਹਿਰ ਬਠਿੰਡਾ ਚਲਾ ਗਿਆ। ਰੇਵਾੜੀ ਤੋਂ ਸੁਨੇਹਾ ਆਇਆ ਕਿ ਵਾਪਸ ਆ ਜਾਉ। ਰਾਜ ਸਿੰਘ ਪਰਿਵਾਰ ਦੇ ਨਾਲ ਵਾਪਸ ਘਰ ਪਰਤ ਆਇਆ। ਜਸਵੀਰ ਦੋਬਾਰਾ ਕੇਸਧਾਰੀ ਬਣ ਗਿਆ। ਕਤਲੇਆਮ ਵਿਚ ਪੈਦਾ ਹੋਈ ਇਨਸਾਨੀਅਤ ਮਿਸਾਲ ਬਣ ਗਈ। ਵਿਆਹ ਰਾਜ ਸਿੰਘ ਦੇ ਘਰ ਹੁੰਦਾ ਹੈ ਤਾਂ ਰਸਮ ਖਰਸਾਨਕੀ ਦਾ ਰਮੇਸ਼, ਕਤੋਪੁਰ ਦੇ ਓਮ ਪ੍ਰਕਾਸ਼ ਅਤੇ ਬੇਰਵਾਲ ਦੇ ਰਹਿਣ ਵਾਲੇ ਰਾਮ ਚੰਦਰ ਦਾ ਪਰਿਵਾਰ ਨਿਭਾਉਂਦਾ ਹੈ। ਇਹ ਮਿਸਾਲ ਹੁਣ ਸੰਸਕਾਰ ਬਣ ਕੇ ਪਰਿਵਾਰਾਂ ਦੀਆਂ ਪੀੜੀਆਂ ਵਿੱਚ ਇਕ ਪ੍ਰੰਪਰਾ ਦੇ ਤੌਰ 'ਤੇ ਦਰਜ ਵਿਚ ਰਖੀ ਵਿਆਹ ਦੀ ਐਲਬਮ ਵਿੱਚ ਕਦੇ ਵੀ ਵੇਖੀ ਜਾ ਸਕਦੀ ਹੈ।



### ਧਾਰਮਿਕ ਸਦਭਾਵਨਾ ਦੀ ਮਿਸਾਲ

ਹਰ ਵੀਰਵਾਰ ਨੂੰ ਹੋਂਦ ਵਿਚ ਬਣੀ ਮਜ਼ਾਰ 'ਤੇ ਆਸ ਪਾਸ ਦੇ ਪਿੰਡਾਂ ਦੇ ਲੋਕ ਮੱਥਾ ਟੇਕਣ ਲਈ ਆਉਂਦੇ ਹਨ। ਇਥੇ ਹੀ ਅਕਾਲ ਤਖ਼ਤ ਸ੍ਰੀ ਅੰਮ੍ਰਿਤਸਰ ਦੀ ਧਰਮ ਕਮੇਟੀ ਦੇ ਮੈਂਬਰ ਵੀ ਪਹੁੰਚ ਗਏ। ਉਨ੍ਹਾਂ ਨੇ ਗੁਰਦਵਾਰੇ ਦੀ ਸਫ਼ਾਈ ਕੀਤੀ ਅਤੇ ਸ਼ਬਦ ਕੀਰਤਨ ਸ਼ੁਰੂ ਕੀਤਾ। ਮਜਾਰ ਵਿਚ ਆਉਣ ਵਾਲੇ ਲੋਕਾਂ ਨੇ ਗੁਰਦ-ਵਾਰਾ ਸਾਹਿਬ ਵਿਚ ਵੀ ਮੱਥਾ ਟੇਕਿਆ। ਇਸੇ ਤਰ੍ਹਾਂ ਸਿੱਖ ਮਜਾਰ ਵਿਚ ਗਏ। ਦੋਵੇਂ ਪਾਸਿਉਂ ਤੋਂ ਪ੍ਰਸ਼ਾਦ ਵੰਡਿਆ ਗਿਆ। ਉਥੇ ਹੀ ਹੋਂਦ ਵਿਚ ਸਵੇਰੇ ਤੋਂ ਪੰਜਾਬ ਅਤੇ ਦਿੱਲੀ ਦੇ ਸਿੱਖ ਸੰਸਥਾਵਾਂ ਦਾ ਆਉਣਾ ਜਾਣਾ ਜਾਰੀ ਰਿਹਾ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਉਨ੍ਹਾਂ ਦੇ ਨਾਲ ਆਏ ਸਿੰਘਾਂ ਨੇ ਗੁਰਦਵਾਰਾ ਸਾਹਿਬ ਵਿਚ ਸ਼ਬਦ ਕੀਰਤਨ ਕੀਤਾ। 27 ਸਾਲ ਬਾਅਦ ਗੁਰਦਵਾਰਾ ਸਾਹਿਬ ਵਿਚ ਸ਼ਬਦ ਗੂੰਜੇ।

## ਕਿਥੇ ਗਿਆ ਪੀੜਤਾਂ ਦਾ ਮੁਆਵਜ਼ਾ

1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਮਿਲਣ ਵਾਲੀ ਸਰਕਾਰੀ ਮਦਦ ਵੀ ਕਾਗ਼ਜ਼ਾਂ ਵਿਚੋਂ ਸਾਫ਼ ਤਾਂ ਨਹੀਂ ਹੋ ਗਈ। ਪੀੜਤਾਂ ਨੂੰ ਮੁਆਵਜ਼ਾ ਦਿਵਾਉਣ ਦੀ ਲੜਾਈ ਲੜ ਰਹੇ ਸੀਨੀਅਰ ਅਧਿਕਾਰੀ ਵੀ.ਡੀ. ਸ਼ਰਮਾ ਨੇ ਕਿਹਾ ਕਿ ਕਤਲੇਆਮ ਵਿਚ ਪੀੜਤਾਂ ਨੇ ਜੋ ਗੁਆਇਆ ਸੀ, ਉਸ ਹਿਸਾਬ ਨਾਲ ਮਦਦ ਦੇ ਨਾਮ 'ਤੇ ਉਨ੍ਹਾਂ ਨੂੰ ਅਜਿਹਾ ਕੁੱਝ ਨਹੀਂ ਮਿਲਿਆ, ਜਿਸ ਦੀ ਚਰਚਾ ਵੀ ਕੀਤੀ ਜਾ ਸਕੇ। ਤਿੰਨ ਸਾਲ ਪਹਿਲਾਂ 150 ਪੀੜਤ ਪਰਿਵਾਰਾਂ ਦੀ ਸੂਚੀ ਡੀ.ਸੀ. ਦਫ਼ਤਰ ਨੂੰ ਸੌਂਪੀ ਗਈ ਸੀ, ਜਿਸ 'ਤੇ ਕੋਈ ਐਕਸ਼ਨ ਨਹੀਂ ਲਿਆ ਗਿਆ। ਪੀ.ਐਮ. ਨੋਟੀਫ਼ਿਕੇਸ਼ਨ ਤਹਿਤ ਕਤਲੇਆਮ ਦੌਰਾਨ ਘਰ ਛੱਡ ਕੇ ਹੋਰ ਥਾਵਾਂ 'ਤੇ ਜਾ ਵੱਸੇ ਪੀੜਤਾਂ ਨੂੰ 6 ਮਹੀਨੇ ਦੇ ਨੁਕਸਾਨ ਦੇ ਅਧਾਰ 'ਤੇ 2 ਲੱਖ ਰੁਪਏ ਪ੍ਰਤੀ ਪਰਿਵਾਰ ਮਿਲਣਾ ਸੀ। ਉਧਰ ਡੀ.ਸੀ. ਦਫ਼ਤਰ ਦਾ ਕਹਿਣਾ ਹੈ ਕਿ ਉਨ੍ਹਾਂ ਕੋਲ 30 ਪੀੜਤਾਂ ਦੀ ਸੂਚੀ ਸੀ ਜਿਨ੍ਹਾਂ ਨੂੰ ਮੁਆਵਜ਼ਾ ਦਿੱਤਾ ਜਾ ਚੁੱਕਾ ਹੈ। ਕਤਲੇਆਮ ਤੋਂ ਬਾਅਦ ਸੂਬਾ ਸਰਕਾਰ ਨੇ ਹਰੇਕ ਪੀੜਤ ਨੂੰ 10 ਹਜ਼ਾਰ ਰੁਪਏ ਅਤੇ ਅਨਾਜ ਦੇ ਨਾਮ 'ਤੇ ਐਨੀ ਹੀ ਰਾਸ਼ੀ ਦੇਣ ਦਾ ਐਲਾਨ ਕੀਤਾ ਸੀ। ਮੁਆਵਜ਼ ਬਹੁਤ ਘੱਟ ਸੀ ਤਾਂ ਪੀੜਤ ਅਦਾਲਤ ਵਿਚ ਚਲੇ ਗਏ। ਪੀੜਤਾਂ ਦੀ ਬਿਨਾ ਸਰਵਿਸ ਚਾਰਜ ਮਦਦ ਕਰ ਰਹੇ ਵੀ.ਸੀ. ਸ਼ਰਮਾ ਦੇ ਅਨੁਸਾਰ ਜਦ ਮਦਦ ਨਹੀਂ ਮਿਲੀ ਤਾਂ ਪੰਜ ਸਾਲ ਪਹਿਲਾਂ ਹਾਈਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਗਈ, ਜਿਸ ਦੀ ਪੈਰਵੀ ਰਾਜਿੰਦਰ ਸਿੰਘ ਸਹੋਤਾ ਨੇ ਕੀਤੀ। ਹਾਈਕੋਰਟ ਨੇ ਇਸ ਅਧਹਾਰ 'ਤੇ ਕੇਸ ਨਹੀਂ ਚਲਾਇਆ ਕਿ ਛੱਡ ਕੇ ਚਲੇ ਜਾਣ ਵਾਲੇ ਪੀੜਤਾਂ ਦੀ ਐਫ਼.ਆਈ.ਆਰ. ਨਹੀਂ ਹੈ ਜਦਕਿ ਸਾਡਾ ਤਰਕ ਸੀ ਕਿ ਉਸ ਸਮੇਂ ਪੀੜਤ ਐਨੇ ਘਬਰਾਏ ਅਤੇ ਸਹਿਮੇ ਹੋਏ ਸਨ ਕਿ ਉਹ ਜਾਨ ਬਚਾਉਂਦੇ ਜਾਂ ਐਫ਼.ਆਈ.ਆਰ. ਦਰਜ ਕਰਵਾਉਂਦੇ। ਕੁੱਝ ਮਹੀਨੇ ਬਾਅਦ ਡਾ. ਮਨਮੋਹਨ ਸਿੰਘ ਦੀ ਸਰਕਾਰ ਨੇ ਇਕ ਨੋਟੀਫ਼ਿਕੇਸ਼ਨ ਜਾਰੀ ਕੀਤਾ ਜਿਸ ਤਹਿਤ ਕਤਲੇਆਮ ਦੌਰਾਨ ਘਰ ਛੱਡ ਕੇ ਦੂਸਰੀ ਜਗ੍ਹਾ ਗਏ ਪੀੜਤਾਂ ਨੂੰ 6 ਮਹੀਨੇ ਦੇ ਨੁਕਸਾਨ ਦੇ ਅਧਾਰ 'ਤੇ ਪ੍ਰਤੀ ਮੁਖੀਆ ਦੋ ਲੱਖ ਰੁਪਏ ਦਿੱਤਾ ਜਾਣਾ ਸੀ। ਇਸ ਦੇ ਅਧਾਰ 'ਤੇ ਜ਼ਿਲ੍ਹੇ ਵਿਚ ਕਤਲੇਆਮ ਦੇ ਸਮੇਂ ਪਲਾਇਨ ਕਰ ਕੇ ਗਏ 150 ਘਰਾਂ ਦੀ ਪਹਿਚਾਨ ਅਤੇ ਸਬੂਤਾਂ ਅਨੁਸਾਰ ਮੁਆਵਜ਼ਾ ਰਾਸ਼ੀ ਲਈ ਡੀ.ਸੀ. ਦਫ਼ਤਰ ਵਿਚ ਲਿਸਟ ਜਮ੍ਹਾ ਕਰਵਾ ਦਿਤੀ ਗਈ। ਅੱਜ ਤਕ ਉਸ 'ਤੇ ਅਮਲ ਨਹੀਂ ਹੋਇਆ। ਨਵਨਿਯੁਕਤ ਡੀ.ਸੀ. ਅਜੀਤ ਜੋਸ਼ੀ ਦਾ ਕਹਿਣਾ ਹੈ ਕਿ ਉਹ ਇਸ ਕੇਸ ਦੀ ਸਟੱਡੀ ਕਰ ਰਹੇ ਹਨ।

## ਐਚ.ਐਸ.ਜੀ.ਪੀ.ਸੀ. ਅਤੇ ਐਸ.ਜੀ.ਪੀ.ਸੀ. ਆਹਮੋ-ਸਾਹਮਣੇ





ਰੇਵਾੜੀ (ਨਦਬ) : ਹੋਂਦ ਕਾਂਡ ਨੂੰ ਲੈ ਕੇ ਹਰਿਆਣਾ ਸਟੇਟ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਆਹਮੋ-ਸਾਹਮਣੇ ਆ ਗਏ ਹਨ। ਐਚ.ਐਸ.ਜੀ.ਪੀ.ਸੀ. ਦੇ ਪ੍ਰਦੇਸ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਦੋਸ਼ ਲਾਇਆ ਕਿ ਐਸ.ਜੀ.ਪੀ.ਸੀ. ਇਸ ਮੁੱਦੇ 'ਤੇ ਰਾਜਨੀਤੀ ਕਰ ਰਹੀ ਹੈ। ਉਨ੍ਹਾਂ ਦੇ ਮਨਸੂਬੇ ਨੂੰ ਕਿਸੇ ਵੀ ਕੀਮਤ 'ਤੇ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ। ਉਧਰ ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਜਗਦੀਸ਼ ਸਿੰਘ ਝੀਂਡਾ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਰਾਜਨੀਤੀ ਉਨ੍ਹਾਂ ਦੀ ਕਮੇਟੀ ਕਰ ਰਹੀ ਹੈ, ਉਨ੍ਹਾਂ ਦੀ ਕਮੇਟੀ ਤਾਂ ਬੇਇਨਸਾਫ਼ੀ ਅਤੇ ਜ਼ੁਲਮ ਵਿਰੁਧ ਆਵਾਜ਼ ਚੁੱਕਣ ਲਈ ਅੱਗੇ ਆਈ ਹੈ। ਝੀਂਡਾ ਨੇ ਕਿਹਾ ਕਿ ਕੈਨੇਡਾ ਤੋਂ ਸਿੱਖਾਂ ਦਾ ਇੱਕ ਵਫ਼ਦ ਯੂ.ਐਨ.ਓ. ਦੇ ਮਨੁੱਖੀ ਅਧਿਕਾਰ ਕਮਿਸ਼ਨ ਨਾਲ ਮੀਟਿੰਗ ਕਰਨ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਹੁੱਡਾ ਨੇ ਭਰੋਸਾ ਦਿੱਤਾ ਹੈ ਕਿ ਇਸ ਕਾਂਡ ਦੀ ਜਾਂਚ ਲਈ ਕਮੇਟੀ ਗਠਿਤ ਕਰ ਕੇ ਨਿਰਪੱਖ ਜਾਂਚ ਕਰਵਾਈ ਜਾਵੇਗੀ।

### ਦਿੱਲੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਵੀ ਕੀਤਾ ਦੌਰਾ





ਹੋਂਦ ਵਿਚ ਦਿੱਲੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਵੀ ਦੌਰਾ ਕਰ ਕੇ ਸਥਿਤੀ ਦਾ ਜਾਇਜ਼ਾ ਲਿਆ। ਮੈਂਬਰਾਂ ਨੇ ਕਿਹਾ ਕਿ ਕਮੇਟੀ ਆਪਣੇ ਪੱਧਰ 'ਤੇ ਇਸ ਕਾਂਡ ਦੀ ਰੀਪੋਰਟ ਤਿਆਰ ਕਰ ਰਹੀ ਹੈ, ਇਸ ਲਈ ਇਸ ਸਬੰਧੀ ਅਜੇ ਕੁੱਝ ਨਹੀਂ ਕਿਹਾ ਜਾ ਸਕਦਾ।

## 27 ਸਾਲ ਬਾਅਦ ਹੀ ਕਿਉਂ ਉਠਿਆ ਮੁੱਦਾ ?

ਚੰਡੀਗੜ੍ਹ (ਨਦਬ): 1984 ਦੇ ਸਿੱਖ ਕਤਲੇਆਮ ਦੌਰਾਨ ਰੇਵਾੜੀ ਵਿਚ 32 ਸਿੱਖਾਂ ਦੀ ਹੱਤਿਆ ਦੇ ਮਾਮਲੇ ਵਿੱਚ ਨਿਊਯਾਰਕ ਦੀ ਇਕ ਸਮਾਜ ਸੇਵੀ ਸੰਸਥਾ ਸਿੱਖਸ ਫਾਰ ਜਸਟਿਸ ਅਤੇ ਚੰਡੀਗੜ੍ਹ ਦੀ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਜਨਹਿਤ ਵਿਚ ਪਟੀਸ਼ਨ ਦਾਇਰ ਕਰ ਕੇ ਘਟਨਾ ਦੀ ਹਾਈਕੋਰਟ ਦੇ ਜੱਜ ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਪਟੀਸ਼ਨ ਵਿਚ ਚੀਫ਼ ਜਸਟਿਸ ਰੰਜਨ ਗੋਗੋਈ ਅਤੇ ਜਸਟਿਸ ਏ.ਜੀ. ਮਸੀਹ ਦੇ ਬੈਂਚ ਨੇ ਪੁਛਿਆ ਹੈ ਕਿ ਹੁਣ ਇਸ ਮਾਮਲੇ 'ਤੇ ਸੁਣਵਾਈ ਕਿਉਂ ਕੀਤੀ ਜਾ ਰਹੀ ਹੈ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਇਸ ਮਾਮਲੇ ਵਿਚ ਕੇਂਦਰ ਸਰਕਾਰ ਨੇ ਪੀੜਤਾਂ ਲਈ 16 ਜਨਵਰੀ, 2006 ਨੂੰ ਰਾਹਤ ਪੈਕੇਜ ਦਾ ਐਲਾਨ ਕੀਤਾ ਸੀ। ਇਸ ਵਿਚ ਕੇਵਲ ਮ੍ਰਿਤਕਾਂ ਦੇ ਪਰਿਵਾਰ ਹੀ ਸ਼ਾਮਲ ਕੀਤੇ ਗਏ ਸਨ, ਜਦਕਿ ਹੋਰ ਪੀੜਤਾਂ ਨੂੰ ਕੋਈ ਮੁਆਵਜ਼ਾ ਨਹੀਂ ਦਿੱਤਾ ਗਿਆ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਮਾਮਲੇ ਨੂੰ ਲੈ ਕੇ ਤਿੰਨ ਨਵੰਬਰ 1984 ਨੂੰ ਐਫ਼.ਆਈ.ਆਰ. ਵੀ ਦਰਜ ਕੀਤੀ ਗਈ ਪਰ ਪੁਲਿਸ ਨੇ ਇਸ ਦੀ ਸਹੀ ਢੰਗ ਨਾਲ ਜਾਂਚ ਨਹੀਂ ਕੀਤੀ। ਮਾਮਲੇ ਦੇ ਗਵਾਹਾਂ ਤੋਂ ਪੁਲਿਸ ਨੇ ਅੱਜ ਤਕ ਕੋਈ ਪੁੱਛਗਿੱਛ ਨਹੀਂ ਕੀਤੀ। ਪਟੀਸ਼ਨ ਵਿਚ ਕਿਹਾ ਗਿਆ ਕਿ ਉਸ ਸਮੇਂ ਹਰਿਆਣਾ ਦੇ ਮੁੱਖ ਮੰਤਰੀ ਭਜਨ ਲਾਲ ਦੇ ਸਿੱਖ ਵਿਰੋਧੀ ਰਵਈਏ ਦੇ ਚਲਦੇ ਮਾਮਲੇ ਦੀ ਸਹੀ ਢੰਗ ਨਾਲ ਜਾਂਚ ਨਹੀਂ ਕੀਤੀ ਜਾ ਸਕੀ।

# ਹਰਿਆਣਾ ਵਿਧਾਨ ਸਭਾ ਵਿਚ ਵੀ ਚੁੱਕਿਆ ਸੀ ਮੁੱਦਾ

## 25 ਮਾਰਚ 1985 ਨੂੰ ਬਜਟ 'ਤੇ ਚੱਲ ਰਹੀ ਬਹਿਸ ਦੌਰਾਨ ਲੋਕਦਲ ਦੇ ਵਿਧਾਇਕ ਸੁਜਾਨ ਸਿੰਘ ਨੇ ਚੁੱਕਿਆ ਸੀ ਮੁੱਦਾ

ਰੇਵਾੜੀ ਦੇ ਚਿੱਲੜ ਹੋਂਦ ਵਿਚ 1984 ਵਿਚ ਹੋਏ ਸਿੱਖ ਕਤਲੇਆਮ ਵਿਚ ਮਾਰੇ ਗਏ 32 ਲੋਕਾਂ ਦੀ ਮੌਤ ਦਾ ਮਾਮਲਾ ਨਵਾਂ ਨਹੀਂ ਹੈ। 1985 ਵਿਚ ਹਰਿਆਣਾ ਵਿਧਾਨ ਸਭਾ ਦੇ ਬਜਟ ਵਿਚ ਇਹ ਮਾਮਲਾ ਉਠਾਇਆ ਜਾ ਚੁੱਕਾ ਹੈ ਪਰ ਇਸ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਕੀਤੀ ਗਈ ਕਿ ਅਤੇ ਇਹ ਮਾਮਲਾ ਫ਼ਾਈਲਾਂ ਦੀ ਧੂੜ ਚੱਟਦਾ ਹੀ ਰਹਿ ਗਿਆ।

ਜ਼ਿਕਰਯੋਗ ਹੈ ਕਿ ਹੋਂਦ ਚਿੱਲੜ ਪਿੰਡ ਵਿਚ ਹੋਏ ਕਤਲੇਆਮ ਦਾ ਮਾਮਲਾ ਇਕ ਵਾਰ ਫਿਰ ਤੋਂ ਸੁਰਖੀਆਂ ਵਿਚ ਆਉਣ ਨਾਲ ਮੀਡੀਆ ਵਿਚ ਇਸ ਦੀ ਜਾਂਚ ਦੇ ਨਾਲ ਨਾਲ ਇਹ ਮਾਮਲਾ ਵੀ ਜ਼ੋਰ ਸ਼ੋਰ ਨਾਲ ਉਠਿਆ ਹੈ ਕਿ ਆਖਿਰ 27 ਸਾਲ ਬਾਅਦ ਇਹ ਮਾਮਲਾ ਕਿਉਂ ਉਠਾਇਆ ਜਾ ਰਿਹਾ ਹੈ? ਕੀ ਇਸ ਮਾਮਲੇ ਨੂੰ ਚੁੱਕਣ ਦਾ ਇਸ ਸਮੇਂ ਕੋਈ ਰਾਜਨੀਤਕ ਮਕਸਦ ਹੈ ਜਾਂ ਕੁੱਝ ਹੋਰ? ਪਰ ਹਰਿਆਣਾ ਵਿਧਾਨ ਸਭਾ ਦੇ ਰਿਕਾਰਡ ਨੂੰ ਦੇਖਣ ਤੋਂ ਪਤਾ ਲੱਗਿਆ ਹੈ ਕਿ 25 ਮਾਰਚ 1985 ਨੂੰ ਬਜਟ ਵਿਚ ਚਲ ਰਹੀ ਬਹਿਸ ਦੌਰਾਨ ਲੋਕ ਦਲ ਦੇ ਵਿਧਾਇਕ ਸੁਜਾਨ ਸਿੰਘ ਨੇ ਇਸ ਮਾਮਲੇ ਨੂੰ ਚੁੱਕਿਆ ਸੀ। ਸੰਭਵ ਹੈ ਕਿ ਉਨ੍ਹਾਂ ਕੋਲ ਪੂਰੀ ਜਾਣਕਾਰੀ ਨਹੀਂ ਸੀ ਇਸ ਲਈ ਉਨ੍ਹਾਂ ਨੇ ਅਪਣੇ ਭਾਸ਼ਣ ਵਿਚ ਮਰਨ ਵਾਲਿਆਂ ਦੀ ਗਿਣਤੀ 17 ਦੱਸੀ, ਪਰ ਅਸਲ ਵਿਚ ਇਹ ਗਿਣਤੀ 32 ਹੈ। ਇਸ ਵਿੱਚ ਇੱਕ ਫ਼ੌਜੀ ਵੀ ਸ਼ਾਮਿਲ ਹੈ ਜੋ ਛੁੱਟੀ ਜਾਣ ਸਮੇਂ ਕਤਲੇਆਮ ਦੇ ਕਾਰਨ ਰੇਵਾੜੀ ਦੇ ਕੋਲ ਪਿੰਡ ਵਿਚ ਉਤਰ ਗਿਆ ਅਤੇ ਬਦਕਿਸਮਤੀ ਨਾਲ ਹੋਂਦ ਪਿੰਡ ਵਿਚ ਸ਼ਰਨ ਲੈ ਲਈ, ਜਿਥੇ ਉਹ ਵੀ ਮਾਰਿਆ ਗਿਆ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਸੁਖਦੇਵ ਸਿੰਘ ਭੌਰ ਅਤੇ ਕਾਰਜਕਾਰੀ ਮੈਂਬਰ ਕਰਨੈਲ ਸਿੰਘ ਪੰਜੋਲੀ ਜੋ ਦੋ ਵਾਰ ਪਿੰਡ ਦਾ ਦੌਰਾ ਕਰ ਕੇ ਆਏ ਹਨ, ਨੇ ਦਸਿਆ ਕਿ ਕਤਲੇਆਮ ਦੇ 27 ਸਾਲ ਬਾਅਦ ਮਾਮਲਾ ਕਿਸੇ ਰਾਜਨੀਤਿਕ ਮਕਸਦ ਨਾਲ ਨਹੀਂ ਉਠਿਆ ਬਲਕਿ ਉਸ ਸਮੇਂ ਤਾਂ ਲੋਕ ਐਨੇ ਸਹਿਮ ਗਏ ਸਨ ਕਿ ਕਿਸੇ ਨੇ ਆਪਣੇ ਤੌਰ 'ਤੇ ਪੰਥਕ ਪਾਰਟੀਆਂ ਨੂੰ ਮਿਲਣ ਦਾ ਯਤਨ ਹੀ ਨਹੀਂ ਕੀਤਾ। ਪੰਜੋਲੀ ਦਾ ਕਹਿਣਾ ਹੈ, ਪਿੰਡ ਦੇ ਸਰਪੰਚ ਸਰੂਪ ਸਿੰਘ ਦੇ ਵਕੀਲ ਬੇਟੇ ਨੇ ਆਪਣੇ ਤੌਰ 'ਤੇ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨੂੰ ਪੱਤਰ ਲਿਖੇ, ਪਰ ਉਹ ਪੰਥਕ ਪਾਰਟੀਆਂ ਦੇ ਕੋਲ ਨਹੀਂ ਪਹੁੰਚੇ। ਉਧਰ ਹਰਿਆਣਾ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ 1984 ਦੇ ਸਿੱਖ ਕਤਲੇਆਮ ਦੌਰਾਨ ਜ਼ਿਲ੍ਹਾ ਰੇਵਾੜੀ ਦੇ ਹੋਂਦ ਚਿੱਲੜ ਪਿੰਡ ਵਿਚ 32 ਲੋਕਾਂ ਦੀ ਮੌਤ ਹੋ ਗਈ ਸੀ। ਰਾਜ ਅਤੇ ਕੇਂਦਰੀ ਯੋਜਨਾਵਾਂ ਤਹਿਤ ਸਰਕਾਰ ਵਲੋਂ ਮ੍ਰਿਤਕਾਂ ਦੇ ਵਾਰਸਾਂ ਨੂੰ 7 ਲੱਖ ਰੁਪਏ ਦੇ ਹਿਸਾਬ ਨਾਲ ਮੁਆਵਾਜ਼ਾ ਦਿੱਤਾ ਗਿਆ ਸੀ।

# ਗੱਡੀਆਂ ਦੇ ਸਾਇਰਨ ਤੋਂ ਉੱਠ ਜਾਂਦੇ ਨੇ ਲੋਕ

ਹੋਂਦ ਪਿੰਡ ਪੂਰੀ ਚਰਚਾ ਵਿੱਚ ਹੈ। ਨੇੜਲੇ ਪਿੰਡਾਂ ਦੇ ਲੋਕ ਪਸ਼ੂਆਂ ਦੀ ਆਵਾਜ਼ ਤੋਂ ਨਹੀਂ ਗੱਡੀਆਂ ਦੇ ਸਾਇਰਨ ਸੁਣ ਉੱਠ ਜਾਂਦੇ ਹਨ। ਸੱਥਾਂ 'ਤੇ ਬਿਜਲੀ ਅਤੇ ਪਾਣੀ ਦਾ ਨਹੀਂ 3 ਨਵੰਬਰ 1984 ਦਾ ਜ਼ਿਕਰ ਹੋਣ ਲੱਗਾ ਹੈ। ਕਿਥੇ ਗਲਤੀ ਹੋਈ ਅਤੇ ਕੌਣ ਜ਼ਿੰਮੇਵਾਰ ਹੈ, ਇਸ ਦੀ ਪੜਤਾਲ ਵੀ ਬਜ਼ੁਰਗ ਆਪਣੇ ਹਿਸਾਬ ਨਾਲ ਕਰ ਰਹੇ ਹਨ।



ਦੇਸ਼ ਭਰ ਤੋਂ ਆ ਰਹੀਆਂ ਸਿੱਖ ਸੰਸਥਾਵਾਂ ਆਪਣੇ ਆਪਣੇ ਬੈਨਰਾਂ ਦੇ ਨਾਲ ਖੰਡਰਾਂ ਦਾ ਚਿਹਰਾ ਪਹਿਚਾਣਨ ਦੀ ਕੋਸ਼ਿਸ਼ ਵਿਚ ਜੁਟੀਆਂ ਹੋਈਆਂ ਹਨ। ਰਾਜਨੀਤਕ ਦਲਾਂ ਦੇ ਮੁਖੀਆਂ ਦੀ ਡਾਇਰੀਆਂ ਵਿਚ ਹੋਂਦ ਪਿੰਡ ਨੂੰ ਹੁਣ ਪੂਰਾ ਸਮਾਂ ਦਿੱਤਾ ਜਾ ਰਿਹਾ ਹੈ। ਪੁਲਿਸ ਪ੍ਰਸ਼ਾਸਨ ਅਤੇ ਸੀ.ਆਈ.ਡੀ. ਦੀ ਮੁਸਤੈਦੀ ਵੀ ਦਾਅ 'ਤੇ ਹੈ। ਕਤਲੇਆਮ ਵਿੱਚ ਬੱਚ ਨਿਕਲੇ ਪੀੜਤਾਂ ਦੀ ਜ਼ਮੀਨ ਦੇ ਖਰੀਦਦਾਰਾਂ ਦੀ ਨੀਂਦ ਉੱਡੀ ਹੋਈ ਹੈ ਕਿ ਜ਼ਮੀਨ ਦੀ ਇਹ ਖੇਡ ਉਨ੍ਹਾਂ ਨੂੰ ਕਿਤੇ ਫ਼ਕੀਰ ਨਾ ਬਣਾ ਦੇਵੇ। ਕਾਂਗਰਸ 'ਤੇ ਦੋਸ਼ ਲੱਗ ਰਹੇ ਹਨ। ਵਿਰੋਧੀਆਂ ਨੇ ਆਪਣਾ ਕੰਮ ਵਧਾ ਦਿੱਤਾ ਹੈ। ਕੁੱਲ ਮਿਲਾ ਕੇ ਉਜੜੇ ਹੋਂਦ ਨੂੰ ਹੁਣ ਉਹ ਸਭ ਮਿਲਣ ਲੱਗਾ ਹੈ ਜੋ ਉਸ ਨੂੰ ਚਰਚਾ ਵਿੱਚ ਬਣਾਈ ਰੱਖਣ ਲਈ ਕਾਫ਼ੀ ਹੈ। ਸਾਲ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੇ ਹੋਂਦ ਵਿਚ ਮਾਨਵਤਾ ਦਾ ਕਤਲ ਕਰ ਦਿੱਤਾ ਸੀ। 32 ਲੋਕਾਂ ਨੂੰ ਜ਼ਿੰਦਾ ਸਾੜੇ ਜਾਣ ਦੀ ਇਹ ਘਟਨਾ 27 ਸਾਲ ਬਾਅਦ ਫਿਰ ਜ਼ਿੰਦਾ ਹੋ ਗਈ ਹੈ ਤਾਂ ਉਸ ਦੀ ਗੂੰਜ ਦੂਰ ਦੂਰ ਤਕ ਮਹਿਸੂਸ ਕੀਤੀ ਜਾਣ ਲੱਗੀ ਹੈ।

# ਪਰਾਏ ਦੇਸ਼ ਵਿੱਚ ਦੇਸ਼ ਦਾ ਧਨ : ਕਾਲੇ ਧਨ ਦੇ ਜਮ੍ਹਾਖੋਰ

**ਆਸ਼ੀਸ਼ ਖੇਤਾਨ**

ਪੰਜ ਫਰਵਰੀ ਦੀ ਸ਼ਾਮ ਅਸੀਂ ਆਪਣੀ ਵੈਬਸਾਈਟ ਤਹਿਲਕਾ ਡਾਟ ਕਾਮ 'ਤੇ ਉਨ੍ਹਾਂ 18 ਵਿਚੋਂ 15 ਲੋਕਾਂ ਦੇ ਨਾਂ ਜਾਰੀ ਕੀਤੇ ਸਨ, ਜਿਨ੍ਹਾਂ ਨੇ ਕਾਲੇ ਧਨ ਦੀ ਵੱਡੀ ਮਾਤਰਾ ਲਿਚੇਨਸਟਾਈਨ ਦੇ ਐਲ.ਜੀ.ਟੀ. ਬੈਂਕ ਵਿੱਚ ਰੱਖੀ ਹੋਈ ਹੈ। ਗੌਰਤਲਬ ਹੈ ਕਿ ਮਿਊਨਿਖ ਸ਼ਹਿਰ ਤੋਂ 190 ਕਿਲੋਮੀਟਰ ਦੂਰ ਸਥਿਤ ਇਹ ਦੇਸ਼ ਮਸ਼ਹੂਰ ਹੀ ਇਸ ਲਈ ਹੈ ਕਿ ਇਥੇ ਟੈਕਸ ਦੀ ਦਰ ਬਹੁਤ ਘੱਟ ਹੈ ਅਤੇ ਇਸ ਲਈ ਦੁਨੀਆ ਦੇ ਬਹੁਤ ਸਾਰੇ ਲੋਕ ਆਪਣਾ ਕਾਲਾ ਧਨ ਇਥੇ ਰੱਖਦੇ ਹਨ। ਦੋ ਸਾਲ ਪਹਿਲਾਂ ਸੌਂਪੀ ਗਈ ਇਸ ਸੂਚੀ ਨੂੰ ਸਰਕਾਰ ਜਨਤਕ ਕਰਨ ਤੋਂ ਬਚ ਰਹੀ ਸੀ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਤੇ ਵਿੱਤ ਮੰਤਰੀ ਪ੍ਰਣਬ ਮੁਖਰਜੀ ਦਾ ਤਰਕ ਸੀ ਕਿ ਇਨ੍ਹਾਂ ਨਾਵਾਂ ਨੂੰ ਉਜਾਗਰ ਕਰਨ ਨਾਲ ਦੋ ਦੇਸ਼ਾਂ ਵਿਚਾਲੇ ਹੋਏ ਸਮਝੌਤੇ ਦਾ ਉਲੰਘਣ ਹੋਵੇਗਾ ਇਸ ਲਈ ਉਹ ਮਜਬੂਰ ਹਨ।

ਇਹ ਸੂਚੀ ਭਾਰਤ ਸਰਕਾਰ ਨੂੰ 18 ਮਾਰਚ 2009 ਨੂੰ ਸੌਂਪੀ ਗਈ ਸੀ। ਭਾਜਪਾ ਅਤੇ ਖੱਬੇ ਪੱਖੀ ਪਾਰਟੀਆਂ ਉਦੋਂ ਤੋਂ ਹੀ ਇਸ ਨੂੰ ਜਨਤਕ ਕਰਨ ਦੀ ਮੰਗ ਕਰਦੀਆਂ ਆ ਰਹੀਆਂ ਸਨ। ਭਾਜਪਾ ਲਗਾਤਾਰ ਇਹ ਦੋਸ਼ ਲਗਾ ਰਹੀ ਸੀ ਕਿ ਕੇਂਦਰ ਸਰਕਾਰ ਦੇਸ਼ ਦਾ ਕਰੋੜਾਂ ਰੁਪਇਆ ਹੜਪਣ ਵਾਲੇ ਇਨ੍ਹਾਂ ਕੰਮ-ਚੋਰਾਂ ਨੂੰ ਬਚਾ ਰਹੀ ਹੈ। ਰਾਜ ਸਭਾ ਵਿੱਚ ਭਾਜਪਾ ਦੇ ਸੰਸਦ ਰਾਮ ਜੇਠਮਲਾਨੀ ਦੇ ਸ਼ਬਦਾਂ ਵਿੱਚ, 'ਇਹ ਤਾਂ ਕਾਲੇ ਧਨ ਦੇ ਮਹਾਸਾਗਰ ਦੀ ਇਕ ਬੂੰਦ ਭਰ ਹੈ। ਸਰਕਾਰ ਹੁਣ ਨਿਯਮ-ਕਾਨੂੰਨਾਂ ਦੀ ਓਟ ਵਿੱਚ ਜ਼ਿਆਦਾ ਦਿਨ ਤਕ ਨਹੀਂ ਲੁਕ ਸਕਦੀ।'

ਜਾਲਸਾਜ਼ਾਂ ਦੀ ਇਹ ਸੂਚੀ ਜਿਸ ਵਿੱਚ ਵਿਅਕਤੀਆਂ ਦੇ ਨਾਲ ਨਾਲ ਸੰਸਥਾਵਾਂ ਵੀ ਸ਼ਾਮਲ ਹਨ, ਕਾਫੀ ਵਿਵਾਦਾਂ ਅਤੇ ਸ਼ੱਕ ਦਾ ਵਿਸ਼ਾ ਰਹੀ ਹੈ। ਸੂਚੀ ਹੱਥ ਵਿੱਚ ਆਉਣ ਤੋਂ ਬਾਅਦ ਅਸੀਂ ਇਸ ਨੂੰ ਜਨਤਕ ਕਰਨ ਤੋਂ ਪਹਿਲਾਂ ਇਸ ਵਿੱਚ ਸ਼ਾਮਲ ਸਾਰੇ ਲੋਕਾਂ ਦੇ ਨਾਮ, ਪਤੇ, ਉਨ੍ਹਾਂ ਦੇ ਧੰਦਿਆਂ ਅਤੇ ਉਨ੍ਹਾਂ ਵੱਲੋਂ ਜਮ੍ਹਾ ਕੀਤੇ ਗਏ ਧਨ ਦੀ ਮਾਤਰਾ ਆਦਿ ਦੀ ਪੁਸ਼ਟੀ ਲਈ ਉਨ੍ਹਾਂ ਨਾਲ ਸੰਪਰਕ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਪਰ ਜ਼ਿਆਦਾਤਰ ਲੋਕਾਂ ਨਾਲ ਜਾਂ ਤਾਂ ਸੰਪਰਕ ਹੀ ਨਹੀਂ ਹੋ ਸਕਿਆ ਜਾਂ ਫਿਰ ਉਨ੍ਹਾਂ ਨੇ ਸਵਾਲਾਂ ਦਾ ਜਵਾਬ ਦੇਣ ਤੋਂ ਹੀ ਇਨਕਾਰ ਕਰ ਦਿੱਤਾ।

ਇਸ ਸੂਚੀ ਵਿੱਚ ਸ਼ਾਮਲ ਤਿੰਨ ਟਰੱਸਟਾਂ ਦੀ ਰਜਿਸਟਰੇਸ਼ਨ ਭਾਰਤ ਦੇ ਬਾਹਰ ਹੋਈ ਹੈ। ਇਨ੍ਹਾਂ ਵਿਚੋਂ ਰੂਪਲ ਧੁਪੇਲਿਆ ਤੋਂ ਇਲਾਵਾ ਕਿਸੇ ਨਾਲ ਸਾਡੀ ਗੱਲਬਾਤ ਨਹੀਂ ਹੋ ਸਕੀ। ਰੂਪਲ ਨੇ ਕੋਲਕਾਤਾ ਤੋਂ ਸਾਨੂੰ ਫੋਨ 'ਤੇ ਦੱਸਿਆ, 'ਹਾਂ, ਇਹ ਸਾਡੇ ਹੀ ਨਾਮ ਹਨ। ਜਿੰਨਾ ਤੁਸੀਂ ਜਾਣਨਾ ਸੀ, ਮੈਂ ਤੁਹਾਨੂੰ ਉਸ ਨਾਲੋਂ ਜ਼ਿਆਦਾ ਦੱਸ ਦਿੱਤਾ। ਇਸ ਤੋਂ ਜ਼ਿਆਦਾ ਜਾਣ ਕੇ ਤੁਹਾਨੂੰ ਕੋਈ ਫਾਇਦਾ ਨਹੀਂ ਹੋਵੇਗਾ। ਮੋਹਨ ਧੁਪੇਲਿਆ ਹਾਲੇ ਸ਼ਹਿਰ ਤੋਂ ਬਾਹਰ ਹਨ। ਮੈਂ ਹੋਰ ਕੁਝ ਨਹੀਂ ਕਹਿਣਾ।'

ਸੂਚੀ ਦਾ 16ਵਾਂ ਨਾਮ ਤਹਿਲਕਾ ਨੇ ਚਾਰ ਦਿਨ ਤਕ ਰੋਕੀ ਰੱਖਿਆ। ਇਹ ਨਾਮ ਐਮ.ਆਰ.ਐਫ. ਲਿਮਟਿਡ ਦੇ ਮਾਲਕ ਮੇਮਨ ਪਰਿਵਾਰ ਨਾਲ ਜੁੜਿਆ ਹੈ। ਇਹ ਨਾਮ ਹੈ ਐਮ.ਆਰ.ਐਫ. ਦੇ ਸੰਸਥਾਪਕ ਪਦਮਸ਼੍ਰੀ ਐਮ.ਕੇ. ਮੇਮਨ ਦਾ। ਇਨ੍ਹਾਂ ਦੀਆਂ ਪਿਛਲੀਆਂ ਤਿੰਨ ਪੀੜੀਆਂ ਕੰਪਨੀ ਦੇ ਡਾਇਰੈਕਟਰ ਮੰਡਲ ਵਿੱਚ ਰਹੀਆਂ ਹਨ। ਕੰਪਨੀ ਦੇ ਮੌਜੂਦਾ ਮੈਨੇਜਿੰਗ ਡਾਇਰੈਕਟਰ ਅਰੂਨ ਮੇਮਨ ਨਾਲ ਸੰਪਰਕ ਕਰਨ ਲਈ ਤਹਿਲਕਾ ਨੇ ਉਨ੍ਹਾਂ ਦੇ ਦਫਤਰ ਅਤੇ ਉਨ੍ਹਾਂ ਦੇ ਚਚੇਰੇ ਭਰਾ ਕੋਸ਼ੀ ਵਰਗੀਜ਼ ਨੂੰ ਵਾਰ ਵਾਰ ਫੋਨ ਕੀਤਾ, ਪਰ ਉਨ੍ਹਾਂ ਨਾਲ ਗੱਲ ਨਹੀਂ ਹੋ ਸਕੀ। ਉਨ੍ਹਾਂ ਦੀ ਸਕੱਤਰ ਮਾਲਤੀ ਇਹ ਕਹਿੰਦੀ ਰਹੀ ਕਿ ਉਹ ਦਫਤਰ ਵਿੱਚ ਨਹੀਂ ਹਨ, ਜਾਂ 'ਉਹ ਖਾਣਾ ਖਾਣ ਘਰ ਗਏ ਹਨ' ਜਾਂ ਫਿਰ 'ਉਹ ਮੀਟਿੰਗ ਵਿੱਚ ਹਨ।' ਇਸ ਤੋਂ ਬਾਅਦ ਉਨ੍ਹਾਂ ਨੇ ਵੀ ਤਹਿਲਕਾ ਦੇ ਫੋਨ ਚੁੱਕਣੇ ਬੰਦ ਕਰ ਦਿੱਤੇ। ਅਰੂਨ ਮੇਮਨ ਨੇ ਤਹਿਲਕਾ ਵੱਲੋਂ ਭੇਜੇ ਗਏ ਦੋ ਈ-ਮੇਲਾਂ ਦਾ ਵੀ ਕੋਈ ਜਵਾਬ ਨਹੀਂ ਦਿੱਤਾ।

ਇਸ ਦੌਰਾਨ ਅਸੀਂ ਸੂਚੀ ਵਿੱਚ ਦਿੱਤੇ ਗਏ ਗਿਆਰਵੇਂ ਨਾਮ (ਪ੍ਰਬੋਧ ਮਹਿਤਾ) ਨਾਲ ਜੁੜੀਆਂ ਕਾਫੀ ਜਾਣਕਾਰੀਆਂ ਹਾਸਲ ਕਰਨ ਵਿੱਚ ਸਫਲ ਰਹੇ। ਮਹਿਤਾ 73 ਸਾਲਾ ਪਰਵਾਸੀ ਭਾਰਤੀ ਹਨ ਜੋ ਹੀਰੇ ਦੇ ਵਪਾਰੀ ਹਨ ਅਤੇ 1953 ਤੋਂ ਹੀ ਬੈਲਜ਼ੀਅਮ ਵਿੱਚ ਰਹਿ ਰਹੇ ਹਨ। ਉਹ ਹੀਰੇ ਦਾ ਕਾਰੋਬਾਰ ਕਰਨ ਵਾਲੀਆਂ ਭਾਰਤ ਦੀਆਂ ਸਭ ਤੋਂ ਪੁਰਾਣੀਆਂ ਕੰਪਨੀਆਂ ਵਿਚੋਂ ਇਕ 'ਜੇਮਬੇਲ ਯੂਰਪੀਅਨ ਸੇਲਜ਼' ਦੇ ਮਾਲਕ ਹਨ ਜਿਸਦਾ ਬਾਜ਼ਾਰ ਪੂੰਜੀਕਰਨ ਇਸ ਵਕਤ 900 ਕਰੋੜ ਰੁਪਏ ਦੇ ਕਰੀਬ ਹੈ। ਮੁੰਬਈ ਦਾ ਪ੍ਰਸਿੱਧ ਲੀਲਾਵਤੀ ਹਸਪਤਾਲ ਵੀ ਮਹਿਤਾ ਪਰਿਵਾਰ ਦੀ ਹੀ ਸੰਪਤੀ ਹੈ ਜਿਸ ਦੀ ਕੀਮਤ 2000 ਕਰੋੜ ਰੁਪਏ ਤੋਂ ਵੱਧ ਦੱਸੀ ਜਾਂਦੀ ਹੈ।

ਪ੍ਰਬੋਧ ਮਹਿਤਾ ਨਾਲ ਸੰਪਰਕ ਕਰਨ 'ਤੇ ਉਨ੍ਹਾਂ ਦੇ ਬੁਲਾਰੇ ਨੇ ਬਿਆਨ ਜਾਰੀ ਕਰਕੇ ਉਨ੍ਹਾਂ ਦਾ ਬਚਾਅ ਕਰਦੇ ਹੋਏ ਕਿਹਾ, 'ਆਮਦਨ ਕਰ ਵਿਭਾਗ ਨੇ ਇਕ ਪੁਨਰ ਸਮੀਖਿਆ ਤੋਂ ਬਾਅਦ ਪਾਇਆ ਸੀ ਕਿ ਪ੍ਰਬੋਧ ਮਹਿਤਾ ਨੇ ਕਿਸੇ ਤਰ੍ਹਾਂ ਦੀ ਕਰ ਚੋਰੀ ਨਹੀਂ ਕੀਤੀ ਹੈ। ਇਸ ਨਤੀਜੇ ਤੋਂ ਬਾਅਦ 2009 ਵਿੱਚ ਹੀ ਉਨ੍ਹਾਂ ਖਿਲਾਫ ਕਾਰਵਾਈ ਖਤਮ ਹੋ ਚੁੱਕੀ ਹੈ।' ਇਸ ਦੇ ਨਾਲ ਹੀ ਉਨ੍ਹਾਂ ਨੇ ਦੋ ਦਸਤਾਵੇਜ਼ ਵੀ ਸਾਨੂੰ ਈ-ਮੇਲ ਕੀਤੇ ਜਿਨ੍ਹਾਂ ਉਪਰ ਮੁੰਬਈ ਦੇ ਆਮਦਨ ਕਰ ਕਮਿਸ਼ਨਰ ਵੀ.ਬੀ.ਸ਼ਾਰਦੁਲ ਦੇ ਹਸਤਾਖਰ ਹਨ। ਇਨ੍ਹਾਂ ਦਸਤਾਵੇਜ਼ਾਂ ਮੁਤਾਬਕ ਆਮਦਨ ਐਕਟ ਦੀ ਧਾਰਾ 147 ਅਤੇ ਸੰਪਤੀ ਕਰ ਐਕਟ ਦੀ ਧਾਰਾ 17 ਤਹਿਤ ਸ਼ੁਰੂ ਕੀਤੀ ਗਈ ਕਾਰਵਾਈ ਰੋਕ ਦਿੱਤੀ ਗਈ ਹੈ।

ਹਾਲਾਂਕਿ ਮਹਿਤਾ ਦੇ ਬੁਲਾਰੇ ਇਸ ਤੋਂ ਇਨਕਾਰ ਕਰਦੇ ਹਨ, ਪਰ ਸੱਚਾਈ ਇਹ ਹੈ ਕਿ ਸਾਲ 2007 ਵਿੱਚ ਮਹਿਤਾ ਨੂੰ ਕਾਲੇ ਧਨ ਨਾਲ ਜੁੜੇ ਇਕ ਮਾਮਲੇ ਵਿੱਚ ਬੈਲਜ਼ੀਅਮ ਵਿੱਚ 6 ਮਹੀਨੇ ਦੀ ਸਜ਼ਾ ਹੋ ਚੁੱਕੀ ਹੈ। ਤਹਿਲਕਾ ਕੋਲ ਇਸ ਨੂੰ ਸਿੱਧ ਕਰਨ ਵਾਲੇ ਸਾਰੇ ਦਸਤਾਵੇਜ਼ ਹਨ। ਇਸ ਫੈਸਲੇ ਮੁਤਾਬਕ ਪ੍ਰਬੋਧ ਮਹਿਤਾ ਨੂੰ 6 ਮਹੀਨੇ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਸੀ ਪਰ ਪਿਛੋਕੜ ਵਿੱਚ ਅਜਿਹਾ ਕੋਈ ਅਪਰਾਧਿਕ ਰਿਕਾਰਡ ਨਾ ਹੋਣ ਕਾਰਨ 'ਜਿਸ ਵਿੱਚ ਕਿ ਉਨ੍ਹਾਂ ਨੂੰ 12 ਮਹੀਨੇ ਜਾਂ ਉਸ ਨਾਲੋਂ ਵੱਧ ਜੇਲ੍ਹ ਦੀ ਸਜ਼ਾ ਹੋਈ ਹੋਵੇ' ਕੋਰਟ ਨੇ ਉਨ੍ਹਾਂ ਦੀ ਜੇਲ੍ਹ ਦੀ ਸਜ਼ਾ ਖਤਮ ਕਰਦੇ ਹੋਏ ਤਿੰਨ ਸਾਲ ਤੱਕ ਉਨ੍ਹਾਂ ਦੀਆਂ ਗਤੀਵਿਧੀਆਂ 'ਤੇ ਨਿਗਰਾਨੀ ਰੱਖਣ ਦਾ ਫੈਸਲਾ ਕੀਤਾ ਸੀ। ਅਦਾਲਤੀ ਦਸਤਾਵੇਜ਼ ਵਿੱਚ ਪ੍ਰਬੋਧ ਮਹਿਤਾ ਨੂੰ ਸੁਣਾਈ ਗਈ ਸਜ਼ਾ ਵਿੱਚ ਸਪਸ਼ਟ ਤੌਰ 'ਤੇ ਕਾਲੇ ਧਨ ਦੀ ਜਮ੍ਹਾਖੋਰੀ ਦਾ ਜ਼ਿਕਰ ਕੀਤਾ ਗਿਆ ਹੈ।

ਘੱਟ ਗਿਣਤੀ ਕਮਿਸ਼ਨ ਦੇ ਮੁਖੀ ਵਜਾਹਤ ਹਬੀਬੁੱਲਾ ਤਹਿਲਕਾ ਨੂੰ ਕਹਿੰਦੇ ਹਨ, 'ਭਾਰਤ ਨੇ ਆਪਣੇ ਨਾਗਰਿਕਾਂ ਨੂੰ ਸੂਚਨਾ ਦੇ ਅਧਿਕਾਰ ਨਾਲ ਲੈਸ ਕਰ ਕੇ ਇਕ ਆਦਰਸ਼ ਲੋਕਤੰਤਰ ਦੀ ਦਿਸ਼ਾ ਵਿੱਚ ਪਹਿਲ ਕੀਤੀ ਹੈ। ਇਸ ਦੇ ਸਿੱਟੇ ਵਜੋਂ ਅੱਜ ਦੇਸ਼ ਦਾ ਹਰ ਨਾਗਰਿਕ ਅਸਲ ਰੂਪ ਵਿੱਚ ਵਿਵਸਥਾ ਦਾ ਹਿੱਸਾ ਬਣ ਗਿਆ ਹੈ। ਜਦੋਂ ਇਸ ਪੱਧਰ ਦੀ ਆਜ਼ਾਦੀ ਲੋਕਾਂ ਨੂੰ ਦਿੱਤੀ ਜਾ ਚੁੱਕੀ ਹੈ ਤਾਂ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਇਸ ਤਰ੍ਹਾਂ ਦੀਆਂ ਸੂਚਨਾਵਾਂ ਵੀ ਜਨਤਕ ਕੀਤੀਆਂ ਜਾਣ। ਇਸ ਤਰ੍ਹਾਂ ਦੀਆਂ ਸਾਰੀਆਂ ਅਨੈਤਿਕ ਗਤੀਵਿਧੀਆਂ ਨੂੰ ਜਨਤਾ ਦੇ ਸਾਹਮਣੇ ਉਜਾਗਰ ਕੀਤਾ ਜਾਣਾ ਚਾਹੀਦਾ ਹੈ। ਇਹ ਉਸ ਦਾ ਜਮਹੂਰੀ ਅਧਿਕਾਰ ਹੈ।

ਉਚ ਸੂਤਰਾਂ ਮੁਤਾਬਕ ਤਹਿਲਕਾ ਨੇ ਜਿਨ੍ਹਾਂ 15 ਨਾਵਾਂ ਦਾ ਖੁਲਾਸਾ ਕੀਤਾ ਹੈ ਉਨ੍ਹਾਂ ਖਿਲਾਫ ਕੇਂਦਰੀ ਟੈਕਸ ਬੋਰਡ ਦੀ ਜਾਂਚ ਪੜਤਾਲ ਆਖਰੀ ਪੜਾਅ ਵਿੱਚ ਹੈ ਅਤੇ ਜਲਦੀ ਹੀ ਇਨ੍ਹਾਂ ਵਿਅਕਤੀਆਂ ਅਤੇ ਸੰਸਥਾਵਾਂ ਦੇ ਖਿਲਾਫ ਆਮਦਨ ਐਕਟ ਦੀਆਂ ਧਾਰਾਵਾਂ ਤਹਿਤ ਕਾਰਵਾਈ ਦੀ ਪ੍ਰਕਿਰਿਆ ਸ਼ੁਰੂ ਹੋਣ ਵਾਲੀ ਹੈ। ਜਦੋਂ ਸਰਕਾਰ ਕਾਰਵਾਈ ਦੀ ਪ੍ਰਕਿਰਿਆ ਸ਼ੁਰੂ ਕਰੇਗੀ ਤਾਂ ਪੂਰੀ ਸੰਭਾਵਨਾ ਹੈ ਕਿ ਉਸੇ ਵਕਤ ਉਹ ਇਨ੍ਹਾਂ ਨਾਵਾਂ ਨੂੰ ਵੀ ਜਨਤਕ ਕਰੇ।

ਸੀ.ਬੀ.ਆਈ. ਦੇ ਸਾਬਕਾ ਜਾਇੰਟ ਡਾਇਰੈਕਟਰ ਬੀ.ਆਰ. ਲਾਲ ਤਹਿਲਕਾ ਦੀ ਇਸ ਖ਼ਬਰ 'ਤੇ ਆਪਣੀ ਪ੍ਰਤੀਕਿਰਿਆ ਵਿੱਚ ਕਹਿੰਦੇ ਹਨ ਕਿ ਸਰਕਾਰ ਨੇ ਤਾਂ ਸੁਪਰੀਮ ਕੋਰਟ ਨੂੰ ਦਿੱਤੀ ਗਈ ਜਾਣਕਾਰੀ ਵਿੱਚ 26 ਲੋਕਾਂ ਦੇ ਨਾਮ ਹੋਣ ਦੀ ਗੱਲ ਕਹੀ ਸੀ, ਇਸ ਲਈ ਪੂਰੀ ਸੂਚੀ ਸਾਹਮਣੇ ਆਉਣ ਤੋਂ ਬਾਅਦ ਹੀ ਸਥਿਤੀ ਸਪਸ਼ਟ ਹੋਵੇਗੀ। ਲਾਲ ਕਹਿੰਦੇ ਹਨ, 'ਸਰਕਾਰ ਲੋਕਾਂ ਨੂੰ ਜੋ ਨੋਟਿਸ ਭੇਜ ਰਹੀ ਹੈ ਉਸ ਨੂੰ ਜਨਤਕ ਕੀਤਾ ਜਾਣਾ ਚਾਹੀਦਾ ਹੈ। ਸਰਕਾਰ ਨੂੰ ਇਹ ਵੀ ਸਪਸ਼ਟ ਕਰਨਾ ਹੋਵੇਗਾ ਕਿ ਇਹ ਨੋਟਿਸ ਹੁਣ ਕਿਉਂ ਭੇਜੇ ਜਾ ਰਹੇ ਹਨ ਜਦਕਿ ਸੂਚੀ ਤਾਂ ਉਸ ਕੋਲ ਡੇਢ ਸਾਲ ਤੋਂ ਜ਼ਿਆਦਾ ਸਮੇਂ ਤੋਂ ਪਈ ਹੋਈ ਸੀ। ਇਸ ਤਰ੍ਹਾਂ ਦੇ ਮਾਮਲਿਆਂ ਵਿੱਚ ਇਕ ਇਕ ਪਲ ਦੀ ਦੇਰੀ ਸਿਰਫ਼ ਦੋਸ਼ੀਆਂ ਨੂੰ ਹੀ ਲਾਭ ਪਹੁੰਚਾਉਂਦੀ ਹੈ।'

ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਸੂਚੀ ਵਿੱਚ ਸ਼ਾਮਲ ਲੋਕਾਂ ਖਿਲਾਫ ਦੋ ਮੁੱਖ ਦੋਸ਼ ਸਿੱਧ ਹੋ ਚੁੱਕੇ ਹਨ, ਇਕ ਹੈ ਟੈਕਸ ਚੋਰੀ ਦਾ ਅਤੇ ਦੂਸਰਾ ਆਪਣੀ ਅਸਲ ਆਮਦਨ ਨੂੰ ਲੁਕਾਉਣ ਦਾ। ਮਾਮਲੇ ਨਾਲ ਜੁੜੇ ਅਧਿਕਾਰੀਆਂ ਦਾ ਇਹ ਵੀ ਮੰਨਣਾ ਹੈ ਕਿ ਇਨ੍ਹਾਂ ਵਿਚੋਂ ਕੁਝ ਨਾਮ ਅਜਿਹੇ ਵੀ ਹੋ ਸਕਦੇ ਹਨ ਜੋ ਵੱਡੀਆਂ ਹਸਤੀਆਂ ਦੇ ਮੋਹਰੇ ਹੋਣ। ਇਨ੍ਹਾਂ ਵਿਚੋਂ ਇਕ ਨਾਮ 'ਤੇ ਜਾਂਚ ਅਧਿਕਾਰੀਆਂ ਦੀ ਖਾਸ ਨਜ਼ਰ ਹੈ ਜਿਸ ਦੇ ਤਾਰ ਇਕ ਵੱਡੀ ਭਾਰਤੀ ਰਾਜਨੇਤਾ ਨਾਲ ਜੁੜੇ ਹੋਣ ਦਾ ਸ਼ੱਕ ਹੈ।




ਪ੍ਰਣਬ ਮੁਖਰਜੀ ਮੁਤਾਬਕ ਜਰਮਨ ਸਰਕਾਰ ਨੇ ਉਨ੍ਹਾਂ ਨੂੰ ਇਨ੍ਹਾਂ ਖਾਤੇਦਾਰਾਂ ਦੀ ਜਾਣਕਾਰੀ ਡਬਲ ਟੈਕਸੇਸ਼ਨ ਅਵਾਈਡੈਂਸ ਐਗਰੀਮੈਂਟ ਤਹਿਤ ਮੁਹੱਈਆ ਕਰਵਾਈ ਹੈ ਇਸ ਲਈ ਉਹ ਜਾਂਚ ਦੇ ਘੇਰੇ ਵਿੱਚ ਇਨ੍ਹਾਂ ਨਾਵਾਂ ਨੂੰ ਜਨਤਕ ਨਹੀਂ ਕਰ ਸਕਦੇ। ਉਦਾਹਰਣ ਵਜੋਂ ਮੌਜੂਦਾ ਭਾਰਤ-ਸਵਿਸ ਸਮਝੌਤੇ ਮੁਤਾਬਕ ਸਵਿਸ ਬੈਂਕ ਆਪਣੇ ਕੋਲ ਜਮ੍ਹਾਂ ਭਾਰਤੀ ਨਾਗਰਿਕਾਂ ਦੇ ਖਾਤੇ ਦੀ ਉਦੋਂ ਤਕ ਕੋਈ ਜਾਣਕਾਰੀ ਨਹੀਂ ਦੇਣਗੇ ਜਦੋਂ ਤਕ ਭਾਰਤ ਸਰਕਾਰ ਉਨ੍ਹਾਂ ਖਾਤਿਆਂ ਨਾਲ ਜੁੜੇ ਕਿਸੇ ਅਪਰਾਧਿਕ ਲੈਣ-ਦੇਣ ਦੇ ਸਬੂਤ ਪੇਸ਼ ਨਹੀਂ ਕਰਦੀ।

ਮਾਹਰ ਮੰਨਦੇ ਹਨ ਕਿ ਫਿਲਹਾਲ ਜਾਰੀ ਹੋਈ ਸੂਚੀ ਇਸ ਵਿਸ਼ਾਲ ਸਮੁੰਦਰ ਦੀ ਇਕ ਬੂੰਦ ਜਿੰਨੀ ਹੈ। ਮਾਹਰਾਂ ਦੇ ਅਨੁਮਾਨ ਦੱਸਦੇ ਹਨ ਕਿ ਭਾਰਤੀਆਂ ਨੇ ਇਕੱਲੇ ਸਵਿਸ ਬੈਂਕਾਂ ਵਿੱਚ ਹੀ 65 ਲੱਖ ਕਰੋੜ ਰੁਪਇਆਂ ਦਾ ਕਾਲਾ ਧਨ ਲੁਕਾ ਰੱਖਿਆ ਹੈ। ਬੀਤੇ 20 ਸਾਲ ਦੌਰਾਨ ਆਈਆਂ ਸਰਕਾਰਾਂ ਇਸ ਮੋਰਚੇ 'ਤੇ ਸੁਸਤੀ ਦਿਖਾਉਂਦੀਆਂ ਰਹੀਆਂ ਹਨ। ਆਲੋਚਕਾਂ ਦਾ ਦੋਸ਼ ਹੈ ਕਿ ਸਰਕਾਰ ਅਜਿਹੇ ਦੇਸ਼ਾਂ ਦੇ ਨਾਲ ਸਮਝੌਤੇ ਵਿੱਚ ਬਦਲਾਅ ਦੀ ਗੱਲਬਾਤ ਸ਼ੁਰੂ ਕਰਨ ਪ੍ਰਤੀ ਉਦਾਸੀਨ ਹੈ।

# ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ

**ਬੋਧ ਸਿੰਘ ਘੁੰਮਣ**

ਸ਼ਹੀਦ-ਏ-ਆਜ਼ਮ ਭਗਤ ਸਿੰਘ (1907-1931) ਸਾਡੇ ਦੇਸ਼ ਦੇ ਲੋਕਾਂ ਲਈ ਕਿਸੇ ਜਾਣ ਪਛਾਣ ਦਾ ਉੱਕਾ ਹੀ ਮੁਥਾਜ ਨਹੀਂ ਹੈ। ਉਹ ਭਾਰਤੀ ਜਨ ਸਮੂਹਾਂ ਦੇ ਦਿਲਾਂ ਦਾ ਬੇਤਾਜ਼ ਬਾਦਸ਼ਾਹ ਹੈ। ਇਹ ਹੀ ਕਾਰਨ ਹੈ ਕਿ ਇਸ ਮਹਾਨ ਇਨਕਲਾਬੀ ਸਖਸ਼ੀਅਤ ਬਾਰੇ ਲਿਖਣ ਸਮੇਂ ਉਸ ਦੇ ਜਨਮ, ਪਰਵਾਰ ਅਤੇ ਕੁੱਝ ਹੋਰ ਮੁਢਲੇ ਵੇਰਵੇ ਅਦਿ ਦਰਜ ਕਰਨੇ ਮੈਂ ਇਸ ਲੇਖ ਵਿਚ ਜ਼ਰੂਰੀ ਨਹੀਂ ਸਮਝਦਾ ਅਤੇ ਕੇਵਲ ਉਸ ਦੀ ਸ਼ਖਸ਼ੀਅਤ ਦੇ ਉਭਰਵੇਂ ਕੁੱਝ ਪੱਖਾਂ ਅਤੇ ਉਸਦੀ ਵਿਚਾਰਧਾਰਾ ਬਾਰੇ ਹੀ ਗੱਲ ਕੀਤੀ ਜਾਵੇਗੀ।

## ਸਿਆਸੀ ਲਹਿਰਾਂ ਦਾ ਪ੍ਰਭਾਵ

ਭਗਤ ਸਿੰਘ ਇਕ ਦੇਸ਼ ਭਗਤ ਤੇ ਇਨਕਲਾਬੀ ਦ੍ਰਿਸ਼ਟੀਕੋਣ ਰੱਖਣ ਵਾਲੇ ਮੱਧਵਰਗੀ ਪਰਵਾਰ ਵਿਚ ਪੈਦਾ ਹੋਇਆ, ਇਸ ਲਈ ਦੇਸ਼ ਭਗਤੀ ਅਤੇ ਲੋਕਾਂ ਲਈ ਕੁੱਝ ਕਰਨ ਦੀ ਚੇਟਕ ਉਸ ਨੂੰ ਬਚਪਨ ਵਿਚ ਹੀ ਲੱਗ ਗਈ ਸੀ। ਇਹ ਵਰ੍ਹੇ ਦੇਸ਼ ਅੰਦਰ ਜਮਹੂਰੀ ਜਾਗਰਤੀ ਅਤੇ ਸਿਆਸੀ ਹਲਚਲ ਦੇ ਵਰ੍ਹੇ ਸਨ। ਲੋਕਾਂ ਅੰਦਰ ਦੇਸ਼ ਨੂੰ ਬਰਤਾਨਵੀ ਸਾਮਰਾਜੀਆਂ ਦੀ ਗੁਲਾਮੀ ਤੋਂ ਮੁਕਤ ਕਰਵਾਉਣ ਲਈ ਚੇਤਨਾ ਵਿਚ ਵਾਧਾ ਹੋ ਰਿਹਾ ਸੀ ਅਤੇ ਜਨ ਉਭਾਰ ਵੀ ਸੀ। ਗਦਰ ਲਹਿਰ, ਬੱਬਰ ਅਕਾਲੀ ਲਹਿਰ, ਰੂਸ ਵਿਚ ਬਾਲਸ਼ਵਿਕ ਪਾਰਟੀ ਦੀ ਅਗਵਾਈ ਵਿਚ ਅਕਤੂਬਰ ਕਰਾਂਤੀ, ਜਲ੍ਹਿਆਂ ਵਾਲੇ ਬਾਗ ਦਾ ਸਾਕਾ, ਭਾਰਤ ਅੰਦਰ ਕਮਿਊਨਿਸਟ ਪਾਰਟੀ ਦਾ ਗਠਨ, ਜੈਤੋ ਦਾ ਮੋਰਚਾ ਅਤੇ ਕਈ ਹੋਰ ਮਹੱਤਵਪੂਰਨ ਘਟਨਾਵਾਂ ਇਸ ਅਰਸੇ ਦੌਰਾਨ ਵਾਪਰੀਆਂ, ਜਿਨ੍ਹਾਂ ਨੇ ਭਗਤ ਸਿੰਘ ਨੂੰ ਪ੍ਰਭਾਵਤ ਕੀਤਾ। ਨਵੰਬਰ 1921 ਵਿਚ ਜਦੋਂ ਭਗਤ ਸਿੰਘ ਅਜੇ 14 ਕੁ ਵਰ੍ਹਿਆਂ ਦਾ ਹੀ ਸੀ, ਨਾ-ਮਿਲਵਰਤਨ ਲਹਿਰ ਸਾਰੇ ਭਾਰਤ ਵਿਚ ਚਲੀ ਅਤੇ ਵਿਦਿਆਰਥੀਆਂ ਨੂੰ ਸਕੂਲ ਛੱਡਣ ਲਈ ਸੱਦਾ ਦਿੱਤਾ ਗਿਆ। ਭਗਤ ਸਿੰਘ ਜੋ ਉਸ ਸਮੇਂ ਦੱਸਵੀਂ ਜਮਾਤ ਵਿਚ ਹੀ ਪੜ੍ਹਦੇ ਸਨ, ਪੜ੍ਹਾਈ ਛੱਡ ਕੇ ਕੌਮੀ ਲਹਿਰ ਵਿਚ ਕੁੱਦ ਪਏ। ਐਪਰ ਉਸ ਸਮੇਂ ਦੇ ਕੌਮੀ ਲੀਡਰਾਂ ਵਲੋਂ ਨਾ-ਮਿਲਵਰਤਣ ਦੀ ਲਹਿਰ ਨੂੰ ਅਧਵਾਟੇ ਹੀ ਵਾਪਸ ਲਏ ਜਾਣ ਕਰਕੇ ਦੇਸ਼ ਭਗਤਾਂ ਤੇ ਨੋਜਵਾਨਾਂ ਦੇ ਮਨਾਂ 'ਤੇ ਅਜਿਹਾ ਅਸਰ ਹੋਇਆ ਕਿ ਉਹ ਇਹਨਾਂ ਕੌਮੀ ਲੀਡਰਾਂ ਦੀ ਅਗਵਾਈ ਚੋਂ ਬਾਹਰ ਆ ਕੇ ਕੌਮੀ ਮਸਲਿਆਂ ਦੇ ਹੱਲ ਲਈ ਦੁਨੀਆਂ ਦੇ ਹੋਰ ਤਜਰਬਿਆਂ ਦਾ ਅਧਿਐਨ ਕਰਨ ਲੱਗੇ। ਭਗਤ ਸਿੰਘ ਵੀ ਇਕ ਅਜਿਹਾ ਨੌਜਵਾਨ ਸੀ ਜਿਸ ਦਾ ਪੁਰਾਣੀ ਲੀਡਰਸ਼ਿਪ ਤੋਂ ਮੋਹ ਭੰਗ ਹੋ ਗਿਆ ਅਤੇ ਉਸ ਨੇ ਵੱਖਰਾ ਮਾਰਗ ਚੁਣ ਲਿਆ।

ਉਹ ਨਾ-ਮਿਲਵਰਤਨ ਲਹਿਰ ਤੋਂ ਮਾਯੂਸ ਹੋ ਗਏ ਅਤੇ 1922 ਵਿਚ ਨੈਸ਼ਨਲ ਕਾਲਜ ਲਾਹੌਰ ਵਿਚ ਦਾਖਲ ਹੋ ਗਏ। ਇਥੇ ਭਗਤ ਸਿੰਘ ਦਾ ਭਗਵਤੀ ਚਰਨ ਵੋਹਰਾ, ਸੁਖਦੇਵ, ਭਾਈ ਪਰਮਾਨੰਦ, ਪ੍ਰਿੰਸੀਪਲ ਛਬੀਲਦਾਸ ਅਤੇ ਪ੍ਰੋਫੈਸਰ ਜੈ ਚੰਦ ਵਿਦਿਆਲੰਕਾਰ ਵਰਗੀਆਂ ਸਖਸ਼ੀਅਤਾਂ ਨਾਲ ਸੰਪਰਕ ਹੋਇਆ ਅਤੇ ਉਸ ਦੀ ਰਾਜਨੀਤਕ ਤੇ ਇਨਕਲਾਬੀ ਚੇਤਨਤਾ 'ਚ ਭਾਰੀ ਵਾਧਾ ਹੋਇਆ। ਐਪਰ 1923 ਵਿਚ ਪੜ੍ਹਾਈ ਛੱਡ ਕੇ ਉਹ ਕਾਨਪੁਰ ਚਲੇ ਗਏ ਅਤੇ ਫਿਰ ਉਹ ਆਖਰੀ ਸਵਾਸਾਂ ਤੱਕ ਦੇਸ਼ ਦੀ ਆਜ਼ਾਦੀ ਲਈ ਹੀ ਜੂਝਦੇ ਰਹੇ। ਇਨ੍ਹਾਂ ਵਰ੍ਹਿਆਂ ਦੌਰਾਨ ਹੀ ਭਗਤ ਸਿੰਘ ਦਾ ਸੰਪਰਕ ਬੀ.ਕੇ.ਦੱਤ, ਸ਼ਿਵ ਵਰਮਾ, ਜੈਦੇਵ ਕਪੂਰ ਅਤੇ ਕਕੋਰੀ ਦੇ ਦੇਸ਼ ਭਗਤਾਂ ਸ਼ਹੀਦ ਬਿਸਮਿਲ ਅਤੇ ਚੰਦਰ ਸ਼ੇਖਰ ਆਜ਼ਾਦ ਵਰਗੇ ਇਨਕਲਾਬੀਆਂ ਨਾਲ ਹੋ ਗਿਆ ਅਤੇ ਇਹਨਾਂ ਕਰਾਂਤੀਕਾਰੀਆਂ ਦੇ ਗਰੁੱਪ ਵਿਚ ਉਹ ਬਹੁਤ ਹੀ ਸਾਹਸੀ, ਜਜ਼ਬਾਤੀ, ਸਾਹਿਤਕ ਰੁਚੀਆਂ ਵਾਲਾ, ਅਧਿਆਨ ਵਿਚ ਰੁਚੀ ਰੱਖਣ ਵਾਲਾ ਮਾਰਕਸਵਾਦੀ ਬੁੱਧੀਜੀਵੀ ਬਣ ਕੇ ਉਭਰਿਆ।

## ਵਿਚਾਰਧਾਰਕ ਵਿਕਾਸ

ਭਗਤ ਸਿੰਘ ਦਾ ਜਮਾਤੀ ਪਿਛੋਕੜ ਮੱਧ-ਵਰਗ ਸੀ। ਉਹ ਛੋਟੀ ਉਮਰ ਵਿਚ ਹੀ ਆਜ਼ਾਦੀ ਦੀ ਲਹਿਰ ਵਿਚ ਕੁੱਦ ਪਿਆ ਸੀ। ਬਰਤਾਨਵੀ ਹਾਕਮਾਂ ਦੇ ਭਾਰਤੀ ਲੋਕਾਂ ਉਪਰ ਕੀਤੇ ਜਾ ਰਹੇ ਜਬਰ ਜ਼ੁਲਮ ਨੇ ਉਸ ਦੀ ਆਤਮਾ ਨੂੰ ਝੰਜੋੜ ਦਿੱਤਾ। ਮਾਰਕਸਵਾਦ-ਲੈਨਿਨਵਾਦ ਦਾ ਅਧਿਆਨ ਅਜੇ (1926 ਤੱਕ) ਓਪਰਾ ਹੀ ਸੀ। ਇਸ ਲਈ ਉਹ ਰੂਸੀ, ਫਰਾਂਸੀਸੀ ਤੇ ਹੋਰ ਦੇਸ਼ਾਂ ਦੇ ਅਰਾਜਕਤਾਵਾਦੀਆਂ ਤੋਂ ਪ੍ਰਭਾਵਤ ਹੋਏ ਅਤੇ ਵਿਅਕਤੀਗਤ ਦਹਿਸ਼ਤਪਸੰਦੀ ਦੇ ਮਾਰਗ ਨੂੰ ਜਾਇਜ਼ ਸਮਝਣ ਲੱਗ ਪਏ। ਅਜਿਹਾ ਹੋ ਜਾਣਾ ਕੋਈ ਗੈਰ-ਕੁਦਰਤੀ ਨਹੀਂ ਸੀ। ਐਪਰ ਛੇਤੀ ਹੀ ਉਹਨਾਂ ਨੇ ਸਿਧਾਂਤ ਤੇ ਅਮਲ ਤੋਂ ਅਗਵਾਈ ਲੈਂਦੇ ਹੋਏ ਵਿਅਕਤੀਗਤ ਦਹਿਸ਼ਤਪਸੰਦੀ ਦੇ ਇਸ ਕੁਰਾਹੇ ਨੂੰ ਸਮਝ ਲਿਆ ਅਤੇ ਇਸ ਨੂੰ ਤਿਆਗ ਕੇ ਉਹ ਸਮਾਜਵਾਦੀ ਇਨਕਲਾਬੀ ਬਣ ਗਏ। 1927 ਤੋਂ 1930 ਤੱਕ ਦੇ ਚਾਰ ਵਰ੍ਹੇ ਉਹਨਾਂ ਨੇ ਮਾਰਕਸਵਾਦ-ਲੈਨਿਨਵਾਦ ਦਾ ਡੂੰਘਾ ਅਧਿਆਨ ਕੀਤਾ ਅਤੇ ਦੇਸ਼ ਅੰਦਰ ਰੂਸੀ ਇਨਕਲਾਬ ਦੀ ਤਰਜ਼ 'ਤੇ ਕਰਾਂਤੀ ਲਿਆਉਣ ਦਾ ਖਾਬ ਸਦਾ ਸਦਾ ਲਈ ਸਮੋ ਲਿਆ। 'ਇਨ-ਕਲਾਬ ਜ਼ਿੰਦਾਬਾਦ' ਅਤੇ 'ਸਾਮਰਾਜ-ਮੁਰਦਾਬਾਦ' ਦੇ ਨਾਅਰੇ ਦੇਸ਼ ਦੀ ਅਜ਼ਾਦੀ ਦੇ ਸੰਘਰਸ਼ ਦੌਰਾਨ ਉਹਨਾਂ ਦੀ ਹੀ ਦੇਣ ਹਨ। ਇੰਡੀਅਨ ਸੋਸ਼ਲਿਸਟ ਰੀਪਬਲਿਕ ਐਸੋਸੀਏਸ਼ਨ ਦਾ ਗਠਨ ਕਰਨ ਵਿਚ ਵੀ ਉਹਨਾਂ ਦੀ ਅਹਿਮ ਭੂਮਿਕਾ ਸੀ। ਉਹ ਸਾਮਰਾਜ, ਫਿਰਕਾਪ੍ਰਸਤੀ ਤੇ ਸਮਾਜਕ ਬੇਇਨਸਾਫੀ ਤੇ ਜਬਰ ਦੇ ਪੱਕੇ ਵਿਰੋਧੀ ਬਣ ਗਏ ਸਨ।

## ਇਨਕਲਾਬੀ ਸਿਧਾਂਤ ਦਾ ਅਧਿਐਨ

ਭਗਤ ਸਿੰਘ ਦੇ ਸਾਥੀ ਉਸ ਬਾਰੇ ਆਖਦੇ ਹਨ ਕਿ ਉਹ ਕਿਤਾਬਾਂ ਕੇਵਲ ਪੜ੍ਹਦਾ ਨਹੀਂ ਸੀ, ਸਗੋਂ ਪੀਂਦਾ ਸੀ। ਉਸ ਨੇ ਆਪਣੀ ਛੋਟੀ ਜਿਹੀ ਉਮਰ ਵਿਚ ਹੀ ਡੂੰਘਾ ਅਧਿਐਨ ਕੀਤਾ ਅਤੇ ਅਧਿਐਨ ਦੀ ਇਹ ਰੁਚੀ ਤੇ ਗੁਣ ਹੀ ਸੀ ਜਿਸ ਨੇ ਉਸ ਨੂੰ ਦਹਿਸ਼ਤਪਸੰਦੀ ਦੇ ਗਲਤ ਮਾਰਗ ਤੋਂ ਇਕ ਸਮਾਜਵਾਦੀ ਇਨਕਲਾਬੀ ਬਣਨ ਵੱਲ ਪਰਤਾ ਦਿੱਤਾ। ਉਸ ਦੀਆਂ ਲਿਖਤਾਂ ਅਤੇ ਜੇਲ੍ਹ ਡਾਇਰੀ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉਸ ਨੇ ਭਾਰਤ ਵਿਚ ਉਠੀਆਂ ਲਹਿਰਾਂ ਦੇ ਤਜ਼ਰਬੇ ਨੂੰ ਸੰਜੀਦਗੀ ਤੇ ਗਹਿਰਾਈ ਨਾਲ ਘੋਖਿਆ ਅਤੇ ਦੁਨੀਆਂ ਦੇ ਹੋਰ ਦੇਸ਼ਾਂ ਦੀਆਂ ਇਨਕਲਾਬੀ ਲਹਿਰਾਂ ਦਾ ਅਧਿਐਨ ਕੀਤਾ। ਸਮੇਂ ਅਤੇ ਲੋਕਾਂ ਦੀ ਲੋੜ ਨੂੰ ਸਮਝਣ ਦਾ ਹਰ ਉਪਰਾਲਾ ਕੀਤਾ। ਭਗਤ ਸਿੰਘ ਦੇ ਆਪਣੇ ਕਹਿਣ ਮੁਤਾਬਕ ਉਸ ਨੇ 'ਅਧਿਐਨ ਕਰਨ' ਨੂੰ ਆਪਣਾ ਅਸੂਲ ਬਣਾਇਆ। ਉਹ ਮਹਾਨ ਲੈਨਿਨ ਦੇ ਇਸ ਕਥਨ ਕਿ 'ਇਨਕਲਾਬੀ ਸਿਧਾਂਤ ਦੀ ਅਗਵਾਈ ਤੋਂ ਬਿਨਾਂ ਕੋਈ ਇਨਕਲਾਬੀ ਲਹਿਰ ਨਹੀਂ ਉਸਾਰੀ ਜਾ ਸਕਦੀ' ਤੋਂ ਪੂਰੀ ਤਰ੍ਹਾਂ ਕਾਇਲ ਹੋ ਚੁੱਕਾ ਸੀ ਅਤੇ ਉਸ ਨੇ ਇਕ ਲਿਖਤ ਵਿਚ ਇਹ ਦਰਜ ਕੀਤਾ :



''ਬਦਕਿਸਮਤੀ ਨਾਲ ਇਨਕਲਾਬ ਦਾ ਬੌਧਿਕ ਸਮਾਨ ਆਮ ਤੌਰ 'ਤੇ ਬੇਧਿਆਨਾ ਹੀ ਰਿਹਾ ਹੈ। ਇਸ ਕਰਕੇ ਇਨਕਲਾਬ ਲਈ ਅਤਿ ਜ਼ਰੂਰੀ ਇਨਕਲਾਬੀ ਪਾਰਟੀ ਦੇ ਕੰਮਾਂ ਉਪਰ ਇਸ ਦਾ ਠੀਕ ਅਸਰ ਕੀ ਹੋਵੇਗਾ, ਹਮੇਸ਼ਾਂ ਅੱਖੋਂ ਓਹਲੇ ਕਰ ਦਿੱਤਾ ਜਾਂਦਾ ਰਿਹਾ ਹੈ। ਇਸ ਕਰਕੇ ਇਕ ਇਨਕਲਾਬੀ ਨੂੰ, ਅਧਿਐਨ ਨੂੰ ਆਪਣਾ ਪਵਿੱਤਰ ਫਰਜ਼ ਬਣਾ ਲੈਣਾ ਚਾਹੀਦਾ ਹੈ।''

## ਜਨਤਕ ਲਾਈਨ 'ਚ ਵਿਸ਼ਵਾਸ

ਮਾਰਕਸਵਾਦ-ਲੈਨਿਨਵਾਦ ਦੀ ਵਿਗਿਆਨ ਦੇ ਡੂੰਘੇ ਅਧਿਐਨ ਰਾਹੀਂ ਅਤੇ ਜਵਾਨੀ ਦੇ ਮੁੱਢਲੇ ਵਰ੍ਹਿਆਂ ਦੌਰਾਨ 'ਰੋਮਾਂਟਿਕ ਵਿਚਾਰਵਾਦੀ ਇਨਕਲਾਬੀ' ਦ੍ਰਿਸ਼ਟੀਕੋਣ ਦੇ ਅਮਲੀ ਸਿੱਟਿਆਂ ਤੋਂ ਉਹ ਇਹ ਗੱਲ ਪੂਰੀ ਤਰ੍ਹਾਂ ਜਾਣ ਗਏ ਸਨ ਕਿ ਵਿਅਕਤੀਗਤ ਦਹਿਸ਼ਤਪਸੰਦੀ ਦਾ ਮਾਰਗ ਮੜ੍ਹੀਆਂ ਦਾ ਰਾਹ ਹੈ। ਉਹ ਮਜ਼ਦੂਰਾਂ, ਕਿਸਾਨਾਂ ਦੀ ਜਥੇਬੰਦੀ ਉਸਾਰਣ ਦੀ ਲੋੜ ਤੋਂ ਕਾਇਲ ਹੋ ਗਏ ਅਤੇ ਜਨਤਕ ਲਾਈਨ (Mass line) ਦੇ ਅਨੁਆਈ ਬਣ ਗਏ ਸਨ। ਉਹਨਾਂ ਦੀਆਂ ਲਿਖਤਾਂ ਇਸ ਦੀ ਪੂਰੀ ਪਰੋੜਤਾ ਕਰਦੀਆਂ ਹਨ। ਉਹ ਲਿਖਦੇ ਹਨ ਕਿ, *''ਮੈਂ ਆਪਣੀ ਸਾਰੀ ਤਾਕਤ ਨਾਲ ਇਹ ਕਹਿਣਾ ਚਾਹਾਂਗਾ ਕਿ ਨਾ ਮੈਂ ਦਹਿਸ਼ਤਪਸੰਦ ਹਾਂ ਅਤੇ ਨਾ ਹੀ ਸਾਂ, ਸਿਰਫ ਇਨਕਲਾਬੀ ਜੀਵਨ ਦੇ ਚੰਦ ਦਿਨਾਂ ਦੇ ਸਿਵਾਏ। ਮੈਨੂੰ ਪੂਰਾ ਯਕੀਨ ਹੈ ਕਿ ਅਸੀਂ ਇਹਨਾਂ ਤਰੀਕਿਆਂ ਰਾਹੀਂ ਕੁੱਝ ਵੀ ਪ੍ਰਾਪਤ ਨਹੀਂ ਕਰ ਸਕਦੇ।''* ਇਕ ਹੋਰ ਥਾਂ ਉਹਨਾਂ ਇਹ ਵੀ ਕਿਹਾ ਕਿ, *''ਦਹਿਸ਼ਤਪਸੰਦੀ, ਸਾਡੇ ਅੰਦਰ ਇਨਕਲਾਬੀ ਸੋਚ ਦੀ ਪਕੜ (Grip) ਦੇ ਅਭਾਵਾਂ ਦਾ ਪ੍ਰਗਟਾਵਾ ਹੈ।''*

ਉਹਨਾਂ ਨੇ ਆਤੰਕਵਾਦ/ਦਹਿਸ਼ਤਪਸੰਦੀ ਤੋਂ ਪੂਰਨ ਨਿਖੇੜਾ ਕਰਦੇ ਹੋਏ ਇਹ ਕਿਹਾ ਕਿ, ''ਇਹ ਗੱਲ ਪ੍ਰਚਲਤ ਹੈ ਕਿ ਮੈਂ ਆਤੰਕਵਾਦੀ ਹਾਂ। ਐਪਰ ਮੈਂ ਇਕ ਇਨਕਲਾਬੀ ਹਾਂ, ਜਿਸਦੀ ਇਕ ਵਿਚਾਰਧਾਰਾ ਹੈ, ਜਿਸਦੇ ਆਦਰਸ਼ ਸਪੱਸ਼ਟ ਹਨ ਅਤੇ ਮੇਰਾ ਵਿਸਤ੍ਰਿਤ ਪ੍ਰੋਗਰਾਮ ਹੈ। ਜੋ ਲੋਕ ਸਮਝਦੇ ਹਨ ਕਿ ਲੰਮਾ ਸਮਾਂ ਜੇਲ੍ਹ ਵਿਚ ਰਹਿ ਕੇ ਮੇਰੀ ਵਿਚਾਰਧਾਰਾ ਵਿਚ ਕੋਈ ਫਰਕ ਪੈ ਜਾਵੇਗਾ ਤਾਂ ਉਹ ਗਲਤ ਹਨ। ਮੇਰਾ ਇਹ ਪੱਕਾ ਵਿਸ਼ਵਾਸ ਹੈ ਕਿ ਅਸੀਂ ਨਾ ਬੰਬਾਂ ਤੋਂ ਅਤੇ ਨਾ ਹੀ ਪਿਸਤੌਲਾਂ ਤੋਂ ਕੋਈ ਫਾਇਦਾ ਲੈ ਸਕਦੇ ਹਾਂ। ਬੰਬ ਸੁੱਟਣਾ ਖਤਰਨਾਕ ਹੀ ਨਹੀਂ ਸਗੋਂ ਹਾਨੀਕਾਰਕ ਵੀ ਹੈ। ਇਸ ਦੀ ਕੇਵਲ ਖਾਸ ਹਾਲਾਤ ਵਿਚ ਹੀ ਜਰੂਰਤ ਹੈ। ਸਾਡਾ ਅਸਲੀ ਮਕਸਦ ਮਜ਼ਦੂਰਾਂ ਅਤੇ ਕਿਸਾਨਾਂ ਦੀ ਜਥੇਬੰਦੀ ਉਸਾਰਨੀ ਹੈ।'' ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਉਹ ਇਕ ਇਨਕਲਾਬੀ ਪਾਰਟੀ ਦਾ ਗਠਨ ਕਰਕੇ ਜਨਤਕ ਲਾਈਨ 'ਤੇ ਆਧਾਰਤ ਪ੍ਰਤੀਰੋਧ ਉਸਾਰਨ ਦੀ ਵਿਗਿਆਨਕ ਲਾਈਨ ਦੇ ਦ੍ਰਿੜ ਵਿਸ਼ਵਾਸੀ ਬਣ ਚੁੱਕੇ ਸਨ, ਵਿਅਕਤੀਗਤ ਦਹਿਸ਼ਤਪਸੰਦੀ ਦੀ ਥਾਂ ਜਨਤਕ ਇਨਕਲਾਬੀ ਹਿੰਸਾ (Revolutionary Mass Violence) ਦੀ ਲਾਈਨ ਦੀ ਸਾਰਥਕਤਾ ਦਾ ਉਹਨਾਂ ਨੂੰ ਗਿਆਨ ਹਾਸਲ ਹੋ ਗਿਆ ਸੀ।

ਮਜ਼ਦੂਰਾਂ, ਕਿਸਾਨਾਂ ਨੂੰ ਜਥੇਬੰਦ ਕਰਨ ਅਤੇ ਇਨਕਲਾਬੀ ਪਾਰਟੀ ਦੀ ਉਸਾਰੀ ਬਾਰੇ

ਸਮਾਜਕ ਵਿਕਾਸ ਦੀ ਵਿਗਿਆਨ ਦੇ ਅਧਿਆਨ ਤੋਂ ਉਹ ਇਸ ਸੱਚ 'ਤੇ ਵੀ ਪੁੱਜ ਗਿਆ ਸੀ ਕਿ ਇਕ ਇਨਕਲਾਬੀ ਪਾਰਟੀ ਤੋਂ ਬਿਨਾਂ ਇਨਕਲਾਬ ਕਦੇ ਵੀ ਨੇਪਰੇ ਨਹੀਂ ਚੜ੍ਹ ਸਕਦਾ। ਇਸ ਲਈ ਉਸ ਨੇ ਮਜ਼ਦੂਰਾਂ ਕਿਸਾਨਾਂ ਅਤੇ ਹੋਰ ਮਿਹਨਤਕਸ਼ਾਂ ਨੂੰ ਜਥੇਬੰਦ ਕਰਨ ਦੇ ਕਠਿਨ ਪਰ ਜ਼ਰੂਰੀ ਕਾਰਜ 'ਤੇ ਜ਼ੋਰ ਦਿੱਤਾ ਤਾਂ ਜੋ ਇਨਕਲਾਬੀ ਅਮਲ ਦਾ ਅਹਿਮ ਕਾਰਜ ਵੀ ਨਾਲ ਦੀ ਨਾਲ ਹੀ ਨਿਭਾਇਆ ਜਾ ਸਕੇ। ਉਹ ਇਕ ਥਾਂ ਲਿਖਦੇ ਹਨ ਕਿ, ''ਇਨਕਲਾਬੀਆਂ ਨੂੰ ਪਹਿਲਾਂ ਕਾਰਖਾਨਿਆਂ ਅਤੇ ਖੇਤਾਂ ਵਿਚ ਜਾ ਕੇ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਜਥੇਬੰਦ ਕਰਨਾ ਚਾਹੀਦਾ ਹੈ ਤਾਂ ਜੁ ਉਹਨਾਂ ਵਿਚ ਜਾਗਰਤੀ ਪੈਦਾ ਕੀਤੀ ਜਾ ਸਕੇ। ਇਸ ਮਹੱਤਵਪੂਰਨ ਕਾਰਜ ਲਈ ਪਹਿਲਾਂ ਸਾਨੂੰ ਇਨਕਲਾਬੀ ਨੌਜਵਾਨਾਂ ਨੂੰ ਤਿਆਰ ਕਰਨਾ ਹੋਵੇਗਾ। ਸਾਨੂੰ ਅਜਿਹੇ ਨੌਜਵਾਨ ਚਾਹੀਦੇ ਹਨ ਜਿਹੜੇ ਇਨਕਲਾਬ ਲਈ ਆਪਣੀ ਜ਼ਿੰਦਗੀ ਸਮਰਪੱਤ ਕਰ ਚੁੱਕੇ ਹੋਣ, ਆਤਮ ਵਿਸ਼ਵਾਸੀ ਹੋਣ ਅਤੇ ਸੰਕਟ ਨੂੰ ਵੇਖ ਕੇ ਡਰ ਨਾ ਜਾਣ। ਉਹਨਾਂ ਦੇ ਸਾਹਮਣੇ ਜੇਕਰ ਇਕ ਵਾਰੀ ਮੌਤ ਵੀ ਆ ਜਾਵੇ ਤਾਂ ਵੀ ਉਹ ਹੱਸਦੇ ਹੋਏ ਉਸ ਨੂੰ ਗਲੇ ਲਾ ਲੈਣ। ਜਿਹਨਾਂ ਦਾ ਉਦੇਸ਼ ਸਪੱਸ਼ਟ ਹੋਵੇ ਅਤੇ ਜਿਹੜੇ ਅਨੁਸਾਸ਼ਤ ਢੰਗ ਨਾਲ ਇਨਕਲਾਬੀ ਪਾਰਟੀ ਨੂੰ ਸ਼ਕਤੀਸ਼ਾਲੀ ਬਨਾਉਣ ਲਈ ਵਚਨਬੱਧ ਹੋਣ।'' ਉਹ ਪਾਰਟੀ ਉਸਾਰੀ ਦੇ ਲੈਨਿਨਵਾਦੀ ਅਸੂਲਾਂ ਤੋਂ ਜਾਣੂ ਹੋ ਚੁੱਕੇ ਸਨ। ਇਸ ਕਰਕੇ ਪਾਰਟੀ ਅਤੇ ਕਾਡਰ ਬਾਰੇ ਇਹ ਵਿਚਾਰ ਰੱਖਦੇ ਸਨ ਕਿ ''ਯੋਜਨਾਬੱਧ ਢੰਗ ਨਾਲ ਅੱਗੇ ਵੱਧਣ ਲਈ ਤੁਹਾਨੂੰ ਜਿਸਦੀ ਸਭ ਤੋਂ ਵੱਧ ਲੋੜ ਹੈ, ਉਹ ਹੈ ਇਕ ਪਾਰਟੀ, ਜਿਸ ਦੇ ਕੋਲ ਅਜਿਹੇ ਕਾਰਕੁੰਨ ਹੋਣ ਜਿਹਨਾਂ ਦੇ ਦਿਮਾਗ ਸਪੱਸ਼ਟ ਹੋਣ, ਸਮੱਸਿਆਵਾਂ 'ਤੇ ਤਿੱਖੀ ਪਕੜ ਹੋਵੇ। ਇਸ ਪਾਰਟੀ ਦਾ ਅਨੁਸ਼ਾਸਨ ਬਹੁਤ ਸਖਤ ਹੋਵੇਗਾ।'' ਇੱਥੇ ਹੀ ਬਸ ਨਹੀਂ। ਇਨਕਲਾਬੀ ਪਾਰਟੀ ਦੇ ਲੈਨਿਨਵਾਦੀ ਅਸੂਲਾਂ ਦੀ ਰੌਸ਼ਨੀ ਵਿਚ ਉਹ ਪਾਰਟੀ ਲਈ ਕੁਲਵਕਤੀਆਂ ਦੀ ਮਹੱਤਤਾ ਬਾਰੇ ਜਾਣ ਚੁੱਕਾ ਸੀ। ਉਹ ਲਿਖਦੇ ਹਨ ਕਿ ''ਸਾਨੂੰ ਪੇਸ਼ਾਵਰ ਇਨਕਲਾਬੀਆਂ ਦੀ ਲੋੜ ਹੈ। ਇਹ ਸ਼ਬਦ ਲੈਨਿਨ ਨੂੰ ਬਹੁਤ ਪਿਆਰਾ ਸੀ-ਕੁਲਵਕਤੀ ਕਾਰਕੁੰਨਾਂ ਦੀ, ਜਿਹਨਾਂ ਦੀ ਇਨਕਲਾਬ ਦੇ ਸਿਵਾਏ ਹੋਰ ਕੋਈ ਵੀ ਤਮੰਨਾ ਨਾ ਹੋਵੇ ਅਤੇ ਨਾ ਜ਼ਿੰਦਗੀ ਦਾ ਕੋਈ ਦੂਸਰਾ ਉਦੇਸ਼ ਹੋਵੇ। ਅਜਿਹੇ ਕਾਰਕੁੰਨ ਜਿੰਨੀ ਵੱਡੀ ਸੰਖਿਆ ਵਿਚ ਇਕ ਪਾਰਟੀ ਦੇ ਰੂਪ ਵਿਚ ਸੰਗਠਿਤ ਹੋਣਗੇ ਤਾਂ ਉਨੀ ਹੀ ਤੁਹਾਡੀ ਕਾਮਯਾਬੀ ਦੀਆਂ ਸੰਭਾਵਨਾਵਾਂ ਵੱਧ ਜਾਣਗੀਆਂ।''

ਇਹ ਹਨ ਉਹ ਮਹੱਤਵਪੂਰਨ ਪੱਖ ਜਿਹੜੇ ਭਗਤ ਸਿੰਘ ਦੀਆਂ ਲਿਖਤਾਂ 'ਚੋਂ ਉਭਰ ਕੇ ਸਾਹਮਣੇ ਆਉਂਦੇ ਹਨ ਅਤੇ ਉਸ ਨੂੰ ਇਕ ਸਮਾਜਵਾਦੀ ਇਨਕਲਾਬੀ ਦੇ ਤੌਰ 'ਤੇ ਸਥਾਪਤ ਕਰਦੇ ਹਨ। ਐਪਰ ਇਹ ਨੋਟ ਕਰਨ ਵਾਲੀ ਗੱਲ ਹੈ ਕਿ ਭਗਤ ਸਿੰਘ ਨੂੰ ਆਮ ਲੋਕਾਂ ਨੇ ਆਪਣੇ ਜਜ਼ਬਾਤ ਦਾ ਹਿੱਸਾ ਤਾਂ ਜ਼ਰੂਰ ਬਣਾਇਆ ਹੈ ਪਰ ਆਪਣੀ ਸੋਚ ਦਾ ਹਿੱਸਾ ਨਹੀਂ ਬਣਾਇਆ। ਇਸ ਦਾ ਸਿੱਟਾ ਇਹ ਨਿਕਲਿਆ ਕਿ ਭਗਤ ਸਿੰਘ ਦੇ ਦੁਸ਼ਮਣਾਂ ਨੇ ਭਗਤ ਸਿੰਘ ਨੂੰ ਆਪਣੇ ਜਮਾਤੀ ਹਿੱਤਾਂ ਲਈ ਲਾਹੇਵੰਦ ਰੰਗ ਵਿਚ ਪੇਸ਼ ਕਰਕੇ ਉਸ ਬਾਰੇ ਕਈ ਗਲਤ ਫਹਿਮੀਆਂ ਪੈਦਾ ਕਰਨ ਦੀਆਂ ਸਾਜ਼ਸ਼ਾਂ ਕੀਤੀਆਂ ਅਤੇ ਉਹ ਕਾਫੀ ਹੱਦ ਤੱਕ ਸਫਲ ਵੀ ਹੋ ਗਏ।

## ਭਗਤ ਸਿੰਘ ਦੇ ਵਾਰਸ

ਸ਼ਹੀਦ-ਏ-ਆਜ਼ਮ ਭਗਤ ਸਿੰਘ ਕਿਉਂਕਿ ਜਨਸਮੂਹਾਂ ਦਾ ਹੀਰੋ ਬਣ ਚੁੱਕਾ ਹੈ, ਇਸ ਲਈ ਉਸ ਦੀ ਸ਼ਹੀਦੀ ਤੋਂ ਪਿਛੋਂ ਭਗਤ ਸਿੰਘ ਦੀ ਸੋਚ ਦੇ ਵਿਰੋਧੀਆਂ ਨੇ ਉਸ ਦੀ ਵਿਰਾਸਤ 'ਤੇ ਕਬਜ਼ੇ ਦੀ ਲੜਾਈ ਤੇਜ਼ ਕਰ ਦਿੱਤੀ। ਕਾਂਗਰਸ ਪਾਰਟੀ, ਬੀ.ਜੇ.ਪੀ. ਅਤੇ ਕੁਝ ਹੋਰ ਸੱਤਾਪ੍ਰਸਤ ਪਾਰਟੀਆਂ ਭਗਤ ਸਿੰਘ ਦੀ ਵਿਰਾਸਤ ਦੇ ਮਾਲਕ ਹੋਣ ਦਾ ਦਾਅਵਾ ਪੇਸ਼ ਕਰਦੇ ਹਨ। ਕਾਂਗਰਸ ਦੇ ਲੀਡਰ ਆਖਦੇ ਹਨ ਕਿ ਭਗਤ ਸਿੰਘ 1928 ਤੋਂ ਪਹਿਲਾਂ ਤੱਕ ਗਾਂਧੀਵਾਦੀ ਸੀ ਅਤੇ ਉਹ ਗਾਂਧੀ ਦੇ ਵਿਚਾਰਾਂ ਤੋਂ ਪ੍ਰਭਾਵਤ ਸੀ। ਉਹਨਾਂ ਅਨੁਸਾਰ ਭਗਤ ਸਿੰਘ ਦੀ ਮਾਤਾ ਨੂੰ ਪੰਜਾਬ ਮਾਤਾ ਐਲਾਨਣ ਦਾ ਕਾਰਜ ਵੀ ਕਾਂਗਰਸ ਪਾਰਟੀ ਨੇ ਕੀਤਾ ਸੀ, ਇਸ ਲਈ ਉਹ ਹੀ ਇਸ ਸ਼ਹੀਦ ਦੇ ਵਾਰਸ ਹਨ। ਅਕਾਲੀ ਉਸ ਨੂੰ ਸਿੱਖ ਦੱਸਦੇ ਹੋਏ ਆਪਣੇ ਆਪ ਨੂੰ ਉਸ ਦੇ ਹਕੀਕੀ ਵਾਰਸ ਦੱਸਦੇ ਹਨ। ਭਾਰਤ ਦੀ ਸਭ ਤੋਂ ਵੱਡੀ ਫਿਰਕਾਪ੍ਰਸਤ ਪਾਰਟੀ ਬੀ.ਜੇ.ਪੀ. ਦਾ ਕਲੇਮ ਹੈ ਕਿ ਭਗਤ ਸਿੰਘ ਆਰੀਆ-ਸਮਾਜੀ ਪਰਵਾਰ ਵਿਚੋਂ ਸੀ ਅਤੇ ਉਹ ਵਾਲ ਕਟਵਾ ਕੇ ਹਿੰਦੂ ਬਣ ਗਿਆ ਸੀ; ਇਸ ਕਰਕੇ ਉਹ ਹੀ ਉਸ ਦੀ ਵਿਰਾਸਤ ਦੇ ਹੱਕਦਾਰ ਹਨ। ਐਪਰ ਭਗਤ ਸਿੰਘ ਦੀਆਂ ਲਿਖਤਾਂ ਦਾ ਅਧਿਐਨ ਕਰਨ ਅਤੇ ਇਸ ਲੇਖ ਵਿਚ ਦਰਜ ਕੀਤੀਆਂ ਗਈਆਂ ਉਪਰੋਕਤ ਟੂਕਾਂ ਤੋਂ ਹੀ ਇਹ ਭਲੀਭਾਂਤ ਸਪੱਸ਼ਟ ਹੋ ਜਾਂਦਾ ਹੈ ਕਿ ਭਗਤ ਸਿੰਘ ਇਕ ਹਕੀਕੀ ਇਨਕਲਾਬੀ ਸੀ ਜੋ ਪੂੰਜੀਵਾਦ ਅਤੇ ਫਿਰਕਾਪ੍ਰਸਤੀ ਦਾ ਕੱਟੜ ਵਿਰੋਧੀ ਸੀ, ਨਾਸਤਿਕ ਸੀ ਅਤੇ ਇਕ ਇਨਕਲਾਬੀ ਪਾਰਟੀ ਉਸਾਰ ਕੇ ਜਨਤਕ ਲੀਹਾਂ 'ਤੇ ਪ੍ਰਤੀਰੋਧ ਉਸਾਰਨ ਦੀ ਲੈਨਿਨਵਾਦੀ ਲਾਈਨ ਦਾ ਅਨੁਆਈ ਸੀ। ਇਸ ਵਿਚ ਰਤਾ ਵੀ ਗੁੰਜਾਇਸ਼ ਨਹੀਂ ਹੈ ਕਿ ਬੁਰਜ਼ਵਾ ਲੈਂਡਲਾਰਡ ਤੇ ਫਿਰਕਾਪ੍ਰਸਤ ਦਲ ਤਾਂ ਉਸ ਦੇ ਵਿਚਾਰਾਂ ਦੇ ਵਿਰੋਧੀ ਹਨ। ਫਿਰ ਅਜਿਹੇ ਅੰਸਰ ਉਸ ਦੀ ਵਿਰਾਸਤ 'ਤੇ ਹੱਕ ਜਿਤਾਉਣ ਲਈ ਅੱਡੀ ਚੋਟੀ ਦਾ ਜ਼ੋਰ ਕਿਉਂ ਲਾਉਂਦੇ ਹਨ? ਇਸ ਨੂੰ ਸਮਝਣਾ ਕੋਈ ਮੁਸ਼ਕਲ ਨਹੀਂ ਹੈ। ਇਹ ਲੋਕ ਵਿਰੋਧੀ ਪਾਰਟੀਆਂ ਸਦਾ ਹੀ ਅਜਿਹਾ ਕੁਕਰਮ, ਜਨਸਮੂਹਾਂ ਨੂੰ ਧੋਖਾ ਦੇਣ ਲਈ ਕਰਦੀਆਂ ਰਹੀਆਂ ਹਨ। ਇਸ ਸੰਦਰਭ ਵਿਚ ਇੱਥੇ ਮਹਾਨ ਲੈਨਿਨ ਦੀ ਲਿਖਤ ਚੋਂ ਇਕ ਹਵਾਲਾ ਦਰਜ ਕਰ ਰਹੇ ਹਾਂ :

''ਇਤਿਹਾਸ ਵਿਚ ਇੰਝ ਸਦਾ ਹੀ ਹੋਇਆ ਹੈ ਕਿ ਦੱਬੀਆਂ ਕੁਚਲੀਆਂ ਜਮਾਤਾਂ ਵਿਚ ਹਰਮਨ ਪਿਆਰੇ ਰਹੇ ਇਨਕਲਾਬੀ ਲੀਡਰਾਂ ਦੀ ਮੌਤ ਪਿਛੋਂ, ਉਹਨਾਂ ਦੇ ਦੁਸ਼ਮਣਾਂ ਵਲੋਂ ਅਜਿਹੇ ਲੀਡਰ ਦੇ ਨਾਂਅ 'ਤੇ ਆਪਣਾ ਅਧਿਕਾਰ ਜਮਾਉਣ ਦੇ ਯਤਨ ਕੀਤੇ ਜਾਂਦੇ ਰਹੇ ਹਨ ਤਾਂ ਜੋ ਦੱਬੀਆਂ ਕੁਚਲੀਆਂ ਜਮਾਤਾਂ ਨੂੰ ਧੋਖਾ ਦਿੱਤਾ ਜਾ ਸਕੇ।''

(ਵੀ.ਆਈ.ਲੈਨਿਨ, ਸੰਕਲਿਤ ਰਚਨਾਵਾਂ, ਜਿਲਦ 23, ਸਫਾ 118)

ਸ਼ਹੀਦ-ਏ-ਆਜ਼ਮ ਸਾਢੇ ਤੇਈ ਵਰ੍ਹਿਆਂ ਦੀ ਉਮਰ ਵਿਚ ਸ਼ਹਾਦਤ ਦਾ ਜਾਮ ਪੀ ਕੇ ਭਾਰਤੀ ਜਨਸਮੂਹਾਂ ਦੇ ਦਿਲਾਂ ਦੇ ਅਕਾਸ਼ 'ਤੇ ਧਰੂ ਤਾਰੇ ਦੀ ਤਰ੍ਹਾਂ ਚਮਕਦਾ ਹੈ। ਉਹ ਮਾਰਕਸਵਾਦ-ਲੈਨਿਨਵਾਦ ਅਤੇ ਦੁਨੀਆਂ ਦੀਆਂ ਇਨਕਲਾਬੀ ਲਹਿਰਾਂ ਦੀ ਘੋਖ ਤੋਂ ਇਸ ਸੱਚ 'ਤੇ ਅਪੜ ਗਿਆ ਸੀ ਕਿ ਇਨਕਲਾਬੀ ਸਮਾਜਕ ਤਬਦੀਲੀ ਕੋਈ ਬੱਚਿਆਂ ਦੀ ਖੇਡ ਨਹੀਂ ਹੈ; ਇਸ ਲਈ ਲੰਬੀ ਤੇ ਕਠਿਨ ਲੜਾਈ ਦੀ ਲੋੜ ਪਵੇਗੀ। ਉਹ ਦੇਸ਼ ਦੀ ਅਜ਼ਾਦੀ ਤੋਂ ਪਿਛੋਂ ਰਾਜਸੱਤਾ 'ਤੇ ਕਾਬਜ ਹੋਣ ਵਾਲੀਆਂ ਜਮਾਤਾਂ ਅਤੇ ਇਨਕਲਾਬੀ ਤਬਦੀਲੀ ਲਈ ਸੰਘਰਸ਼ ਦੀ ਲੋੜ ਬਾਰੇ ਵੀ ਅਗਾਊਂ ਹੀ ਭਾਂਪ ਗਿਆ ਲੱਗਦਾ ਹੈ। ਹਵਾਲੇ ਵਜੋਂ ਉਸ ਦੀਆਂ ਲਿਖਤਾਂ ਵਿਚੋਂ ਇਹ ਟੂਕ ਪੇਸ਼ ਹੈ:

''ਇਹ ਜੰਗ ਨਾ ਅਸਾਂ ਤੋਂ ਸ਼ੁਰੂ ਹੋਇਆ ਹੈ ਅਤੇ ਨਾ ਹੀ ਸਾਡੇ ਜੀਵਨ ਨਾਲ ਖਤਮ ਹੋਵੇਗਾ। ਇਹ ਤਾਂ ਇਤਿਹਾ-ਸਕ ਕਾਰਨਾਂ ਦੇ ਆਲੇ ਦੁਆਲੇ ਪਸਰੇ ਹਾਲਾਤ ਦਾ ਜ਼ਰੂਰੀ ਨਤੀਜਾ ਹੈ। ਸਾਡੀ ਨਿਮਾਣੀ ਜਿਹੀ ਕੁਰਬਾਨੀ ਤਾਂ ਉਸ ਇਤਿਹਾਸਕ ਲੜੀ ਦੀ ਇਕ ਕੜੀ ਹੈ। ਅਸੀਂ ਇਹ ਐਲਾਨ ਕਰਦੇ ਹਾਂ ਕਿ ਇਕ ਯੁੱਧ ਚਲ ਰਿਹਾ ਹੈ ਅਤੇ ਇਹ ਤਦ ਤੱਕ ਚੱਲਦਾ ਰਹੇਗਾ ਜਦ ਤੱਕ ਕੁੱਝ ਤਾਕਤਵਰ ਲੋਕ ਭਾਰਤੀ ਜਨਤਾ ਤੇ ਮਿਹਨਤਕਸ਼ ਲੋਕਾਂ ਨੂੰ ਅਤੇ ਉਨ੍ਹਾਂ ਦੇ ਵਸੀਲਿਆਂ ਨੂੰ ਲੁੱਟਦੇ ਰਹਿਣਗੇ। ਇਹ ਲੁਟੇਰੇ ਭਾਵੇਂ ਨਿਰੋਲ ਅੰਗਰੇਜ਼ ਸਰਮਾਏਦਾਰ ਹੋਣ ਜਾਂ ਫਿਰ ਨਿਰੋਲ ਭਾਰਤੀ ਸਰਮਾਏਦਾਰ ਜਾਂ ਦੋਵੇਂ ਰਲਵੇਂ।''

ਭਗਤ ਸਿੰਘ ਦੇ ਉਪਰੋਕਤ ਸ਼ਬਦ ਇਕ ਭਵਿੱਖਬਾਣੀ ਦੀ ਤਰ੍ਹਾਂ ਸਾਬਤ ਹੋਏ ਹਨ। ਅੱਜ ਸਾਮਰਾਜੀ ਧਾੜਵੀ ਅਤੇ ਦੇਸੀ ਲੁਟੇਰੇ ਰਲ ਕੇ ਭਾਰਤੀ ਜਨਸਮੂਹਾਂ ਨੂੰ ਲੁੱਟ ਰਹੇ ਹਨ। ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਤੇ ਸਰਕਾਰੀ ਜਬਰ ਨੇ ਭਾਰਤੀ ਜਨਸਮੂਹਾਂ ਦਾ ਜੀਊਣਾ ਮੁਹਾਲ ਕੀਤਾ ਹੋਇਆ ਹੈ। ਇਸ ਲਈ ਜ਼ਰੂਰੀ ਹੈ ਕਿ ਸ਼ਹੀਦ ਭਗਤ ਸਿੰਘ ਦੇ ਹਕੀਕੀ ਵਾਰਸ ਉਸ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਜਨਸਮੂਹਾਂ ਦੇ ਸਹਿਯੋਗ ਨਾਲ ਸਾਮਰਾਜ, ਵੱਡੀ ਸਰਮਾਏਦਾਰੀ ਅਤੇ ਜਗੀਰਦਾਰਾਂ ਵਿਰੁੱਧ ਨਿਰੰਤਰ ਜਨ ਸੰਘਰਸ਼ ਕਰਨ। ਪੰਜਾਬੀ ਦੇ ਜਨਵਾਦੀ ਕਵੀ ਮਰਹੂਮ ਦਰਸ਼ਨ ਸਿੰਘ ਮਾਸਟਰ ਦੀਆਂ ਭਗਤ ਸਿੰਘ ਬਾਰੇ ਲਿਖੀਆਂ ਇਹਨਾਂ ਸ਼ਾਨਦਾਰ ਸਤਰਾਂ ਨਾਲ ਹੀ ਅਸੀਂ ਇਹ ਲਿਖਤ ਸਮਾਪਤ ਕਰ ਰਹੇ ਹਾਂ :

ਮਿਹਨਤਕਸ਼ਾਂ ਦਾ ਰਾਜ ਹੀ  
ਇਸ ਸੂਰਮੇ ਦਾ ਖਾਬ ਸੀ  
ਇਤਿਹਾਸ ਕਹਿੰਦੈ ਭਗਤ ਸਿੰਘ  
ਇਸ ਖਾਬ ਲਈ ਬੇਤਾਬ ਸੀ  
ਭਗਤ ਸਿੰਘ ਦੀ ਖਾਕ ਨੂੰ  
ਮੱਥੇ ਲਗਾਈਏ ਦੋਸਤੋ  
ਤੇ ਭਗਤ ਸਿੰਘ ਦੇ ਵਾਕ ਨੂੰ  
ਰਹਿਬਰ ਬਣਾਈਏ ਦੋਸਤੋ  
ਸੰਕਲਪ ਕਿਰਤੀ ਰਾਜ ਦਾ  
ਆਓ ਦੁਹਰਾਈਏ ਦੋਸਤੋ  
ਮੰਜ਼ਲ ਦੁਰਾਡੀ ਹੈ ਅਜੇ  
ਪੈਂਡਾ ਮੁਕਾਈਏ ਦੋਸਤੋ  
ਤੇ ਸੂਰਮੇ ਦੇ ਖਾਬ ਦੀ  
ਤਸਵੀਰ ਵਾਹੀਏ ਦੋਸਤੋ। ☐

ਸਫਾ ਇਕ ਤੋਂ ਅੱਗੇ

# ਬਜ਼ਾਰ ਖੁਸ਼, ਖਰੀਦਾਰ ਨਾਖੁਸ਼

## ਕੰਜ਼ਿਊਮਰ

- ☛ ਵਧਦੀ ਮਹਿੰਗਾਈ ਤੋਂ ਰਾਹਤ ਦਿਵਾਉਣ ਦੀ ਬਜਾਏ ਪਿਛਲੇ ਰਸਤੇ ਤੋਂ ਕਈ ਨਵੀਆਂ ਸੇਵਾਵਾਂ ’ਤੇ ਸਰਵਿਸ ਟੈਕਸ।
- ☛ ਰਸੋਈ ਗੈਸ ਅਤੇ ਕੈਰੋਸੀਨ ਵਿੱਚ ਸਬਸਿਡੀ ਦੀ ਬਜਾਏ ਨਕਦ ਪੈਸਾ ਮਿਲੇਗਾ।

## ਆਮਦਨ ਟੈਕਸ ਛੋਟ ਹੱਦ 20 ਹਜ਼ਾਰ ਰੁਪਏ ਵਧੀ

- ☛ ਸੀਨੀਅਰ ਨਾਗਰਿਕਾਂ ਦੀ ਉਮਰ ਸੀਮਾ ਹੁਣ 60 ਸਾਲ। ਪਹਿਲਾਂ 65 ਸੀ। ਟੈਕਸ ਛੋਟ ਸੀਮਾ 2.40 ਤੋਂ ਵਧਾ ਕੇ 2.50 ਲੱਖ ਰੁਪਏ। 1000 ਰੁਪਏ ਸਾਲਾਨਾ ਦਾ ਲਾਭ। 80 ਸਾਲ ਤੋਂ ਉਪਰ ਉਮਰ ਵਾਲਿਆਂ ਲਈ ਵੱਖਰੀ ਸ਼੍ਰੇਣੀ। ਟੈਕਸ ਛੋਟ ਸੀਮਾ 5 ਲੱਖ ਰੁਪਏ।
- ☛ ਔਰਤਾਂ ਨੂੰ ਰਾਹਤ ਨਹੀਂ। ਛੋਟ ਹੱਦ 1.90 ਲੱਖ ਰੁਪਏ।

## ਨਿਵੇਸ਼

- ☛ ਬੀਮਾ ਖੇਤਰ ਵਿੱਚ ਪ੍ਰਤੱਖ ਵਿਦੇਸ਼ੀ ਨਿਵੇਸ਼ (ਐਫ.ਡੀ.ਆਈ.) ਦੀ ਹੱਦ ਵਧਾਉਣ ਦਾ ਪ੍ਰਸਤਾਵ
- ☛ ਮਿਊਚਲ ਫੰਡ ਵਿੱਚ ਵਿਦੇਸ਼ੀ ਨਿਵੇਸ਼ ਨੂੰ ਮਨਜ਼ੂਰੀ ਤੋਂ ਇਲਾਵਾ ਵਿਦੇਸ਼ੀ ਨਿਵੇਸ਼ਕਾਂ ਵੱਲੋਂ ਕਾਰਪੋਰੇਟ ਬਾਂਡਾਂ ਵਿੱਚ ਪੈਸਾ ਲਾਉਣ ਦੀ ਹੱਦ ਵੀ ਵਧਣ ਨਾਲ ਬਾਜ਼ਾਰ ਉਛਲਿਆ।

## ਸਿੱਖਿਆ

ਲਾਜ਼ਮੀ ਸਿੱਖਿਆ ਕਾਨੂੰਨ ਦੀ ਮਜ਼ਬੂਤੀ ਲਈ ਕਰੀਬ 53 ਹਜ਼ਾਰ ਕਰੋੜ ਦਾ ਪ੍ਰਸਤਾਵ। ਸਰਵ ਸਿੱਖਿਆ ਅਭਿਆਨ ਲਈ ਵੀ ਬਜਟ ਵਿੱਚ 24 ਫੀਸਦੀ ਦਾ ਵਾਧਾ ਕਰਦੇ ਹੋਏ 21 ਹਜ਼ਾਰ ਕਰੋੜ ਦਾ ਪ੍ਰਬੰਧ।

## ਸਿਹਤ

ਸਿਹਤ ਯੋਜਨਾ ਲਈ ਬਜਟ 20 ਫੀਸਦੀ ਵੱਧ ਕੇ 26 ਹਜ਼ਾਰ 760 ਕਰੋੜ ਰੁਪਏ ਕੀਤਾ। ਅਸੰਗਠਿਤ ਕਾਮਿਆਂ ਲਈ ਬੀਮਾ ਯੋਜਨਾ। ਨਿੱਜੀ ਹਸਪਤਾਲ ਸਰਵਿਸ ਟੈਕਸ ਦੇ ਦਾਇਰੇ ਵਿੱਚ।

## ਪੈਟਰੋਲ-ਡੀਜ਼ਲ

ਬਜਟ ਵਿੱਚ ਕਸਟਮ ਅਤੇ ਐਕਸਾਈਜ਼ ਡਿਊਟੀ ਘੱਟ ਕਰਨ ਦੀ ਮੰਗ ਦੀ ਅਣਦੇਖੀ। ਇਸ ਨਾਲ ਪੈਟਰੋਲ-ਡੀਜ਼ਲ ਦੇ ਭਾਅ ਵਧਣ ਦਾ ਖਦਸ਼ਾ। ਕੱਚੇ ਤੇਲ ’ਤੇ 5 ਫੀਸਦੀ, ਪੈਟਰੋਲ-ਡੀਜ਼ਲ ’ਤੇ 7.5 ਫੀਸਦੀ ਕਸਟਮ ਡਿਊਟੀ ਲਗਦੀ ਹੈ।

## ਉਦਯੋਗ

ਉਦਯੋਗਾਂ ਨੂੰ ਦਿੱਤੇ ਗਏ ਉਤਸ਼ਾਹਤ ਪੈਕੇਜ ਵਾਪਸੀ ਦਾ ਫੈਸਲਾ ਨਹੀਂ। ਉਤਪਾਦ ਅਤੇ ਸੀਮਾ ਟੈਕਸ ਦੀਆਂ ਸ਼ਿਖਰ ਦਰਾਂ ਵਿੱਚ ਬਦਲਾਅ ਨਹੀਂ। ਮੰਦੀ ਦੇ ਦੌਰ ਵਿੱਚ ਦਿੱਤਾ ਗਿਆ ਰਾਹਤ ਪੈਕੇਜ ਵਾਪਸ ਨਹੀਂ ਲਿਆ।

## ਰਸੋਈ ਗੈਸ ਹੋਵੇਗੀ ਮਹਿੰਗੀ

ਐਲ.ਪੀ.ਜੀ. ਅਤੇ ਮਿੱਟੀ ਦੇ ਤੇਲ ਦੀਆਂ ਰਿਆਇਤਾਂ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲਿਆਂ (ਬੀ.ਪੀ.ਐਲ) ਨੂੰ ਦੇਣ ਦੀ ਯੋਜਨਾ ਨਾਲ ਬਾਕੀ ਵਰਗਾਂ ਲਈ ਆਉਣ ਵਾਲੇ ਦਿਨਾਂ ਵਿੱਚ ਰਸੋਈ ਗੈਸ ਸਿਲੰਡਰ 350 ਰੁਪਏ ਤੱਕ ਮਹਿੰਗਾ ਹੋ ਸਕਦਾ ਹੈ। ਸਰਕਾਰੀ ਤੇਲ ਕੰਪਨੀਆਂ ਮੁਤਾਬਕ ਇਕ ਸਿਲੰਡਰ ਦੀ ਮੌਜੂਦਾ ਦਰ ’ਤੇ ਉਨ੍ਹਾਂ ਨੂੰ ਪ੍ਰਤੀ ਸਿਲੰਡਰ 350 ਰੁਪਏ ਤੋਂ ਵੱਧ ਦਾ ਘਾਟਾ ਹੁੰਦਾ ਹੈ।

## ਕਾਲਾ ਧਨ-ਪੰਜ ਸੂਤਰੀ ਪ੍ਰੋਗਰਾਮ

- ☛ ਸੂਚਨਾਵਾਂ ਦੇ ਲੈਣ-ਦੇਣ ਲਈ ਹੋਣਗੇ ਕੌਮਾਂਤਰੀ ਕਰਾਰ
- ☛ ਕੇਂਦਰੀ ਪ੍ਰਤੱਖ ਟੈਕਸ ਬੋਰਡ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ।
- ☛ ਮੰਤਰੀ ਮੰਡਲ ਕਮੇਟੀ ਕਾਇਮ ਕੀਤੀ ਜਾਵੇਗੀ।
- ☛ ਦੇਸ਼ ਅਤੇ ਵਿਦੇਸ਼ ਵਿੱਚ ਕਾਲੇਧਨ ’ਤੇ ਜ਼ਲਦੀ ਸ਼ੁਰੂ ਹੋਵੇਗਾ ਅਧਿਐਨ।
- ☛ ਰੋਕਥਾਮ ਲਈ ਜਲਦੀ ਲਿਆਂਦਾ ਜਾਵੇਗਾ ਸਖਤ ਕਾਨੂੰਨ।

## ਅਸੀਂ ਦੁਨੀਆ ਲਈ ਸਭ ਤੋਂ ਖਾਸ ਖਪਤਕਾਰ

- ☛ ਸਭ ਤੋਂ ਵੱਡਾ ਬਾਜ਼ਾਰ-ਭਾਰਤ ਵਿੱਚ 2025 ਵਿੱਚ ਪੰਜਵਾਂ ਸਭ ਤੋਂ ਵੱਡਾ ਖਪਤਕਾਰ ਬਾਜ਼ਾਰ ਹੋਵੇਗਾ। ਐਮ.ਜੀ.ਆਈ. ਅਨੁਸਾਰ ਇਸ ਵਿੱਚ ਸ਼ਹਿਰੀ ਇਲਾਕਿਆਂ ਦੀ ਹਿੱਸੇਗਦਾਰੀ 68 ਫੀਸਦੀ ਹੋਵੇਗੀ।
- ☛ ਦੁਨੀਆ ਦੀਆਂ ਅੱਖਾਂ ਦੇ ਤਾਰੇ-ਅਮਰੀਕਨ ਏਜੰਸੀ ਏ.ਟੀ. ਕਿਅਰਨੇ ਨੇ ਆਲਮੀ ਪਰਚੂਨ ਵਿਕਾਸ ਸੂਚੀ ਵਿੱਚ 30 ਸਭ ਤੋਂ ਤੇਜ਼ ਵਧਦੇ ਪਰਚੂਨ ਬਜ਼ਾਰਾਂ ਵਿੱਚੋਂ ਭਾਰਤ ਨੂੰ ਤੀਸਰਾ ਸਭ ਤੋਂ ਆਕਰਸ਼ਕ ਬਾਜ਼ਾਰ ਚੁਣਿਆ।

# ਅਧਿਆਪਕ ਆਪਣੇ ਖਰਚ ’ਤੇ ਬਣਾ ਰਹੇ ਹਨ ਖਾਣਾ

ਚੰਡੀਗੜ੍ਹ, (ਹਮੀਰ ਸਿੰਘ) ਪੰਜਾਬ ਦੇ ਸਰਕਾਰੀ ਸਕੂਲਾਂ ਦੇ ਲੱਖਾਂ ਬੱਚਿਆਂ ਲਈ ਨਵੀਂ ਮੁਸੀਬਤ ਖੜੀ ਹੋਣ ਵਾਲੀ ਹੈ। ਗਰੀਬ ਬੱਚਿਆਂ ਨੂੰ ਮਿਲਣ ਵਾਲਾ ਮਿਡ ਡੇ ਮੀਲ ਵਿੱਤੀ ਸੰਕਟ ਦੀ ਭੇਟ ਚੜ੍ਹ ਸਕਦਾ ਹੈ ਕਿਉਂਕਿ ਇਕ ਮਹੀਨੇ ਤੋਂ ਅਧਿਆਪਕ ਆਪਣੀ ਜੇਬ ’ਚੋਂ ਹੀ ਮਿਡ ਡੇ ਮੀਲ ਦਾ ਪ੍ਰਬੰਧ ਕਰ ਰਹੇ ਹਨ। ਸੂਬਾ ਸਰਕਾਰ ਕੇਂਦਰ ਤੋਂ ਇਸ ਯੋਜਨਾ ਲਈ ਆਇਆ ਪੈਸਾ ਜਾਰੀ ਨਹੀਂ ਕਰ ਰਹੀ ਹੈ। ਸੂਤਰਾਂ ਅਨੁਸਾਰ, ਸਰਕਾਰੀ ਸਕੂਲਾਂ ਦੇ ਕਰੀਬ 29 ਲੱਖ ਬੱਚਿਆਂ ਲਈ ਮਿਡ ਡੇ ਮੀਲ ’ਤੇ ਪ੍ਰਤੀ ਮਹੀਨਾ ਕਰੀਬ 12 ਤੋਂ 13 ਕਰੋੜ ਰੁਪਏ ਖਰਚੇ ਹੁੰਦੇ ਹਨ। ਇਕ ਮਹੀਨੇ ਤੋਂ ਸਕੂਲਾਂ ਵਿੱਚ ਕੋਈ ਪੈਸਾ ਨਾ ਆਉਣ ਕਾਰਨ ਕੁਝ ਈ.ਟੀ.ਟੀ. ਅਧਿਆਪਕਾਂ ਨੇ ਆਪਣੀ ਜੇਬ ਤੋਂ ਖਰਚ ਕਰ ਕੇ ਬੱਚਿਆਂ ਨੂੰ ਖਾਣਾ ਦਿੱਤਾ ਪਰ ਹੁਣ ਉਨ੍ਹਾਂ ਨੇ ਮਿਡ ਡੇ ਮੀਲ ਬੰਦ ਕਰਨ ਦੀ ਚਿਤਾਵਨੀ ਦੇ ਦਿੱਤੀ ਹੈ।

ਇਸ ਯੋਜਨਾ ਤਹਿਤ ਮਿਡ ਡੇ ਮੀਲ ਬਣਾਉਣ ਵਾਲੀਆਂ ਔਰਤਾਂ ਨੂੰ ਮਿਲਣ ਵਾਲੀ ਇਕ ਹਜ਼ਾਰ ਰੁਪਏ ਦੀ ਤਨਖਾਹ ਵੀ ਕਈ ਥਾਵਾਂ ’ਤੇ ਤਿੰਨ ਤਿੰਨ ਮਹੀਨੇ ਤੋਂ ਨਹੀਂ ਮਿਲੀ। ਇਕ ਸਕੂਲ ਦੇ ਮੁੱਖ ਅਧਿਆਪਕ ਨੇ ਦੱਸਿਆ ਕਿ ਉਨ੍ਹਾਂ ਨੇ ਬਲਾਕ ਵਿਕਾਸ ਅਧਿਕਾਰੀ ਅਤੇ ਜ਼ਿਲ੍ਹਾ ਸਿਖਿਆ ਅਧਿਕਾਰੀ ਤੋਂ ਪੁੱਛਿਆ ਕਿ ਜੇਕਰ ਅੱਗੋਂ ਵੀ ਆਪਣੇ ਵੱਲੋਂ ਹੀ ਮਿਡ ਡੇ ਮੀਲ ’ਤੇ ਖਰਚ ਕਰਨਾ ਹੈ ਤਾਂ ਘੱਟੋ ਘੱਟ ਬਾਅਦ ਵਿੱਚ ਪੈਸਾ ਵਾਪਸ ਕਰਨ ਦੀ ਤਾਂ ਜ਼ਿੰਮੇਵਾਰੀ ਲੈਣ। ਇਸ ਉਪਰ ਉਨ੍ਹਾਂ ਨੇ ਜਵਾਬ ਦੇਣ ਦੀ ਬਜਾਏ ਸਰਵ ਸਿਖਿਆ ਅਭਿਆਨ ਦੇ ਮੁੱਖ ਦਫ਼ਤਰ ਨਾਲ ਸੰਪਰਕ ਕਰਨ ਲਈ ਕਿਹਾ। ਮਿਡ ਡੇ ਮੀਲ ਦੇ ਰਾਸ਼ਨ ਤੋਂ ਇਲਾਵਾ ਪੰਜਵੀਂ ਤੱਕ ਦੇ ਬੱਚਿਆਂ ਦੇ ਖਾਣਾ ਬਣਾਉਣ ਲਈ 2.69 ਰੁਪਏ ਪ੍ਰਤੀ ਬੱਚਾ ਅਤੇ ਇਸ ਤੋਂ ਵੱਡੀਆਂ ਜਮਾਤਾਂ ਲਈ 7.30 ਰੁਪਏ ਪ੍ਰਤੀ ਦਿਨ ਬੱਚਾ ਖਰਚਾ ਦਿੱਤਾ ਜਾਂਦਾ ਹੈ।

Ace Immigration Services



Bring your relatives to Canada in 6-12 months*
Doctors, Nurses, Pharmacists, Restaurant Managers, Cooks, Social Workers
and many more occupations eligible
Competent Services • Reasonable Fee
Avail our services for:
Family Sponsorship • Work Permit
Point System • Business & Investor Class
Provincial Nominee • Study Permit • Nanny
Shamsher Buttar
Certified Canadian Immigration Consultant
Member CSIC
Edmonton 780-465-6900
Toronto 1-416-740-3186
Email: ss_buttar@yahoo.com
*some conditions apply

A City Limos Ltd.
Ph: 780-462-4940
Toll Free: 1-888-462-4623
Edmonton-Calgary Vancouver





Wedding
School Proms
Birthday
City Tours
Airport Service



Contact
780-951-7260
e-mail: dhaliwalsd@hotmail.com, www.acitylimousine.com

# Guaranteed Paid up Life Insurance

## Get your money back if you don't develop any critical illness



**Life Insurance**
ਲਾਈਫ ਇੰਸ਼ੋਰੈਂਸ



**Retirement Savings Plans**
ਰਿਟਾਇਰਮੈਂਟ ਸੇਵਿੰਗਜ਼ ਪਲੈਨਜ਼




**Mortgage Insurance**
ਮੋਰਟਗੇਜ ਇੰਸ਼ੋਰੈਂਸ



**Critical Illness Plans**
ਕਰਿਟੀਕਲ ਇਲਨੈਸ ਇੰਸ਼ੋਰੈਂਸ



**Health Plans**
ਹੈਲਥ ਪਲੈਨਜ਼



**Disability Insurance**
ਡਿਸਏਬਿਲਟੀ ਇੰਸ਼ੋਰੈਂਸ



**Travel Insurance**
ਟਰੈਵਲ ਇੰਸ਼ੋਰੈਂਸ

For More Information Please Contact :

**Jasvir Deol**
Phone: 780-465-6900
Cell: 780-906-4497

**DEOL**
Insurance & Financial Planning

# Gurkeerat Holding Ltd.



- We Build New Houses
- We Build Basements
- We do Renovations
- Kitchen Cabinets

ਨਵੇਂ ਘਰ, ਨਵੀਆਂ ਬੇਸਮੈਂਟਾਂ ਬਣਵਾਉਣ, ਹਰੇਕ ਤਰ੍ਹਾਂ ਦੀ ਰੈਨੋਵੇਸ਼ਨ ਕਰਵਾਉਣ, ਵਧੀਆ ਕਿਚਨ ਕੈਬਨਿਟਾਂ ਘੱਟ ਕੀਮਤ ਅਤੇ ਤਸ਼ਲੀਬਖਸ਼ ਢੰਗ ਨਾਲ ਕਰਵਾਉਣ ਵਾਸਤੇ ਸਾਨੂੰ ਕਾਲ ਕਰੋ

**Ph. 780-996-2873**

Millbourne Road

# Medical Clinic

WALK-INS WELCOME



Dr. B. Jassar

**Dr. Vijay Thapar** (M.D., CCFP)*
Family Physician

By Appointment Only

**Dr. B. Jassar** (M.D., Ph. D, CCFP)*
Family Physician

Cell: 780-918-0516



Dr. Vijay Thapar

131 Millbourne Road East, Lee Ridge Plaza Edmonton, AB. T6K 1P6

**Tel: 780-462-4229 Fax: 780-462-3315** *Professional Corporation

# Passport Photos

by Kanwal Lyall



Unit 207, 2603
Hewes Way, Edmonton
AB T6L 6W6

Phone: 780 903 8019

All types of Immigration, Passport, PIO, Citizenship Photos

**Phone: 780 952 8017**

# WESTFORK Interiors

## Specializing in Cabinets & Counter tops

Kitchen & Vanities, Custom Cabinets, Staining & Spraying Doors

Endless Options

- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and delivery.
- One Location - Multiple Considerations
- Complete Range of Counter tops including laminate.

Custom Cabinetry
Exceptional Quality Customised Solutions
Premium Construction at Competitive Price.

**ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ**

ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ **ਵੈਸਟਫੋਰਕ ਇੰਟੀਰੀਅਰਜ਼**



Westfork Interiors, 8307 Argyll Road, Edmonton T6C 4B2
Tel: 780-462-5325
Fax: 780-462-2672
www.westforkinteriors.com
info@westforkinteriors.com

Gurmail Matharu : 780-990-9349
Ranjit Matharu : 780-907-9889

# Fancy Doors & Mouldings

Interior & Exterior, Prehung Unit, Locks & Hardware, French Doors, Bi-Folds, Mouldinghs & Accessories



## French Doors





## Interior Doors





## Fibreglass Exterior Door



Ask about our finishing packages!

- Interior and Exterior
- Prehung Units
- Locks and Hardware
- French Doors
- Bi-folds
- Mouldings
- MDF Sheet: Oak & Maple
- Plywood
- Bullnose Shelf
- Adhesives
- DAP
- Shims
- Brad Nails
- Fireplace Mantels
- Accessories

We Supply and install Building Materials!

ALEXANDRIA Moulding

## Moulding

Available in MDF, Oak & Maple

| Baseboards | Casings | Crowns | Chair Rails | Architrave |
|---|---|---|---|---|
| 094 Base 5/8" x 4" MDF Primed BDL-6 | 092 Casing 5/8" x 2-1/2" MDF Primed BDL-6 | 47 Crown 9/16" x 4-1/4" MDF Primed BDL-6 | 297 Chair Rail 11/16" x 3" MDF Primed BDL-5 | 5010 Architrave 1-1/4" x 4-3/16" MDF Primed BDL-4 |
| 095 Base 5/8" x 5" MDF Primed BDL-6 | 093 Casing 5/8" x 3-1/4" MDF Primed BDL-6 | 47D Crown 9/16" x 4-3/16" Ultralite BDL-8 | | |
| 238 Base 1/2" x 5" MDF Primed BDL-1 | 338 Casing 5/8" x 3" MDF Primed BDL-6 | 51 Crown 5/8" x 3-1/4" MDF Primed BDL-6 | | |
| 387 Casing 9/16" x 3-1/4" MDF Primed BDL-6 | 386 Base 9/16" x 3-1/4" MDF Primed BDL-6 | 512 Crown 9/16" x 5-1/4" MDF Primed BDL-4 | | |
| 405 Base 1/2" x 4" MDF Primed BDL-10 | 403 Casing 5/8" x 3" MDF Primed BDL-6 | 712 Crown 11/16" x 4-1/2" Ultralite, BDL - 4 11/16" x 4-1/2" MDF Primed BDL - 4 | | |
| 412 Base 5/8" x 4-1/4" MDF Primed BDL-6 | 411 Casing 11/16" x 3" MDF Primed BDL-6 | | | |
| 425 Base 1/2" x 4" MDF Primed BDL-10 | 423 Casing 5/8" x 3" MDF Primed BDL-6 | | | |
| 545 Base 9/16" x 5" Ultralite Primed BDL - 5 5/8 x 5" MDF Primed BDL-4 | 535 Casing 1/16" x 3-1/2" Ultralite BDL - 5 11/16"x3-1/2" MDF Primed BDL-6 | | | |
| 3140 Base 3/8" x 3-1/4" MDF Primed BDL-10 | 8263 Base 9/16" x 6-1/2" Ultralite BDL-4 | | | |
| 356 Casing MDF 356 Casing Oak 356 Casing Maple | 908 Casing 9/16" x 3-1/4" Ultralite BDL-7 | | | |
| | 8063 Casing 11/16" x 3-1/4" Ultralite BDL-8 | | | |

New Stock!



24" White Medallion



24" Coloured Medallion



Bath Fixtures





Door Locks





Alberta Location: 9129-35 Avenue,
Edmonton, AB T6E 5Y1
Phone: 780-432-7700 Fax: 780-432-7710

**www.fancy-doors.com**

# ਸੋਹਣੀ ਡੁੱਬੀ ਦਰਿਆ

## ਲੋਕ-ਗੀਤਾਂ ਦੇ ਨਾਲ ਨਾਲ



ਡਾ. ਕਰਮਜੀਤ ਸਿੰਘ

ਟਾਂਡਾ ਉੜਮੁੜ ਦੇ ਕੋਲ ਤਿੰਨ ਕਿਲੋਮੀਟਰ ਦੀ ਵਿੱਥ 'ਤੇ ਪਿੰਡ ਕਲੋਏ ਹੈ। ਮੇਰੀ ਛੋਟੀ ਭੈਣ ਕੁਲਦੀਪ ਇਥੇ ਵਿਆਹੀ ਹੋਈ ਹੈ। ਫ਼ੀਲਡ ਵਰਕ ਦੌਰਾਨ ਮੈਂ ਮਨ ਬਣਾਇਆ ਕਿ ਨਾਲੇ ਤਾਂ ਭੈਣ ਨੂੰ ਮਿਲ ਆਵਾਂਗੇ ਨਾਲੇ ਜੇ ਦਾਅ ਲੱਗਾ ਤਾਂ ਲੋਕ ਗੀਤ ਵੀ ਇਕੱਠੇ ਕਰ ਲਵਾਂਗੇ। ਇਸ ਲਈ ਟੇਪ ਰਿਕਾਰਡਰ ਨਾਲ ਲੈ ਲਈ। ਕਲੋਈ ਜਾ ਕੇ ਸੁੱਖ ਸਾਂਦ ਪੁੱਛ ਕੇ ਮੈਂ ਆਪਣਾ ਮੰਤਵ ਵੀ ਦੱਸ ਦਿਤਾ ਸੀ। ਕੁਲਦੀਪ ਨੂੰ ਤਾਂ ਮੇਰੀਆਂ ਸਾਰੀਆਂ ਯੋਜਨਾਵਾਂ ਦਾ ਪਤਾ ਸੀ। ਜਦੋਂ ਉਹ ਵਿਆਹੀ ਨਹੀਂ ਸੀ ਤਾਂ ਵੀ ਉਸ ਨੇ ਆਪ ਗੀਤ ਗਾਏ ਤੇ ਦੂਸਰਿਆਂ ਨੂੰ ਗੁਆਉਣ ਵਿਚ ਮੇਰੀ ਮਦਦ ਕੀਤੀ ਸੀ। ਉਹ ਆਪ ਟੀਚਰ ਹੋਣ ਕਰ ਕੇ ਅਜਿਹੇ ਕੰਮਾਂ ਵਿਚ ਰੁਚੀ ਵੀ ਲੈਂਦੀ ਸੀ। ਪ੍ਰਾਹੁਣੇ ਬਲਬੀਰ ਸਿੰਘ ਤੇ ਮਾਸੀ (ਕੁਲਦੀਪ ਦੀ ਸੱਸ) ਨੂੰ ਉਸ ਨੇ ਸਮਝਾ ਦਿੱਤਾ।

ਖਾ ਪੀ ਕੇ ਪ੍ਰਾਹੁਣਾ ਮੈਨੂੰ ਪਿੰਡੋਂ ਦੱਖਣ ਵਲ ਬਾਜ਼ੀਗਰਾਂ ਦੇ ਘਰੀਂ ਲੈ ਗਿਆ। ਔਰਤਾਂ ਬਾਹਰ ਗਈਆਂ ਹੋਈਆਂ ਸਨ। ਉਹ ਪ੍ਰੋਫ਼ੈਸ਼ਨਲ ਸਨ। ਇਸ ਲਈ ਉਸੇ ਤਰ੍ਹਾਂ ਦੀਆਂ ਗੱਲਾਂ ਕਰ ਰਹੀਆਂ ਸਨ। ਮੇਰੀ ਖ਼ੁਸ਼ਕਿਸਮਤੀ ਰਹੀ ਹੈ ਕਿ ਮੈਂ ਸੈਂਕੜੇ ਔਰਤਾਂ ਤੋਂ ਗੀਤ ਸੁਣੇ ਹਨ, ਪਰ ਮੇਰੇ ਤੋਂ ਕਿਸੇ ਨੇ ਪੈਸੇ ਧੇਲੇ ਦੀ ਮੰਗ ਨਹੀਂ ਕੀਤੀ। ਮੰਗਣ ਆਏ ਕਲਾਕਾਰਾਂ ਨੂੰ ਅਜਿਹਾ ਕੁੱਝ ਨਹੀਂ ਦਿੱਤਾ ਗਿਆ ਕਿ ਉਸ ਨੂੰ ਵੱਢੀ ਦੇ ਕੇ ਗੀਤ ਇਕੱਠੇ ਕਰਨਾ ਕਿਹਾ ਜਾਵੇ। ਇਥੇ ਵੀ ਇਹ ਲੋਕ ਪ੍ਰਾਹੁਣੇ ਨੂੰ ਜਾਣਦੇ ਸਨ, ਪਰ ਉਹ ਗਾਉਣ ਲਈ ਤਿਆਰ ਨਹੀਂ ਸਨ ਹੋ ਰਹੀਆਂ। ਅਖੀਰ ਉਨ੍ਹਾਂ ਕੁੱਝ ਗੀਤ ਗਾਏ ਜੋ ਚਲੰਤ ਜਿਹੇ ਸਨ। ਬਹੁਤੇ ਮੈਂ ਸੁਣੇ ਹੋਏ ਸਨ, ਪਰ ਫਿਰ ਵੀ ਇਕ ਗੀਤ ਮਿਲ ਹੀ ਗਿਆ।

ਨੰਦੋ ਚੰਦੋ ਦੋ ਭੈਣਾਂ, ਅਸੀਂ ਬਾਝ ਨਾ ਰਹਿਣਾ,
ਵੇ ਬਿਜਲੀ ਦਾ ਚੂੜਾ, ਸ਼ਾਵਾ ਵੇ ਬਿਜਲੀ ਦਾ ਚੂੜਾ।

ਬਾਜੀਗਰਨੀਆਂ ਵਿਆਹਾਂ ਤੇ ਘਰ ਘਰ ਜਾ ਕੇ ਨੱਚਦੀਆਂ ਹਨ ਤੇ ਨਾਲ ਨਾਲ ਇਹ ਗੀਤ ਚਲਦਾ ਹੈ। ਇਥੇ ਮੈਂ ਬਿਨਾ ਨਾਚ ਤੋਂ ਹੀ ਸੁਣਿਆ। ਸੱਚ ਪੁੱਛੋਂ ਮੇਰੀ ਤਸੱਲੀ ਨਹੀਂ ਸੀ ਹੋਈ। ਘਰ ਆ ਕੇ ਕੁਲਦੀਪ ਨੂੰ ਦੱਸਿਆ ਤਾਂ ਉਹ ਵੀ ਸੋਚੀਂ ਪੈ ਗਈ। ਗੱਲਾਂ ਗੱਲਾਂ ਵਿੱਚ ਪਤਾ ਲੱਗਿਆ ਕਿ ਗੀਤਾਂ ਦਾ ਭੰਡਾਰ ਤਾਂ ਪ੍ਰੀਤੋ ਹੈ। ਉਹਦਾ ਪਤਾ ਕੱਢਿਆ ਜਾਵੇ। ਪਤਾ ਕੀਤਾ ਤਾਂ ਉਹ ਘਾਹ ਲੈਣ ਗਈ ਹੋਈ ਸੀ। ਕਾਫ਼ੀ ਉਡੀਕ ਤੋਂ ਬਾਅਦ ਉਹ ਘੁਸਮੁਸੇ ਜਿਹੇ ਘਰ ਪਹੁੰਚੀ। ਅਸੀਂ ਵੀ ਉਸ ਪਾਸ ਪਹੁੰਚੇ। ਪਹਿਲਾਂ ਹੀ ਉਸ ਦਾ ਫਿਕਰਾ ਸੀ, 'ਭੁੱਲ ਗਏ ਰਾਗ ਰਤਨ, ਭੁੱਲ ਗਈਆਂ ਛਕੜੀਆਂ। ਤਿੰਨੋ ਗੱਲਾਂ ਯਾਦ ਰਹੀਆਂ ਲੂਣ ਤੇਲ ਲਕੜੀਆਂ।' ਉਸ ਦੇ ਇਹ ਕਹਿਣ ਤੋਂ ਹੀ ਥਹੁ ਮਿਲ ਗਿਆ ਸੀ ਕਿ, ਉਸ ਨੂੰ ਬਹੁਤ ਕੁੱਝ ਆਉਂਦਾ ਸੀ। ਹਰ ਪਿੰਡ ਵਿੱਚ, ਵਿਹੜੇ ਵਿੱਚ ਇੱਕ ਦੋ ਅਜਿਹੀਆਂ ਕਲਾਕਾਰ ਔਰਤਾਂ ਮਿਲ ਜਾਂਦੀਆਂ ਹਨ, ਜੋ ਲੋਕਗੀਤਾਂ ਦਾ ਭੰਡਾਰ ਹੁੰਦੀਆਂ ਹਨ। ਬਾਕੀਆਂ ਕੋਲ ਇਕ ਅੱਧ ਆਪਣਾ ਵਿਸ਼ੇਸ਼ ਗੀਤ ਹੁੰਦਾ ਹੈ, ਜੋ ਉਹ ਸੁਣਾ ਕੇ ਆਪਣੀ ਹਾਜ਼ਰੀ ਲੁਆਉਂਦੀਆਂ ਹਨ। ਪ੍ਰੀਤੋ ਮੈਨੂੰ ਅਗਵਾਈ ਕਰਨ ਵਾਲੀ ਔਰਤ ਲੱਗੀ। ਉਸ ਨੂੰ ਅਸੀਂ ਕੁੱਝ ਚਿਰ ਪਹਿਲਾਂ ਟੇਪ ਕੀਤੇ ਗੀਤ ਸੁਣਾਏ। ਉਹ ਸੁਣੀ ਜਾ ਰਹੀ ਸੀ ਤੇ ਨਾਲ ਦੇ ਨਾਲ ਆਪਣੇ ਅੰਦਰ ਨਾਲ ਜੁੜ ਰਹੀ ਸੀ। ਥੋੜ੍ਹੀ ਦੇਰ ਬਾਅਦ ਉਹ ਸ਼ੁਰੂ ਹੋ ਗਈ, 'ਉਹ ਕੌਣ ਆਉਂਦਾ ਨੀਂ ਲੰਮੀ ਵਾਟ ਦਾ' ਬੜਾ ਲੰਮਾ ਗੀਤ ਸੀ। ਮੈਂ ਅੱਧਾ ਕੁ ਗੀਤ ਬੈਕ ਕਰਕੇ ਉਸ ਨੂੰ ਸੁਣਾਇਆ। ਪ੍ਰੀਤੋ ਨੂੰ ਹੁਣ ਗੀਤ ਤੇ ਗੀਤ ਅਹੁੜ ਰਿਹਾ ਸੀ। ਉਸ ਨੇ ਲਗਾਤਾਰ 'ਨਣਦੇ ਵਿੱਚ ਕੁਆਰੀ ਵਿੱਚ ਵਿਹੜੇ, ਚੰਨ ਦੀ ਚਾਨਣੀ ਨਿਰਮਲ ਤਾਰੇ, ਕਿਉਂ ਹੋਈ ਭਾਬੋ ਇੰਨੀ ਦਿਲਗੀਰ, 'ਬਾਗ ਲਗਾਵੰਦੀ ਵੇ ਬਗੀਚੇ ਲਗਾਂਵਦੀ ਬਨੇਂ ਬਨੇਂ ਲਾਂਵਦੀ, ਅਸਲ ਮਰੂਦ ਵੇ' ਤੇ ਹੋਰ ਕਈ ਗੀਤ ਸੁਣਾ ਦਿੱਤੇ। ਇਕੱਲੀ ਹੋਣ ਕਾਰਨ ਅਸਲ ਲੈਅ ਤਾਂ ਨਹੀਂ ਸੀ ਫੜੀ ਜਾ ਰਹੀ, ਪਰ ਗੀਤ ਨਵੇਂ ਸਨ ਮੇਰੇ ਲਈ। ਰੋਟੀ ਦਾ ਵੇਲਾ ਹੋ ਰਿਹਾ ਸੀ। ਇਸ ਲਈ ਸਾਨੂੰ ਇਥੇ ਹੀ ਰਿਕਾਰਡਿੰਗ ਰੋਕਣੀ ਪਈ। ਅਗਲੀ ਰਿਕਾਰਡਿੰਗ ਵਾਸਤੇ ਅਸੀਂ ਅਗਲੀ ਸਵੇਰ ਦਾ ਟਾਈਮ ਲੈ ਲਿਆ ਸੀ।

ਰਾਤ ਅਸੀਂ ਪ੍ਰੀਤੋ ਦੇ ਸਾਰੇ ਗੀਤ ਦੁਬਾਰਾ ਸੁਣੇ। ਸਵੇਰੇ ਉਸ ਦੇ ਕਹੇ ਮੁਤਾਬਕ ਅਸੀਂ ਪਹੁੰਚ ਗਏ। ਲੱਗਦਾ ਸੀ ਉਸ ਨੇ ਰਾਤ ਨੂੰ ਹੋਰ ਕਈ ਗੀਤ ਧਿਆਨ ਵਿਚ ਲੈ ਆਂਦੇ ਸਨ। ਪਹਿਲਾਂ ਗੀਤ ਉਸ ਸੁਣਾਇਆ ਕ੍ਰਿਸ਼ਨ ਤੇ ਗੁਜਰੀ ਦਾ। ਮੈਂ ਕੁਰੇਦ ਕੁਰੇਦ ਕੇ ਅਨੇਕਾਂ ਗੀਤਾਂ ਬਾਰੇ ਚਰਚਾ ਕੀਤੀ। ਇਕ ਗੀਤ ਮੇਰੇ ਲਈ ਬੇਹੱਦ ਕੀਮਤੀ ਸਾਬਤ ਹੋਇਆ। ਉਹ ਸੀ ਸੋਹਣੀ। ਹਰ ਪਿੰਡ ਵਿਚ ਹੀਰ-ਰਾਂਝਾ, ਸੋਹਣੀ ਮਹੀਵਾਲ ਅਤੇ ਮਿਰਜ਼ਾ ਦੀਆਂ ਦੰਦ ਕਥਾਵਾਂ ਲੋਕ ਗੀਤਾਂ ਵਿਚ ਗਾਈਆਂ ਜਾਂਦੀਆਂ ਹਨ। ਹਰ ਖੇਤਰ ਵਿੱਚ ਬਹੁਤ ਸਾਰੇ ਵੇਰਵੇ ਵੱਖਰੇ ਹਨ। ਇਸੇ ਗੱਲ ਨੂੰ ਧਿਆਨ ਵਿੱਚ ਰੱਖ ਕੇ ਮੈਂ ਸੋਹਣੀ ਦਾ ਗੀਤ ਸੁਣਨ ਲੱਗਾ।

ਕਿੱਕਰੇ ਨੀ ਕੰਡਿਆਲੀਏ, ਤੇਰੜੀ ਠੰਡੜੀ ਛਾਂ,
ਨੀ ਭੈਣੇਂ ਲੰਘ ਲੰਘ ਜਾਂਦੀਆਂ ਮੰਜ਼ਲਾਂ,
ਲੱਗ ਲੱਗ ਜਾਂਦੇ ਦੀਵਾਨ।

ਗੀਤ ਸੰਸਾਰ ਦੀ ਨਾਸਮਾਨਤਾ ਤੋਂ ਸ਼ੁਰੂ ਹੋਇਆ ਸੀ। ਕਿੱਕਰ ਦੀ ਛਾਂ ਭਾਵੇਂ ਠੰਢੀ ਨਹੀਂ ਹੁੰਦੀ, ਪਰ ਸ਼ਾਇਦ ਗੀਤ ਅਜਿਹੇ ਇਲਾਕੇ ਤੋਂ ਆਇਆ ਸੀ ਜਿਥੇ ਕਿੱਕਰਾਂ ਹੀ ਹੁੰਦੀਆਂ ਹੋਣ। ਇਹੋ ਜਿਹੇ ਸੂਤ੍ਰਿਕ ਵਾਕ ਲੋਕ ਗੀਤਾਂ ਵਿੱਚ ਕਿਤੇ ਕਿਤੇ ਹੀ ਆਉਂਦੇ ਹਨ। ਮੇਰੀ ਦਿਲਚਸਪੀ ਕਥਾ ਸੁਣਨ ਦੀ ਸੀ। ਗੀਤ ਦੀ ਲੈਅ ਵੀ ਪਹਿਲਾਂ ਨਾਲੋਂ ਸੋਧੀ ਹੋਈ ਸੀ, ਸ਼ਾਇਦ ਪ੍ਰੀਤੋ ਨੇ ਕੁੱਝ ਅਭਿਆਸ ਕਰ ਲਿਆ ਸੀ। ਗੀਤ ਨੇ ਅਜੇ ਸ਼ੁਰੂ ਹੋਣਾ ਸੀ।

ਨੀਲੇ ਘੋੜੇ ਵਾਲਿਆ, ਘੋੜੇ ਨੂੰ ਸਹਿਜੇ ਦੁੜਾ
ਵੇ ਬੀਬਾ ਪੈਰ ਪੁੱਟੇ ਤੇਰੇ ਘੋੜੇ ਨੇ
ਕਲੇਜੇ ਪਈਉ ਗਰਦਾਅ
ਭੈਣੇਂ ਨੀ ਸੁਣ ਮੇਰੀਏ, ਐਡੜੇ ਬੋਲ ਨਾ ਬੋਲ
ਨੀ ਭੈਣੇ ਲੱਕ ਦਾ ਪਟਕਾ ਖੋਲ੍ਹ ਕੇ, ਕਜਲਾ ਲਈਏ ਸਵਾਰ।

ਇਥੋਂ ਤਕ ਆ ਕੇ ਇਹ ਥਹੁ ਮਿਲ ਰਿਹਾ ਸੀ ਕਿ ਘੋੜੇ ਵਾਲਾ ਤੇ ਨਾਲ ਔਰਤ ਭੈਣ ਭਰਾ ਸਨ। ਭੈਣ ਨੂੰ ਭਰਾ ਸ਼ਾਇਦ ਸਹੁਰਿਆਂ ਤੋਂ ਲੈ ਕੇ ਆ ਰਿਹਾ ਸੀ, ਇਸ ਲਈ ਉਸ ਨੇ ਹਾਰ ਸ਼ਿੰਗਾਰ ਕੀਤਾ ਹੋਇਆ ਸੀ, ਜਿਸ ਉਪਰ ਗਰਦਾ ਪੈ ਗਿਆ ਸੀ। ਅਜੇ ਗੀਤ ਨੇ ਕੁੱਝ ਸਪੱਸ਼ਟ ਕਰਨਾ ਸੀ।

ਵੀਰਾ ਵੇ ਸੁਣ ਮੇਰਿਆ, ਆਪਣੀ ਨਾਰ ਸਮਝਾ,
ਵੇ ਬੀਬਾ ਰਾਤੇ ਨੂੰ ਡਰਦੀ ਬਲਾਵਾਂ ਤੇ,
ਰਾਤੇ ਨੂੰ ਨਦੀਆਂ ਤੇ ਪਾਰ।

ਇਥੇ ਆ ਕੇ ਗੱਲ ਸਪੱਸ਼ਟ ਹੋ ਗਈ ਕਿ ਔਰਤ ਤੇ ਮਰਦ ਸੋਹਣੀ ਦੇ ਨਣਾਨ ਤੇ ਭਰਾ ਹਨ। ਹੁਣ ਮੇਰੀ ਕਲਪਨਾ ਵਿੱਚ ਸਾਫ਼ ਸਾਫ਼ ਕਹਾਣੀ ਬਣਨ ਲੱਗੀ ਸੀ। ਸੋਹਣੀ ਦੀ ਨਣਾਨ, ਭਰਾ ਨੂੰ ਉਸ ਦੀਆਂ ਕਰਤੂਤਾਂ ਦੱਸ ਰਹੀ ਸੀ। ਪਰ ਪਤੀ ਦਾ ਸੰਭਾਵੀ ਉਤਰ ਕੀ ਹੋ ਸਕਦਾ ਹੈ?

ਭੈਣੇ ਨੀ ਸੁਣ ਮੇਰੀਏ, ਐਡੜੇ ਬੋਲ ਨਾ ਬੋਲ,
ਨੀ ਭੈਣੇ ਰੱਤੜਾ ਪਲੰਘ ਡਹਾਈ ਕੇ,
ਸੌਂ ਜਾਂਦੀ ਸਾਡੜੇ ਕੋਲ।
ਪੁੱਤਰਾ ਵੇ ਸੁਣ ਮੇਰਿਆ, ਆਪਣੀ ਨਾਰ ਸਮਝਾ,
ਵੇ ਬੱਚਾ ਦਿਨੇ ਨੂੰ ਡਰਦੀ ਬਲਾਵਾਂ ਤੇ
ਰਾਤੇ ਨੂੰ ਨਦੀਆਂ ਤੇ ਪਾਰ,
ਮਾਤਾ ਨੀ ਸੁਣ ਮੇਰੀਏ, ਐਡੜੇ ਬੋਲ ਨਾ ਬੋਲ,
ਨੀ ਮਾਤਾ ਦਿਨੇਂ ਨੂੰ ਕੱਤੇ ਸਹੇਲੀਆਂ 'ਚ
ਰਾਤੇ ਨੂੰ ਸਾਡੜੇ ਕੋਲ।

ਸੋਹਣੀ ਦੇ ਪਤੀ ਨੇ ਨਾ ਭੈਣ ਦੀ ਗੱਲ ਨੂੰ ਪ੍ਰਵਾਨ ਕੀਤਾ ਤੇ ਨਾ ਹੀ ਮਾਂ ਦੀ ਨੂੰ। ਉਹ ਆਪਣੀ ਪਤਨੀ ਵਿੱਚ ਵਿਸ਼ਵਾਸ ਜ਼ਾਹਿਰ ਕਰ ਰਿਹਾ ਸੀ। ਲੋਕ ਮਾਨਸਿਕਤਾ ਵਿੱਚ ਪੂਰੀ ਕਹਾਣੀ ਏਨੀ ਰਚੀ ਮਿਚੀ ਹੈ ਕਿ ਦੁਖਾਂਤ ਦਾ ਸਾਨੂੰ ਅਗਾਊਂ ਪਤਾ ਹੈ। ਫਿਰ ਵੀ ਲੋਕ ਮਾਨਸ ਵਾਰ ਵਾਰ ਇਸ ਦਾ ਦੁਹਰਾ ਕਰ ਕੇ ਸੋਹਣੀ ਪ੍ਰਤੀ ਆਪਦੀ ਹਮਦਰਦੀ ਪ੍ਰਗਟ ਕਰਦਾ ਹੈ। ਨੈਤਿਕਤਾ ਦੀ ਦ੍ਰਿਸ਼ਟੀ ਤੋਂ ਸੋਹਣੀ ਜੋ ਕਰਦੀ ਹੈ, ਉਹ ਸਮਾਜ ਨੂੰ ਬਿਲਕੁਲ ਹੀ ਪ੍ਰਵਾਨ ਨਹੀਂ ਪਰ ਵਾਰ ਵਾਰ ਇਸ ਦਾ ਦੁਹਰਾ ਉਸ ਨੂੰ ਕਲਾਤਮਕ ਪ੍ਰਵਾਨਗੀ ਸਦੀਆਂ ਤੋਂ ਦਈ ਆਇਆ ਹੈ। ਗੀਤ ਅਗਾਂਹ ਵੱਲ ਨੂੰ ਵਧ ਰਿਹਾ ਸੀ।

ਸੱਸ ਗਈਉ ਘੁਮਿਆਰਾਂ ਦੇ ਕੱਚੜਾ ਘੜਾ ਲਿਆ।
ਵੇ ਬੀਬਾ ਕੱਚੜਾ ਘੜਾ ਲਿਆਈਕੇ,
ਰੱਖਿਆ ਬੂਝੇ ਦੇ ਕੋਲ।
ਕੱਚੜਾ ਘੜਾ ਘੜੇਂਦਿਆਂ, ਪੁੱਤਰ ਮਰੇ ਘੁਮਿਆਰ,
ਵੇ ਬੀਬਾ, ਕੱਚੜੇ ਘੜੇ ਨੂੰ ਮੋਰੀਆਂ,
ਸੋਹਣੀ ਡੁੱਬੀ ਦਰਿਆ।

ਵੇਰਵੇ ਗੀਤ ਲੋਕ ਪ੍ਰਚਲਿਤ ਦੇ ਰਿਹਾ ਸੀ ਪਰ ਕੱਚਾ ਘੜਾ ਘੜਨ ਵਾਲੇ ਘੁਮਿਆਰ ਨੂੰ ਪੁੱਤਰ ਮਰਨ ਦਾ ਸਰਾਪ ਦਿੰਦਾ ਗੀਤ ਸੋਹਣੀ ਵੱਲ ਆ ਖੜੋਤਾ ਹੈ। ਲੋਕ ਮਨ ਨੇ ਜਾਂ ਸਮੂਹਿਕ ਅਵਚੇਤਨ ਨੇ ਕਦੇ ਵੀ ਸੋਹਣੀ ਨੂੰ ਨਹੀਂ ਦੁਰਕਾਰਿਆ। ਉਸ ਦੇ ਵਿਰੋਧੀ ਕੱਚੇ ਘੜੇ ਸਮੇਤ ਸਰਾਪ ਦੇ ਭਾਗੀ ਬਣੇ ਹਨ। ਗੀਤ ਦਾ ਅੰਤ ਹੋ ਕੇ ਵੀ ਅੰਤ ਨਹੀਂ ਸੀ ਹੋਇਆ। ਪ੍ਰੀਤੋ ਕੋਲ ਗੀਤ ਦੇ ਹੋਰ ਬੋਲ ਵੀ ਸਨ।

ਦੁੱਧ ਜਮਾਵਾਂ, ਦਹੀਂ ਕਰਾਂ, ਦਹੀਂ ਦੀ ਬਣ ਜਾਏ ਛਾਹ,
ਵੇ ਬੀਬਾ ਅੱਜ ਨਾ ਸੋਹਣੀ ਆਈ ਆ,
ਪਈ ਕਵੱਲੜੇ ਰਾਹ।

ਇਹ ਬੋਲ ਸੱਸ ਦੇ ਵੀ ਹੋ ਸਕਦੇ ਹਨ ਤੇ ਨਣਾਨ ਦੇ ਵੀ ਤੇ ਉਪਰੋਂ ਸੋਹਣੀ ਪ੍ਰਤੀ ਹਰ ਵਿਰੋਧੀ ਦੇ ਵੀ। ਇਸ ਲਈ ਗੀਤ ਨੇ ਇਹ ਬੋਲ ਕਿਸੇ ਦੇ ਮੂੰਹ ਵਿੱਚ ਨਹੀਂ ਸਨ ਪਾਏ। ਮੈਨੂੰ ਲੱਗਾ ਕਿ ਗੀਤ ਖ਼ਤਮ ਹੋ ਗਿਆ ਹੈ ਪਰ ਅਜੇ ਤਕ ਨਹੀਂ।

ਮੱਛੀਉਂ, ਨੀ ਜਲ ਅੱਛੀਉ,
ਚੁਣ ਚੁਣ ਖਾਇਉ ਮੇਰਾ ਮਾਸ।
ਨੀ ਭੈਣੋਂ ਅੱਖੀਆਂ ਦੋਵੇਂ ਰੱਖੀਉ,
ਫਿਰ ਜਗ ਮਿਲਣੇ ਦੀ ਆਸ।

ਹੁਣ ਪ੍ਰੀਤੋ ਨੇ ਡੂੰਘਾ ਸਾਹ ਲਿਆ। ਗੀਤ ਨੇ ਦੁਖਾਂਤ ਵਿਚ ਖ਼ਤਮ ਹੋਣਾ ਸੀ, ਸੋ ਉਹ ਹੋਇਆ। ਅਖੀਰਲੀਆਂ ਪੰਗਤੀਆਂ ਨੇ ਮੈਨੂੰ ਫਿਰ ਫਰੀਦ ਦਾ ਸਲੋਕ 'ਕਾਗਾ ਕਰੰਗਿ ਢੰਢੋਲਿਆ....' ਯਾਦ ਕਰਵਾ ਦਿੱਤਾ।

ਦੋ ਬੈਠਕਾਂ ਵਿੱਚ ਪ੍ਰੀਤੋ ਨੂੰ ਜਿੰਨੇ ਕੁ ਗੀਤ ਯਾਦ ਸਨ ਤੇ ਜੋ ਮੈਂ ਪਹਿਲਾਂ ਸੁਣੇ ਹੋਏ ਨਹੀਂ ਸਨ, ਉਹ ਮੈਂ ਰਿਕਾਰਡ ਕਰ ਲਏ ਸਨ। ਲੰਮੀਆਂ ਗੱਲਾਂ ਬਾਤਾਂ ਮਾਰ ਕੇ, ਚਾਹ ਪੀ ਕੇ, ਫਿਰ ਕਦੇ ਆਉਣ ਦਾ ਵਾਅਦਾ ਕਰਕੇ ਮੈਂ ਪ੍ਰੀਤੋ ਤੋਂ ਵਿਦਾ ਲਈ। ਇਨ੍ਹਾਂ ਗੀਤਾਂ ਨੂੰ ਮੈਂ ਦਰਜਨਾਂ ਵਾਰ ਸੁਣਿਆ ਹੋਵੇਗਾ। ਟੇਪ ਤੋਂ ਉਤਾਰਨ ਸਮੇਂ ਰਿਵਰਸ ਕਰ ਕਰਕੇ ਸੁਣਦਾ ਰਿਹਾ ਹਾਂ। ਇਹ ਗੀਤ ਹੀ ਨਹੀਂ ਮੈਂ ਸਾਰੇ ਗੀਤ ਜੋ ਵੀ ਇਕੱਠੇ ਕੀਤੇ ਹਨ ਉਨ੍ਹਾਂ ਨੂੰ ਅਨੇਕਾਂ ਵਾਰ ਸੁਣਿਆ ਹੈ। ਕੋਈ ਹੋਰ ਸੁਣ ਵਾਲਾ ਬੋਰ ਹੋ ਸਕਦਾ ਹੈ ਪਰ ਮੈਂ ਨਹੀਂ। ਇਹੀ ਕਾਰਨ ਹੈ ਕਿ ਮੈਨੂੰ ਇਕੱਠੇ ਕੀਤੇ ਹਰ ਗੀਤ ਦੀ ਲੈਅ ਦਾ ਪਤਾ ਹੈ। ਥੋੜ੍ਹੇ ਜਿਹੇ ਅਭਿਆਸ ਨਾਲ ਮੈਂ ਗਾ ਵੀ ਸਕਦਾ ਹਾਂ। ਇਸੇ ਲਈ ਜਦੋਂ ਕੋਈ ਗੀਤ ਗਾਉਂਦਾ ਹੈ ਤਾਂ ਮੈਨੂੰ ਪਤਾ ਹੁੰਦਾ ਹੈ ਕਿ ਇਹ ਮੈਂ ਪਹਿਲਾਂ ਸੁਣਿਆ ਹੋਇਆ ਹੈ। ਉਸ ਦੀਆਂ ਮੈਂ ਕੁੱਝ ਪੰਗਤੀਆਂ ਸੁਣ ਕੇ ਹੀ ਨਿਰਣਾ ਕਰ ਲੈਂਦਾ ਹਾਂ ਕਿ ਇਸ ਗੀਤ ਨੂੰ ਰਿਕਾਰਡ ਕੀਤਾ ਜਾਵੇ ਕਿ ਨਾ।

# ਦਾਦਰ ਪੰਡੋਰਵੀ ਦੀਆਂ ਤਿੰਨ ਗ਼ਜ਼ਲਾਂ



ਦਾਦਰ ਪੰਡਰੋਵੀ ਪੰਜਾਬੀ ਗ਼ਜ਼ਲ ਬਿਲਕੁਲ ਨਵਾਂ ਨਾਂ ਹੈ ਪਰ ਉਸ ਦੀ ਆਮਦ ਹੀ ਸਾਬਤ ਕਦਮੀ ਹੋਈ ਹੈ। ਭਾਵੇਂ ਉਹ ਰਵਾਇਤੀ ਗ਼ਜ਼ਲ ਸਕੂਲ ਰਾਹੀਂ ਇਸ ਖੇਤਰ ਵਿੱਚ ਆਇਆ ਹੈ ਪਰ ਆਧੁਨਿਕ ਗ਼ਜ਼ਲ ਦੇ ਹਾਣ ਦੀ ਗੱਲ ਕਰਨ ਦੇ ਸਮਰੱਥ ਜਾਪਦਾ ਹੈ।

ਚਿਹਰਿਆਂ ਦੇ ਸ਼ਹਿਰ ਜਦ ਤਕ ਇੱਕ ਵੀ ਸ਼ੀਸ਼ਾ ਨਾ ਸੀ।
ਚਮਕਦੇ ਸੀ ਸਾਰਿਆਂ ਦੇ ਨਕਸ਼, ਦਿਲ ਮੈਲ਼ਾ ਨਾ ਸੀ।

ਇਕ ਨਦੀ ਨੂੰ ਸਾਰੀ ਦੀ ਸਾਰੀ ਹੀ ਪਿਆਸੀ ਵੇਖਿਆ,
ਥਲ ਵੀ ਪਿਆਸਾ ਸੀ ਮਗਰ, ਪਿਆਸਾ ਨਦੀ ਜਿੰਨਾ ਨਾ ਸੀ।

ਵੇਖਿਆ ਹੀ ਨਾ ਕਿਸੇ ਨੇ ਪਰਤ ਮੇਰੀ ਫੋਲ ਕੇ,
ਸੀ ਮੇਰੇ ਹੇਠਾਂ ਵੀ ਪਾਣੀ, ਮੈਂ ਨਿਰਾ ਰੇਤਾ ਨਾ ਸੀ।

ਰਾਜ ਗੱਦੀ ਤੋਂ ਮਿਲੇ ਨੇ ਬਾਗ਼ਬਾਨਾਂ ਨੂੰ ਇਨਾਮ,
ਹੈ ਸਿਤਮ ਕਿ ਬਾਗ਼ ਵਿਚ ਇਕ ਫੁੱਲ ਵੀ ਖਿੜਿਆ ਨਾ ਸੀ।

ਵੰਝਲੀ ਦੀ ਤਾਨ ਦੀ ਸੀ ਖ਼ਬਰ ਸਾਰੇ ਸ਼ਹਿਰ ਵਿਚ,
ਬਾਂਸ ਦੇ ਸੀਨੇ 'ਚੋਂ ਨਿਕਲੀ ਚੀਕ ਦਾ ਚਰਚਾ ਨਾ ਸੀ।

ਫਿਰ ਉਡੀਕਾਂ ਦਾ ਉਮਰ ਭਰ ਸਿਲਸਿਲਾ ਚਲਦਾ ਰਿਹਾ,
ਡਾਕ ਨਿੱਤ ਆਉਂਦੀ ਸੀ ਲੇਕਿਨ ਖ਼ਤ ਕੋਈ ਮੇਰਾ ਨਾ ਸੀ।

ਰੌਸ਼ਨੀ ਦਾ ਸ਼ਹਿਰ ਨ੍ਹੇਰੇ ਵਿਚ ਡੁੱਬਾ ਜਾਪਿਆ,
ਆਪਣੇ ਜਦ ਘਰ 'ਚ ਬਲ਼ਦਾ ਇਕ ਵੀ ਦੀਵਾ ਨਾ ਸੀ।

ਕੀ ਪਤਾ ਕੀ ਹੋ ਗਿਆ ਹੈ ਸ਼ਹਿਰ ਦੇ ਮਾਹੌਲ ਨੂੰ,
ਜਾਗਦਾ ਹੁੰਦਾ ਸੀ ਪਹਿਲਾਂ, ਸ਼ਹਿਰ ਇਹ ਸੌਂਦਾ ਨਾ ਸੀ।

ਆ ਗਏ ਚਿਹਰੇ ਤੋਂ ਆਖ਼ਰ ਹਾਦਸੇ ਕਿੱਦਾਂ ਨਜ਼ਰ,
ਇੱਕ ਵੀ ਤਾਂ ਸ਼ਬਦ ਮੂੰਹੋਂ ਦਰਦ ਦਾ ਕਿਰਿਆ ਨਾ ਸੀ।

----------

ਜੇ ਮੇਰੀ ਅੱਖ ਵਿੱਚੋਂ ਇਕ ਵੀ ਹੰਝੂ ਛਲਕਿਆ ਹੁੰਦਾ।
ਸਮੁੰਦਰ ਸ਼ਾਇਰੀ ਦਾ ਨਾ ਚੁਫ਼ੇਰੇ ਫੈਲਿਆ ਹੁੰਦਾ।

ਅਸੀਂ ਤਾਰੀਖ਼ ਤੋਂ ਵੀ ਸਬਕ ਲੈ ਕੇ ਸੰਭਲ਼ ਸਕਦੇ ਸੀ,
ਜ਼ਰੂਰੀ ਤਾਂ ਨਹੀਂ ਸੀ ਫਿਰ ਤੋਂ ਕੋਈ ਵਾਕਿਆ ਹੁੰਦਾ।

ਕਦੇ ਵੀ ਉਸ ਦੀਆਂ ਛਾਵਾਂ ਦੇ ਸਿਰ ਇਲਜ਼ਾਮ ਨਾ ਆਉਂਦੇ,
ਮੁਸਾਫ਼ਰ ਨੂੰ ਜੇ ਧੁੱਪੇ ਵੇਖ ਕੇ ਰੁੱਖ ਤੜਪਿਆ ਹੁੰਦਾ।

ਅਸੀਂ ਚਿਹਰੇ ਬਦਲ ਕੇ ਖੁਸ਼ ਬੜੇ ਹੁੰਦੇ ਹਾਂ ਮਹਿਫ਼ਲ ਵਿਚ
ਤੜਪ ਉਠਦੇ ਹਾਂ ਅੱਗੇ ਜਦ ਮੁਖੌਟਾ ਪਹਿਨਿਆ ਹੁੰਦਾ।

ਮੁਸਾਫ਼ਰ ਆਉਣ ਵਾਲੇ ਫਿਰ ਜ਼ਰਾ ਹੁਸ਼ਿਆਰ ਹੋ ਜਾਂਦੇ,
ਅਸਾਡੀ ਚੀਕ ਨੂੰ ਜੰਗਲ਼ ਨੇ ਜੇ ਨਾ ਨਿਗਲ਼ਿਆ ਹੁੰਦਾ।

ਮਿਲੀ ਜਦ ਛਾਂ ਸਫ਼ਰ ਵਿਚ ਇਸ ਤਰ੍ਹਾਂ ਲੱਗਾ ਮੁਸਾਫ਼ਰ ਨੂੰ
ਅਚਾਨਕ ਹੀ ਜਿਵੇਂ ਮਾਂ ਨੇ ਕਲਾਵਾ ਭਰ ਲਿਆ ਹੁੰਦਾ।

ਪਰਿੰਦੇ ਜ਼ਖ਼ਮ ਖਾ-ਖਾ ਕੇ ਅਕਾਸ਼ੋਂ ਡਿਗ ਰਹੇ ਥੱਲੇ
ਅਸਾਡੇ ਸ਼ਹਿਰ ਆਏ ਦਿਨ ਇਹ ਭਾਣਾ ਵਰਤਿਆ ਹੁੰਦਾ।

ਚਿਰਾਂ ਤੋਂ ਗ਼ੈਰ ਹਾਜ਼ਰ ਹੈ ਨਵਾਂਪਨ ਜ਼ਿੰਦਗੀ ਵਿੱਚੋਂ
ਜੇ ਚਿਹਰਾ ਬਦਲਣਾ ਮੁਸ਼ਕਿਲ ਸੀ, ਸ਼ੀਸ਼ਾ ਬਦਲਿਆ ਹੁੰਦਾ।

----------

# ਸੁਖ਼ਨ-ਸਾਜ਼



ਸੁਲੱਖਣ ਸਰਹੱਦੀ
94174-84337

ਮੈਨੂੰ ਉਹ ਪਰਿੰਦਾ ਹੋਣੇ ਦਾ ਹਰ ਪਲ ਅਹਿਸਾਸ ਕਰਾਉਂਦਾ ਹੈ।
ਚੋਗੇ ਦਾ ਛਲਾਵਾ ਦਿੰਦਾ ਹੈ, ਪਿੰਜਰੇ ਦਾ ਖ਼ੌਫ਼ ਦਿਖਾਉਂਦਾ ਹੈ।

ਦੀਵਾ, ਜੁਗਨੂੰ, ਚੰਨ ਤੇ ਤਾਰੇ ਮੰਨਿਆ ਕਿ ਸਫ਼ਰ ਵਿਚ ਸ਼ਾਮਲ ਸਨ,
ਰਸਤੇ 'ਚ ਅਚਾਨਕ ਡੁੱਬ ਗਏ, ਸੂਰਜ ਦਾ ਖ਼ਿਆਲ ਸਤਾਉਂਦਾ ਹੈ।

ਜਾਂਦਾ ਜਾਂਦਾ ਮੁੜ ਆਇਆ ਹਾਂ, ਝਾਂਜਰ ਦੀ ਛਣਛਣ ਸੁਣ ਕੇ ਮੈਂ,
ਮੰਜ਼ਿਲ ਵੀ ਬੁਲਾਉਂਦੀ ਹੈ ਮੈਨੂੰ ਘਰ ਦਾ ਵੀ ਹੇਜ ਸਤਾਉਂਦਾ ਹੈ।

ਇਕ ਵਾਰ ਹੀ ਸੂਲ਼ੀ 'ਤੇ ਚੜ੍ਹਕੇ ਮਰਨੇ ਦੀ ਕੋਈ ਕਾਹਲ਼ ਨਹੀਂ,
ਅੱਜਕੱਲ੍ਹ ਤਾਂ ਨਗਰ ਦੇ ਲੋਕਾਂ ਨੂੰ, ਕਿਸ਼ਤਾਂ ਵਿਚ ਮਰਨਾ ਆਉਂਦਾ ਹੈ।

ਅਸੀਂ ਆਲ੍ਹਣਿਆਂ ਦੇ ਸੜਨੇ ਦਾ ਦਿਲ 'ਚੋਂ ਨਾ ਖ਼ੌਫ਼ ਉਤਾਰ ਸਕੇ,
ਲੇਕਿਨ ਉਹ ਜੰਗਲ਼ ਦੀ ਅੱਗ ਤੋਂ , ਚੁੱਲ੍ਹੇ ਦੀ ਅੱਗ ਮਚਾਉਂਦਾ ਹੈ।

ਲਗਦੈ ਹੁਣ ਅਗਲੇ ਜਨਮ 'ਚ ਹੀ ਉਸ ਦੀ ਰੂਹ ਨੂੰ ਇਨਸਾਫ਼ ਮਿਲੂ,
ਹਾਲੇ ਤਾਂ ਬੰਦ ਅਦਾਲਤ ਦਾ ਉਹ ਬੂਹਾ ਹੀ ਖੜਕਾਉਂਦਾ ਹੈ।

ਉਹ ਵੀ ਦਿਨ ਸਨ ਸਾਡੇ ਦਰਿਆ ਕਿੰਨੇ ਦਰਿਆ ਦਿਲ ਹੁੰਦੇ ਸਨ,
ਹੁਣ ਤਾਂ ਕਤਰਾ ਦੇਣ ਸਮੇਂ ਵੀ, ਦਰਿਆ ਨੂੰ ਪਸੀਨਾ ਆਉਂਦਾ ਹੈ।

ਉਹ ਚਾਹਤ ਦੇ ਸਿਰਨਾਵੇਂ 'ਤੋਂ ਲਿਖਦਾ ਹੈ ਮੈਨੂੰ ਚਿੱਠੀਆਂ ਵੀ,
ਤੇ ਪਰਲੇ ਪਾਰ ਝਨਾਂ ਕੰਢੇ, ਮਿਲਣੇ ਤੋਂ ਵੀ ਘਬਰਾਉਂਦਾ ਹੈ।

----------

ਜਰਨੈਲ ਸਿੰਘ ਦੀ ਸ਼ਾਹਕਾਰ ਕਹਾਣੀ

# ਮੁਹਾਜ਼

ਭਾਰਤ ਵਿੱਚ ਵੀ ਤੇ ਪਰਵਾਸ ਦੌਰਾਨ ਕੈਨੇਡਾ ਵਿੱਚ ਵੀ ਮੈਂ ਸੈਨਿਕ ਸੇਵਾਵਾਂ/ ਸੈਨਿਕਾਂ ਦੇ ਸੰਪਰਕ ਵਿਚ ਰਿਹਾ ਹਾਂ, ਇਸ ਲਈ ਇਸ ਕਹਾਣੀ ਦੀ ਸਿਰਜਣ ਪ੍ਰਕਿਰਿਆ ਵਿੱਚ ਮੇਰਾ ਸੈਨਿਕ-ਸਵੈ ਪੂਰੀ ਤਰ੍ਹਾਂ ਸ਼ਾਮਲ ਰਿਹਾ ਹੈ। 1981 ਵਿੱਚ ਮੈਂ ਆਪਣੇ ਨਿੱਜੀ ਤਜਰਬੇ ਦੇ ਆਧਾਰ 'ਤੇ ਇੱਕ ਕਹਾਣੀ 'ਸੁਆਹ ਦੀ ਢੇਰੀ' ਲਿਖੀ ਸੀ, ਜਿਸ ਵਿੱਚ ਦਿਖਾਇਆ ਗਿਆ ਸੀ ਕਿ ਸੈਨਿਕ ਮਹਿਜ਼ ਇੱਕ ਕਠਪੁਤਲੀ ਹੁੰਦਾ ਹੈ। ਇਸ ਕਹਾਣੀ ਨਾਲ ਮੈਨੂੰ ਪੂਰੀ ਤਸੱਲੀ ਨਹੀਂ ਸੀ ਹੋਈ। ਮੈਂ ਸੈਨਿਕ ਜੀਵਨ ਦੀਆਂ ਕਈ ਪਰਤਾਂ ਨੂੰ ਫਰੋਲਣਾ ਚਾਹੁੰਦਾ ਸੀ। 'ਮੁਹਾਜ਼' ਕਹਾਣੀ ਵਿੱਚ ਮੈਂ ਇਹੋ ਉਪਰਾਲਾ ਕੀਤਾ ਹੈ। ਇਹ ਕਹਾਣੀ ਤਿੰਨ ਪਰਤੀ ਹੈ। ਇੱਕ ਪਰਤ ਜੰਗ ਦੀ ਭਿਆਨਕਤਾ ਨੂੰ ਦੇਸ਼-ਕਾਲ ਦੀਆਂ ਹੱਦਾਂ ਤੋਂ ਪਾਰ ਜਾ ਕੇ ਬਿਆਨਦੀ ਹੈ। ਸੈਨਿਕ ਦਾ ਬੇਪਛਾਣ, ਕਠਪੁਤਲੀ ਮਾਤਰ ਵਿਅਕਤੀਤਵ ਇਸ ਕਹਾਣੀ ਦੀ ਇੱਕ ਹੋਰ ਪਰਤ ਹੈ। ਇਸ ਦੀ ਇੱਕ ਪਰਤ ਇਹ ਵੀ ਹੈ ਕਿ ਜੰਗ ਕੇਵਲ ਸੈਨਿਕ ਨਹੀਂ ਲੜਦਾ, ਉਨ੍ਹਾਂ ਦੇ ਪਰਿਵਾਰ ਖਾਸ ਕਰ ਕੇ ਵਿਧਵਾਵਾਂ ਨੂੰ ਇਕ ਬੜੀ ਹੌਲਨਾਕ ਜੰਗ ਲੜਨੀ ਪੈਂਦੀ ਹੈ ਤੇ ਇਹ ਜੰਗ ਹਰ ਧਿਰ ਦੀਆਂ ਵਿਧਵਾਵਾਂ ਲਈ ਇੱਕੋ ਜਿਹੀ ਹੀ ਦੁਖਾਂਤਕ ਹੁੰਦੀ ਹੈ। ਇਸ ਕਹਾਣੀ ਦਾ ਕੇਂਦਰੀ ਨੁਕਤਾ ਜੰਗ ਦੀ ਉਚਿਤਤਾ ਤੇ ਨੈਤਿਕਤਾ ਨੂੰ ਫੋਕਸ ਕਰਦਾ ਹੈ। ਸਾਮਰਾਜੀ ਜੰਗਾਂ ਨਾ ਤਾਂ ਉਚਿਤ ਹਨ ਤੇ ਨਾ ਹੀ ਨੈਤਿਕ। ਬੀਜ ਰੂਪ ਵਿੱਚ ਇਹ ਵਿਚਾਰ ਵੀ ਇਸ ਕਹਾਣੀ ਵਿੱਚ ਸ਼ਾਇਦ ਕਿਤੇ ਪਿਆ ਹੈ।



– ਜਰਨੈਲ ਸਿੰਘ

ਜਰਨੈਲ ਸਿੰਘ ਆਪਣੀ ਕਹਾਣੀ 'ਦੋ ਟਾਪੂ' ਨਾਲ ਚਰਚਾ ਵਿੱਚ ਆਇਆ। ਇਸ ਕਹਾਣੀ ਨਾਲ ਨਾ ਕੇਵਲ ਇਕ ਸਮਰੱਥ ਕਹਾਣੀਕਾਰ ਵਜੋਂ ਉਸ ਦੀ ਪਛਾਣ ਸਥਾਪਤ ਹੋਈ, ਸਗੋਂ ਉਸ ਨੇ ਪੰਜਾਬੀ ਕਹਾਣੀ ਦੇ ਖੇਤਰ ਵਿੱਚ ਨਵੇਂ ਪ੍ਰਤੀਮਾਨ ਸਿਰਜਣ ਦਾ ਯਤਨ ਵੀ ਕੀਤਾ। ਪ੍ਰਵਾਸੀ ਜੀਵਨ-ਅਨੁਭਵ ਨੇ ਉਸ ਦੀ ਕਹਾਣੀ ਕਲਾ ਵਿਚ ਅਸਧਾਰਣ ਵਿਕਾਸ ਲਿਆਂਦਾ ਹੈ, ਹਾਲਾਂਕਿ ਉਹ ਦੇਸ਼ ਰਹਿੰਦਿਆਂ ਵੀ ਕਹਾਣੀ ਲਿਖਦਾ ਸੀ ਪਰ ਸਮਕਾਲੀ ਕਹਾਣੀਕਾਰਾਂ ਦੀ ਮੂਹਰਲੀ ਕਤਾਰ ਵਿੱਚ ਸ਼ਾਮਲ ਨਹੀਂ ਸੀ ਹੋ ਸਕਿਆ। ਪਰਵਾਸ ਦੌਰਾਨ ਰਚੀ ਆਪਣੀ ਕਹਾਣੀ ਦੀ ਵਿਲੱਖਣਤਾ ਸਦਕਾ ਜਰਨੈਲ ਸਿੰਘ ਨੇ ਪ੍ਰਵਾਸੀ ਕਥਾ-ਸਾਹਿਤ ਦੇ ਨਾਲ ਪੰਜਾਬੀ ਕਹਾਣੀ ਦੀ ਮੁੱਖ ਧਾਰਾ ਦੇ ਅੰਤਰਗਤ ਵੀ ਆਪਣੇ ਲਈ ਜ਼ਿਕਰਯੋਗ ਥਾਂ ਨਿਸ਼ਚਿਤ ਕਰ ਲਈ ਹੈ। ਹੁਣ ਤੱਕ ਉਸ ਦੇ ਪੰਜ ਕਹਾਣੀ-ਸੰਗ੍ਰਹਿ 'ਮੈਨੂੰ ਕੀ','ਮਨੁੱਖ ਤੇ ਮਨੁੱਖ', 'ਸਮੇਂ ਦੇ ਹਾਣੀ', 'ਦੋ ਟਾਪੂ' ਅਤੇ 'ਟਾਵਰਜ਼' ਪ੍ਰਕਾਸ਼ਿਤ ਹੋ ਚੁੱਕੇ ਹਨ। ਇਸ ਤੋਂ ਇਲਾਵਾ 14 ਪ੍ਰਤੀਨਿਧ ਕੈਨੇਡੀਅਨ ਪੰਜਾਬੀ ਕਹਾਣੀਆਂ ਦਾ ਸੰਗ੍ਰਿਹ 'ਮੇਪਲ ਦੇ ਰੰਗ' ਵੀ ਉਹ ਸੰਪਾਦਤ ਕਰ ਚੁੱਕਾ ਹੈ। ਨਵੀਂ ਦੁਨੀਆ ਦੇ ਪਾਠਕਾਂ ਲਈ ਅਸੀਂ ਉਸ ਦੀ ਬਹੁਪਰਤੀ ਕਹਾਣੀ 'ਮੁਹਾਜ਼' ਪ੍ਰਕਾਸ਼ਿਤ ਕਰ ਰਹੇ ਹਾਂ।

– ਸੰਪਾਦਕ

ਦਸੰਬਰ ਦਾ ਮਹੀਨਾ ਸੀ। ਮੈਂ ਅਪਣੀ ਡਿਟੈਚਮੈਂਟ ਦੀਆਂ ਪੋਸਟਾਂ ਦਾ ਦੌਰਾ ਕਰ ਰਿਹਾ ਸਾਂ। ਇਹ ਪੋਸਟਾਂ ਟਰਾਂਟੋ ਦੇ 'ਕਨੇਡੀਅਨ ਫੋਰਸਜ਼ ਬੇਸ' ਯਾਅਨੀ ਛਾਉਣੀ 'ਚ ਸਥਿੱਤ ਹਨ। ਬੇਸ ਨਾਲ਼ ਸਾਡੀ ਸਕਿਉਰਟੀ ਕੰਪਨੀ 'ਕਮਿਸ਼ਨੇਅਰਜ਼' ਦਾ ਕਾਂਟਰੈਕਟ ਹੈ। ਕਨੇਡਾ ਦੇ ਸਾਬਕਾ-ਫੌਜੀਆਂ ਦੀ ਇਸ ਕੰਪਨੀ ਵਿੱਚ ਥੋੜ੍ਹੀ ਕੁ ਨਫ਼ਰੀ ਕਾਮਨਵੈੱਲਥ ਮੁਲਕਾਂ ਤੋਂ ਆਏ ਸਾਬਕਾ-ਫੌਜੀ ਇੰਮੀਗਰਾਂਟਾਂ ਦੀ ਵੀ ਹੈ। ਕੰਪਨੀ ਦਾ ਢਾਂਚਾ ਫੌਜੀ ਪਲਟਣਾਂ ਵਾਲ਼ਾ ਹੈ। ਮੈਨੇਜਮੈਂਟ ਦੇ ਰੈਂਕ ਕਰਨਲ, ਮੇਜਰ, ਕੈਪਟਨ ਵਗ਼ੈਰਾ ਹਨ ਤੇ ਸੁਪਰਵਾਇਜ਼ਰਾਂ ਦੇ ਮਾਸਟਰ ਵਾਰੰਟ ਅਫ਼ਸਰ, ਵਾਰੰਟ ਅਫ਼ਸਰ, ਸਟਾਫ ਸਰਜੈਂਟ, ਸਰਜੈਂਟ ਵਗ਼ੈਰਾ। ਇਸਦੇ ਕਰਮਚਾਰੀਆਂ ਨੂੰ ਸਕਿਉਰਟੀ ਗਾਰਡ ਨਹੀਂ, ਕਮਿਸ਼ਨੇਅਰ ਕਿਹਾ ਜਾਂਦਾ ਹੈ।

ਦੌਰੇ ਤੋਂ ਪਰਤ ਕੇ ਮੈਂ ਅਪਣੇ ਕਮਿਸ਼ਨੇਅਰਜ਼ ਦੀਆਂ ਪੇਅ-ਰੋਲ ਮੁਕੰਮਲ ਕੀਤੀਆਂ ਤੇ ਵਾਰੰਟ ਅਫ਼ਸਰ ਨੈਨਸੀ ਬਰਟਨ ਦੇ ਦਫ਼ਤਰ ਨੂੰ ਚੱਲ ਪਿਆ। ਨੈਨਸੀ ਬੇਸ ਦੀ ਅਸਿਸਟੈਂਟ ਐਡਮਿਨ ਅਫ਼ਸਰ ਹੈ। ਸਾਡੇ ਕੰਮ-ਕਾਜ ਦਾ ਸਾਰਾ ਕੰਟਰੋਲ ਬੇਸ-ਕਮਾਂਡਰ ਨੇ ਅਸਿਸਟੈਂਟ ਐਡਮਿਨ ਅਫ਼ਸਰ ਨੂੰ ਸੌਂਪਿਆ ਹੋਇਆ ਹੈ। ਡਿਟੈਚਮੈਂਟ ਕਮਾਂਡਰ ਹੋਣ ਦੇ ਨਾਤੇ ਮੇਰਾ ਇਸ ਨਾਲ਼ ਹਰ ਵੇਲੇ ਦਾ ਵਾਹ ਏ।

"ਹਾਇ ਡੇਵ! ਹਾਓ ਯੂ ਡੂਇੰਗ?" ਅਪਣੇ ਕੰਮ 'ਚ ਰੁਝੀ ਨੈਨਸੀ ਨੇ ਮੇਰਾ ਹਾਲ ਪੁੱਛਿਆ। ਬੋਲਚਾਲ ਵਿੱਚ ਸਾਰੇ ਮੈਨੂੰ ਡੇਵ ਸੱਦਦੇ ਹਨ। ਰੈਂਕ ਅਤੇ ਪੂਰਾ ਨਾਂ ਮਾਸਟਰ ਵਾਰੰਟ ਅਫ਼ਸਰ ਸੁਖਦੇਵ ਸਿੰਘ ਕੰਗ ਸਿਰਫ਼ ਲਿਖਣ ਵੇਲੇ ਹੀ ਵਰਤੋਂ 'ਚ ਆਉਂਦਾ ਹੈ।

"ਆਇ'ਮ ਫਾਇਨ, ਹਾਓ ਅਬਾਊਟ ਯੂ?" ਨੈਨਸੀ ਸਾਹਮਣੇ ਬਹਿੰਦਿਆਂ, ਅਪਣਾ ਹਾਲ ਦੱਸ ਕੇ, ਮੈਂ ਉਸਦਾ ਪੁੱਛਿਆ।

"ਨੌਟ ਟੂਅ ਬੈਡ।"

ਬਾਹਰ ਪੈ ਰਹੀ ਕੜਾਕੇਦਾਰ ਠੰਢ ਦੀ ਨਿਤਾਣੀ ਧੁੱਪ ਵਾਂਗ ਨੈਨਸੀ ਥੱਕੀ-ਹਾਰੀ ਦਿਸ ਰਹੀ ਸੀ। ਗੁਲਾਬੀ ਫੁੱਲ ਵਰਗਾ ਚਿਹਰਾ ਖਿੜਿਆ ਨਹੀਂ ਸੀ ਹੋਇਆ, ਕੁਮਲ਼ਾਇਆ ਹੋਇਆ ਸੀ। ਉਹ 'ਕੱਲੀ-'ਕੱਲੀ ਪੋਸਟ ਦੀ ਪੇਅ-ਰੋਲ 'ਤੇ ਦਸਤਖ਼ਤ ਕਰਨ ਲੱਗ ਪਈ।

"ਬੱਚਿਆਂ ਦਾ ਕੀ ਹਾਲ ਏ।" ਮੈਂ ਬੋਝਲ ਹੋ ਰਹੀ ਚੁੱਪ ਨੂੰ ਤੋੜਿਆ।

ਨੈਨਸੀ ਦੀ ਨਿਗ੍ਹਾ ਉਸਦੇ ਮੇਜ਼ 'ਤੇ ਪਈ ਦੋਨਾਂ ਪੁੱਤਾਂ ਦੀ ਤਸਵੀਰ ਵੱਲ ਉੱਠ ਗਈ। ਚਮਕਦੀਆਂ ਹਰੀਆਂ ਅੱਖਾਂ ਵਿੱਚ ਚਿੰਤਾ ਛਾ ਗਈ। ਉਸਨੇ ਨਜ਼ਰ ਨੂੰ ਮੁੜ ਸ਼ੀਟਾਂ 'ਤੇ ਲਿਆਂਦਾ ਅਤੇ ਜ਼ਰਾ ਸਾਵੀਂ ਹੋ ਕੇ ਬੋਲੀ, "ਛੋਟਾ ਜਿੰਮੀ ਤਾਂ ਠੀਕ ਹੈ ਪਰ ਟਿੰਮ ਉਸੇ ਤਰ੍ਹਾਂ ਹੈ, ਸਮਟਾਇਮਜ਼ ਈਵਨ ਗੈਟਿੰਗ ਵਰਸਟ। ਬੜੇ ਅਜੀਬ ਤਰ੍ਹਾਂ ਦੇ ਸਵਾਲ ਪੁੱਛਦਾ ਹੈ।"

"ਕਿਸ ਤਰ੍ਹਾਂ ਦੇ।"

ਅਖੇ— ਡੈਡ ਐਫਗੈਨਿਸਤੈਨ ਕਿਉਂ ਗਿਆ? ਮੈਂ ਦੱਸਦੀ ਹਾਂ ਕਿ 'ਉੱਤੋਂ ਆਰਡਰ ਹੋਇਆ ਸੀ। ਆਖਦੈ ਡੈਡ ਨਾਂਹ ਕਰ ਦਿੰਦਾ। ਮੈਂ ਸਮਝਾਉਂਦੀ ਹਾਂ ਕਿ ਸੈਨਿਕ ਨਾਂਹ ਨਹੀਂ ਕਰ ਸਕਦਾ। ਅੱਗੋਂ ਸਵਾਲ ਕਰ ਦਿੰਦੈ ਕਿ ਜਿਸ ਜੌਬ 'ਚ ਬੰਦੇ ਦੀ ਅਪਣੀ ਕੋਈ ਇੰਡਿਵਿਯੁਐਲਿਟੀ ਹੀ ਹੈ ਨਹੀਂ, ਉਸ ਜੌਬ ਵਿੱਚ ਡੈਡ ਤੇ ਤੂੰ ਕਿਉਂ ਆਏ? ਫਿਰ ਜੰਗ ਦੇ ਕਾਰਨਾਂ ਬਾਰੇ ... ਅਤਿਵਾਦ ਬਾਰੇ ਪੁੱਛਣ ਲੱਗ ਜਾਂਦੈ। ਉਸਦਾ ਚਿਹਰਾ ਤਮਤਮਾ ਉੱਠਦਾ ਹੈ ਤੇ ਅੱਖਾਂ ਜਿਵੇਂ ਬਲ਼ ਰਹੀਆਂ ਹੋਣ। ਜਦੋਂ ਚੁੱਪ ਹੁੰਦੈ ਤਾਂ ਬਿਲਕੁਲ ਹੀ ਗੁੰਮਸੁੰਮ ਹੋ ਜਾਂਦਾ ਹੈ। ਉਸਦੀਆਂ ਅੱਖਾਂ ਵਿੱਚ ਸੁੰਨ ਛਾ ਜਾਂਦੀ ਹੈ ਤੇ ਚਿਹਰਾ, ਜਿਵੇਂ ਗੁਆਚਿਆ ਹੋਇਆ ਹੋਵੇ ... ।

"ਸਾਇਕੈਟਰਿਸਟ ਕੀ ਆਖਦੈ?" ਮੈਂ ਪੁੱਛਿਆ।

"ਮਨੋਰੋਗ ਦੀ ਸ਼ੁਰੂਆਤ ਹੈ ... ਖੈਰ ਉਹ ਇਲਾਜ ਕਰ ਰਿਹੈ। ਕਾਂਊਂਸਲਿੰਗ ਵੀ ਚੱਲ ਰਹੀ ਹੈ। ਕੀ ਕਰਾਂ? ਬੜੀ ਗੁੰਝਲਦਾਰ ਪਰੌਬਲਮ ਹੈ।"

"ਨੈਨਸੀ! ਤੂੰ ਏਨੀ ਚਿੰਤਾ ਨਾ ਕਰ। ਪ੍ਰਮਾਤਮਾ ਸਭ ਠੀਕ ਕਰ ਦਏਗਾ," ਹੌਸਲਾ ਦੇਂਦਿਆਂ ਮੈਂ ਉਸਦੀ ਟੁਰ ਰਹੀ ਜ਼ਿੰਦਗੀ ਦੀ ਗੱਲ ਛੇੜ ਲਈ, "ਵੀਕ ਐਂਡ 'ਤੇ ਮੈਂ ਤੈਨੂੰ ਕਰਿਸਮਸ-ਟਰੀ ਖਰੀਦਦਿਆਂ ਦੇਖਿਆ ਸੀ।"

"ਓਹ ਅੱਛਾ, ਮੈਂ ਤੈਨੂੰ ਨਹੀਂ ਦੇਖਿਆ।"

"ਫਿਕਸ ਕਰ ਦਿੱਤੈ?"

"ਯਾਅ, ਉਸੇ ਦਿਨ। ਜਦੋਂ ਮੈਂ ਘਰ ਪਹੁੰਚੀ ਤਾਂ ਟਰੀ ਦੇਖ ਕੇ ਦੋਨੋਂ ਬੱਚੇ ਖੁਸ਼ ਹੋ ਗਏ। ਮੈਂ ਪਹਿਲੀਆਂ ਕਰਿਸਮਸਾਂ ਵਾਂਗ ਹੀ, ਬੱਚਿਆਂ ਦੀ ਇਹ ਕਰਿਸਮਸ ਵੀ ਖੁਸ਼ੀਆਂ ਭਰੀ ਬਣਾਉਣਾ ਚਾਹੁੰਦੀ ਹਾਂ। ਸੋ ਮੈਂ ਰੁੱਖ ਨੂੰ ਸਟੈਂਡ 'ਤੇ ਟਿਕਾਇਆ ਅਤੇ ਟਾਹਣੀਆਂ ਨਾਲ਼ ਕਰਿਸਮਸ ਗਹਿਣੇ ਟੰਗ ਦਿੱਤੇ। ਫਿਰ ਪਤਾ ਨਹੀਂ ਮੇਰੇ ਮਨ 'ਚ ਕੀ ਆਇਆ ਕਿ ਮੈਂ ਪੁਰਾਣੀਆਂ ਵਿਸ਼ੇਸ਼ ਚੀਜ਼ਾਂ ਦੇ ਡੱਬੇ ਕੱਢ ਲਿਆਈ। ਉਨ੍ਹਾਂ ਡੱਬਿਆਂ ਵਿੱਚ ਉਹ ਗਿਫਟ ਵੀ ਸਨ, ਜਿਹੜੇ ਮੈਂ ਤੇ ਸਟੀਵ ਨੇ ਇੱਕ-ਦੂਜੇ ਨੂੰ ਖਾਸ-ਖਾਸ ਮੌਕਿਆਂ ਜਿਵੇਂ ਜਨਮ ਦਿਨਾਂ ਅਤੇ ਵਿਆਹ ਦੀਆਂ ਵਰ੍ਹੇਗੰਢਾਂ ਸਮੇਂ ਦਿੱਤੇ ਹੋਏ ਸਨ। ਕੁੱਝ ਚੀਜ਼ਾਂ ਅਸੀਂ ਦੋਨਾਂ ਨੇ ਹੌਲੀਡੇਅਜ਼ ਦੌਰਾਨ, ਦੂਰੋਂ-ਪਾਰੋਂ ਖਰੀਦੀਆਂ ਹੋਈਆਂ ਸਨ। ਜਦੋਂ ਮੈਂ ਉਨ੍ਹਾਂ ਵਿਸ਼ੇਸ਼ ਚੀਜ਼ਾਂ ਨਾਲ਼ ਕਰਿਸਮਸ-ਟਰੀ ਨੂੰ ਸ਼ਿੰਗਾਰ ਰਹੀ ਸਾਂ ਤਾਂ ਮੇਰੇ ਅੰਦਰ ਯਾਦਾਂ ਦੀਆਂ ਛੱਲਾਂ ਉੱਭਰ ਪਈਆਂ। ਸੋਚਾਂ ਵਿੱਚ ਮੈਂ ਸਟੀਵ ਨੂੰ ਅਪਣੇ ਅੰਗ-ਸੰਗ ਮਹਿਸੂਸ ਕੀਤਾ— ਮੈਨੂੰ ਚੁੰਮਦਾ, ਗਲਵਕੜੀ ਪਾਉਂਦਾ ... ਹੱਸ ਖੇਡ ਰਹੇ ਪੁੱਤਾਂ ਨਾਲ਼ ਨਿਆਣਾ ਬਣ ਕੇ ਖੇਡਦਾ। ਉਨ੍ਹਾਂ ਲਈ ਨਵੀਆਂ ਚੀਜ਼ਾਂ ਖਰੀਦਣ ਲਈ ਸਲਾਹਾਂ ਕਰਦਾ... । ਪਰ ਕੁੱਝ ਪਲਾਂ ਬਾਅਦ ਉਹੀ ਛੱਲਾਂ ਮੈਨੂੰ ਗੋਤੇ ਦੇਣ ਲੱਗ ਪਈਆਂ। ਦਿਲ 'ਚ ਵਿਲਕਣੀ ਜਿਹੀ ਉੱਠ ਪਈ ਕਿ ਮੇਰੇ ਪੱਲੇ ਹੁਣ ਸਟੀਵ ਦੀਆਂ ਯਾਦਾਂ ਹੀ ਰਹਿ ਗਈਆਂ ਸਨ। ਮੈਂ ਕਦੀ ਵੀ ਉਸ ਨੂੰ ਹਾਕ ਨਹੀਂ ਮਾਰ ਸਕਣੀ। ਅੱਖਾਂ 'ਚ ਉਮਡਦੇ ਪਿਆਰ ਨੇ ਉਸਨੂੰ ਕਦੀ ਵੀ ਦੇਖ ਨਹੀਂ ਸਕਣਾ ... ਮੇਰਾ ਦਿਲ ਭਰ ਆਇਆ। ਪਰ ਮੈਂ ਅਪਣੇ-ਆਪ 'ਤੇ ਕਾਬੂ ਪਾ ਲਿਆ। ਨਿਆਣਿਆਂ ਸਾਹਮਣੇ ਮੁਸਕਰਾਉਂਦੀ □ਹੀ, ਹੱਸਦੀ ਰਹੀ। ਜਦੋਂ ਉਹ ਖਾ-ਪੀ ਕੇ ਸੌਂ ਗਏ ਤਾਂ ਮੈਂ ਮੁੜ ਕਰਿਸਮਸ-ਟਰੀ ਕੋਲ਼ ਆ ਬੈਠੀ। ਸਟੀਵ ਤੋਂ ਬਿਨਾਂ ਮੈਨੂੰ ਅਪਣਾ ਆਪਾ ਕਰਿਸਮਸ-ਟਰੀ ਵਰਗਾ ਲੱਗ ਰਿਹਾ ਸੀ, ਜੜ੍ਹਾਂ ਵਿਹੂਣਾ, ਸਟੈਂਡ 'ਤੇ ਟਿਕਿਆ ਡਾਂਵਾਂਡੋਲ ਰੁੱਖ। ਮਨ ਹੀ ਮਨ ਵਿਰਲਾਪ ਕਰਦਿਆਂ ਮੈਂ ਫੁੱਟ-ਫੁੱਟ ਰੋਣ ਲੱਗੀ। ਰੋਂਦੀ ਰਹੀ।" ਗੱਲ ਕਰਦੀ ਨੈਨਸੀ ਦੀਆਂ ਅੱਖਾਂ ਛਲਕ ਪਈਆਂ। ਮੈਂ ਮੇਜ਼ 'ਤੇ ਪਿਆ ਟਿਸ਼ੂ-ਬਕਸ ਉਸ ਵੱਲ ਵਧਾਇਆ। ਅੱਥਰੂ ਪੂੰਝਦਿਆਂ ਉਸ ਨੇ "ਥੈਂਕ ਯੂ ਡੇਵ" ਕਿਹਾ ਤੇ ਲੰਮਾ ਸਾਹ ਭਰਦੀ ਹੋਈ ਬੋਲੀ, "ਸਟੀਵ ਨਾਲ਼ ਜ਼ਿੰਦਗੀ 'ਚ ਰੌਣਕਾਂ ਸਨ, ਫੰਨ ਸਨ। ਘਰ ਦੇ ਕੰਮਾਂ ਵਿੱਚ ਉਹ ਮੇਰੇ ਬਰਾਬਰ ਹੁੰਦਾ ਸੀ। ਖ਼ੈਰ ਕੰਮਾਂ ਨਾਲ਼ ਸਿੱਝਣ ਦੀ ਆਦਤ ਤਾਂ ਪੈ ਗਈ ਹੈ ਪਰ ਵਿਹਲ ਦੇ ਪਲ ਬੜੇ ਔਖੇ ਗੁਜ਼ਰਦੇ ਹਨ। ਉਨ੍ਹਾਂ ਪਲਾਂ ਵਿੱਚ ਮੈਂ ਸਟੀਵ ਨੂੰ ਬਹੁਤ ਮਿਸ ਕਰਦੀ ਹਾਂ ... ਸਟੀਵ ਤੇ ਮੈਂ ਕੋਲ਼-ਕੋਲ਼ ਬੈਠੇ ਹੁੰਦੇ ਸਾਂ। ਮਨਾਂ ਅੰਦਰ ਠਹਿਰਾਅ ਹੁੰਦਾ ਸੀ। ਬੜੇ ਰੂਹ-ਸੁਖਾਵੇਂ ਹੁੰਦੇ ਸਨ ਉਹ ਪਲ, ਸਾਥੀ ਜੁ ਕੋਲ਼ ਹੁੰਦਾ ਸੀ।"

"ਫ਼ੌਜੀ ਪਰਿਵਾਰਾਂ ਲਈ ਅਜਿਹੇ ਪਲਾਂ ਦਾ ਰੂਹ-ਸੁਖਾਵੇਂ ਬਣ ਜਾਣ ਦਾ ਕਾਰਨ ਇਹ ਹੈ ਕਿ ਉਨ੍ਹਾਂ ਨੇ ਲੰਮੇ ਵਿਛੋੜੇ ਝਾਗੇ ਹੁੰਦੇ ਹਨ। ਉਨ੍ਹਾਂ ਦੇ ਤਾਂ ਤਿਉਹਾਰ ਵੀ ਦੂਰੀਆਂ 'ਚ ਹੀ ਲੰਘ ਜਾਂਦੇ ਹਨ।" ਮੈਂ ਆਖਿਆ ਸੀ।

"ਹਾਂ, ਸਾਡੇ ਵੀ ਕਈ ਤਿਉਹਾਰ ਏਦਾਂ ਹੀ ਲੰਘੇ। ਪਹਿਲੀ ਵਾਰ ਜਦੋਂ ਮੈਂ ਕਰਿਸਮਸ ਇਕੱਲਿਆਂ ਮਨਾਈ ਉਦੋਂ ਸਟੀਵ ਬੋਸਨੀਆਂ 'ਚ ਤਾਇਨਾਤ ਸੀ। ਟਿੰਮ ਉਦੋਂ ਦੋ ਕੁ ਸਾਲ ਦਾ ਸੀ। ਜਿੰਮੀ ਦਾ ਜਨਮ ਬਾਅਦ ਦਾ ਹੈ। ਟਿੰਮ ਤੋਂ ਸੱਤ ਸਾਲ ਛੋਟਾ ਹੈ ਉਹ। ਓਸ ਕਰਿਸਮਸ 'ਤੇ ਮੈਂ ਟਿੰਮ ਲਈ ਕਿੰਨੇ ਹੀ ਖਿਡਾਉਣੇ ਤੇ ਲੀੜੇ-ਕੱਪੜੇ ਖਰੀਦੇ। ਦੋਸਤਾਂ ਰਿਸ਼ਤੇਦਾਰਾਂ ਵਿੱਚ ਉਮਾਹ ਨਾਲ਼ ਕਾਰਡ ਤੇ ਗਿਫਟ ਵੰਡੇ। ਸਟੀਵ ਦੀ ਮੌਮ ਸਾਡੇ ਕੋਲ਼ ਆ ਗਈ ਸੀ। ਕਰਿਸਮਸ ਦੀ ਸ਼ਾਮ ਬੋਸਨੀਆਂ ਤੋਂ ਸਟੀਵ ਦਾ ਫੋਨ ਆ ਗਿਆ। ਉਸਨੇ ਬੜੇ ਮੋਹ ਨਾਲ਼ ਸਾਡੇ ਨਾਲ਼ ਗੱਲਾਂ ਕੀਤੀਆਂ। ਬਹੁਤ ਚੰਗਾ ਲੱਗਾ। ਉਡੀਕਾਂ ਵਿੱਚ ਇੱਕ ਵੱਖਰਾ ਹੀ ਸਰੂਰ ਹੁੰਦਾ ਹੈ। ਪਰ ਹੁਣ ਤਾਂ ਉਡੀਕਾਂ 'ਚ ਵੱਸਣ ਵਾਲ਼ਾ ਹੀ ਨਾ ਰਿਹਾ। ਹਜ਼ਾਰਾਂ ਮੀਲ ਦੂਰ, ਐਫਗੈਨਿਸਤੈਨ ਦੀ ਚੰਦਰੀ ਜੰਗ ਨਿਗਲ਼ ਗਈ ਉਸਨੂੰ ... ਨਾ ਉਹ ਜੰਗ ਦੀ ਭੇਟ ਚੜ੍ਹਦਾ, ਨਾ ਮੇਰਾ ਟਿੰਮ ਇਸ ਤਰ੍ਹਾਂ ਮੈਂਟਲੀ ਡਿਸਟਰਬ ... ।"

ਨੈਨਸੀ ਦਾ ਫੋਨ ਵੱਜ ਪਿਆ। ਉਸਨੇ ਰਿਸੀਵਰ ਉਠਾ ਕੇ ਗੱਲ ਕੀਤੀ। ਟਿਸ਼ੂ-ਪੇਪਰ ਨਾਲ਼ ਨਮ ਅੱਖਾਂ ਪੂੰਝੀਆਂ ਤੇ ਕੁਰਸੀ ਤੋਂ ਉੱਠਦਿਆਂ ਬੋਲੀ, "ਐਡਮਿਨ ਅਫ਼ਸਰ ਨੇ ਬੁਲਾਇਐ। ਤੂੰ ਬੈਠ, ਮੈਂ ਕੁੱਝ ਮਿੰਟਾਂ 'ਚ ਆਈ।"

"ਓ.ਕੇ।" ਉਦਾਸੀ 'ਚ ਡੁੱਬੀ ਮੇਰੀ ਆਵਾਜ਼ ਜਿਵੇਂ ਸੰਘ ਵਿੱਚ ਹੀ ਡਿੱਗ ਪਈ ਸੀ। ਧਿਆਨ ਕਮਰੇ ਤੋਂ ਬਾਹਰ ਲਿਜਾਣ ਲਈ ਮੈਂ ਖਿੜਕੀ ਵੱਲ ਤੱਕਿਆ। ਬਰਫ਼ ਨਾਲ਼ ਧੁੰਦਲ਼ਾਏ ਸ਼ੀਸ਼ਿਆਂ ਵਿੱਚੀਂ ਕੁੱਝ ਵੀ ਨਜ਼ਰ ਨਾ ਆਇਆ। ਮੇਰੀ ਉਦਾਸ ਸੋਚ ਅਤੀਤ 'ਚ ਉੱਤਰ ਗਈ ... ਅਪਣੀ ਚੰਗੀ ਜ਼ਿੰਦਗੀ ਗੁਜ਼ਾਰ ਰਹੇ ਸਨ ਨੈਨਸੀ ਤੇ ਇਸਦਾ ਪਤੀ ਸਟੀਵ। ਮੇਰੀ ਇਨ੍ਹਾਂ ਨਾਲ਼ ਵਾਹਵਾ ਸਾਂਝ ਏ। ਮੇਰੇ ਦੋਸਤ ਡਮਿਟਰੀ ਰਾਹੀਂ ਸ਼ੁਰੂ ਹੋਈ ਇਹ ਸਾਂਝ, ਨੈਨਸੀ ਦੇ ਐਡਮਿਨ ਅਫ਼ਸਰ ਬਣਨ ਤੋਂ ਬਾਅਦ ਹੋਰ ਗੂੜ੍ਹੀ ਹੋ ਗਈ ਸੀ। ਡਮਿਟਰੀ ਥਿਓਡੋਰ ਤੇ ਸਟੀਵ ਬਰਟਨ ਗੂੜ੍ਹੇ ਦੋਸਤ ਸਨ। ਦੋਵੇਂ ਬੇਸ ਤੋਂ ਬਾਹਰ ਡਿਕਸਨ ਆਰਮੁਰੀ ਵਿੱਚ ਸਥਿਤ 'ਰਾਇਲ ਕੈਨੇਡੀਅਨ ਰਜਮੈਂਟ' ਦੀ ਨੰਬਰ 3 ਬਟਾਲੀਅਨ ਵਿੱਚ ਸਟਾਫ-ਸਰਜੈਂਟ ਸਨ।

ਡਮਿਟਰੀ ਥਿਓਡੋਰ ਗਰੀਕੀ ਮੂਲ ਦਾ ਕਨੇਡੀਅਨ ਹੈ। ਉਹ ਚੜ੍ਹਦੀ ਜਵਾਨੀ ਵਿੱਚ ਅਪਣੇ ਮਾਪਿਆਂ ਨਾਲ਼ ਕਨੇਡਾ ਆਇਆ ਸੀ। ਉਸਦਾ ਡੈਡ ਗਰੀਸ ਦਾ ਸਾਬਕਾ ਫ਼ੌਜੀ ਸੀ। ਫ਼ੌਜੀ ਜੀਵਨ ਬਾਰੇ ਪਿਉ ਦੀਆਂ ਦਿਲਚਸਪ ਗੱਲਾਂ ਅਤੇ ਉਸਦੇ ਯੁੱਧ-ਮੈਡਲਾਂ ਤੋਂ ਪਰੇਰਿਤ ਹੋ ਕੇ ਡਮਿਟਰੀ ਕਨੇਡੀਅਨ ਫ਼ੌਜ ਵਿੱਚ ਭਰਤੀ ਹੋ ਗਿਆ ਸੀ। ਮੈਨੂੰ ਸੁਕਰਾਤ, ਪਲੈਟੋ, ਅਰਿਸਟੋਟਲ ਵਰਗੇ ਵਿਦਵਾਨਾਂ ਤੇ ਸਿਕੰਦਰ ਵਰਗੇ ਜੋਧਿਆਂ ਦੇ ਦੇਸ਼ ਗਰੀਸ ਬਾਰੇ ਜਾਨਣ ਦੀ ਚਾਹਤ ਸੀ। ਇਵੇਂ ਹੀ ਡਮਿਟਰੀ ਵੀ ਅਨੇਕਾਂ ਜਾਤਾਂ-ਜ਼ੁਬਾਨਾਂ ਤੇ ਅਕੀਦਿਆ ਵਾਲ਼ੇ, ਪੋਰਸ ਦੇ ਦੇਸ਼ ਤੇ ਅਜੋਕੀ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਭਾਰਤ ਬਾਰੇ ਜਾਨਣਾ ਚਾਹੁੰਦਾ ਸੀ। ਦੋਨਾਂ ਦੇਸ਼ਾਂ ਦੇ ਚੰਗੇ-ਮੰਦੇ ਪੱਖਾਂ-ਪਹਿਲੂਆਂ ਤੋਂ ਸ਼ੁਰੂ ਹੋਈਆਂ ਸਾਡੀਆਂ ਗੱਲਾਂ ਦਾ ਸਿਲਸਿਲਾ ਹੁਣ ਗਲੋਬਲੀ ਮਸਲਿਆਂ ਤੱਕ ਪਹੁੰਚ ਚੁੱਕਾ ਸੀ ਤੇ ਇਸੇ ਅਮਲ ਵਿੱਚੀਂ ਅਸੀ ਇੱਕ-ਦੂਜੇ ਨੂੰ ਚੰਗੀ ਤਰ੍ਹਾਂ ਜਾਣ ਗਏ ਸਾਂ।

ਸਟੀਵ ਬਰਟਨ ਦੇ ਰੁਜ਼ਗਾਰ ਦੀ ਸ਼ੁਰੂਆਤ ਇੱਕ ਫਰਨੀਚਰ ਫੈਕਟਰੀ ਤੋਂ ਹੋਈ ਸੀ। ਉੱਥੇ ਉਹ ਸੁਪਰਵਾਈਜ਼ਰ ਹੁੰਦਾ ਸੀ। ਸਾਰਾ ਦਿਨ ਚੱਲ ਸੋ ਚੱਲ। ਕੁਰਸੀਆਂ ਤੇ ਸੋਫ਼ੇ ਬਣਾਉਣ ਲਈ ਕਾਮਿਆਂ ਨੂੰ ਮੈਟੀਰਿਅਲ ਅਤੇ ਸੰਦ-ਬੇਟ ਮੁਹੱਈਆ ਕਰਨੇ, ਪ੍ਰੋਡਕਸ਼ਨ ਟੀਚਿਆਂ ਦੀ ਪੂਰਤੀ ਹਿੱਤ, ਹਰ ਵੇਲੇ ਪੱਬਾਂ ਭਾਰ ਹੋਏ ਰਹਿਣਾ, ਮੈਨੇਜਮੈਂਟ ਦੇ ਹੁਕਮਾਂ ਤੇ ਕਾਮਿਆਂ ਦੀਆਂ ਤਕਲੀਫਾਂ ਦਾ ਦਿਮਾਗੀ ਬੋਝ— ਕੁੱਝ ਹੀ ਸਾਲਾਂ ਵਿੱਚ ਅੱਕ-ਥੱਕ ਗਿਆ ਸੀ ਉਹ। ਅਪਣੇ ਨਾਲ਼ ਕੰਮ ਕਰਦੇ ਇੱਕ ਰਿਜ਼ਰਵਿਸਟ ਫ਼ੌਜੀ ਦੀਆਂ ਗੱਲਾਂ ਦਾ ਅਸਰ ਹੋਇਆ ਤੇ ਉਹ ਫ਼ੌਜ 'ਚ ਆ ਗਿਆ ਸੀ। ਫ਼ੌਜ 'ਚ ਨਾ ਕੋਈ ਪ੍ਰੋਡਕਸ਼ਨ ਦਾ ਚੱਕਰ ਸੀ ਤੇ ਨਾ ਕੋਈ ਮਗਜ਼ਖਪਾਈ। ਜੋ ਆਰਡਰ ਮਿਲ਼ਿਆ, ਉਹ ਕਰ ਦਿਉ ਤੇ ਬੱਸ।

ਉਦੋਂ ਨੈਨਸੀ ਕਿਸੇ ਕੰਪਨੀ ਦੀ ਅਮਲਾ-ਸ਼ਾਖਾ ਵਿੱਚ ਜੌਬ ਕਰਦੀ ਸੀ। ਸ਼ੁਰੂ-ਸ਼ੁਰੂ ਵਿੱਚ ਜਦੋਂ ਸਟੀਵ ਕਈ-ਕਈ ਦਿਨਾਂ ਲਈ ਫ਼ੌਜੀ ਮਸ਼ਕਾਂ ਕਰਨ ਗਿਆ ਹੁੰਦਾ ਤਾਂ ਨੈਨਸੀ ਬੋਰ ਹੋ ਜਾਂਦੀ। ਪਰ ਸਮਾਂ ਪਾ ਕੇ ਉਹ ਇਸਦੀ ਆਦੀ ਹੋ ਗਈ ਸੀ। ਬਾਹਰੋਂ ਪਰਤ ਕੇ ਸਟੀਵ ਉਸਨੂੰ ਉੱਡ ਕੇ ਮਿਲ਼ਦਾ। ਉਸਦੇ ਜੋਸ਼ ਭਰੇ ਚੁੰਮਣ ਉਨ੍ਹਾਂ ਦੇ ਪਿਆਰ ਵਿੱਚ ਨਵਾਂ ਸਰੂਰ ਭਰ ਦੇਂਦੇ। ਘਰ ਦੇ ਕੰਮਾਂ-ਕਾਜਾਂ, ਖ਼ਾਸ ਕਰਕੇ ਬੱਚਿਆਂ ਦੀ ਦੇਖਭਾਲ ਦੀਆਂ ਅਪਣੇ ਹਿੱਸੇ ਦੀਆ ਜ਼ਿੰਮੇਵਾਰੀਆ ਉਹ ਮੁੜ ਚੁੱਕ ਲੈਂਦਾ।

ਸਟੀਵ ਚਾਹੁੰਦਾ ਸੀ ਕਿ ਉਹ ਤੇ ਨੈਨਸੀ ਇੱਕੋ ਮਹਿਕਮੇ ਵਿੱਚ ਹੋਣ ਪਰ ਨੈਨਸੀ ਦਾ ਮਨ ਨਾ ਮੰਨਿਆਂ। ਫ਼ੌਜ 'ਚ ਉਸਦੀ ਤਨਖਾਹ ਘੱਟ ਜਾਣੀ ਸੀ। ਪਰ ਜਦੋਂ ਭਰਤੀ ਨਿਯਮਾਂ 'ਚ ਕੁੱਝ ਤਬਦੀਲੀਆਂ ਹੋਈਆਂ ਤਾਂ ਨੈਨਸੀ ਦਾ ਮਨ ਬਣ ਗਿਆ। ਐਡਮਨਿਸਟ੍ਰੇਸ਼ਨ ਦੇ ਡਿਪਲੋਮੇ ਅਤੇ ਪ੍ਰਬੰਧਕੀ ਕੰਮਾਂ ਦੇ ਕਈ ਸਾਲਾਂ ਦੇ ਤਜ਼ਰਬੇ ਦੇ ਆਧਾਰ 'ਤੇ ਉਹ ਸਿੱਧੀ ਸਰਜੈਂਟ ਭਰਤੀ ਹੋ ਗਈ। ਤਨਖ਼ਾਹ ਵੀ ਬਾਹਰ ਜਿੰਨੀ ਬਣ ਜਾਂਦੀ ਸੀ ਤੇ ਕੰਮ ਵੀ ਉਹੀ ਦਫ਼ਤਰੀ। ਫ਼ੌਜੀ ਮਸ਼ਕਾਂ ਜਾਂ ਜੰਗ 'ਚ ਭੇਜੇ ਜਾਣ ਦੇ ਚਾਨਸਜ਼ ਘੱਟ ਸਨ।

ਸਟੀਵ ਤੇ ਡਮਿੱਟਰੀ ਨਾਲ਼ ਮੇਰਾ ਕਦੀ-ਕਦੀ ਬੀਅਰ-ਵਿਸਕੀ ਪੀਣ ਦਾ ਪ੍ਰੋਗਰਾਮ ਬਣ ਜਾਂਦਾ। ਜਦੋਂ ਕਦੀ ਉਹ ਮਸਤੀ ਦੇ ਮੂਡ ਵਿੱਚ ਹੁੰਦੇ ਤਾਂ ਬੇਸ ਦੀਆਂ ਫ਼ੌਜਣਾਂ ਵਿੱਚੋਂ ਸੈਕਸੀ ਫ਼ੌਜਣਾਂ ਦੇ ਜਿਸਮਾਂ ਦੀਆਂ ਗੱਲਾਂ ਕਰਨ ਲੱਗ ਪੈਂਦੇ। ਉਨ੍ਹਾਂ ਦੀ ਯੂਨਿਟ ਦੀ ਇੱਕ ਰਿਜ਼ਰਵਿਸਟ ਮੇਰੀ ਡਿਟੈਚਮੈਂਟ 'ਚ ਸਕਿਉਰਟੀ ਦੀ ਪਾਰਟ-ਟਾਈਮ ਜੌਬ ਕਰਦੀ ਸੀ। ਉਹ ਸ਼ੁਗਲ ਜਿਹੇ ਵਿੱਚ ਮੇਰਾ ਉਸ ਹੁਸੀਨਾ ਨਾਲ਼ ਸਬੰਧ ਜੋੜ ਕੇ, ਮੈਨੂੰ ਉਸਦੀ ਫਿੱਗਰ ਬਾਰੇ ਪੁੱਛਦੇ। ਤਲਾਕਸ਼ੁਦਾ ਡਮਿੱਟਰੀ ਹੈਲੀਫੈਕਸ ਬੇਸ ਦੀ ਉਸ ਜੋਬਨਵੰਤੀ ਨੂੰ ਯਾਦ ਕਰਨ ਲੱਗ ਜਾਂਦਾ, ਜਿਸ ਨਾਲ਼ ਉਸਦਾ, ਪਹਿਲੀ ਟਰਮ ਦੌਰਾਨ ਅਫਗਾਨਿਸਤਾਨ ਵਿੱਚ ਯਰਾਨਾ ਪਿਆ ਸੀ।

ਡਮਿਟਰੀ ਤੇ ਸਟੀਵ ਨਾਲ਼ ਸ਼ੁਗਲਮੇਲਾ ਕਰਦਿਆਂ, ਮੈਨੂੰ ਭਾਰਤੀ ਫ਼ੌਜੀਆਂ ਦੀ ਕਰੜੇ ਨਿਯਮਾਂ ਵਾਲ਼ੀ ਨੌਕਰੀ ਯਾਦ ਆ ਜਾਂਦੀ। ਇੱਥੇ ਬੇਸ ਵਿੱਚ ਮੈਂ ਵੇਖਦਾ ਸਾਂ— ਘੜੀ ਮੁੜੀ ਸੈਲਿਊਟ ਕਰਨ ਅਤੇ 'ਸਰ, ਸਰ' ਕਰਨ ਦਾ ਕੋਈ ਚੱਕਰ ਨਹੀਂ ਸੀ। ਜੂਨੀਅਰ ਅਪਣੇ ਸੀਨੀਅਰ ਨੂੰ ਉਸਦੇ ਪਹਿਲੇ ਨਾਂ ਨਾਲ਼ ਸੰਬੋਧਨ ਕਰਦਾ ਸੀ। ਮੈਨੂੰ ਬੇਸ ਦੀਆਂ ਸਾਰੀਆਂ ਮੈਸਾਂ ਵਿੱਚ ਕੁੱਝ ਕੁ ਵਾਰ ਖਾਣਾ ਖਾਣ ਦੇ ਮੌਕੇ ਮਿਲ਼ੇ ਸਨ। 'ਆਫਿਸਰਜ਼ ਮੈੱਸ' ਵਿੱਚ ਚੋਜ਼ ਹੀ ਵਾਧੂ ਸਨ, ਖਾਣਾ ਹੇਠਲੇ ਰੈਂਕਾਂ ਵਰਗਾ ਹੀ ਸੀ।

ਪਰ ਕਨੇਡੀਅਨ ਸੈਨਿਕਾਂ ਦੀ ਭਾਰਤੀ ਸੈਨਿਕਾਂ ਦੇ ਮੁਕਾਬਲੇ ਟਰੇਨਿੰਗ ਬੜੀ ਥੋੜ੍ਹੀ ਸੀ। ਇਸ ਬਾਬਤ ਇੱਕ ਵਾਰ ਸਟੀਵ ਨਾਲ਼ ਗੱਲ ਚੱਲੀ ਤਾਂ ਉਸ ਆਖਿਆ ਸੀ, "ਡੇਵ! ਅਸੀਂ ਕਿਹੜਾ ਕਿਸੇ ਮੁਲਕ ਨਾਲ਼ ਸਿੱਧੀਆਂ ਲੜਾਈਆਂ ਲੜਨੀਆਂ ਹਨ। ਕਿਸੇ ਦੋ ਮੁਲਕਾਂ ਦੇ ਸਰਹੱਦੀ ਰੱਟਿਆਂ ਨੂੰ ਸੁਲਝਾਉਣ ਜਾਂ ਅੰਦਰੂਨੀ ਗੜਬੜੀ ਵਾਲ਼ੇ ਮੁਲਕਾਂ 'ਚ ਸ਼ਾਂਤੀ ਸਥਾਪਤ ਕਰਨ ਲਈ ਯੂ.ਐਨ.ਓ ਅਤੇ ਨੈਟੋ ਦੇ ਜੋ ਮਿਸ਼ਨ ਹੁੰਦੇ ਹਨ, ਅਸੀਂ ਉਨ੍ਹਾਂ 'ਚ ਅਪਣਾ ਪੀਸ-ਕੀਪਰਜ਼ ਦਾ ਰੋਲ ਨਿਭਾਉਂਦੇ ਹਾਂ ਤੇ ਨਾਲ਼ ਦੀ ਨਾਲ਼, ਤਬਾਹ ਹੋਏ ਇਲਾਕਿਆਂ ਨੂੰ ਰੀਬਿਲਡ ਕਰਦੇ ਹਾਂ।

ਤਹਿਜ਼ੀਬ ਪੱਖੋਂ ਪਛੜੇ ਹੋਏ ਲੋਕਾਂ ਨੂੰ ਆਧੁਨਿਕ ਜੀਵਨ-ਜਾਚ ਸਿਖਾਉਂਦੇ ਹਾਂ।"

"ਸਟੀਵ! ਗੜਬੜੀ ਨਾਲ਼ ਸਿਝਣਾ ਹੈ ਤਾਂ ਅਹਿਮ ਕਾਰਜ ਪਰ ਪਹਿਲਾਂ ਇਹ ਪਤਾ ਕਰਨਾ ਚਾਹੀਦੈ ਕਿ ਗੜਬੜੀ ਫੈਲਾਉਂਦਾ ਕੌਣ ਹੈ? ਤੇ ਜਿਹੜੀ ਗੱਲ ਤੂੰ ਜੀਵਨ-ਜਾਚ ਸਿਖਾਉਣ ਦੀ ਕਹਿ ਰਿਹਾਂ, ਮੇਰੇ ਖ਼ਿਆਲ 'ਚ ਹਰ ਦੇਸ਼-ਕੌਮ ਦੇ ਆਪੋ-ਅਪਣੇ ਜੀਵਨ-ਮੁੱਲ ਹੁੰਦੇ ਹਨ। ਸਮੇਂ ਅਨੁਸਾਰ ਉਨ੍ਹਾਂ 'ਚ ਤਬਦੀਲੀਆਂ ਹੋਣੀਆਂ ਜ਼ਰੂਰੀ ਨੇ ਪਰ ਤਬਦੀਲੀਆਂ ਡਾਇਲਾਗ ਰਾਹੀਂ ਸਮਝਾਈਆਂ ਜਾਣੀਆਂ ਚਾਹੀਦੀਆਂ ਨੇ, ਨਾ ਕਿ ਹਥਿਆਰਾਂ ਰਾਹੀਂ।"

ਸਟੀਵ ਮੇਰੇ ਵੱਲ ਕੁਨੱਖਾ ਜਿਹਾ ਝਾਕਿਆ ਸੀ। ਮੈਂ ਸਮਝ ਗਿਆ ਸਾਂ। ਸੈਨਿਕਾਂ ਅਤੇ ਸੈਨਿਕਾਂ ਨਾਲ਼ ਕੰਮ ਕਰਦੇ ਸਕਿਉਰਟੀ ਕਰਮਚਾਰੀਆਂ ਨੂੰ ਇਹੋ ਜਿਹੇ ਕਿੰਤੂਆਂ ਵਾਲੀਆਂ ਗੱਲਾਂ ਨਹੀਂ ਸਨ ਕਰਨੀਆਂ ਚਾਹੀਦੀਆਂ। ਮੈਂ ਗੱਲ ਉੱਥੇ ਹੀ ਛੱਡ ਦਿੱਤੀ ਸੀ।

ਪਰ ਹੁਣ ਸੋਲ੍ਹਾਂ-ਸਤਾਰਾਂ ਵਰ੍ਹਿਆਂ ਦਾ ਟਿੰਮ ਗੱਲ ਨੂੰ ਛੱਡ ਨਹੀਂ ਸੀ ਰਿਹਾ। ਉਹ ਆਪਣੇ ਡੈਡ ਦੀ ਮੌਤ ਦਾ ਕਾਰਨ ਬਣੀ ਜੰਗ ਦੀ ਉਚਿੱਤਤਾ ਅਤੇ ਬਾਹਰਲੇ ਫ਼ੌਜੀਆਂ ਵੱਲੋਂ ਅਫ਼ਗ਼ਾਨੀਆਂ ਨੂੰ ਜੀਵਨ-ਜਾਚ ਸਿਖਾਉਣ ਦੇ ਤਰੀਕਿਆਂ ਬਾਰੇ ਸਵਾਲ ਪੁੱਛ ਰਿਹਾ ਸੀ। ਵਿਧਵਾ ਮਾਂ ਵੱਲੋਂ ਮਿਲ਼ ਰਹੇ ਜਵਾਬਾਂ ਨਾਲ਼ ਉਸਦੀ ਤਸੱਲੀ ਨਹੀਂ ਸੀ ਹੋ ਰਹੀ ... ਨੈਨਸੀ ਨੂੰ ਐਡਮਿਨ ਅਫ਼ਸਰ ਮੇਜਰ ਗੌਰਡਨ ਦੇ ਦਫ਼ਤਰ 'ਚੋਂ ਬਾਹਰ ਆਉਂਦਿਆਂ ਦੇਖ, ਮੇਰੀ ਸੋਚ ਟੁੱਟ ਗਈ। ਨੈਨਸੀ ਨੇ ਰਹਿੰਦੀਆਂ ਪੇਅ-ਰੋਲ ਸਾਈਨ ਕੀਤੀਆਂ। ਮੈਂ ਚੁੱਕੀਆਂ ਤੇ "ਬਾਇ ਨਾਓ" ਆਖ ਬਾਹਰ ਆ ਗਿਆ।

ਅਪਣੇ ਦਫ਼ਤਰ 'ਚ ਆ ਕੇ ਮੈਂ ਅਗਲੇ ਚਾਰ ਹਫ਼ਤਿਆਂ ਦੀਆਂ ਸ਼ਕੈਜੁਅਲ ਬਣਾਉਣ ਲੱਗ ਪਿਆ ਪਰ ਮਨ ਕੰਮ 'ਚ ਖੁੱਭ ਨਹੀਂ ਸੀ ਰਿਹਾ। ਨੈਨਸੀ ਦੇ ਬੋਲ "ਹੁਣ ਤਾਂ ਉਡੀਕਾਂ 'ਚ ਵੱਸਣ ਵਾਲ਼ਾ ਹੀ ਨਾ ਰਿਹਾ ... ਚੰਦਰੀ ਜੰਗ ਨਿਗਲ਼ ਗਈ ਉਸਨੂੰ" ਮੇਰੇ ਕੰਨਾਂ ਵਿੱਚ ਗੂੰਜੀ ਜਾ ਰਹੇ ਸਨ ... ਤੇ ਪਤਾ ਨਹੀਂ ਕਿਵੇਂ, ਇਨ੍ਹਾਂ ਸ਼ਬਦਾਂ ਵਰਗੇ ਹੀ ਮਨਜੀਤ ਕੌਰ ਦੇ ਦਰਦ ਭਰੇ ਬੋਲ ਵੀ ਮੇਰੀ ਸੋਚ ਵਿੱਚ ਗੂੰਜਣ ਲੱਗ ਪਏ "ਨਵਤੇਜ! ਮੈਂ ਤੈਨੂੰ ਉਡੀਕ ਰਹੀ ਹਾਂ ... ਤੇਰੇ ਰਾਹਾਂ 'ਚ ਖੜ੍ਹੀ ਹਾਂ।" ਨੈਨਸੀ ਅਤੇ ਮਨਜੀਤ ਨਾਲ਼ ਵਾਪਰੇ ਦੁਖਾਂਤਾਂ ਨੇ ਇੱਕ-ਦੂਜੇ 'ਚ ਰਲ਼ਗੱਡ ਹੋ ਕੇ ਮੇਰੇ ਅੰਦਰ ਸੰਘਣਾ ਦਰਦ ਛੇੜ ਦਿੱਤਾ ... ਮੇਰੀਆਂ ਛਲਕਦੀਆਂ ਅੱਖਾਂ ਸਾਹਵੇਂ ਮਨਜੀਤ ਦੇ ਪਤੀ, ਮੇਰੇ ਮਿੱਤਰ ਨਵਤੇਜ ਦੀ ਲਹੂ 'ਚ ਡੁੱਬੀ ਲਾਸ਼ ਘੁੰਮ ਗਈ ... ਰਾਜਸਥਾਨ ਵਿੱਚ ਹਿੰਦ-ਪਾਕਿ ਬਾਰਡਰ ਦੇ ਨਜ਼ਦੀਕ ਪੈਂਦੇ ਭੀਮਗੜ੍ਹ ਏਅਰ ਫੋਰਸ ਸਟੇਸ਼ਨ 'ਚ ਇਹ ਭਾਣਾ ਵਰਤਿਆ ਸੀ, ਬੰਗਲਾਦੇਸ਼ ਦੀ ਜੰਗ ਸਮੇਂ। ਸਾਡਾ ਸੁਕਆਡਰਨ ਉਦੋਂ ਜੋਧਪੁਰ 'ਚ ਸੀ। ਜੰਗ ਛਿੜਨ 'ਤੇ ਸੁਕਆਡਰਨ ਨੂੰ ਭੀਮਗੜ੍ਹ ਤੋਂ ਓਪਰੇਟ ਕਰਨ ਦੇ ਹੁਕਮ ਹੋਏ ਸਨ। ਭੀਮਗੜ੍ਹ ਵਿੱਚ ਅਸੀਂ ਅਪਣਾ ਇੱਕ-ਇੱਕ ਜਹਾਜ਼, ਮੋਟੀ-ਸੰਘਣੀ ਕੰਕਰੀਟ ਦੇ ਬਣੇ ਹੋਏ ਪੱਕੇ ਤੇ ਮਜ਼ਬੂਤ ਸ਼ੈਡਾਂ 'ਚ ਸੁਰੱਖਿਅਤ ਕੀਤਾ ਹੋਇਆ ਸੀ।

ਉਸ ਦਿਨ ਦੁਪਹਿਰ ਵੇਲੇ, ਅਸੀਂ ਤਕਨੀਕੀ ਟਰੇਡਾਂ ਦੇ ਸੈਨਿਕ ਸ਼ੈੱਡ ਅੰਦਰ, ਅਪਣੇ ਜਹਾਜ਼ ਨੂੰ ਹਮਲੇ 'ਤੇ ਭੇਜਣ ਲਈ ਤਿਆਰ ਕਰ ਰਹੇ ਸਾਂ। ਖਾਣੇ ਵਾਲੀ ਗੱਡੀ ਬਾਹਰ ਆ ਖਲੋਈ ਸੀ। ਮੱਗ-ਪਲੇਟਾਂ ਉਠਾ ਅਸੀਂ ਖਾਣਾ ਲੈਣ ਲੱਗ ਪਏ। ਅਚਾਨਕ ਹੀ ਦੋ ਪਾਕਿਸਤਾਨੀ ਜਹਾਜ਼ ਸਾਡੇ ਸਿਰਾਂ 'ਤੇ ਆ ਧਮਕੇ। ਉਹ ਬਹੁਤ ਹੀ ਨੀਵੇਂ ਆਏ ਸਨ ਜਿਸ ਕਰਕੇ ਰੇਡਾਰ 'ਚ ਪਤਾ ਨਹੀਂ ਸੀ ਲੱਗਾ ਤੇ ਵਾਰਨਿੰਗ ਵਜੋਂ ਸਾਇਰਨ ਨਹੀਂ ਸੀ ਵੱਜਿਆ। ਜਹਾਜ਼ਾਂ ਦੀਆਂ ਗੰਨਾਂ ਵਿੱਚੋਂ 'ਤੜ-ਤੜ' ਕਰਦੀਆਂ ਗੋਲ਼ੀਆਂ ਵਰ੍ਹਨ ਲੱਗੀਆਂ। ਅਸੀਂ ਇੱਕਦਮ ਉੱਥੇ ਹੀ ਧਰਤੀ 'ਤੇ ਵਿਛ ਗਏ। ਪਰ ਨਵਤੇਜ ਖਾਣੇ ਵਾਲੀ ਪਲੇਟ ਚੁੱਕੀ ਸ਼ੈੱਡ ਦੇ ਅੰਦਰ ਨੂੰ ਦੌੜ ਪਿਆ ਤੇ ਗੋਲ਼ੀਆਂ ਨਾਲ਼ ਵਿੰਨ੍ਹਿਆ ਗਿਆ। ਹਮਲਾਵਰ ਜਹਾਜ਼ ਸਾਰੇ ਹਵਾਈ ਅੱਡੇ 'ਤੇ ਛਾ ਗਏ ਸਨ। ਸਾਡੇ ਲਾਗਲੇ ਸ਼ੈੱਡ ਵਿੱਚੋਂ ਬਾਹਰ ਆ ਚੁੱਕੇ ਇੱਕ ਜਹਾਜ਼, ਪਰਾਂਹ ਪਾਰਕ ਕੀਤੇ ਦੋ ਫੌਜੀ ਟਰੱਕਾਂ ਅਤੇ ਇੱਕ ਟੋਅ-ਟਰੈਕਟਰ ਨੂੰ ਸਾੜ ਕੇ ਉਹ ਔਹ ਗਏ, ਔਹ ਗਏ।

ਪਿਆਰੇ ਮਿੱਤਰ ਦੀ ਮੌਤ ਦੇ ਝਟਕੇ ਨੇ ਮੈਨੂੰ ਸੁੰਨ ਕਰ ਦਿੱਤਾ। ਮੌਤ ਬੰਦੇ ਦੇ ਇੰਨੀ ਨੇੜੇ ਹੁੰਦੀ ਹੈ, ਯਕੀਨ ਨਹੀਂ ਸੀ ਆ ਰਿਹਾ ... ਤੇ ਫਿਰ ਮੇਰੇ ਮਨ ਵਿੱਚ ਅਜ਼ੀਬ ਜਿਹੀ ਖੁਸ਼ੀ ਦਾ ਅਹਿਸਾਸ ਉੱਭਰ ਪਿਆ, ਵਰ੍ਹਦੀ ਅੱਗ ਵਿੱਚੋਂ ਬਚ ਨਿਕਲਣ ਦਾ ਅਹਿਸਾਸ। ਗੋਲੀਆਂ ਦੀ ਵਾਛੜ ਸਾਥੋਂ ਡੇਢ ਫੁੱਟ ਦੇ ਫਾਸਲੇ 'ਤੇ ਹੋਈ ਸੀ। ਜੇ ਹਮਲਾਵਰ ਪਾਇਲਟ ਨੇ ਗੰਨ ਦੀ ਸਵਿੱਚ ਅੱਧਾ ਕੁ ਸਕਿੰਡ ਪਹਿਲਾਂ ਦੱਬ ਦਿੱਤੀ ਹੁੰਦੀ ਤਾਂ ਗੋਲੀਆਂ ਦਾ ਮੀਂਹ ਗੱਡੀ ਅਤੇ ਸਾਡੇ ਉੱਤੇ ਵੀ ਵਰ੍ਹਨਾ ਸੀ। ਗੱਡੀ ਨੂੰ ਅੱਗ ਲੱਗਣੀ ਹੀ ਸੀ ਤੇ ਅਸੀਂ ਸੱਤਾਂ ਦੇ ਸੱਤਾਂ ਸੈਨਿਕਾਂ ਨੇ ਮਾਰੇ ਜਾਣਾ ਸੀ।

ਨਵਤੇਜ ਦੀ ਪਤਨੀ ਪਿੱਛੇ ਜੋਧਪੁਰ 'ਚ ਸੀ। ਅਸੀਂ ਚਾਹੁੰਦੇ ਸਾਂ ਕਿ ਨਵਤੇਜ ਦਾ ਸਸਕਾਰ ਜੋਧਪੁਰ 'ਚ ਮਨਜੀਤ ਦੀ ਹਾਜ਼ਰੀ 'ਚ ਕੀਤਾ ਜਾਏ ਪਰ ਇਹ ਸੰਭਵ ਨਾ ਹੋ ਸਕਿਆ। ਲਾਗਲੀ ਸਰਹੱਦ 'ਤੇ, ਅੱਗੇ ਵੱਧ ਰਹੀ ਪਾਕਿਸਤਾਨੀ ਫ਼ੌਜ ਨੂੰ ਹਵਾਈ ਹਮਲਿਆਂ ਨਾਲ਼ ਠੱਲ੍ਹ ਪਾਉਣ ਲਈ, ਸਾਡੇ ਸੁਕਆਡਰਨ ਦੀ ਸਿਰ-ਧੜ ਦੀ ਬਾਜ਼ੀ ਲੱਗੀ ਹੋਈ ਸੀ। ਸੋ ਨਵਤੇਜ ਦਾ ਸਸਕਾਰ, ਸਾਡੇ ਸ਼ੈੱਡ ਦੇ ਕੋਲ਼ ਹੀ ਫ਼ੌਜੀ ਰਸਮਾਂ ਨਾਲ਼ ਕਰ ਦਿੱਤਾ ਗਿਆ। ਉਸਦੀਆਂ ਅਸਥੀਆਂ, ਜੋਧਪੁਰ ਉਸਦੀ ਪਤਨੀ ਨੂੰ ਸੌਂਪਣ ਵਾਸਤੇ ਮੇਰੀ ਡਿਊਟੀ ਲਗਾਈ ਗਈ।

ਸੁਕਆਡਰਨ ਦੀ ਜੀਪ 'ਚ ਭੀਮਗੜ੍ਹ ਤੋਂ ਅਸਥੀਆਂ ਲਈ ਆਉਂਦਿਆਂ ਮੇਰੀ ਸੋਚ ਵਿੱਚ ਨਵਤੇਜ ਘੁੰਮੀ ਜਾ ਰਿਹਾ ਸੀ ... ਚਾਰ ਦਿਨਾਂ ਦੀ ਉਸਦੀ ਜ਼ਿੰਦਗੀ ਤੇ ਉਹ ਵੀ ਸੰਘਰਸ਼ ਵਿੱਚ ਹੀ ਚਲੀ ਗਈ। ਪਿਓ ਦੀ ਅਚਾਨਕ ਮੌਤ ਹੋਣ 'ਤੇ ਪਰਿਵਾਰ ਦੀ ਜ਼ਿੰਮੇਵਾਰੀ ਉਸਦੇ ਮੋਢਿਆਂ 'ਤੇ ਆ ਪਈ ਸੀ। ਉਦੋਂ ਉਹ ਬੀ.ਐਸ.ਸੀ ਭਾਗ ਪਹਿਲਾ 'ਚ ਪੜ੍ਹਦਾ ਸੀ। ਲਾਇਕ ਵਿਦਿਆਰਥੀ ਹੋਣ ਦੇ ਨਾਲ਼-ਨਾਲ਼ ਉਹ ਕਾਲਜ ਦੀ 'ਸਟੂਡੈਂਟ ਯੂਨੀਅਨ' 'ਚ ਵੀ ਸਰਗਰਮ ਸੀ। ਪਿਓ ਦੀ ਮੌਤ ਨੇ ਉਸ ਦੀ ਪੜ੍ਹਾਈ ਛੁਡਾ ਦਿੱਤੀ। ਉਹ ਨੌਕਰੀ ਲੱਭਣ ਲੱਗਾ ਪਰ ਕੋਈ ਨਾ ਮਿਲ਼ੀ। ਹਾਰ ਕੇ ਏਅਰ ਫੋਰਸ ਵਿੱਚ ਆ ਗਿਆ ਸੀ। ਉਹ ਹਵਾਈ ਜਹਾਜ਼ਾਂ ਦੇ ਇੰਜਣਾਂ ਦਾ ਮਕੈਨਿਕ ਸੀ ਤੇ ਮੈਂ ਜਹਾਜ਼ਾਂ ਦੇ ਹਥਿਆਰਾਂ ਦਾ ਮਕੈਨਿਕ। ਸਾਡਾ ਦੋਨਾਂ ਦਾ ਰੈਂਕ ਕਾਰ-ਪੋਰਲ ਸੀ। ਉਂਜ ਉਹ ਮੈਥੋਂ ਚਾਰ ਸਾਲ ਸੀਨੀਅਰ ਸੀ।

ਨਵਤੇਜ ਔਖੀਆਂ ਡਿਉਟੀਆਂ ਦੇ ਨਾਲ਼-ਨਾਲ਼ ਪ੍ਰਾਈਵੇਟਲੀ ਪੜ੍ਹਾਈ ਵੀ ਕਰ ਰਿਹਾ ਸੀ। ਉਸਨੇ ਮੈਨੂੰ ਵੀ ਪੜ੍ਹਾਈ ਲਈ ਪ੍ਰੇਰਿਆ ਸੀ ਪਰ ਮੈਂ ਤਾਂ ਦਸਵੀਂ ਹੀ ਮਸਾਂ ਪਾਸ ਕੀਤੀ ਸੀ। ਮੇਰੇ ਵਾਂਗ ਆਮ ਹਵਾਈ ਸੈਨਿਕ ਦਸ ਜਮਾਤੂ ਹੀ ਸਨ। ਸਾਡੇ ਲਈ ਤਾਂ ਏਅਰ ਫੋਰਸ ਦੀ ਨੌਕਰੀ ਹੀ ਇੱਕ ਵੱਡੀ ਛਾਲ਼ ਸੀ। ਪਿੰਡਾਂ ਦੀਆਂ ਧੂੜਾਂ ਫੱਕਦੇ ਅਸੀਂ ਹਵਾ 'ਚ ਉਡਣ ਵਾਲ਼ੀਆਂ ਮਸ਼ੀਨਾਂ ਦੇ ਮਕੈਨਿਕ ਬਣ ਗਏ ਸਾਂ। ਨਵਤੇਜ ਰਾਹੀਂ ਮੈਂ ਅਕਾਦਮਿਕ ਕਿਤਾਬਾਂ ਨਾਲ਼ ਤਾਂ ਨਾ ਜੁੜਿਆ, ਗਿਆਨ ਦੀਆਂ ਕਿਤਾਬਾਂ ਫਰੋਲਣ ਲੱਗ ਪਿਆ। ਉਹ ਸਿਲੇਬਸ ਦੀਆਂ ਕਿਤਾਬਾਂ ਤੋਂ ਬਿਨਾਂ ਹੋਰ ਪੁਸਤਕਾਂ ਵੀ ਪੜ੍ਹਦਾ ਰਹਿੰਦਾ ਸੀ। ਉਨ੍ਹਾਂ ਵਿੱਚੋਂ ਮੈਂ ਅਪਣੀ ਪਸੰਦ ਦੀਆਂ ਚੁੱਕ ਲਿਆਉਂਦਾ। ਨਵਤੇਜ 'ਚ ਕਾਬਲੀਅਤ ਦੇ ਨਾਲ਼ ਜੁਰਅਤ ਵੀ ਸੀ। ਫੂਕੀ ਤੇ ਕੱਟੜ ਅਫ਼ਸਰਾਂ ਮੂਹਰੇ ਅੜਨ ਕਾਰਨ ਉਹ ਤਿੰਨ ਵਾਰ ਅਠਾਈ-ਅਠਾਈ ਦਿਨਾਂ ਲਈ ਸੀਖਾਂ ਪਿੱਛੇ ਜਾ ਚੁੱਕਾ ਸੀ। ਇਸੇ ਕਾਰਨ ਉਸਨੂੰ ਕਾਰਪੋਰਲ ਦੀ ਤਰੱਕੀ ਲੇਟ ਮਿਲ਼ੀ ਸੀ। ਹਵਾਈ ਸੈਨਾ 'ਚ ਪਰੇਡਾਂ-ਪੀਟੀਆਂ ਘੱਟ ਹੀ ਹੁੰਦੀਆਂ ਸਨ ਪਰ ਜਦੋਂ ਕਦੀ 'ਉਪਰੋਂ' ਵੱਡੇ-ਵੱਡੇ ਅਫ਼ਸਰਾਂ ਨੇ ਇੰਸਪਕੈਸ਼ਨ ਕਰਨ ਆਉਣਾ ਤਾਂ ਕਈ-ਕਈ ਦਿਨ ਪ੍ਰੈਕਟਿਸਾਂ ਹੁੰਦੀਆਂ ਰਹਿਣੀਆਂ। ਨਵਤੇਜ ਨੇ ਕਿਸੇ ਨਾ ਕਿਸੇ ਬਹਾਨੇ ਪਤਰਾ ਵਾਚ ਜਾਣਾ ਅਤੇ ਠੋਕ ਕੇ ਬੰਨ੍ਹੀ ਪੱਗ ਨੂੰ ਸੁਆਰਦਿਆਂ ਆਖਣਾ, "ਇਹ ਵੀ ਕੋਈ ਕੰਮ ਐਂ— ਸਾਵਧਾਨ, ਖੱਬੇ ਮੁੜੋ, ਸੱਜੇ ਮੁੜੋ, ਤੇਜ ਚੱਲੋ, ਹੌਲ਼ੀ ਚੱਲੋ, ਸਲਾਮੀ ਦਿਉ। ਬੰਦੇ ਨੂੰ ਸ਼ਰੇਆਮ ਕਠਪੁਤਲੀ ਬਣਾ ਦਿੰਦੇ ਆ।"

ਨਵਤੇਜ ਚਾਹੁੰਦਾ ਸੀ ਕਿ ਉਸਦਾ ਛੋਟਾ ਭਰਾ ਰੇਸ਼ਮ ਦੱਬ ਕੇ ਪੜ੍ਹੇ। ਪਰ ਰੇਸ਼ਮ ਅੱਠਵੀਂ ਵਿੱਚੋਂ ਫੇਲ੍ਹ ਹੋ ਕੇ ਖੇਤੀ ਕਰਨ ਲੱਗ ਪਿਆ ਸੀ। ਭੈਣ ਨੇ ਦਸ ਕਰਕੇ ਸਿਲਾਈ-ਕਢਾਈ ਦਾ ਡਿਪਲੋਮਾ ਕਰ ਲਿਆ ਸੀ। ਨਵਤੇਜ ਨੇ ਪਹਿਲਾਂ ਉਸਦਾ ਵਿਆਹ ਕੀਤਾ ਤੇ ਫਿਰ ਅਪਣਾ।

ਨਵਤੇਜ ਨੇ ਨੌਂ ਸਾਲ ਪੂਰੇ ਕਰਕੇ ਏਅਰ ਫੋਰਸ ਛੱਡ ਦੇਣੀ ਸੀ। ਉਹ ਪੁਲਿਟੀਕਲ ਸਾਇੰਸ ਦੀ ਐਮ.ਏ ਫਸਟ ਡਵੀਜ਼ਨ 'ਚ ਕਰ ਚੁੱਕਾ ਸੀ। ਕਿਸੇ ਕਾਲਜ 'ਚ ਪ੍ਰੋਫੈਸਰ ਬਣਨ ਦਾ ਸੁਪਨਾ ਸੀ ਉਸਦਾ। ਮਨਜੀਤ ਨੇ ਬੀ.ਏ ਕੀਤੀ ਹੋਈ ਸੀ। ਉਸਦੀ ਪਲਾਨ ਬੀ.ਐਡ ਕਰਨ ਦੀ ਸੀ। ਉਸਨੂੰ ਮਿਊਜ਼ਿਕ ਦਾ ਸ਼ੌਕ ਸੀ। ਮੈਂ ਜਦੋਂ ਕਦੀ ਉਨ੍ਹਾਂ ਦੇ ਕੁਆਟਰ ਵਿੱਚ ਜਾਣਾ ਤਾਂ ਜੀਤਾਂ ਭਾਬੀ ਨੂੰ ਸਿਤਾਰ ਵਜਾਉਣ ਦੀ ਸਿਫਾਰਿਸ਼ ਕਰਨੀ। ਸੰਵੇਦਨੀ ਸੁਰਾਂ 'ਚੋਂ ਝਰਦੇ ਸੁਹਜ ਨਾਲ਼ ਰੂਹਾਂ ਸਰਸ਼ਾਰ ਹੋ ਜਾਣੀਆਂ।

ਜਿਸ ਦਿਨ ਨਵਤੇਜ ਦੇ ਡਿਸਚਾਰਜ ਦੀ ਚਿੱਠੀ, ਏਅਰ-ਹੈੱਡਕੁਆਟਰ ਤੋਂ ਸੁਕਆਡਰਨ ਦੇ ਆਰਡਰਲੀ-ਰੂਮ 'ਚ ਪਹੁੰਚੀ, ਉਸ ਦਿਨ ਉਹ ਖੁਸ਼ੀ 'ਚ ਖਿੜਿਆ ਪਿਆ ਸੀ, "ਬੱਸ ਤਿੰਨ ਮਹੀਨੇ ਹੋਰ ਨੇ। ਡੇਢ ਮਹੀਨੇ ਬਾਅਦ ਕਲੀਅਰੈਂਸ ਸ਼ੁਰੂ ਕਰ ਦੇਣੀ ਆਂ ਤੇ ਫਿਰ ਆਪਾਂ ਉਡੰਤਰ ਹੋ ਜਾਣੈ। ਸਿਵਲ 'ਚ ਮੈਂ ਲੈਕਚਰਾਰ ਤੇ ਜੀਤਾਂ ਮਾਸਟਰਨੀ। ਨਵੀਂ ਜ਼ਿੰਦਗੀ ਸ਼ੁਰੂ ਕਰਾਂਗੇ।" ਨਵਤੇਜ ਦੀ ਇੱਕ ਕਾਲਜ ਵਿੱਚ ਸਿਲੈਕਸ਼ਨ ਹੋ ਚੁੱਕੀ ਸੀ।

ਪਰ ਅਗਲੇ ਦਿਨਾਂ 'ਚ ਜੰਗ ਲਈ 'ਤਿਆਰ ਬਰ ਤਿਆਰ' ਦੀਆਂ ਤਾਰਾਂ ਖੜਕ ਗਈਆਂ। ਛੁੱਟੀਆਂ ਤੇ ਡਿਸਚਾਰਜ ਰੋਕ ਦਿੱਤੇ ਗਏ। ਬੇਬਸੀ ਤੇ ਨਿਰਾਸ਼ਤਾ 'ਚ ਡੁੱਬੇ ਨਵਤੇਜ ਨੇ ਆਖਿਆ ਸੀ, "ਅਖੀਰ 'ਤੇ ਆ ਕੇ ਫਸ ਗਿਆ।"

"ਲੜਾਈ ਕਿਤੇ ਸਦਾ ਤਾਂ ਨ੍ਹੀਂ ਲੱਗੀ ਰਹਿਣੀ।" ਮੈਂ ਦਿਲਾਸਾ ਦਿੱਤਾ ਸੀ।

"ਮੁੱਕਣ 'ਤੇ ਇਨ੍ਹਾਂ ਨੇ ਕਿਹੜਾ ਇੱਕਦਮ ਛੱਡ ਦੇਣੈ। ਉੱਨੀ ਸੌ ਪੈਂਹਟ ਦੀ ਲੜਾਈ ਤੋਂ ਬਾਅਦ ਡਿਸਚਾਰਜ 'ਤੇ ਜਾਣ ਵਾਲ਼ੇ ਡੇਢ-ਡੇਢ ਸਾਲ ਰਿੜਕ ਹੁੰਦੇ ਰਹੇ ਸੀ। ਮੈਂ ਤਾਂ ਇੱਕ ਦਿਨ ਵੀ ਵਾਧੂ ਨਹੀਂ ਅਟਕ ਸਕਦਾ।"

3 ਦਸੰਬਰ 1971 ਨੂੰ ਜੰਗ ਦੇ ਬਿਗਲ ਵੱਜ ਗਏ। ਓਦਣ ਨਵਤੇਜ ਦੀ ਨੌਕਰੀ ਨੌਂ ਸਾਲ ਤੋਂ ਇੱਕ ਮਹੀਨਾ ਉੱਪਰ ਹੋ ਚੁੱਕੀ ਸੀ। ਉਹ ਅਪਣੇ ਟਰੇਡ ਦਾ ਕੰਮ ਤਾਂ ਕਰਦਾ ਪਰ ਬੁਝਿਆ-ਬੁਝਿਆ ਰਹਿੰਦਾ। ਵਾਰ-ਵਾਰ ਇਹੀ ਆਖੀ ਜਾਂਦਾ, "ਅਖੀਰ 'ਤੇ ਆ ਕੇ ਫਸ ਗਿਆ।"

"ਓਏ ਸੱਜਣਾਂ ਕੀ ਹੋ ਗਿਆ ਤੈਨੂੰ? ਜਿਗਰਾ ਰੱਖ।" ਮੈਂ ਖਿਝ ਕੇ ਆਖਿਆ ਸੀ।

"ਯਾਰ ਜਿਗਰੇ ਦੀ ਇਹਦੇ 'ਚ ਕੀ ਗੱਲ ਐ। ਮੇਰਾ ਸਾਰਾ ਕੀਤਾ-ਕਰਾਇਆ ਖੂਹ 'ਚ ਪੈ ਗਿਆ। ਤੂੰ ਦਿਖਾ ਤਾਂ ਜਿਗਰਾ, ਜਾ ਕੇ ਪੁੱਛ ਇੰਦਰਾ ਗਾਂਧੀ ਨੂੰ ਜੀਹਨੇ ਅਪਣੀ ਗੱਦੀ ਪੱਕੀ ਕਰਨ ਲਈ, ਦੂਜੇ ਦੇਸ਼ 'ਚ ਟੰਗ ਅੜਾਈ ਐ।"

"ਤੇਜ! ਮੂੰਹ ਬੰਦ ਰੱਖ। ਹੈਦਾਂ ਦੀਆਂ ਗੱਲਾਂ ਕਰਕੇ ਤੂੰ ਅਪਣਾ ਤਾਂ ਕੋਰਟ-ਮਾਰਸ਼ਲ ਕਰਵਾਉਣਾ ਈ ਐਂ, ਨਾਲ਼ ਸਾਨੂੰ ਵੀ ਪਲੇਥਣ ਲੁਆਏਂਗਾ।" ਮੈਂ ਉਸਨੂੰ ਚੌਕਸ ਕੀਤਾ।

"ਓਏ! ਐਵੇਂ ਕਿਉਂ ਮੋਕ ਮਾਰੀ ਜਾਨੈਂ, ਜਾਹ ਹੋ ਲੈਣ ਦੇ ਮੇਰਾ ਕੋਰਟ-ਮਾਰਸ਼ਲ।"

ਮੈਂ ਦੇਖ ਰਿਹਾ ਸਾਂ, ਨਵਤੇਜ ਦੀ ਨਿਰਾਸ਼ਤਾ ਤੇ ਬੇਬਸੀ ਵਿਦਰੋਹ 'ਚ ਬਦਲ ਗਈ ਸੀ। ਦੋ ਦਿਨ ਪਹਿਲਾਂ ਜਦੋਂ ਹਵਾਈ ਹਮਲੇ ਦਾ ਸਾਇਰਨ ਹੋਇਆ ਤਾਂ ਉਹ ਸਾਡੇ ਨਾਲ਼ ਮੋਰਚੇ ਵਿੱਚ ਨਹੀਂ ਸੀ ਲੁਕਿਆ। ਪੁੱਛਣ 'ਤੇ ਕਹਿਣ ਲੱਗਾ, "ਮੇਰੇ ਉੱਤੇ ਤਾਂ ਪਹਿਲਾਂ ਹੀ ਬੰਬ ਡਿੱਗਿਆ ਪਿਐ।"

ਤੇ ਫਿਰ ਸੱਚਮੁੱਚ ਹੀ ਬੰਬਾਂ ਦੀ ਠਿਗਣੀ ਸ਼ਕਲ ਵਾਲੀਆਂ, ਜਹਾਜ਼ਾਂ ਦੀਆਂ ਗੋਲੀਆਂ ਨਵਤੇਜ 'ਤੇ ਵਰ੍ਹ ਗਈਆਂ ਸਨ ... ਉਸਦੀ ਲਾਸ਼ ਦੇ ਦੁਆਲ਼ੇ ਖ਼ੂਨ ਦਾ ਛੱਪੜ ਲੱਗਾ ਹੋਇਆ ਸੀ। ਖ਼ੂਨ 'ਚ ਡੁੱਬੀ ਉਸਦੀ ਰੋਟੀ ਵੇਖ ਕੇ ਮੈਨੂੰ ਉਸਦੀ ਹੇਠਲੇ ਰੈਂਕਾ ਅਤੇ ਅਫ਼ਸਰਾਂ ਵਿਚਾਲ਼ੇ ਪਾੜੇ ਬਾਰੇ ਆਖੀ ਗੱਲ ਯਾਦ ਆ ਗਈ ਸੀ, "ਕਿੰਨਾ ਫ਼ਰਕ ਐ ਸਾਡੀ ਅਤੇ ਅਫ਼ਸਰਾਂ ਦੀ ਰੋਟੀ, ਵਰਦੀ ਤੇ ਤਨਖਾਹ ਵਿੱਚ। ਨੌਂ ਸਾਲ ਪੂਰੇ ਹੋਣਗੇ ਤਾਂ ਸਿਵਲ 'ਚ ਜਾ ਕੇ ਚੰਗਾ ਖਾਵਾਂਗੇ, ਚੰਗਾ ਪਹਿਨਾਂਗੇ।"

ਪਰ ਚੰਗੀ ਰੋਟੀ ਤਾਂ ਕੀ, ਜੰਗ ਨੇ ਤਾਂ ਉਸਦੀ ਪਲੇਟ 'ਚ ਪਈ ਰੁੱਖੀ-ਸੁਕੀ ਵੀ ਉਸਨੂੰ ਖਾਣ ਨਹੀਂ ਸੀ ਦਿੱਤੀ। ਇਸਤੋਂ ਪਹਿਲਾਂ ਕਿ ਉਹ ਰੋਟੀ ਖਾਂਦਾ, ਗੋਲੀਆਂ ਉਸਨੂੰ ਖਾ ਗਈਆਂ ਸਨ। ਰੋਟੀ ਨੇ ਅਪਣੀ ਕੀਮਤ ਵਸੂਲ ਲਈ ਸੀ। 'ਫ਼ੌਜੀ ਦੀ ਰੋਟੀ ਇੰਨੀ ਮਹਿੰਗੀ ਕਿਉਂ ਏ? ' ਮੇਰੇ ਅੰਦਰੋਂ ਗੁਬਾਰ ਉੱਠਿਆ ਸੀ।

ਉਸਦੇ ਸਸਕਾਰ ਸਮੇਂ ਜਦੋਂ ਅਸੀਂ 'ਸ਼ੋਕ ਸ਼ਸਤਰ' ਦੀ ਮੁਦਰਾ ਵਿੱਚ ਰਾਈਫਲਾਂ ਉਲਟੀਆਂ ਕੀਤੀਆਂ ਅਤੇ ਬਿਗਲ ਦੀ 'ਲਾਸਟ ਪੋਸਟ' ਦੀ ਮਾਤਮੀ ਧੁੰਨ ਉੱਭਰੀ ਤਾਂ ਸਾਰੇ ਹਵਾਈ ਅੱਡੇ 'ਚ ਸੋਗ ਛਾ ਗਿਆ ਸੀ।

ਡੂੰਘੇ ਸੋਗ 'ਚ ਡੁੱਬਿਆ ਹੋਇਆ ਸੀ ਨਵਤੇਜ ਦਾ ਕੁਆਟਰ, ਜਦੋਂ ਮੈਂ ਨਵਤੇਜ ਦੀਆਂ ਅਸਥੀਆਂ ਲੈ ਕੇ ਪਹੁੰਚਾ। ਕੁਆਟਰ ਅੰਦਰ ਵੜਦਿਆਂ ਮੇਰੀਆਂ ਲੱਤਾਂ ਫੁੱਲਣ ਲੱਗ ਪਈਆਂ। ਮੈਨੂੰ ਵੇਖ ਕੇ, ਕਮਰਿਆਂ ਵਿੱਚ ਦਰੀਆਂ 'ਤੇ ਬੈਠੇ ਸਾਰੇ ਜਣੇ ਵਰਾਂਡੇ 'ਚ ਆ ਖਲੋਏ। ਸਦਮੇ ਦੀ ਮਿੱਧੀ ਹੋਈ ਜੀਤਾਂ ਭਾਬੀ, ਡਿਗੂੰ-ਡਿਗੂੰ ਕਰ ਰਹੀ ਸੀ। ਗੋਰਾ ਚਿਹਰਾ ਪੀਲ਼ਾ ਜ਼ਰਦ ਪੈ ਚੁੱਕਾ ਸੀ। ਚਿੱਟੀ ਚੁੰਨੀ ਦੀ ਚਿਟਿਆਈ ਉਸਦੀਆਂ ਮੋਟੀਆਂ-ਮੋਟੀਆਂ ਅੱਖਾਂ ਵਿੱਚ ਵੀ ਉੱਤਰ ਆਈ ਸੀ, ਸੁਪਨਿਆਂ ਵਿਹੂਣੀ ਚਿਟਿਆਈ। ਪੰਜਾਬ ਤੋਂ ਪਹੁੰਚੇ ਨਵਤੇਜ ਦੀ ਮਾਂ ਤੇ ਭਰਾ ਹਾਲੋਂ ਬੇਹਾਲ ਹੋਏ ਪਏ ਸਨ। ਜੀਤਾਂ ਸੰਗ ਖੜੀਆਂ ਔਰਤਾਂ, ਲਾਗਲੇ ਕੁਆਟਰਾਂ ਦੇ ਸੈਨਿਕਾਂ ਦੀਆਂ ਪਤਨੀਆਂ, ਮਾਵਾਂ ਅਤੇ ਭੈਣਾਂ ਸਨ। ਪੰਜਾਬ, ਬੰਗਾਲ, ਤਾਮਿਲਨਾਡੂ, ਮਹਾਂਰਾਸ਼ਟਰ, ਰਾਜਸਥਾਨ, ਉੱਤਰ ਪ੍ਰਦੇਸ਼ ਆਦਿ ਸੂਬਿਆਂ ਦੀਆਂ ਇਨ੍ਹਾਂ ਔਰਤਾਂ ਦੇ ਰੰਗ ਅਤੇ ਨੈਣ-ਨਕਸ਼ ਤਾਂ ਭਿੰਨ-ਭਿੰਨ ਸਨ ਪਰ ਇਨ੍ਹਾਂ ਦੇ ਚਿਹਰਿਆਂ 'ਤੇ ਛਾਏ ਫ਼ਿਕਰਾਂ ਦੇ ਚਿੰਨ੍ਹ ਇੱਕੋ ਜਿਹੇ ਸਨ। ਭੀਮਗੜ੍ਹ ਤੋਂ ਦੋ ਸੌ ਕਿਲੋਮੀਟਰ ਦੂਰ, ਸੁਰੱਖਿਅਤ ਥਾਂ 'ਤੇ ਹੋਣ ਦੇ ਬਾਵਜੂਦ ਵੀ ਉਹ ਜੰਗ ਦਾ ਓਨਾ ਹੀ ਸੇਕ ਹੰਢਾ ਰਹੀਆਂ ਸਨ, ਜਿੰਨਾ ਉਨ੍ਹਾਂ ਦੇ ਪਤੀ, ਪੁੱਤ ਅਤੇ ਵੀਰ।

ਮੈਂ ਕੰਬਦੇ ਹੱਥਾਂ ਨਾਲ਼ ਅਸਥੀਆਂ ਵਾਲ਼ਾ ਕਲਸ ਜੀਤਾਂ ਭਾਬੀ ਵੱਲ ਵਧਾਇਆ। ਉਹ ਡੌਰ-ਭੌਰ ਹੋਈ ਕੁੱਝ ਪਲ ਉਸਨੂੰ ਤੱਕਦੀ ਰਹੀ ਤੇ ਫਿਰ ਛਾਤੀ ਨਾਲ਼ ਲਾਉਂਦਿਆਂ ਉਸਦੀ ਲੇਰ ਨਿਕਲ਼ ਗਈ, "ਨਹੀਂ ... ਨਵਤੇਜ ... ਨਹੀਂ ... ਇਹ ਤੂੰ ਨਹੀਂ। ਤੇਰੀ ਸੋਚ ਵਿੱਚ ਮੌਤ ਨਹੀਂ, ਜ਼ਿੰਦਗੀ ਸੀ। ਆਪਾਂ ਬਿਹਤਰ ਜ਼ਿੰਦਗੀ ਦੇ ਸੁਪਨੇ ਲਏ ਸਨ ... ਤੂੰ ਮੈਨੂੰ ਛੱਡ ਕੇ ਕਿਤੇ ਨਹੀਂ ਜਾ ਸਕਦਾ ... ਦੇਖ! ਮੈਂ ਤੈਨੂੰ ਉਡੀਕ ਰਹੀ ਹਾਂ ... ਤੇਰੇ ਰਾਹਾਂ 'ਚ ਖੜ੍ਹੀ ਆਂ।" ਧਾਹਾਂ ਮਾਰਦਿਆਂ ਉਹ ਬੇਸੁਰਤ ਹੋ ਗਈ। ਨਾਲ਼ ਖਲੋਤੀਆਂ ਔਰਤਾਂ ਨੇ ਉਸਨੂੰ ਸੰਭਾਲ਼ ਲਿਆ।

ਢਿੱਡ 'ਚ ਮੁੱਕੀਆਂ ਦੇ ਰਹੀ ਨਵਤੇਜ ਦੀ ਮਾਂ ਦੀਆਂ ਵੀ ਲੇਰਾਂ ਨਿਕਲ਼ ਗਈਆਂ। ਕਲਸ ਨੂੰ ਪਲੋਸਦਿਆਂ ਉਹ ਕੁਰਲਾਈ, "ਹਾਏ ਵੇ ਰੱਬਾ! ਇਹ ਤੂੰ ਕੀ ਕੀਤਾ? ਮੇਰਾ ਕੜੀ ਵਰਗਾ ਜੁਆਨ ਪੁੱਤ ਖੋਹ ਲਿਆ ... ਅਜੇ ਤਾਂ ਮੈਨੂੰ ਇਹਦੇ ਪਿਉ ਦੀ ਮੌਤ ਹੀ ਨਹੀਂ ਭੁੱਲੀ, ਹੁਣ ਤੂੰ ਐਡਾ ਵੱਡਾ ਕਹਿਰ ਹੋਰ ਢਾਹ ਦਿੱਤੈ। ਇਹ ਤੂੰ ਮੈਨੂੰ ਕਿਹੜੇ ਜਨਮਾਂ ਦੀ ਸਜਾ ਦੇ ਰਿਹਾਂ ... ।"

ਮੇਰੀਆਂ ਅੱਖਾਂ ਆਪ ਮੁਹਾਰੇ ਵਹਿ ਤੁਰੀਆਂ ਸਨ।

ਮਾਂ ਅਤੇ ਜੀਤਾਂ ਦੀਆਂ ਧਾਹਾਂ-ਸਿਸਕੀਆਂ ਮਸਾਂ ਹੀ ਬੰਦ ਹੋਈਆਂ। ਡੂੰਘੇ ਸਦਮੇ 'ਚ ਹੋਣ ਕਾਰਨ ਜੀਤਾਂ ਤੋਂ ਕੋਈ ਗੱਲ ਨਹੀਂ ਸੀ ਹੋ ਰਹੀ। ਮਾਂ ਅਤੇ ਰੇਸ਼ਮ ਨਾਲ਼ ਦੁੱਖ-ਦਰਦ ਸਾਂਝਾ ਕਰਕੇ ਮੈਂ ਉੱਠ ਪਿਆ ਸਾਂ, ਭੀਮਗੜ੍ਹ 'ਚ ਹਾਜ਼ਰ ਹੋਣ ਲਈ। ਬੈਰਕਾਂ ਕੋਲ਼ ਆ ਕੇ ਮੇਰੀ ਜੀਪ ਹੌਲ਼ੀ ਹੋ ਗਈ। ਅਨੀਂਦਰੇ ਕਾਰਨ ਸਰੀਰ ਟੁੱਟਿਆ ਪਿਆ ਸੀ। ਦਿਲ ਕੀਤਾ ਕਿ ਬੈਰਕ 'ਚ ਜਾ ਕੇ ਚੰਗੀ ਤਰ੍ਹਾਂ ਨਹਾਵਾਂ ਤੇ ਰੱਜ ਕੇ ਸੌਂਵਾਂ। ਪਰ ਸੁਕਆਡਰਨ ਕਮਾਂਡਰ ਦੀ ਛੇਤੀ ਤੋਂ ਛੇਤੀ ਮੁੜਨ ਦੀ ਹਦਾਇਤ ਚੇਤੇ ਆ ਗਈ। ਮੈਂ ਜੀਪ ਮੁੜ ਤੇਜ਼ ਕਰ ਲਈ ... ਸੋਚਾਂ ਹੀ ਸੋਚਾਂ ਵਿੱਚ ਮੈਨੂੰ ਸੁਕਆਰਡਨ ਕਮਾਂਡਰ ਦਾ ਨਵਤੇਜ ਦੀ ਮੌਤ ਤੋਂ ਬਾਅਦ ਦਿੱਤਾ ਭਾਸ਼ਣ ਸੁਣਾਈ ਦੇਣ ਲੱਗਾ, "ਦੇਸ਼ ਲਈ ਮਰ ਮਿਟਣਾ ਜ਼ਿੰਦਗੀ ਦਾ ਉੱਤਮ ਕਾਰਜ ਹੈ। ਸਿਰ 'ਤੇ ਕੱਫਣ ਬੰਨ੍ਹਣਾਂ ਤੇ ਮੌਤ ਨਾਲ਼ ਗੱਲਾਂ ਕਰਨੀਆਂ ਸਿਰਫ਼ ਸੈਨਿਕਾਂ ਦੇ ਹਿੱਸੇ ਹੀ ਆਇਆ ਹੈ ... ਨਵਤੇਜ ਦਾ ਰਣਭੂਮੀ 'ਚ ਡੁੱਲ੍ਹਿਆ ਖ਼ੂਨ, ਸਾਨੂੰ ਭਾਰਤ ਮਾਂ ਦੀ ਰੱਖਿਆ ਲਈ ਹੋਰ ਦ੍ਰਿੜ ਕਰਦਾ ਹੈ।"

ਮੇਰੀ ਨਜ਼ਰ ਬੇਲੂਮੇ ਢੰਗ ਨਾਲ਼ ਸੱਜੇ-ਖੱਬੇ ਘੁੰਮੀ ਸੀ। ਸੁਕਆਡਰਨ ਕਮਾਂਡਰ ਦੀਆਂ ਗੱਲਾਂ ਸੁਣ ਰਹੇ ਸੈਨਿਕਾਂ ਦੇ ਚਿਹਰਿਆਂ 'ਤੇ ਸੂਰਮਗਤੀ ਦੀ ਸ਼ੇਡ ਵਿੱਚ ਇੱਕ ਸ਼ੇਡ ਹੋਰ ਵੀ ਸੀ, ਅਧੀਨਗੀ ਦੀ। ਅਪਣੇ ਅੰਦਰ ਦੀ ਅਧੀਨਗੀ ਵੀ, ਮੈਂ ਮਹਿਸੂਸ ਕਰ ਰਿਹਾ ਸਾਂ। ਸੁਕਆਡਰਨ ਕਮਾਂਡਰ ਦੇ ਚਿਹਰੇ 'ਤੇ ਲਾਲੀ ਸੀ। ਸ਼ਾਇਦ ਵੱਡੇ ਰੈਂਕ ਅਤੇ ਮੋਟੀ ਤਨਖ਼ਾਹ ਦੀ ਲਾਲੀ ਕਾਰਨ ਉਸ ਅੰਦਰਲੀ ਅਧੀਨਗੀ ਜ਼ਾਹਰ ਨਹੀਂ ਸੀ ਹੋ ਰਹੀ। ਉਹ ਜੋਸ਼ ਨਾਲ਼ ਬੋਲ ਰਿਹਾ ਸੀ, "ਮੈਨੂੰ ਅਪਣੇ ਸੁਕਆਡਰਨ ਦੇ ਵਧੀਆ ਪਾਇਲਟਾਂ ਅਤੇ ਟੈਕਨੀਸ਼ਅਨਾਂ 'ਤੇ ਮਾਣ ਹੈ, ਫਖ਼ਰ ਹੈ।"

ਇਹੋ ਜਿਹੀਆਂ ਹੀ ਮਾਣ, ਫਖ਼ਰ ਵਾਲੀਆਂ ਗੱਲਾਂ ਕਨੇਡੀਅਨ ਫਰੋਸਜ਼ ਬੇਸ ਟਰਾਂਟੋ ਦੇ ਕਮਾਂਡਿੰਗ ਅਫ਼ਸਰ ਨੇ ਵੀ ਸਟੀਵ ਦੇ ਸਸਕਾਰ ਤੋਂ ਪਹਿਲਾਂ ਆਖੀਆਂ ਸਨ ... ਸਟੀਵ ਦੀ ਲਾਸ਼ ਅਫਗਾਨਿਸਤਾਨ ਤੋਂ ਹਵਾਈ ਜਹਾਜ਼ ਰਾਹੀਂ ਪਹੁੰਚੀ ਸੀ। ਉਸਦੀ ਲਾਸ਼ ਵਾਲੀ ਲੰਮੀ ਗੱਡੀ ਜਦੋਂ ਏਅਰਪੋਰਟ ਤੋਂ ਬੇਸ ਨੂੰ ਆ ਰਹੀ ਸੀ ਤਾਂ ਕੁੱਝ ਲੋਕ, ਮਾਰਚ ਮਹੀਨੇ ਦੀ ਠੰਢ ਦੀ ਪਰਵਾਹ ਨਾ ਕਰਦੇ ਹੋਏ 'ਹਾਈਵੇ ਆਫ਼ ਹੀਰੋਜ਼' ਦੇ ਪੁਲ 'ਤੇ ਹਾਜ਼ਰ ਸਨ। ਉਨ੍ਹਾਂ ਨੇ 'ਪਿਆਰੇ ਸਟੀਵ ਬਰਟਨ! ਤੇਰੀ ਬਹਾਦਰੀ 'ਤੇ ਕੈਨੇਡਾ ਨੂੰ ਮਾਣ ਹੈ' ਦੇ ਪਰਚਮਾਂ ਨਾਲ਼ ਸਟੀਵ ਦਾ ਸਤਿਕਾਰ ਕੀਤਾ ਸੀ।

ਸਟੀਵ ਦੇ ਅੰਤਿਮ ਦਰਸ਼ਨਾਂ ਲਈ ਕੈਸਕਿਟ, 'ਕਲਾਰਕ ਫਿਊਨਰਲ ਹੋਮ' ਵਿੱਚ ਰੱਖੀ ਗਈ ਸੀ। ਸਟੀਵ ਦੀ ਮੌਮ, ਨੈਨਸੀ ਦੇ ਮੌਮ-ਡੈਡ, ਹੋਰ ਰਿਸ਼ਤੇਦਾਰ, ਦੋਸਤ-ਮਿੱਤਰ ਅਤੇ ਕਾਫ਼ੀ ਸੈਨਿਕ ਕੁਰਸੀਆਂ 'ਤੇ ਬੈਠੇ ਸਨ। 'ਕਮਿਸ਼ਨੇਅਰਜ਼' ਵੱਲੋਂ ਮੈਂ ਹਾਜ਼ਰ ਸਾਂ। ਸੈਨਿਕਾਂ ਦੇ ਚਿਹਰਿਆਂ 'ਤੇ ਬਹਾਦਰੀ ਦੇ ਹਾਵ-ਭਾਵਾਂ ਹੇਠ ਪਰ-ਵੱਸ ਦੇ ਚਿੰਨ੍ਹ ਵੀ ਰੂਪਮਾਨ ਹੋ ਰਹੇ ਸਨ।

ਸਟੀਵ ਦੇ ਵਰਦੀ ਪਾਈ ਹੋਈ ਸੀ। ਉਸਦਾ ਨੁੱਚੜਿਆ ਹੋਇਆ ਚਿਹਰਾ ਕੈਮੀਕਲਾਂ ਦੇ ਪ੍ਰਭਾਵ ਹੇਠ ਲਾਲਗੀ 'ਚ ਸੀ। ਅੰਦਰੋਂ ਸਫੈਦ ਮਖਮਲੀ ਕੱਪੜਿਆਂ ਨਾਲ਼ ਸਜਾਈ ਅਰਥੀ ਦੇ ਹਵਾਲੇ ਹੋਇਆ ਉਹ ਜਿਵੇਂ ਕਹਿ ਰਿਹਾ ਹੋਵੇ, 'ਬਥੇਰੀ ਮਾਰ-ਮਰਾਈ ਹੋ ਗਈ। ਹੁਣ ਆਰਾਮ ਕਰ ਲੈਣ ਦਿਉ।'

ਫ਼ੌਜੀ ਪਾਦਰੀ ਨੇ ਬਾਈਬਲ ਵਿੱਚੋਂ ਸਰਮਨ ਪੜ੍ਹੇ ਤੇ ਸਟੀਵ ਦੀ ਕੁਰਬਾਨੀ ਨੂੰ ਬਾਈਬਲ ਦੇ ਪ੍ਰਸੰਗਾਂ ਨਾਲ਼ ਜੋੜ ਕੇ ਉਸਨੂੰ ਨਾਇਕ ਵਜੋਂ ਪੇਸ਼ ਕੀਤਾ।

ਉਸ ਤੋਂ ਬਾਅਦ ਟਰਾਂਟੋ ਦੇ ਮੇਅਰ ਨੇ, ਦੁਨੀਆ ਭਰ 'ਚ ਧਰਮਾਂ ਦੇ ਨਾਂ 'ਤੇ ਹੋ ਰਹੇ ਖ਼ੂਨ-ਖਰਾਬੇ ਦੀ ਗੱਲ ਛੇੜ ਕੇ, ਕਨੇਡੀਅਨ ਸੈਨਿਕਾਂ ਦੀ ਦਲੇਰੀ ਨੂੰ ਸਲਾਹਿਆ, ਜਿਹੜੇ ਅਤਿ ਕਠਿਨ ਹਾਲਾਤਾਂ ਵਿੱਚ ਤਾਲਿਬਾਨਾਂ ਨਾਲ਼ ਲੋਹਾ ਲੈ ਰਹੇ ਸਨ। ਉਸਨੇ ਸਟੀਵ ਦੀ ਕੁਰਬਾਨੀ ਨੂੰ ਟਰਾਂਟੋ-ਨਿਵਾਸੀਆਂ ਵੱਲੋਂ ਪ੍ਰਣਾਮ ਕੀਤਾ।

ਬੇਸ ਦੇ ਕਮਾਂਡਿੰਗ ਅਫ਼ਸਰ ਨੇ ਵਿਸ਼ਵ ਅਮਨ ਲਈ ਕਨੇਡੀਅਨ ਪਲਟਣਾਂ ਦੇ ਰੋਲ ਦੀ ਪ੍ਰਸ਼ੰਸ਼ਾ ਕੀਤੀ। ਬੋਸਨੀਆਂ ਤੇ ਸੋਮਾਲੀਆ ਵਿੱਚ ਅਪਣੇ ਬੇਸ ਦੀਆਂ ਯੂਨਿਟਾਂ ਦੀ ਵਧੀਆ ਕਾਰਗੁਜ਼ਾਰੀ ਦਾ ਮਾਣ ਨਾਲ਼ ਜ਼ਿਕਰ ਕੀਤਾ। ਬੋਸਨੀਆਂ ਮਿਸ਼ਨ 'ਤੇ ਤਾਂ ਉਸਨੂੰ ਬਾਹਲਾ ਹੀ ਫਖ਼ਰ ਸੀ, ਜਿਸ ਵਿੱਚ ਸਟੀਵ ਅਤੇ ਤਿੰਨ ਹੋਰ ਸੈਨਿਕਾਂ ਨੂੰ ਬਹਾਦਰੀ-ਸਨਮਾਨ ਮਿਲ਼ੇ ਸਨ। ਸਟੀਵ ਬਾਰੇ ਉਸਨੇ ਭਾਵੁਕ ਅੰਦਾਜ਼ ਵਿੱਚ ਕਿਹਾ ਸੀ, "ਉਹ ਇੱਕ ਸੂਰਮਾ ਸੈਨਿਕ ਸੀ, ਕਮਾਲ ਦਾ ਨਿਸ਼ਾਨਚੀ। ਉਸਦੀ ਮੌਤ ਮੇਰੇ ਬੇਸ ਲਈ ਹੀ ਨਹੀਂ, ਸਮੁੱਚੀ ਕਨੇਡੀਅਨ ਫੋਰਸਜ਼ ਲਈ ਬਹੁਤ ਵੱਡਾ ਘਾਟਾ ਏ ਪਰ ਅਸੀਂ ਉਸਦੀ ਕੁਰਬਾਨੀ 'ਤੇ ਫਖ਼ਰ ਵੀ ਮਹਿਸੂਸ ਕਰਦੇ ਹਾਂ ... ਮੈਂ ਸਟੀਵ ਦੀ ਵਿਧਵਾ ਨੈਨਸੀ ਦੀ ਹਰ ਸੰਭਵ ਸਹਾਇਤਾ ਕਰਾਂਗਾ।"

ਸਟੀਵ ਅਤੇ ਨੈਨਸੀ ਦੇ ਮਾਪਿਆਂ ਤੇ ਦੋਸਤਾਂ ਨੇ, ਉਸ ਨਾਲ਼ ਬਿਤਾਏ ਸਮੇਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਤੇ ਫਿਰ ਪੋਡੀਅਮ 'ਤੇ ਨੈਨਸੀ ਆਈ ਸੀ। ਉਸਨੇ ਕਾਲਾ ਸੂਟ ਪਹਿਨਿਆ ਹੋਇਆ ਸੀ। ਭੂਰੇ ਵਾਲ਼ ਸਾਦਾ ਢੰਗ ਨਾਲ਼ ਸਜਾਏ ਹੋਏ ਸਨ। ਮੈਂ ਸੁਣ ਚੁੱਕਾ ਸਾਂ ਕਿ ਪਤੀ ਦੀ ਮੌਤ ਦੀ ਖ਼ਬਰ ਟੈਲੀਫੋਨ ਰਾਹੀਂ ਕੰਨਾਂ 'ਚ ਪੈਣ 'ਤੇ ਉਹ ਸੁੰਨ ਹੋ ਕੇ ਥਾਂ ਹੀ ਡਿੱਗ ਪਈ ਸੀ ... ਅਧਮੋਈ ਦੇ ਮੂੰਹੋਂ 'ਨੋ,

ਨੋ ... ਨੋ' ਦੀ ਚੀਖ ਨਿਕਲੀ ਸੀ। ਹੁਣ ਚਾਰ ਦਿਨਾਂ ਬਾਅਦ ਸੀ ਤਾਂ ਉਹ ਅਜੇ ਵੀ ਡੂੰਘੇ ਸਦਮੇ 'ਚ ਪਰ ਅਪਣੇ ਆਪ ਨੂੰ ਕਿਸੇ ਹੱਦ ਤੱਕ ਸਾਂਭਿਆ ਹੋਇਆ ਸੀ। ਉਸਨੇ ਖਿੜਕੀ ਵਿੱਚੀਂ ਬਾਹਰ ਖਲੋਤੇ ਰੁੰਡ-ਮੁੰਡ ਦਰੱਖਤਾਂ ਵੱਲ ਤੱਕਿਆ। ਅੱਖਾਂ ਵਿੱਚ ਦਫ਼ਨ ਹੋਈਆਂ ਹਸਰਤਾਂ ਜਿਵੇਂ ਦਰੱਖਤਾਂ ਨੂੰ ਕਹਿ ਰਹੀਆਂ ਹੋਣ, 'ਤੁਹਾਡੀ ਪੱਤਝੜ ਮਹੀਨੇ-ਡੇਢ ਮਹੀਨੇ ਤੱਕ ਮੁੱਕ ਜਾਏਗੀ ਪਰ ਸਾਡੀ ਨਹੀਂ ਮੁੱਕਣੀ, ਉਮਰਾਂ ਜੇਡੀ ਲੰਮੀ ਪੱਤਝੜ।' ਧੀਰਜ ਧਾਰ ਕੇ ਉਸ ਕਹਿਣਾ ਸ਼ੁਰੂ ਕੀਤਾ, "ਮੇਰਾ ਤੇ ਸਟੀਵ ਦਾ ਸਾਥ ਬਾਈ ਸਾਲ ਦਾ ਹੈ ... ਪਹਿਲਾਂ ਦੋਸਤੀ, ਫਿਰ ਵਿਆਹ। ਅਪਨੇ ਸਾਧਨਾਂ ਮੁਤਾਬਿਕ ਅਸੀਂ ਜ਼ਿੰਦਗੀ ਨੂੰ ਪੂਰੀ ਤਰ੍ਹਾਂ ਮਾਣਿਆਂ। ਔਕੜਾਂ-ਕਠਿਨਾਈਆਂ ਵੀ ਆਈਆਂ ਪਰ ਇੱਕਸੁਰਤਾ ਸਾਡੀ ਊਰਜਾ ਬਣਦੀ ਰਹੀ। ਇੱਕ ਵਾਰ ਸਾਡੇ 'ਚ ਦੂਰੀ ਵੀ ਪਈ ਪਰ ਰੂਹਾਂ 'ਚ ਖੁਣੇ ਪਿਆਰ ਨੇ ਸਾਨੂੰ ਟੁੱਟਣ ਨਾ ਦਿੱਤਾ ... ਹੁਣ ਇਸ ਸਦਾ-ਸਦਾ ਦੀ ਦੂਰੀ ਮੂਹਰੇ ਮੇਰੀ ਕੋਈ ਵਾਹ-ਪੇਸ਼ ਨਹੀਂ ਜਾ ਰਹੀ," ਮੂੰਹ ਪਾਸੇ ਕਰਕੇ ਉਸਨੇ ਅੱਖਾਂ ਪੂੰਝੀਆਂ ਤੇ ਬੋਲੀ, "ਮੈਂ ਸਟੀਵ ਦੀਆਂ ਯਾਦਾਂ ਨੂੰ ਜੀਵਨ-ਸ਼ਕਤੀ ਬਣਾਉਣ ਦੀ ਕੋਸ਼ਿਸ਼ ਕਰਾਂਗੀ ਤੇ ਉਸ ਸ਼ਕਤੀ ਨਾਲ਼ ਦੋਨਾਂ ਬੱਚਿਆਂ ਦੀ ਸੰਭਾਲ ਕਰਾਂਗੀ।"

ਪਾਦਰੀ ਦੇ ਆਦੇਸ਼ 'ਤੇ ਹਾਲ 'ਚ ਹਾਜ਼ਰ ਹਰ ਵਿਅਕਤੀ ਨੇ ਵਾਰੀ ਸਿਰ, ਕੈਸਕਿਟ ਕੋਲ਼ ਜਾ ਕੇ ਸਟੀਵ ਦੇ ਆਖਰੀ ਦਰਸ਼ਨ ਕੀਤੇ। ਨੈਨਸੀ ਨੇ ਸਟੀਵ ਦੀ ਬਾਂਹ ਪਲੋਸੀ ਅਤੇ ਗੂੜ੍ਹੇ ਪਿਆਰ ਨਾਲ਼ ਮੱਥੇ 'ਤੇ ਹੱਥ ਫੇਰਿਆ। ਉਸਦੇ ਨਾਲ਼ ਹੀ, ਡੌਰ-ਭੌਰ ਹੋਏ ਟਿੰਮ ਦਾ ਹੱਥ ਵੀ ਡੈਡ ਦੇ ਚਿਹਰੇ 'ਤੇ ਘੁੰਮਿਆਂ। ਨੰਨ੍ਹੇ ਜਿਹੇ ਜਿੰਮੀ ਨੇ ਡੈਡ ਦੀ ਗਲ੍ਹ ਨੂੰ ਛੂਹਿਆ ਤੇ ਭੋਲ਼ੀ ਅਦਾ 'ਚ ਆਖਿਆ, "ਡੈਡ! ਆਈ ਲਵ ਯੂ।" ਨੈਨਸੀ ਦੇ ਚਿਹਰੇ 'ਤੇ ਮੁਸਕਰਾਹਟ ਦੀ ਕਾਤਰ ਉੱਭਰ ਆਈ। ਪੁੱਤ ਨੂੰ ਮੋਹ ਨਾਲ਼ ਚੁੰਮਦਿਆਂ ਉਸ ਦੀਆਂ ਅੱਖਾਂ ਭਰ ਆਈਆਂ।

ਕਬਰਿਸਤਾਨ ਨੂੰ ਟੁਰਨ ਦਾ ਸਮਾਂ ਹੋ ਗਿਆ ਸੀ। ਕੈਸਕਿਟ ਬੰਦ ਕਰਦਿਆਂ ਨੈਨਸੀ ਦਾ ਚਿਹਰਾ ਇੱਕਦਮ ਹੀ ਬੁੱਝ ਗਿਆ। ਚਿਹਰੇ ਦੀ ਰੌਸ਼ਨੀ ਜਿਵੇਂ ਕੈਸਕਿਟ ਨੇ ਨਿਗ਼ਲ ਲਈ ਹੋਵੇ। ਉਹ ਲੜਖੜਾ ਗਈ। ਕੋਲ਼ ਖਲੋਤੇ ਉਸਦੇ ਮੌਮ-ਡੈਡ ਨੇ, "ਨੈਨਸੀ ਬੇਟੀ! ਹੌਸਲਾ ਰੱਖੋ" ਆਖਦਿਆਂ ਉਸਦੀ ਪਿੱਠ ਪਲੋਸੀ। ਦਰਦ-ਡੁੱਬਿਆ ਹਉਕਾ ਨੈਨਸੀ ਅੰਦਰੋਂ ਨਿਕ਼ਲ ਗਿਆ।

ਕਬਰਿਸਤਾਨ ਵਿੱਚ ਗਹਿਰੀ ਚੁੱਪ ਛਾਈ ਹੋਈ ਸੀ। ਨਾ ਕੋਈ ਅਲਾਰਮ, ਨਾ ਹੌਰਨ ਤੇ ਨਾ ਹੀ ਕੋਈ ਸਾਇਰਨ ... । ਕਬਰਿਸਤਾਨ ਦੇ ਵਾਸੀ, ਦੁੱਧ-ਚਿੱਟੀ ਬਰਫ਼ ਦੇ ਕੰਬਲ ਤਾਣੀ ਸ਼ਾਂਤੀ ਨਾਲ਼ ਸੁੱਤੇ ਪਏ ਸਨ। ਪਰ ਕਬਰਾਂ ਵਿੱਚ ਉਹ ਨਹੀਂ ਸਨ, ਉਨ੍ਹਾਂ ਦੀ ਮਿੱਟੀ ਸੀ। ਉਹ ਸਾਰੇ ਆਪੋ ਅਪਣੀ ਜੀਵਨ-ਜੰਗ ਲੜਦੇ ਤੇ ਉਸਨੂੰ ਉਚਿਤ ਸਾਬਤ ਕਰਦੇ-ਕਰਦੇ ਮੁੱਕ ਗਏ ਸਨ, ਖਾਕ ਹੋ ਗਏ ਸਨ। ਸਟੀਵ ਨੂੰ ਵੀ, ਫ਼ੌਜੀ ਰਸਮਾਂ ਨਾਲ਼ ਸਪੁਰਦ-ਏ-ਖ਼ਾਕ ਕਰ ਦਿੱਤਾ ਗਿਆ। ਉਥੋਂ ਟੁਰਨ ਲੱਗਿਆਂ ਮੇਰੇ ਕਦਮ ਨੈਨਸੀ ਵੱਲ ਪੁੱਟੇ ਗਏ। ਕੁੱਝ ਪਲ ਮੈਂ ਚੁੱਪ ਖਲੋਤਾ ਰਿਹਾ ਤੇ ਫਿਰ ਆਖਿਆ, "ਨੈਨਸੀ! ਬਹੁਤ ਮਾੜਾ ਹੋਇਆ। ਅਜੇ ਤਾਂ ਸਟੀਵ ਨੇ ਜ਼ਿੰਦਗੀ ਦੀਆਂ ਬਹੁਤ ਰੁੱਤਾਂ ਮਾਨਣੀਆਂ ਸਨ ... ।"

"ਡੇਵ! ਸਟੀਵ ਨੇ ਅਪ੍ਰੈਲ ਦੇ ਸ਼ੁਰੂ 'ਚ ਵਾਪਸ ਆ ਜਾਣਾ ਸੀ। ਈਸਟਰ ਅਸੀਂ ਇਕੱਠਿਆਂ ਮਨਾਉਣਾ ਸੀ। ਪਰ ਕੀ ਪਤਾ ਸੀ ਕਿ ਉਸਦੇ ਹਿੱਸੇ ਦੇ ਤਿਉਹਾਰ ਸਦਾ ਲਈ ਖ਼ਤਮ ... ।" ਗੱਲ ਉਸਦੇ ਦਰਦੀਲੇ ਹਉਕੇ 'ਚ ਡੁੱਬ ਗਈ। ਉਸਦੇ ਇਸ ਹਉਕੇ ਨੇ ਮੈਨੂੰ ਚਾਲੀ ਸਾਲ ਪਹਿਲਾਂ ਦੇ ਜੀਤਾਂ ਦੇ ਹਉਕੇ ਯਾਦ ਕਰਵਾ ਦਿੱਤੇ ... ਉਹ ਹਉਕੇ-ਹਟਕੋਰੇ, ਪਹਿਲਾਂ ਮੈਂ ਉਦੋਂ ਸੁਣੇ ਸਨ ਜਦੋਂ ਨਵਤੇਜ ਦੇ ਅਸਤ ਲੈ ਕੇ ਗਿਆ ਸੀ ਤੇ ਫਿਰ ਵਿਸਾਖੀ ਤੋਂ ਬਾਅਦ ਆਈ ਉਸਦੀ ਚਿੱਠੀ ਵਿੱਚੋਂ। ਉਸ ਵਿਸਾਖੀ ਨੂੰ ਮੇਰਾ ਅਪਣਾ ਮੂਡ ਬੜਾ ਖਰਾਬ ਰਿਹਾ ਸੀ। ਉਸ ਵਿਸਾਖੀ ਤੋਂ ਪਿਛਲੀ ਵਿਸਾਖੀ 'ਤੇ ਮੈਂ, ਨਵਤੇਜ ਤੇ ਜੀਤਾਂ ਭਾਬੀ ਇਕੱਠੇ ਸਾਂ। ਹਵਾਈ ਅੱਡੇ 'ਚ ਹੋਏ ਰੰਗਾਰੰਗ ਪ੍ਰੋਗਰਾਮ ਨੂੰ ਦੇਖਣ ਤੋਂ ਬਾਅਦ ਉਹ ਮੈਨੂੰ ਅਪਣੇ ਕੁਆਟਰ 'ਚ ਲੈ ਗਏ ਸਨ। ਅਸੀਂ ਇਕੱਠਿਆਂ ਰੋਟੀ ਖਾਧੀ ਸੀ। ਜੀਤਾਂ ਭਾਬੀ ਦੀ ਬਣਾਈ ਮਾਹਾਂ ਦੀ ਦਾਲ ਮੀਟ ਨਾਲ਼ੋਂ ਵੀ ਸੁਆਦ ਸੀ। "ਏਅਰ ਫੋਰਸ ਦੀ ਸਾਡੀ ਇਹ ਆਖਰੀ ਵਿਸਾਖੀ ਏ।" ਨਵਤੇਜ ਨੇ ਖੁਸ਼ੀ ਦੇ ਰਉਂ 'ਚ ਇਹ ਗੱਲ ਦੋ-ਤਿੰਨ ਵਾਰ ਆਖੀ ਸੀ। ਪਰ ਉਸਨੂੰ ਕੀ ਪਤਾ ਸੀ ਕਿ ਉਹ ਵਿਸਾਖੀ ਉਸਦੀ ਜ਼ਿੰਦਗੀ ਦੀ ਆਖਰੀ ਵਿਸਾਖੀ ਸੀ ... ਜੀਤਾਂ ਭਾਬੀ ਦੇ ਸੁਪਨਿਆਂ ਦੀ ਭਰੀ-ਭਰਾਈ ਫਸਲ ਤਬਾਹ ਹੋ ਗਈ ਸੀ। ਹੁਣ ਉਹ ਕਿਹੜੇ ਹਾਲੀਂ ਸੀ, ਕੁੱਝ ਨਹੀਂ ਸੀ ਪਤਾ। ਇੱਥੋਂ ਜਾ ਕੇ ਮਹੀਨੇ ਕੁ ਬਾਅਦ ਉਸਦੀ ਦੋ-ਸਤਰੀ ਚਿੱਠੀ ਆਈ ਸੀ। ਅਪਣੀ ਵਿਧਵਾ ਪੈਨਸ਼ਨ ਸਬੰਧੀ ਉਸਨੂੰ ਕੋਈ ਕਾਗਜ਼ ਚਾਹੀਦਾ ਸੀ। ਮੈਂ ਸੁਕਆਡਰਨ ਦੇ ਦਫ਼ਤਰੋਂ ਲੈ ਕੇ ਭੇਜ ਦਿੱਤਾ ਸੀ। ਤੇ ਫਿਰ ਵਿਸਾਖੀ ਤੋਂ ਹਫ਼ਤੇ ਕੁ ਬਾਅਦ ਉਸਦੀ ਦੂਜੀ ਚਿੱਠੀ ਆਈ ਸੀ। ਲਿਖਿਆ ਸੀ, 'ਮੇਰਾ ਤੇ ਨਵਤੇਜ ਦਾ ਰੂਹਾਂ ਦਾ ਨਾਤਾ ਸੀ। ਤੁਸੀਂ ਦੇਖਦੇ ਹੀ ਰਹੇ ਆਂ ਕਿ ਸਾਡੀ ਸਾਧਾਰਨ ਜਿਹੀ ਜ਼ਿੰਦਗੀ ਵਿੱਚ ਵੀ ਬਹਾਰਾਂ ਵਰਗੀ ਟਹਿਕ ਤੇ ਮਹਿਕ ਸੀ। ਉਹ ਸਭ ਨਵਤੇਜ ਦੇ ਸਾਥ ਦੀਆਂ ਬਰਕਤਾਂ ਸਨ। ਅਸੀਂ ਇੱਕ-ਦੂਜੇ ਦੇ ਮਾਣ ਵਿੱਚ ਉਡੇ ਫਿਰਦੇ ਸਾਂ। ਪਰ ਰੱਬ ਨੇ ਅਜਿਹਾ ਪਟਕਾ ਕੇ ਮਾਰਿਆ ਕਿ ਜ਼ਿੰਦਗੀ ਜ਼ਹਿਰ ਬਣ ਗਈ ਏ ... ਹੰਝੂ ਕੇਰਦਿਆਂ ਮੈਂ ਕਦੀ-ਕਦੀ ਨਵਤੇਜ ਨੂੰ ਆਵਾਜ਼ਾਂ ਮਾਰਨ ਲੱਗ ਜਾਂਦੀ ਹਾਂ ਕਿ ਆ ਕੇ ਦੇਖ, ਤੇਰੀ ਜੀਤਾਂ ਨਾਲ਼ ਕਿਵੇਂ ਬੇਇਨਸਾਫੀਆਂ ਹੋ ਰਹੀਆਂ ਨੇ, ਬਿਗਾਨਿਆਂ ਵੱਲੋਂ ਨਹੀਂ, ਆਪਣਿਆਂ ਵੱਲੋਂ। ਨਵਤੇਜ ਹੁਰਾਂ ਨੂੰ 'ਭਾ ਜੀ, ਭਾ ਜੀ' ਕਰਨ ਵਾਲ਼ਾ ਰੇਸ਼ਮ ਮੇਰੇ ਨਾਲ਼ ਰੋਹਬ ਨਾਲ਼ ਗੱਲ ਕਰਦੈ। ਸੱਸ ਦੇ ਦਿਲ 'ਚ ਹਮਦਰਦੀ ਹੈਗੀ ਏ ਪਰ ਉਸਦੀ ਪੁੱਛ-ਪ੍ਰਤੀਤ ਹੈ ਨ੍ਹੀਂ। ਦਰਾਣੀ ਘਰ ਦੇ ਕੰਮਾਂ ਤੋਂ ਪਾਸਾ ਵੱਟ ਜਾਂਦੀ ਏ। ਮੈਂ ਤਾਂ ਆਪ ਹੀ ਕੰਮਾਂ 'ਚ ਰੁੱਝੇ ਰਹਿਣਾ ਚਾਹੁੰਦੀ ਹਾਂ ਪਰ ਇਹ ਕਦਰ ਤਾਂ ਕਰਨ। ਜਿਹੜੀ ਮਾੜੀ-ਮੋਟੀ ਕਦਰ ਹੈਗੀ ਏ, ਉਹ ਪੈਨਸ਼ਨ ਕਰਕੇ ਐ। ਮਨ ਦੀ ਚੈਨ ਲਈ ਜਦੋਂ ਮੈਂ ਸਿਤਾਰ ਵਜਾਉਣ ਲਈ ਬੈਠਦੀ ਹਾਂ ਤਾਂ ਸਾਰੇ ਸੜ-ਬਲ ਜਾਂਦੇ ਹਨ। ਕਿੰਨੀ ਗਮਗੀਨ ਸੀ ਐਤਕੀਂ ਦੀ ਵਿਸਾਖੀ ... ।'

ਚਿੱਠੀ ਪੜ੍ਹ ਕੇ ਮੈਂ ਬੜਾ ਪ੍ਰੇਸ਼ਾਨ ਹੋਇਆ। ਪਰ ਨਾਲ਼ ਹੀ ਮਨ 'ਚ ਮਾਣ ਜਿਹਾ ਵੀ ਉੱਭਰਿਆ ... ਜੀਤਾਂ ਭਾਬੀ ਨੇ ਮੈਨੂੰ ਅਪਣਾ ਸਮਝ ਕੇ ਮੇਰੇ ਨਾਲ਼ ਦੁੱਖ-ਦਰਦ ਸਾਂਝੇ ਕੀਤੇ ਸਨ। ਚਿੱਠੀ ਦੇ ਅਖੀਰ 'ਚ ਉਸਨੇ ਅਪਣੇ ਬਾਪੂ ਦਾ ਐਡਰੈਸ ਲਿਖਿਆ ਹੋਇਆ ਸੀ।

ਜਵਾਬ ਵਿੱਚ ਮੈਂ ਅਪਣਤ ਭਿੱਜੇ ਸ਼ਬਦਾਂ ਰਾਹੀਂ ਜੀਤਾਂ ਨਾਲ਼ ਹਮਦਰਦੀ ਪ੍ਰਗਟਾਈ। ਅਪਣੀ ਸਹਾਇਤਾ ਦੀ ਪੇਸ਼ਕਸ਼ ਕੀਤੀ। ਦੁੱਖਾਂ ਨਾਲ਼ ਜੂਝਣ ਦਾ ਹੌਸਲਾ ਵੀ ਦਿੱਤਾ।

ਤੇ ਫਿਰ ਤਕਰੀਬਨ ਹਰ ਦੋ-ਤਿੰਨ ਮਹੀਨੇ ਬਾਅਦ, ਦੁੱਖ-ਦਰਦ ਬਿਆਨਦੀ ਉਸਦੀ ਚਿੱਠੀ ਆ ਜਾਂਦੀ। ਆਖਰ ਵਿੱਚ ਕਿਸਮਤ ਨੂੰ ਕੋਸਿਆ ਹੁੰਦਾ। ਉਸ ਸਾਲ ਦੀ ਦੀਵਾਲੀ ਨੂੰ ਉਸਨੇ ਕਲਮੂਹੀਂ ਦੀਵਾਲੀ ਲਿਖਿਆ ਸੀ। ਮੈਂ ਉਸਨੂੰ ਦਿਲਾਸਾ ਦਿੰਦਾ ਰਹਿੰਦਾ। ਹੋਰ ਕਰ ਵੀ ਕੀ ਸਕਦਾ ਸਾਂ। ਕਿਸਮਤ ਮੂਹਰੇ ਨਾ ਉਸਦਾ ਜ਼ੋਰ ਸੀ ਤੇ ਨਾ ਮੇਰਾ।

ਪਰ ਹੁਣ ਨੈਨਸੀ ਦੇ ਕੇਸ ਨੂੰ ਵੇਖਦਿਆਂ ਮੈਂ ਮਹਿਸੂਸ ਕਰ ਰਿਹਾ ਸਾਂ ਕਿ ਜੀਤਾਂ ਦੀਆਂ ਨਵਤੇਜ ਦੀ ਮੌਤ ਤੋਂ ਬਾਅਦ ਦੀਆਂ ਸਮੱਸਿਆਵਾਂ ਉਸਦੀ ਮਾੜੀ ਕਿਸਮਤ ਕਰਕੇ ਨਹੀਂ ਸਨ ... ਉਸਦੀਆਂ ਦੀਵਾਲੀਆਂ ਤੇ ਵਿਸਾਖੀਆਂ ਏਨੀਆਂ ਕਾਲੀਆਂ ਨਹੀਂ ਸਨ ਹੋਣੀਆਂ ਜੇ ਨਵਤੇਜ ਕਨੇਡਾ ਦਾ ਫ਼ੌਜੀ ਹੁੰਦਾ ... ਜੀਤਾਂ ਕੋਲ਼ ਆਪਣੀ ਜੌਬ ਵੀ ਹੋਣੀ ਸੀ ਤੇ ਸਰਕਾਰ ਵੱਲੋਂ ਚੰਗੀ ਪੈਨਸ਼ਨ ਵੀ ਮਿਲ਼ ਜਾਣੀ ਸੀ। ਕੀ ਲੋੜ ਸੀ ਉਸਨੂੰ ਰਿਸ਼ਤੇਦਾਰਾਂ ਤੇ ਹੋਰ ਲੋਕਾਂ ਵੱਲ ਝਾਕਣ ਦੀ?

ਨੈਨਸੀ ਨੂੰ ਅਜਿਹੀ ਕੋਈ ਲੋੜ ਨਹੀਂ ਸੀ ਪਈ। ਲੋਕਾਂ ਵੱਲੋਂ ਮਿ਼ਲੀ ਭਾਵਨਾਤਮਕ ਮੱਦਦ ਲਈ ਵੀ ਉਸਨੂੰ ਕਿਸੇ ਦੇ ਤਰਸ ਦੀ ਪਾਤਰ ਨਹੀਂ ਸੀ ਬਣਨਾ ਪਿਆ।

ਪਰ ਦੁੱਖ ਤਾਂ ਹਰ ਥਾਈਂ ਹੁੰਦੇ ਨੇ, ਆਪੋ-ਅਪਣੀ ਕਿਸਮ ਦੇ ... ਨੈਨਸੀ ਅਪਣੇ ਪੁੱਤਰ ਦੀ ਸਮੱਸਿਆ ਵਿੱਚ ਉਲਝੀ ਪਈ ਸੀ। ਇੱਕ ਦਿਨ ਜਦੋਂ ਮੈਂ ਨੈਨਸੀ ਨਾਲ਼ ਅਪਣੀ ਡਿਟੈਚਮੈਂਟ ਦਾ ਬੱਜਟ ਡਿਸਕਸ ਕਰਨ ਗਿਆ ਤਾਂ ਪੁੱਛ ਲਿਆ, "ਟਿੰਮ ਕਿਵੇਂ ਹੈ? ਕੋਈ ਫ਼ਰਕ ਪਿਆ?"

"ਫ਼ਰਕ ਉਹਦੇ 'ਚ ਨਹੀਂ, ਮੇਰੇ ਵਿੱਚ ਪੈਣਾ ਸ਼ੁਰੂ ਹੋ ਗਿਐ।"

"ਕੀ ਮਤਲਬ?" ਮੈਂ ਹੈਰਾਨ ਹੋ ਕੇ ਪੁੱਛਿਆ।

"ਪਹਿਲਾਂ ਮੈਂ ਉਸਨੂੰ ਅਪਣੇ ਹੀ ਹਿਸਾਬ ਨਾਲ਼ ਸਮਝਦੀ ਸੀ ਪਰ ਹੁਣ ਉਸ ਨੂੰ ਉਸਦੀ ਸੋਚ ਅਨੁਸਾਰ ਸਮਝਣ ਦੀ ਕੋਸ਼ਿਸ਼ ਕਰ ਰਹੀ ਹਾਂ। ਕੱਲ੍ਹ ਉਹ ਕੰਪਿਊਟਰ 'ਤੇ ਬੈਠਾ ਸੀ। ਮੈਂ ਪੁੱਛਿਆ ਕੀ ਕਰ ਰਿਹਾਂ। ਕਹਿਣ ਲੱਗਾ 'ਵਾਰ' ਲਫਜ਼ ਨੂੰ 'ਐਕਸਪਲੋਰ' ਕਰ ਰਿਹਾਂ। ਮੈਂ ਪੁੱਛਿਆ ਕਾਹਦੇ ਵਾਸਤੇ। ਕਹਿੰਦਾ ਸਕੂਲੋਂ ਐਸਾਈਨਮੈਂਟ ਮਿ਼ਲੀ ਹੈ। ਮੈਂ ਪੁੱਛਿਆ ਕਿ ਐਸਾਈਨਮੈਂਟ 'ਜੰਗ' ਬਾਰੇ ਹੈ। ਕਹਿੰਦਾ ਕਿਸੇ ਵੀ 'ਇੰਪੌਰਟੈਂਟ ਇਸ਼ੂ' 'ਤੇ ਲੇਖ ਲਿਖਣੈ। ਤਿੰਨ ਘੰਟੇ ਬੀਤ ਗਏ। ਮੈਂ ਜਾ ਕੇ ਦੇਖਿਆ ਤਾਂ ਦੰਗ ਰਹਿ ਗਈ। ਮੌਨੀਟਰ 'ਤੇ 'ਵਾਰ ਆਫ਼ ਥੌਟਸ' ਦੇ ਸਿਰਲੇਖ ਹੇਠ ਕੁੱਝ ਲਾਈਨਾਂ ਲਿਖੀਆਂ ਹੋਈਆਂ ਸਨ। ਮੈਂ ਮੰਨਦੀ ਹਾਂ ਕਿ ਅੱਜ-ਕੱਲ੍ਹ ਦੇ ਬੱਚੇ ਬਹੁਤ ਸੂਖਮ ਹਨ ਪਰ ਮੇਰਾ ਟਿੰਮ ਤਾਂ ... ।"

'ਟਣਨ-ਟਣਨ' ਨੈਨਸੀ ਨੇ ਗੱਲ ਵਿੱਚੇ ਛੱਡ, ਫੋਨ ਉਠਾ ਲਿਆ। ਸੁਣਨ ਉਪਰੰਤ ਉਹ ਮੈਨੂੰ ਸੰਬੋਧਿਤ ਹੋਈ, "ਬੇਸ-ਹੈਡਕੁਆਟਰ ਦੀ ਕਾਲ ਸੀ। ਸਾਰੀਆਂ ਯੂਨਿਟਾਂ 'ਚ 'ਹਾਈ ਐਲਰਟ' ਜਾਰੀ ਹੋ ਚੁੱਕੈ। ਸੂਹੀਆ ਏਜੰਸੀਆਂ ਨੂੰ ਸ਼ੱਕ ਹੈ ਕਿ ਇਨ੍ਹਾਂ ਦਿਨਾਂ ਵਿੱਚ ਕਨੇਡਾ ਦੀ ਕਿਸੇ ਏਅਰਪੋਰਟ ਜਾਂ ਫ਼ੌਜੀ ਟਿਕਾਣੇ 'ਤੇ ਅੱਤਵਾਦੀ ਹਮਲਾ ਹੋ ਸਕਦੈ। ਤੂੰ ਅਪਣੇ ਕਮਿਸ਼ਨੇਅਰਜ਼ ਨੂੰ ਹਦਾਇਤਾਂ ਦੇ ਆ, ਕਿ ਉਹ ਸੈਨਿਕਾਂ ਤੇ ਸਿਵਲੀਅਨਾਂ ਦੇ ਪਛਾਣ-ਪੱਤਰ ਬਾਰੀਕੀ ਨਾਲ਼ ਚੈੱਕ ਕਰਨ ਅਤੇ ਗੇਟਾਂ-ਬਿਲਡਿੰਗਾਂ ਦੀ ਆਵਾਜਾਈ 'ਤੇ ਘੋਖਵੀਂ ਨਜ਼ਰ ਰੱਖਣ ... ਸ਼ੱਕੀ ਨਕੋਲ-ਹਰਕਤ ਅਤੇ ਸ਼ੱਕੀ ਬੰਦੇ ਬਾਰੇ 'ਓਪਰੇਸ਼ਨ ਕੰਟਰੋਲ' ਨੂੰ ਤੁਰੰਤ ਕਾਲ ਕਰਨ।"

"ਓ.ਕੇ।" ਆਖ ਮੈਂ ਉੱਠ ਪਿਆ। ਕਾਰ ਵੱਲ ਨੂੰ ਜਾਂਦਿਆਂ ਮੈਂ ਟਿੰਮ ਦੀ 'ਵਿਚਾਰਾਂ ਦੀ ਜੰਗ' ਵਾਲੀ ਗੱਲ 'ਤੇ


# Elite Driving School

**Learn to drive with experienced, caring & friendly instructor**
**Lessons available in English, Hindi, Punjabi & Urdu**

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience
**15 Hours in Class Room & 10 Hours in Car Package Available**

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।





- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.

**Gurmail Dhaliwal (Garry)**
**780-265-6990**



**2019 61st St NW, Edmonton, AB, T6L 1M5**
**Tel: 780-265-6990 Fax: 780-461-6990**
**Email: elitedriving@hotmail.com, www.elitedrivingschoolltd.ca**

ਹੈਰਾਨ ਹੋਈ ਜਾ ਰਿਹਾ ਸਾਂ। ਅੱਜ-ਕੱਲ੍ਹ ਦੇ ਬੱਚੇ ਵਾਕਈ ਬਹੁਤ ਸ਼ਾਰਪ ਹਨ ... ਕੁੱਝ ਦਿਨ ਹੋਏ ਮੈਂ ਅਪਣੇ ਦਸ ਕੁ ਸਾਲ ਦੇ ਦੋਹਤੇ ਨਾਲ਼ ਅਪਣੀ ਏਅਰ ਫੌਰਸ ਦੀ ਨੌਕਰੀ ਦੀਆਂ ਗੱਲਾਂ ਕਰ ਰਿਹਾ ਸਾਂ। ਉਸ ਨੇ ਮੇਰੇ 'ਤੇ ਸਵਾਲ ਕਰ ਦਿੱਤਾ, "ਨਾਨੂੰ! ਜਹਾਜ਼ਾਂ ਵਿੱਚ ਤਾਂ ਪੈਸੈਂਜਰ ਬੈਠਦੇ ਆ। ਤੁਸੀਂ ਜਹਾਜ਼ਾਂ 'ਤੇ ਬੰਬ, ਮਿਜ਼ਾਈਲਾਂ ਜਾਂ ਹੋਰ ਵੈਪਨ ਕਿਉਂ ਲੋਡ ਕਰਦੇ ਸੀ?" ਮੈਂ ਕੀ ਜਵਾਬ ਦਿੰਦਾ! ਸੋਚੀਂ ਪੈ ਗਿਆ ਸਾਂ ਕਿ ਅਸੀਂ ਦਾਅਵੇ ਤਾਂ ਇਹ ਕਰ ਰਹੇ ਹਾਂ ਕਿ ਸਾਇੰਸ ਤੇ ਤਕਨਾਲੋਜੀ ਨੇ ਦੂਰੀਆਂ ਘਟਾ ਦਿੱਤੀਆਂ ਹਨ। ਦੁਨੀਆ ਦੇ ਸਾਰੇ ਮੁਲਕ ਇੱਕ-ਦੂਜੇ ਦੇ ਨੇੜੇ ਹੋ ਗਏ ਹਨ। ਪਰ ਇਸ ਨੇੜਤਾ ਵਿੱਚੋਂ ਨਿਕਲਿਆ ਕੀ ਹੈ? ਜੰਗ! ਹਰ ਪਾਸੇ ਜੰਗ ਦੇ ਖ਼ਤਰੇ ਦੀਆਂ ਘੰਟੀਆਂ ਵੱਜ ਰਹੀਆਂ ਹਨ ... 'ਐਲਰਟ' ... 'ਹਾਈ ਐਲਰਟ'।

ਬੇਸ ਅੰਦਰਲੀਆਂ ਪੋਸਟਾਂ ਦੇ ਕਮਿਸ਼ਨੇਅਰਾਂ ਨੂੰ ਚੌਕਸੀ-ਹਦਾਇਤਾਂ ਦੱਸਣ-ਸਮਝਾਉਣ ਬਾਅਦ ਮੈਂ ਡਿਕਸਨ ਆਰਮੁਰੀ ਜਾ ਪਹੁੰਚਿਆ। ਓਥੋਂ ਦੇ ਕਮਿਸ਼ਨ-ਅਰ ਨਾਲ਼ ਗੁਫ਼ਤਗੂ ਕਰਨ ਬਾਅਦ ਜਦੋਂ ਮੈਂ ਗਾਰਡ-ਰੂਮ 'ਚੋਂ ਬਾਹਰ ਨਿਕਲਿਆ ਤਾਂ ਡਮਿਟਰੀ ਟੱਕਰ ਪਿਆ। ਉਹ ਦੋ ਕੁ ਦਿਨ ਪਹਿਲਾਂ ਹੀ ਅਫਗਾਨਿਸਤਾਨ ਤੋਂ ਪਰਤਿਆ ਸੀ, ਅਪਣੀ ਦੂਜੀ ਟਰਮ ਪੂਰੀ ਕਰਕੇ। ਮੈਂ ਉਸਨੂੰ "ਵੈਲਕਮ ਬੈਕ" ਕਿਹਾ। ਉਸਨੇ ਧੰਨਵਾਦ ਕੀਤਾ। ਉਹ ਬਰੇਕ 'ਤੇ ਸੀ। ਸਾਡੀ 'ਹਾਈ ਐਲਰਟ' ਤੋਂ ਸ਼ੁਰੂ ਹੋਈ ਗੱਲ ਅਫਗਾਨਿਸਤਾਨ ਜੰਗ 'ਤੇ ਪਹੁੰਚ ਗਈ। "ਐਫਗੈਨਿਸਤੈਨ 'ਚ ਆਪਾਂ ਕਾਮਯਾਬ ਕਿਉਂ ਨਹੀਂ ਹੋ ਰਹੇ?" ਮੈਂ ਪੁੱਛਿਆ।

"ਡੇਵ! ਵੱਡਾ ਕਾਰਨ ਤਾਂ ਭੂਗੋਲਿਕ ਹੀ ਹੈ। ਉੱਥੋਂ ਦੀਆਂ ਪਹਾੜੀਆਂ, ਗੁਫਾਵਾਂ ਤੇ ਗੁਪਤ ਕੁੰਦਰਾਂ ਸਾਡੇ ਵਰਗੇ ਬਾਹਰਲੇ ਸੈਨਿਕਾਂ ਲਈ ਬੜੀਆਂ ਪੇਚੀਦਾ ਅਤੇ ਖ਼ਤਰਨਾਕ ਹਨ, ਜਦੋਂ ਕਿ ਤਾਲਿਬਾਨਾਂ ਲਈ ਉਹ ਅਟੁੱਟ ਗੁਪਤ ਮੋਰਚੇ ਹਨ। ਦੂਜਾ ਕਾਰਨ ਇਹ ਹੈ ਕਿ ਅਫਗਾਨ-ਪਾਕਿ ਬਾਰਡਰ ਖੁੱਲ੍ਹਾ ਪਿਆ ਹੈ। ਅਤਿਵਾਦੀਆਂ ਲਈ ਪਾਕਿਸਤਾਨ ਟਰੇਨਿੰਗ-ਸੈਂਟਰ ਵੀ ਹੈ ਅਤੇ ਸ਼ਰਨਗਾਹ ਵੀ। ਤੀਜਾ ਕਾਰਨ ਹੈ ਅਤਿਵਾਦੀਆਂ ਵੱਲੋਂ ਫੈਲਾਈ ਦਹਿਸ਼ਤ, ਜਿਸ ਕਰਕੇ ਉਨ੍ਹਾਂ ਖ਼ਿਲਾਫ਼ ਲੋਕ-ਵਿਦਰੋਹ ਨਹੀਂ ਉੱਠ ਰਿਹਾ।" ਗੱਲ ਨਿਬੇੜ ਕੇ ਡਮਿਟਰੀ ਹੱਥ 'ਚ ਫੜੀ ਕੌਫੀ ਦੇ ਘੁੱਟ ਭਰਨ ਲੱਗ ਪਿਆ।

"ਮਨੁੱਖੀ-ਬੰਬ ਕਿਹੜੀ ਉਮਰ ਦੇ ਬਣਦੇ ਹਨ?" ਮੈਂ ਸਵਾਲ ਕੀਤਾ।

"ਆਮ ਕਰਕੇ ਜਵਾਨ ਉਮਰ ਦੇ। ਤੂੰ ਜਾਣਦਾ ਹੈਂ ਕਿ ਧਾਰਮਿਕ ਕੱਟੜਤਾ ਜਵਾਨਾਂ ਦੇ ਮਨਾਂ 'ਚ ਤੇਜ਼ੀ ਨਾਲ਼ ਉੱਤਰ ਜਾਂਦੀ ਹੈ। ਇੱਕ ਮਨੁੱਖੀ-ਬੰਬ, ਕਾਰਾ ਕਰਨ ਤੋਂ ਪਹਿਲਾਂ ਸਾਡੇ ਹੱਥ ਆ ਗਿਆ। ਉਸਦੇ ਦਿਮਾਗ ਵਿੱਚ ਗੈਰ-ਮੁਸਲਿਮ ਲੋਕਾਂ ਖ਼ਾਸ ਕਰਕੇ ਉੱਤਰੀ ਅਮਰੀਕੀਆਂ ਤੇ ਯੂਰਪੀਨਾਂ ਵਿਰੁੱਧ ਨਫ਼ਰਤ ਕੁੱਟ-ਕੁੱਟ ਕੇ ਭਰੀ ਹੋਈ ਸੀ। ਅਸੀਂ ਉਸਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਤਾਲਿਬਾਨ ਧਰਮ ਦੇ ਨਾਂ 'ਤੇ ਲੋਕਾਂ ਦੀ ਅਕਲ ਨੂੰ ਜੰਦਰੇ ਮਾਰ ਰਹੇ ਹਨ। ਸਾਇੰਸ ਤੇ ਤਕਨਾਲੋਜੀ ਨੂੰ ਰੱਦ ਕਰਕੇ ਲੋਕਾਂ ਨੂੰ ਅਗਿਆਨਤਾ ਦੇ ਹਨ੍ਹੇਰੇ ਵਿੱਚ ਡੱਕ ਰਹੇ ਹਨ। ਸਾਡੀ ਇਹ ਦਲੀਲ ਕਿ ਤਾਲਿਬਾਨਾਂ ਦੀ ਜਹਾਲਤ ਅਤੇ ਵਹਿਸ਼ਤ ਐਫਗੈਨਿਸਤੈਨ ਨੂੰ ਭੁੱਖਮਰੀ, ਗਰੀਬੀ ਤੇ ਤਬਾਹੀ ਦੇ ਨਰਕ 'ਚ ਸੁੱਟ ਦਏਗੀ, ਉਸਦੇ ਬਿਲਕੁਲ ਹੀ ਖਾਨੇ ਨਾ ਪਈ। ਉਹ ਅਪਣੇ ਤੇ ਹੋਰਨਾਂ ਦੇ ਘਾਣ ਵਿੱਚੋਂ ਬਹਿਸ਼ਤ ਦੇ ਸੁਪਨੇ ਦੇਖ ਰਿਹਾ ਸੀ। ਅਫਗਾਨੀਆਂ 'ਚ ਮੁੜ੍ਹਪੁਣਾ ਵੀ ਬਹੁਤ ਹੈ।" ਡਮਿਟਰੀ ਦੀ ਨਿਗ੍ਹਾ ਘੜੀ 'ਤੇ ਚਲੀ ਗਈ। ਉਸਦਾ ਬਰੇਕ-ਟਾਈਮ ਖ਼ਤਮ ਹੋ ਗਿਆ ਲੱਗਦਾ ਸੀ।

"ਬੜਾ ਅਜੀਬ ਮੁਲਕ ਏ। ਸਾਰੀ ਦੁਨੀਆਂ 'ਤੇ ਰਾਜ ਕਰਨ ਵਾਲ਼ਾ ਬਰਤਾਨੀਆ ਵੀ ਓਥੇ ਸਫ਼ਲ ਨਹੀਂ ਸੀ ਹੋ ਸਕਿਆ।" ਮੈਂ ਕਿਹਾ।

"ਕਹਿੰਦੇ ਹਨ, ਇੱਕ ਸਿੱਖ ਬਾਦਸ਼ਾਹ ਨੇ ਐਫਗੈਨਿਸਤੈਨ 'ਚ ਅਪਣੀ ਧਾਂਕ ਜਮਾ ਲਈ ਸੀ।" ਡਮਿਟਰੀ ਮੇਰੇ ਨਾਲ਼ ਹੀ ਲੌਬੀ ਵਿੱਚ ਨੂੰ ਟੁਰ ਪਿਆ।

"ਯਾਅ, ਉਸਦਾ ਨਾਂ ਮਹਾਰਾਜਾ ਰਣਜੀਤ ਸਿੰਘ ਸੀ।" ਮੈਂ ਮਾਣ ਨਾਲ਼ ਦੱਸਿਆ।

"ਓ.ਕੇ, ਹੈਵ ਏ ਨਾਈਸ ਈਵਨਿੰਗ।" ਆਖਦਿਆਂ ਡਮਿਟਰੀ ਲੌਬੀ ਦੇ ਇੱਕ ਪਾਸੇ ਲੱਗੇ ਛੋਟੇ ਜਿਹੇ ਟੈਂਟ ਵੱਲ ਨੂੰ ਹੋ ਗਿਆ।

ਕਿਸੇ ਦੀ ਵਿਦਾਇਗੀ-ਪਾਰਟੀ ਦੀ ਤਿਆਰੀ ਹੋ ਰਹੀ ਲੱਗਦੀ ਸੀ। ਆਰਮੁਰੀ ਤੋਂ ਬਾਹਰ ਆਉਂਦਿਆਂ ਮੇਰੀ ਸੋਚ ਵਿੱਚ ਇਸ ਛੋਟੇ ਟੈਂਟ ਦੀ ਥਾਂ ... ਵੱਡੇ-ਵੱਡੇ ਟੈਂਟ ਸਾਕਾਰ ਹੋ ਗਏ ... ਉਨ੍ਹਾਂ ਟੈਂਟਾਂ ਵਿੱਚ, ਪਿਛਲੇ ਹਫ਼ਤੇ, ਸਟੀਵ ਹੁਰਾਂ ਦੀ ਯੂਨਿਟ ਦਾ ਵਰ੍ਹੇਗੰਢ ਸਮਾਗਮ ਹੋਇਆ ਸੀ। ਬੇਸ ਤੋਂ ਅਸੀਂ ਕਈ ਜਣੇ ਆਏ ਸਾਂ। ਯੂਨਿਟ ਦੀ ਵਧੀਆ ਕਾਰਗੁਜ਼ਾਰੀ ਬਾਰੇ ਬੋਲਦਿਆਂ, ਓਪਰੇਸ਼ਨ ਕਮਾਂਡਰ ਨੇ ਕੁੱਝ ਸਿਰਲੱਥ ਸੈਨਿਕਾਂ ਦਾ ਮਾਣ ਨਾਲ਼ ਜ਼ਿਕਰ ਕੀਤਾ ਸੀ। ਸਟੀਵ ਨੂੰ ਵਿਸ਼ੇਸ਼ ਤੌਰ 'ਤੇ ਯਾਦ ਕਰਦਿਆਂ ਨੈਨਸੀ ਨੂੰ ਸਨਮਾਨਿਤ ਕੀਤਾ ਗਿਆ ਸੀ। ਨੈਨਸੀ ਨਾਲ਼ ਟਿੰਮ ਵੀ ਸੀ।

ਫੰਕਸ਼ਨ ਦੀ ਸਮਾਪਤੀ 'ਤੇ ਮੈਂ ਵੀ ਉਨ੍ਹਾਂ ਨਾਲ਼ ਟੁਰ ਪਿਆ। ਹਥਿਆਰਾਂ ਦੀ ਪ੍ਰਦਰਸ਼ਨੀ ਕੋਲੋਂ ਲੰਘਦਿਆਂ ਟਿੰਮ ਰੁਕ ਗਿਆ। ਮੈਂ ਤੇ ਨੈਨਸੀ ਵੀ ਖੜ੍ਹ ਗਏ। ਵੱਡੇ-ਵੱਡੇ ਮੇਜ਼ਾਂ ਉੱਪਰ ਪਿਸਟਲ, ਸਟੇਨਾਂ, ਐਲ.ਐਮ.ਜੀਆਂ, ਐਮ.ਐਮ ਜੀਆਂ, ਰਾਕਟ ਲਾਂਚਰ, ਗਰਨੇਡ ਲਾਂਚਰ ਅਤੇ ਹੋਰ ਕਈ ਹਥਿਆਰ ਸਜਾਏ ਪਏ ਸਨ। ਦਰਸ਼ਕਾਂ ਨਾਲ਼ ਵਾਰਤਾਲਾਪ ਕਰ ਰਹੇ ਸੈਨਿਕ, ਉਨ੍ਹਾਂ ਹਥਿਆਰਾਂ ਨੂੰ ਨਵੀਨ ਤਕਨਾਲੋਜੀ ਦੇ ਵਧੀਆ ਹਥਿਆਰ ਕਰਾਰ ਦੇ ਰਹੇ ਸਨ।

"ਮੌਮ! ਜਦ ਸਾਡੇ ਸੈਨਿਕਾਂ ਕੋਲ਼ ਏਨੇ ਵਧੀਆ ਹਥਿਆਰ ਹਨ ਤਾਂ ਉਹ ਐਫਗੈਨਿਸਤੈਨ 'ਚ ਸਫ਼ਲ ਕਿਉਂ ਨਹੀਂ ਹੋ ਰਹੇ।" ਟਿੰਮ ਨੇ ਮੱਥਾ ਸੁਕੇੜਦਿਆਂ ਪੁੱਛਿਆ।

"ਉਨ੍ਹਾਂ ਕੋਲ਼ ਵੀ ਵਧੀਆ ਹਥਿਆਰ ਹੈਗੇ ਨੇ।" ਨੈਨਸੀ ਨੇ ਉੱਤਰ ਦਿੱਤਾ।

"ਉਹ ਬਣਾਉਂਦੇ ਨੇ?"

"ਦੇਸੀ ਕਿਸਮ ਦੇ ਤਾਂ ਉਹ ਬਣਾ ਲੈਂਦੇ ਹਨ ਪਰ ਵਧੀਆ ਨਵੀਨ ਹਥਿਆਰ ਉਹ ਇੱਧਰੋਂ-ਉੱਧਰੋਂ ਖਰੀਦਦੇ ਹਨ।"

"ਕਿੱਥੋਂ?"

"ਕੁੱਝ ਦੇਸ਼ ਹਥਿਆਰਾਂ ਦਾ ਬਿਜ਼ਨਿਸ ਕਰਦੇ ਨੇ।"

"ਵ੍ਹੱਟ! ਵੈਪਨ ਬਿਜ਼ਨਿਸ! !" ਟਿੰਮ ਨੂੰ ਜਿਵੇਂ ਕਰੰਟ ਵੱਜਾ ਹੋਵੇ। ਉਸਦਾ ਹੈਰਾਨਗੀ 'ਚ ਝੁੰਜਲਾਇਆ ਚਿਹਰਾ, ਪਲਾਂ ਵਿੱਚ ਹੀ ਅੰਗਿਆਰਾਂ ਵਾਂਗ ਭਖ ਉੱਠਿਆ। ਖਰ੍ਹਵੀ ਆਵਾਜ਼ ਵਿੱਚ ਉਹ ਬੋਲਿਆ, "ਇਸਦਾ ਮਤਲਬ ਡੈਡ ਨੂੰ ਮਾਰਨ ਵਾਲ਼ੇ 'ਕੱਲੇ ਤਾਲਿਬਾਨ ਨਹੀਂ, ਹਥਿਆਰਾਂ ਦੇ ਵਪਾਰੀ ਵੀ ਹਨ ... ਆਈ ਡੋਂਟ ਅੰਡਰਸਟੈਂਡ ਦਿਸ ਬੁਲਸ਼ਿਟ।"

"ਲਿਸਨ ਮਾਈ ਪਰੈਸ਼ਿਅਸ ਚਾਇਲਡ! ਆਪਾਂ ਨੂੰ ਉਨ੍ਹਾਂ ਮਸਲਿਆਂ ਬਾਰੇ ਹੀ ਸਿਰ ਖਪਾਉਣਾ ਚਾਹੀਦੈ, ਜਿਹੜੇ ਸਾਡੇ ਵੱਸ ਵਿੱਚ ਹਨ। ਯੂ ਟੇਕ ਇਟ ਇਜ਼ੀ ... ਟੇਕ ਇਟ ਇਜ਼ੀ ਮਾਈ ਸਨ।" ਹੱਥ ਵਿਚਲਾ ਬੈਗ ਮੈਨੂੰ ਫੜਾ ਕੇ, ਨੈਨਸੀ ਦੋਨਾਂ ਹੱਥਾਂ ਨਾਲ਼ ਪੁੱਤ ਦੇ ਮੋਢੇ ਘੁੱਟਣ ਲੱਗ ਪਈ ਤੇ ਉਸਨੂੰ ਕਿਸੇ ਹੋਰ ਗੱਲ 'ਚ ਪਾ ਕੇ ਕਾਰ ਵਿੱਚ ਲਿਜਾ ਬਿਠਾਇਆ।

ਉਨ੍ਹਾਂ ਨੂੰ ਤੋਰ ਕੇ ਜਦੋਂ ਮੈਂ ਅਪਣੀ ਕਾਰ 'ਚ ਬੈਠਾ ਤਾਂ ਮੇਰੇ ਕੰਨਾਂ ਵਿੱਚ ਨਵਤੇਜ ਦੀ ਜੰਗ ਦੇ ਦਿਨਾਂ ਵਿੱਚ ਕਹੀ ਗੱਲ ਗੂੰਜ ਗਈ, "ਇੱਕ ਵੱਡਾ ਦੇਸ਼ ਪਾਕਿਸਤਾਨ ਨੂੰ ਹਥਿਆਰ ਵੇਚੀ ਜਾਂਦੈ, ਦੂਜਾ ਵੱਡਾ ਦੇਸ਼ ਭਾਰਤ ਨੂੰ। ਪਾਕਿਸਤਾਨ ਨਾਲ਼ ਸਾਡੀ ਇਹ ਤੀਜੀ ਲੜਾਈ ਆ। ਦੋਨਾਂ ਦੇਸ਼ਾਂ ਦੇ ਹਜ਼ਾਰਾਂ ਫ਼ੌਜੀ ਮਰ ਚੁੱਕੇ ਆ। ਮਸਲਾ ਓਥੇ ਦਾ ਓਥੇ ਹੀ ਐ। ਹੋਰ ਪਤਾ ਨਹੀਂ ਅਜੇ ਕਿੰਨੀਆ ਲੜਾਈਆਂ ਹੋਣੀਆਂ ਨੇ ਤੇ ਕਿੰਨੇ ਫ਼ੌਜੀ ਮਰਨੇ ਹਨ।"

ਨਵਤੇਜ ਨੂੰ ਕੀ ਪਤਾ ਸੀ ਕਿ ਉਸਦੀ ਵਾਰੀ ਵੀ ਆਈ ਖੜ੍ਹੀ ਸੀ ਤੇ ਮਗਰੋਂ ਉਸਦੀ ਪਤਨੀ ਦਾ ਕੀ ਹਾਲ ਹੋਣਾ ਸੀ।

ਮੈਂ ਛੁੱਟੀ ਗਿਆ ਤਾਂ ਨਵਤੇਜ ਦੇ ਪਿੰਡ ਵੀ ਗੇੜਾ ਲੱਗਾ। ਸਾਡਾ ਆਉਣ-ਜਾਣ ਬਣਿਆ ਹੋਇਆ ਸੀ। ਜੀਤਾਂ ਭਾਬੀ ਦੀਆਂ ਚਿੱਠੀਆਂ 'ਚ ਪੜ੍ਹੇ ਦੁੱਖਾਂ-ਕਸ਼ਟਾਂ ਦੀ ਝਲਕ ਅੱਖੀਂ ਵੇਖੀ। ਸ਼ਾਦੀ-ਸ਼ੁਦਾ, ਅਨਪੜ੍ਹ ਜਿਹੇ ਰੇਸ਼ਮ ਦੀ, ਭਰਜਾਈ ਅਤੇ ਭਰਜਾਈ ਦੀ ਪੈਨਸ਼ਨ 'ਤੇ ਕਬਜ਼ਾ ਕਰਨ ਦੀ ਨੀਅਤ ਨੇ ਮੇਰੇ ਅੰਦਰ ਵਿਦਰੋਹ ਖੜ੍ਹਾ ਕਰ ਦਿੱਤਾ। ਜੀਤਾਂ ਦੀ ਸੁਚੱਜਤਾ ਅਤੇ ਪੜ੍ਹਾਈ ਦਾ ਪ੍ਰਭਾਵ ਤਾਂ ਮੇਰੇ 'ਤੇ ਪਹਿਲਾਂ ਹੀ ਸੀ। ਹੁਣ ਉਸਦੀ ਸੁੰਦਰਤਾ ਦੀ ਖਿੱਚ ਵੀ ਪੈਣ ਲੱਗ ਪਈ। ਅਜਿਹੇ ਪਲਾਂ ਵਿੱਚ ਮੈਨੂੰ ਅਪਣਾ-ਆਪ ਝੂਠਾ ਜਿਹਾ ਲੱਗਣ ਲੱਗ ਪੈਂਦਾ, ਜਿਵੇਂ ਮੈਂ ਨਵਤੇਜ ਨਾਲ਼ ਦਗਾ ਕਮਾ ਰਿਹਾ ਹੋਵਾਂ। ਮਨ ਅੰਦਰ ਕਸ਼ਮਕਸ਼ ਸ਼ੁਰੂ ਹੋ ਜਾਂਦੀ।

ਪਰ ਮੈਂ ਛੇਤੀ ਹੀ ਦੁਬਿਧਾ 'ਚੋਂ ਨਿਕਲ਼ ਆਇਆ ਸਾਂ। ਮੇਰੇ ਦੋਸਤ ਦੀ ਵਿਧਵਾ ਸੰਕਟ 'ਚ ਸੀ। ਉਸ ਨਾਲ਼ ਬੇਇਨਸਾਫ਼ੀ ਹੋ ਰਹੀ ਸੀ। ਬੇਇਨਸਾਫ਼ੀਆਂ, ਖ਼ੁਦਗਰਜ਼ੀਆਂ ਨੇ ਉਸਨੂੰ ਰੋਲ਼ ਦੇਣਾ ਸੀ। ਉਸਦੀ ਮਾਰੂਥਲੀ ਵਾਟ ਵਿੱਚ ਦੂਰ ਤੱਕ ਹਨ੍ਹੇਰਾ ਹੀ ਹਨ੍ਹੇਰਾ ਸੀ। ਜੀਤਾਂ ਨੂੰ ਚਿੱਠੀ ਰਾਹੀਂ ਟੋਹ ਲੈਣ ਬਾਅਦ ਮੈਂ ਉਸ ਨੂੰ ਅਪਨਾਉਣ ਦਾ ਫ਼ੈਸਲਾ ਕਰ ਲਿਆ। ਪਰ ਮੇਰੇ ਘਰਦਿਆਂ ਨੇ ਅੜਿੱਕਾ ਡਾਹ ਦਿੱਤਾ। ਮਾਂ ਤੇ ਬਾਪੂ ਚਿੱਠੀਆਂ ਵਿੱਚ ਵਾਸਤੇ ਜਿਹੇ ਪਾਉਣ ਲੱਗ ਪਏ, "ਸੌ ਸੁੱਖਾਂ ਦਾ ਤੂੰ ਸਾਡਾ ਇੱਕੋ-ਇੱਕ ਪੁੱਤ ਏਂ। ਅਪਣੇ ਮਨਾਂ ਵਿੱਚ ਅਸੀਂ ਤਾਂ ਪਤਾ ਨਹੀਂ ਕਦੋਂ ਦੇ ਤੇਰੇ ਵਿਆਹ ਦੀਆਂ ਰੀਝਾਂ ਬੁਣ ਰਹੇ ਹਾਂ। ਤੈਨੂੰ ਚੰਗੇ ਘਰਾਂ ਦੇ ਰਿਸ਼ਤੇ ਆ ਰਹੇ ਆ। ਵਿਧਵਾ ਨਾਲ਼ ਤੈਨੂੰ ਕਿਸ ਤਰ੍ਹਾਂ ਵਿਆਹ ਦਈਏ ... ।"

ਮੈਥੋਂ ਵੱਡੀਆਂ ਤਿੰਨ ਭੈਣਾਂ ਨੇ ਵੀ ਇਹੋ ਜਿਹੀਆਂ ਹੀ ਚਿੱਠੀਆਂ ਪਾਈਆਂ ਸਨ, 'ਸਾਨੂੰ ਮਸਾਂ-ਮਸਾਂ ਦੇ ਅਪਣੇ ਰਾਜੇ ਵੀਰ ਲਈ ਨਵੀਂ -ਨਵੇਲੀ ਦੁਲਹਨ ਚਾਹੀਦੀ ਏ ... ।

ਮਾਪਿਆਂ ਦੀਆਂ ਰੀਝਾਂ ਸੱਧਰਾਂ ਮੇਰੇ ਪੈਰਾਂ ਦੀਆਂ ਬੇੜੀਆਂ ਬਣ ਗਈਆਂ। ਜੀਤਾਂ ਅੰਦਰ ਆਸ ਦੀ ਕਿਰਨ ਜਗਾ ਕੇ, ਉਸਨੂੰ ਹਨ੍ਹੇਰੇ ਵਿੱਚ ਹੀ ਛੱਡ ਦੇਣ ਦੀ ਨਮੋਸ਼ੀ ਮੇਰੇ ਮਨ ਵਿੱਚ ਜ਼ਿੰਦਗੀ ਭਰ ਖੁੱਭੀ ਰਹੀ।

ਮੇਰਾ ਵਿਆਹ ਹੋ ਗਿਆ। ਕੁਦਰਤੀ ਸੁੱਘੜ-ਸਿਆਣੀ ਪਤਨੀ ਮਿਲ਼ ਗਈ। ਉਸਦੇ ਸੰਗ, ਜੀਵਨ-ਸਫ਼ਰ ਦੇ ਸਾਲਾਂ ਦੇ ਸਾਲ ਕਦੋਂ ਬੀਤ ਗਏ, ਪਤਾ ਹੀ ਨਾ ਲੱਗਾ।

ਜੀਤਾਂ ਭਾਬੀ ਬਾਰੇ ਆਸਿਓਂ-ਪਾਸਿਓਂ ਖ਼ਬਰ ਮਿਲ਼ਦੀ ਰਹੀ। ਰੇਸ਼ਮ ਦੀ ਖੋਟੀ ਨੀਅਤ ਤੋਂ ਸਤ ਕੇ ਉਹ ਪੇਕੀਂ ਚਲੀ ਗਈ ਸੀ। ਲਾਗੇ ਪੈਂਦੇ ਸ਼ਾਮਚੁਰਾਸੀ ਕਸਬੇ ਦੇ ਨਾਮਵਰ ਉਸਤਾਦ ਕੋਲੋਂ ਸੰਗੀਤ ਦੀ ਲੰਮੀ ਸਿੱਖਿਆ ਲਈ ਤੇ ਇੱਕ ਸਕੂਲ 'ਚ ਸੰਗੀਤ ਅਧਿਆਪਕਾ ਲੱਗ ਗਈ। ਉਸਦੇ ਬੁੱਢੇ ਮਾਂ-ਪਿਉ ਨੂੰ ਉਸ ਨਾਲ਼ ਪੂਰਾ ਹਿਤ ਸੀ ਪਰ ਉਸਦੇ ਭਰਾਵਾਂ-ਭਰਜਾਈਆਂ ਦਾ ਹਿਤ ਉਸਦੀ ਪੈਨਸ਼ਨ ਤੇ ਤਨਖ਼ਾਹ ਨਾਲ਼ ਹੀ ਸੀ।

ਕੁੱਝ ਸਾਲਾਂ ਬਾਅਦ ਜੀਤਾਂ ਨੇ ਜਲੰਧਰ ਵਿੱਚ ਸੰਗੀਤ ਅਕੈਡਮੀ ਖੋਲ੍ਹ ਲਈ ਸੀ। ਅਕੈਡਮੀ ਦਾ ਵਾਹਵਾ ਨਾਂ ਬਣ ਗਿਆ ਸੀ ਪਰ ਜੀਤਾਂ ਦੇ ਕਿਸੇ ਸੰਗੀਤਕਾਰ ਨਾਲ਼ ਸਬੰਧਾਂ ਬਾਰੇ ਪਏ ਲੋਕ-ਰੌਲ਼ੇ ਨੇ ਅਕੈਡਮੀ ਦਾ ਨਾਂ ਮੱਧਮ ਪਾ ਦਿੱਤਾ ਸੀ।

ਨਵਤੇਜ ਨੂੰ ਮਾਰਨ ਵਾਲੀ ਜੰਗ ਤਾਂ ਸਿਰਫ਼ ਦੋ ਕੁ ਹਫ਼ਤੇ ਹੀ ਚੱਲੀ ਸੀ ਪਰ ਉਸਦੀ ਵਿਧਵਾ ਜੀਤਾਂ ਦੀ ਜੰਗ ਸਾਰੀ ਉਮਰ ਹੀ ਚੱਲਦੀ ਰਹੀ। ਤੇ ਇਸ ਜੰਗ ਵਿੱਚ ਉਸਨੂੰ ਪਤਾ ਨਹੀਂ ਕਿੰਨੀ ਵਾਰ ਮਰਨਾ ਪਿਆ ਸੀ।

ਮੈਂ ਜੰਗਾਂ ਵਾਲੀ ਨੌਕਰੀ ਦੇ ਆਸਰੇ ਟੱਬਰ ਪਾਲ਼ਦਾ ਰਿਹਾ। ਇੱਕੀ ਸਾਲ ਬਾਅਦ ਰਿਟਾਇਰ ਹੋਇਆ। 'ਕੱਲੀ ਪੈਨਸ਼ਨ ਨਾਲ਼ ਗੁਜ਼ਾਰਾ ਨਾ ਚੱਲਿਆ। ਅਪਣੀ ਥੋੜ੍ਹੀ ਕੁ ਜਮੀਨ 'ਚ ਖੇਤੀ ਕਰਨ ਲੱਗ ਪਿਆ।

ਸਾਡੀ ਵੱਡੀ ਲੜਕੀ ਕਨੇਡਾ ਵਿਆਹੀ ਗਈ। ਉਸਨੇ ਸਾਨੂੰ ਵੀ ਕਨੇਡਾ ਸੱਦ ਲਿਆ।

ਤੇ ਇੱਥੇ ਜਦੋਂ 'ਕਮਿਸ਼ਨੇਅਰਜ਼' ਦੀ ਫ਼ੌਜੀ ਰੈਂਕਾਂ ਵਾਲ਼ੀ ਸਕਿਉਰਟੀ ਵਰਦੀ ਪਾ ਕੇ ਬੇਸ ਵਿੱਚ ਫ਼ੌਜੀਆਂ ਨਾਲ਼ ਕੰਮ ਕਰਨ ਲੱਗਾ ਤਾਂ ਇੱਕ ਤਰ੍ਹਾਂ ਨਾਲ਼ ਮੁੜ ਫ਼ੌਜੀ ਬਣ ਗਿਆ। ਪਿਛਲੀ ਫ਼ੌਜੀ ਨੌਕਰੀ ਦੌਰਾਨ ਮਿਲ਼ੇ ਰਿਬਨ ਸਾਨੂੰ ਅਪਣੀਆਂ ਵਰਦੀਆਂ 'ਤੇ ਲਾਉਣੇ ਪੈਂਦੇ ਸਨ। ਕੰਪਨੀ ਦੀ ਸਲਾਨਾ-ਪਾਰਟੀ ਅਤੇ ਹੋਰ ਵਿਸ਼ੇਸ਼ ਮੌਕਿਆਂ 'ਤੇ ਮੈਡਲ ਵੀ ਲਾਈਦੇ ਸਨ।

ਪਿਛਲੀ ਸਲਾਨਾ ਪਾਰਟੀ 'ਚ ਕੰਪਨੀ ਦੇ ਕਲਾਇਟਾਂ ਦੇ ਪ੍ਰਤੀਨਿਧਾਂ ਵਜੋਂ ਸਟੀਵ ਵੀ ਆਇਆ ਸੀ। ਵਿਸਕੀ ਦੇ ਘੁੱਟ ਭਰਦੇ ਅਸੀਂ ਗੱਲਾਂ ਕਰ ਰਹੇ ਸਾਂ। ਉਸਦਾ ਧਿਆਨ ਮੇਰੇ ਮੈਡਲਾਂ ਵੱਲ ਚਲਾ ਗਿਆ। ਸੁਨਹਿਰੀ ਭਾਅ ਮਾਰਦੇ, ਕਿੰਗਰਿਆਂ ਵਾਲ਼ੇ ਇੱਕ ਮੈਡਲ ਨੂੰ ਨਿਹਾਰਦਿਆਂ ਉਸ ਪੁੱਛਿਆ, "ਇਹ ਕਿਹੜੀ ਜੰਗ ਦਾ ਹੈ?"

"1971 ਦੀ ਭਾਰਤ-ਪਾਕਿ ਜੰਗ ਦਾ।"

"ਭਰਾਵਾਂ ਨਾਲ਼ ਲੜੀਆਂ ਲੜਾਈਆਂ ਦੇ ਕਾਹਦੇ ਮੈਡਲ?"

ਮੈਨੂੰ ਪਤਾ ਸੀ, ਸਟੀਵ ਐਵੇਂ ਨਹੀਂ ਸੀ ਕਹਿ ਰਿਹਾ। ਅਫਗਾਨਿਸਤਾਨ ਜੰਗ ਦੀ ਰਣਨੀਤੀ ਦੇ ਸਬੰਧ 'ਚ, ਉਹ ਅਮਰੀਕਾ-ਕਨੇਡਾ ਦੇ ਵਿਸ਼ੇਸ਼ ਸੈਨਿਕਾਂ ਦੀ ਟੀਮ ਨਾਲ਼ ਪਾਕਿਸਤਾਨ ਜਾ ਆਇਆ ਸੀ। ਉਸ ਟੀਮ ਨੂੰ ਪਾਕਿਸਤਾਨ ਦੇ ਇਤਿਹਾਸ ਬਾਰੇ ਵੀ ਮੋਟੀ-ਮੋਟੀ ਜਾਣਕਾਰੀ ਦਿੱਤੀ ਗਈ ਸੀ। ਉਸਦੇ ਪ੍ਰਸ਼ਨ ਦੇ ਉੱਤਰ 'ਚ ਮੈਂ ਕਿਹਾ, "ਭਰਾ ਹੋਵੇ ਜਾਂ ਕੋਈ ਹੋਰ, ਜੇ ਉਹ ਜ਼ਿਆਦਤੀਆਂ ਤੋਂ ਬਾਜ ਨਹੀਂ ਆਉਂਦਾ ਤਾਂ ਉਸਨੂੰ ਸਬਕ ਤਾਂ ਸਿਖਾਉਣਾ ਹੀ ਪੈਂਦਾ ਏ।"

"ਪਰ ਡੇਵ! ਉਸ ਜੰਗ ਦੀ ਕੋਈ ਜਸਟੀਫਿਕੇਸ਼ਨ ਨਹੀਂ ਬਣਦੀ। ਉਹ ਤੁਹਾਡੀ ਉਸ ਵੇਲੇ ਦੀ ਪ੍ਰਧਾਨ ਮੰਤਰੀ ਦੀ ਸਿਆਸੀ ਖੇਡ ਸੀ।"

"ਸਟੀਵ! ਜੇ ਆਪਾਂ ਸਾਰੀ ਦੁਨੀਆਂ ਦੀਆਂ ਹੁਣ ਤੱਕ ਹੋਈਆਂ ਜੰਗਾਂ ਦੀ ਪੁਣ-ਛਾਣ ਕਰੀਏ ਤਾਂ ਉਚਿੱਤਤਾ ਤਾਂ ਸ਼ਾਇਦ ਕੁੱਝ ਕੁ ਜੰਗਾਂ ਦੀ ਹੀ ਬਣੇਗੀ ... । ਇਹ ਐਫਗੈਨਿਸਤੈਨ ਜੰਗ ਵੀ ਤਾਂ ਆਪਾਂ ਅਪਣੇ ਗੁਆਂਢੀ ਦੇਸ਼ ਨੂੰ ਖੁਸ਼ ਕਰਨ ਲਈ ਲੜ ਰਹੇ ਹਾਂ ਕਿਉਂਕਿ ਉਹ ਸਾਡੇ ਵਣਜ-ਵਪਾਰ ਦਾ ਵੱਡਾ ਭਾਈਵਾਲ ਹੈ।"

ਸਟੀਵ ਮੇਰੇ ਨਾਲ਼ ਸਹਿਮਤ ਨਹੀਂ ਸੀ ਹੋਇਆ। ਦਰਅਸਲ ਪਿਛਲੇ ਕੁੱਝ ਸਮੇਂ ਤੋਂ ਉਹ ਅਪਣੇ ਆਪ ਨੂੰ ਜ਼ਿਆਦਾ ਹੀ ਸਮਝਣ ਲੱਗ ਪਿਆ ਸੀ। ਇੱਕ ਮੁੱਠਭੇੜ 'ਚ ਉਸ ਵੱਲੋਂ ਇੱਕ ਉੱਘੇ ਤਾਲਿਬਾਨ ਨੂੰ ਨਿਸ਼ਾਨਾ ਬਣਾਉਣ ਅਤੇ ਕੁਝ ਦਿਨਾਂ ਬਾਅਦ ਉਸਦੀ ਫ਼ੌਜੀ ਟੁਕੜੀ ਵੱਲੋਂ ਤਾਲਿਬਾਨਾਂ ਨੂੰ ਮੂਹਰੇ ਨਸਾ ਲੈਣ ਦੀਆਂ ਘਟਨਾਵਾਂ ਅਤੇ ਇਨ੍ਹਾਂ ਬਦਲੇ ਸਟੀਵ ਨੂੰ ਮਿਲ਼ੇ ਬਹਾਦਰੀ ਇਨਾਮ ਨੇ ਉਸਦੇ ਪੈਰ ਚੱਕ ਦਿੱਤੇ ਸਨ। ਮੈਨੂੰ ਡਮਿਟਰੀ ਤੋਂ ਇਹ ਵੀ ਪਤਾ ਲੱਗਾ ਸੀ ਕਿ ਸਟੀਵ ਸਟਾਫ਼-ਸਰਜੈਂਟ ਤੋਂ ਸਿੱਧਾ ਲੈਫਟੀਨੈਂਟ ਬਣਨ ਦੇ ਸੁਪਨੇ ਲੈ ਰਿਹਾ ਸੀ।

ਸਟੀਵ ਦੀ ਬੜ੍ਹਕ ਇੱਕ ਵੇਰਾਂ ਮੈਂ ਆਪ ਵੀ ਸੁਣੀ ਸੀ, "ਇਡੀਅਟ ਤਾਲਿਬਾਨ ਸਾਡੇ ਸਾਹਮਣੇ ਚੀਜ਼ ਕੀ ਨੇ। ਸਾਲ਼ੇ ਬਾਰਬੇਰੀਅਨ, ਹਨ੍ਹੇਰਾ ਢੋਣ ਵਾਲੇ। ਇਨ੍ਹਾਂ ਨੂੰ ਸਬਕ ਸਿਖਾ ਕੇ ਹੀ ਹਟਾਂਗੇ।"

ਉਸਦੀ ਮੌਤ ਵਾਲ਼ੇ ਦਿਨ, ਜਦੋਂ ਉਨ੍ਹਾਂ ਦੇ ਸੈਕਟਰ ਦੀਆਂ ਪਹਾੜੀਆਂ ਵਿੱਚ ਕੁੱਝ ਖੂੰਖਾਰ ਤਾਲਿਬਾਨਾਂ ਦੀ ਨਕਲੋ-ਹਰਕਤ ਦੀ ਸੂਹ ਮਿਲ਼ੀ ਤਾਂ ਸਟੀਵ ਮੈੱਸ 'ਚ ਸੀ। ਉਸਨੇ ਤਸੱਲੀ ਨਾਲ਼ ਢੁੱਕਵੀਂ ਪਲਾਨ ਨਹੀਂ ਸੀ ਬਣਾਈ। ਉਹ ਰੋਟੀ ਖਾਂਦਾ-ਖਾਂਦਾ, ਗਰੂਰ ਵਿੱਚ ਹੀ ਅਪਣੀ ਫ਼ੌਜੀ ਟੁਕੜੀ ਲੈ ਕੇ ਜਾ ਵੱਜਾ ਸੀ ... ਤੇ ਜਦੋਂ ਉਹ ਉੱਲਰ-ਉੱਲਰ ਅਪਣੇ ਸੈਨਿਕਾਂ ਨੂੰ ਉਕਸਾਉਂਦਾ ਹੋਇਆ "ਸਮੈਸ਼ ਦੈੱਮ, ਸਮੈਸ਼ ਦੈੱਮ" ਆਖ ਰਿਹਾ ਸੀ, ਅਗਲਿਆਂ ਨੇ ਗਰਨੇਡ ਵਰ੍ਹਾ ਦਿੱਤਾ।

ਸਟੀਵ ਮੁੱਕ ਗਿਆ ਸੀ। ਜੰਗ ਨਹੀਂ ਸੀ ਮੁੱਕੀ ... । ਨੈਨਸੀ ਦੀ ਜ਼ਿੰਦਗੀ, ਜਿਹੜੀ ਸਟੀਵ ਦੇ ਸਾਥ ਵਿੱਚ ਮਾਣਨ-ਹੰਢਾਉਣ ਵਾਲੀ ਚੀਜ਼ ਹੁੰਦੀ ਸੀ, ਹੁਣ ਜੰਗ ਬਣ ਚੁੱਕੀ ਸੀ ... ਅਤਿ ਕਠੋਰ ਜੰਗ।

ਜਦੋਂ ਮੈਂ ਨੈਨਸੀ ਤੇ ਡਮਿਟਰੀ ਦੀ ਨੇੜਤਾ ਬਾਰੇ ਸੁਣਿਆਂ ਤਾਂ ਚੰਗਾ ਲੱਗਾ। ਆਸੇ-ਪਾਸੇ ਦੀਆਂ ਆਮ ਗੱਲਾਂ ਵਾਂਗ, ਇਸ ਗੱਲ ਨਾਲ਼ ਨਾ ਤਾਂ ਕੋਈ ਹੈਰਾਨੀ ਜੁੜੀ ਹੋਈ ਸੀ ਤੇ ਨਾ ਹੀ ਕੋਈ ਇਸਨੂੰ ਉਛਾਲ ਰਿਹਾ ਸੀ। ਮੇਰੇ ਲਈ ਇਹ ਸਕੂਨ ਵਾਲੀ ਗੱਲ ਸੀ। ਡਮਿਟਰੀ, ਨੈਨਸੀ ਲਈ ਉਹ ਕੁੱਝ ਕਰ ਰਿਹਾ ਸੀ, ਜਿਹੜਾ ਮੈਂ ਜੀਤਾਂ ਵਾਸਤੇ ਨਹੀਂ ਸਾਂ ਕਰ ਸਕਿਆ।

ਡਮਿਟਰੀ ਨਾਲ਼ ਗੱਲ ਹੋਈ ਤਾਂ ਉਸ ਆਖਿਆ, "ਡੇਵ! ਮੈਨੂੰ ਖੁਸ਼ੀ ਹੈ ਕਿ ਮੈਂ ਅਪਣੇ ਦੋਸਤ ਦੀ ਵਿਧਵਾ ਦੀ ਮਦਦ ਕਰ ਰਿਹਾਂ। ਨੈਨਸੀ ਵੀ ਚਾਹੁੰਦੀ ਏ। ਉਹ ਖ਼ੂਬਸੂਰਤ ਹੈ। ਉਸਨੇ ਅਪਣੇ ਆਪ ਨੂੰ ਮੇਨਟੇਨ ਕੀਤਾ ਹੋਇਐ। ਅਸੀਂ ਇੱਕ-ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਹਾਂ। ਹੁਣ ਸਾਥੀ ਬਣਨਾ ਚੰਗਾ ਲੱਗ ਰਿਹੈ।"

"ਕਦੋਂ ਬਣ ਰਹੇ ਹੋ?"

"ਬੱਸ ਟਿੰਮ ਠੀਕ ਹੋ ਜਾਏ। ਅੱਜ-ਕਲ੍ਹ ਮੈਂ ਉਸਨੂੰ ਅਪਣੇ ਨੇੜੇ ਲਿਆ ਰਿਹਾਂ। ਉਸ ਨਾਲ਼ ਮੂਵੀਆਂ ਦੇਖਦਾਂ, ਉਸਨੂੰ ਸਟੋਰਾਂ, ਰੈਸਟੋਰੈਂਟਾਂ 'ਚ ਲੈ ਕੇ ਜਾਨਾ। ਮੈਂ ਉਸਨੂੰ ਸਮਝਾ ਰਿਹਾਂ ਕਿ ਜ਼ਿੰਦਗੀ ਨੂੰ ਏਨੀ ਸੀਰੀਅਸ ਨਾ ਬਣਾ। ਹੱਸ-ਖੇਡ ਤੇ ਅਪਣਾ ਫੰਨ ਕਰ।"

ਕੁੱਝ ਦਿਨਾਂ ਬਾਅਦ ਮੈਂ ਡਿਕਸਨ ਆਰਮੁਰੀ ਗਿਆ ਤਾਂ ਡਮਿਟਰੀ ਮਿਲ਼ ਪਿਆ। ਟਿੰਮ ਵੀ ਉਹਦੇ ਨਾਲ਼ ਸੀ। ਕਿਤਿਓਂ ਖਾ-ਪੀ ਕੇ ਆਏ ਸਨ। "ਡੇਵ! ਇੱਥੋਂ ਤੂੰ ਬੇਸ ਨੂੰ ਜਾਣੈ?" ਡਮਿਟਰੀ ਨੇ ਮੈਨੂੰ ਪੁੱਛਿਆ।

"ਯਾਅ!" ਮੈਂ ਉੱਤਰ ਦਿੱਤਾ।

"ਕੀ ਤੂੰ ਟਿੰਮ ਨੂੰ ਨੈਨਸੀ ਕੋਲ਼ ਛੱਡ ਦੇਵੇਂਗਾ। ਮੈਂ ਅਪਣਾ ਕੰਮ ਨਿਬੇੜ ਲੈਨਾ।"

"ਹਾਂ, ਛੱਡ ਦੇਵਾਂਗਾ।" ਮੈਂ ਟਿੰਮ ਦਾ ਹੱਥ ਫੜ੍ਹਦਿਆਂ ਆਖਿਆ।

ਕਾਰ 'ਚ ਬੈਠਦਿਆਂ ਟਿੰਮ ਦੀ ਨਿਗ੍ਹਾ ਪਿਛਲੀ ਸੀਟ 'ਤੇ ਪਈ 'ਗਲੋਬ ਐਂਡ ਮੇਲ' ਅਖ਼ਬਾਰ ਵੱਲ ਚਲੀ ਗਈ। ਉਠਾ ਕੇ ਉਹ ਫਰੋਲਣ ਲੱਗ ਪਿਆ ... ਤੇ ਫਿਰ ਬੋਲਿਆ, "ਡੇਵ ਅੰਕਲ! ਤੂੰ ਇਹ ਖ਼ਬਰ ਪੜ੍ਹੀ ਹੈ?"

"ਕਿਹੜੀ?" ਬਿਜ਼ੀ ਹਾਈਵੇਅ 'ਚ ਖੁੱਭੀ ਮੇਰੀ ਨਜ਼ਰ ਟਿੰਮ ਵੱਲ ਘੁੰਮ ਗਈ। ਮੈਂ ਸੁਰਖੀ ਦੇਖੀ ... ਖ਼ਬਰ ਦੋ ਅਮਰੀਕੀ ਸੈਨਿਕਾਂ ਬਾਰੇ ਸੀ। ਉਨ੍ਹਾਂ ਨੂੰ ਇਰਾਕ-ਅਫਗਾਨਿਸਤਾਨ ਦੀ ਜੰਗ ਉਚਿੱਤ ਨਹੀਂ ਸੀ ਲੱਗਦੀ ... ਜਦੋਂ ਉਨ੍ਹਾਂ ਦੇ ਇਰਾਕ ਜਾਣ ਦੇ ਆਰਡਰ ਹੋਏ ਤਾਂ ਉਨ੍ਹਾਂ ਨੇ ਕਨੇਡਾ ਆ ਕੇ ਸ਼ਰਨ ਮੰਗ ਲਈ ਸੀ।

"ਹਾਂ ਪੜ੍ਹੀ ਹੈ। ਇਨ੍ਹਾਂ ਦੇ ਕੇਸ ਰਿਜੈਕਟ ਹੋ ਗਏ ਨੇ। ਫੈਸਲੇ 'ਚ ਕਿਹਾ ਗਿਐ ਕਿ ਸੈਨਿਕ ਨੂੰ ਜੰਗ ਤੋਂ ਭਾਜੂ ਨਹੀਂ ਹੋਣਾ ਚਾਹੀਦੈ, ਹੌਸਲੇ ਨਾਲ਼ ਲੜਨਾ ਚਾਹੀਦੈ।" ਮੈਂ ਦੱਸਿਆ।

ਟਿੰਮ ਦਾ ਗੋਰਾ ਚਿਹਰਾ ਭਖ ਪਿਆ। ਅੱਖਾਂ 'ਚੋਂ ਅੰਗਿਆਰ ਜਿਹੇ ਫੁੱਟਣ ਲੱਗੇ। ਅਖ਼ਬਾਰ 'ਕੱਠੀ ਕਰਕੇ ਪੱਟਾਂ 'ਤੇ ਮਾਰਦਾ ਹੋਇਆ ਬੋਲਿਆ, "ਉਨ੍ਹਾਂ ਸੈਨਿਕਾਂ ਦਾ ਜਵਾਬ ਵੀ ਦੇਖੋ। ਉਨ੍ਹਾਂ ਕਿਹੈ— ਜੰਗ 'ਚ ਫਿਜ਼ੀਕਲ ਕਰਿਜ ਨਾਲ਼ੋਂ ਮੌਰਲ ਕਰਿਜ ਨੂੰ ਪਹਿਲ ਦੇਣੀ ਚਾਹੀਦੀ ਹੈ। ਉਨ੍ਹਾਂ ਦਾ ਰਫਿਊਜੀ ਬੋਰਡ ਦੀ ਕੋਰਟ ਅੱਗੇ ਇਹ ਸਵਾਲ ਸੀ ਕਿ ਨੈਤਿਕਤਾ ਦੇ ਆਧਾਰ 'ਤੇ ਜਿਸ ਜੰਗ ਦੀ ਕੋਈ ਜਸਟੀਫਿਕੇਸ਼ਨ ਹੀ ਨਹੀਂ ਬਣਦੀ, ਉਸਨੂੰ ਜਿਸਮਾਨੀ ਹੌਸਲੇ ਨਾਲ਼ ਲੜਨ ਦੀ ਜੋ ਤੁਕ ਹੈ, ਉਹ ਸਾਨੂੰ ਸਮਝਾਈ ਜਾਵੇ ... ।" ਟਿੰਮ ਬੋਲੀ ਜਾ ਰਿਹਾ ਸੀ।

"ਡੀਅਰ ਟਿੰਮ! ਇਸ ਵੇਲੇ ਮੇਰਾ ਧਿਆਨ ਟਰੈਫਿਕ 'ਚ ਹੈ। ਆਪਾਂ ਫਿਰ ਕਿਸੇ ਵੇਲੇ ਗੱਲ ਕਰਾਂਗੇ।" ਮੈਂ ਮਿਠਾਸ ਨਾਲ਼ ਕਿਹਾ।

"ਹੂੰਅ ... ਕੇਸਾਂ ਦੀ ਡਿਟੇਲਡ ਰਿਪੋਰਟ ਮੈਂ ਕੰਪਿਊਟਰ 'ਤੇ ਪੜ੍ਹਾਂਗਾ। " ਆਖਦਾ ਉਹ ਚੁੱਪ ਹੋ ਗਿਆ। ਦੂਜੇ ਦਿਨ ਬੇਸ ਦੀ ਕਰਿਸਮਸ ਪਾਰਟੀ ਸੀ। ਮੈਨੂੰ ਤੇ ਹੋਰਨਾਂ ਨੂੰ ਆਸ ਸੀ ਕਿ ਨੈਨਸੀ ਅਤੇ ਡਮਿਟਰੀ ਇਕੱਠੇ ਆਉਣਗੇ। ਪਰ 'ਕੱਲਾ ਡਮਿਟਰੀ ਹੀ ਆਇਆ ਸੀ। ਅਗਲੀ ਸਵੇਰ ਮੈਂ ਪੇਅ-ਰੋਲ ਲੈ ਕੇ ਨੈਨਸੀ ਕੋਲ਼ ਗਿਆ ਤਾਂ ਪੁੱਛ ਲਿਆ, "ਨੈਨਸੀ ਕੱਲ੍ਹ ਤੁਸੀਂ ਪਾਰਟੀ 'ਚ ਨਹੀਂ ਆਏ?"

"ਡੇਵ ਕੀ ਦੱਸਾਂ! ਅਮਰੀਕੀ ਸੈਨਿਕਾਂ ਦੇ ਕੇਸ ਨੂੰ ਲੈ ਕੇ ਟਿੰਮ ਬਹੁਤ ਜ਼ਿਆਦਾ ਅੱਪਸੈਟ ਹੋ ਗਿਆ ਏ। ਕਹਿੰਦੈ ਉਨ੍ਹਾਂ ਨਾਲ਼ ਇਨਸਾਫ਼ ਨਹੀਂ ਹੋਇਆ। ਉਨ੍ਹਾਂ ਦੀ ਮੌਰਲ ਕਰਿੱਜ ਵਾਲੀ ਗੱਲ ਬੜੀ ਵਜ਼ਨਦਾਰ ਹੈ ... ਡੈਡ ਨੂੰ ਵੀ ਨੈਤਿਕ ਹੌਸਲਾ ਦਿਖਾਉਣਾ ਚਾਹੀਦਾ ਸੀ," ਨੈਨਸੀ ਜ਼ਰਾ ਰੁਕੀ ਤੇ ਫਿਰ ਬੋਲੀ, "ਜੇ ਮੈਂ ਡਮਿਟਰੀ ਨੂੰ ਸਾਥੀ ਬਣਾਉਂਦੀ ਹਾਂ ਤਾਂ ਕੱਲ੍ਹ ਨੂੰ ਜਦੋਂ ਉਸਨੂੰ ਐਫਗੈਨਿਸਤੈਨ ਜਾਂ ਕਿਸੇ ਹੋਰ ਜੰਗ 'ਚ ਜਾਣਾ ਪਿਆ ਤਾਂ ਇਹ ਉਸਨੂੰ ਵੀ ਨੈਤਿਕ ਹੌਸਲਾ ਦਿਖਾਉਣ ਲਈ ਆਖੇਗਾ।"

"ਇਲਾਜ ਨਾਲ਼ ਵੀ ਕੋਈ ਖ਼ਾਸ ਫ਼ਰਕ ਨਹੀਂ ਪੈ ਰਿਹਾ।" ਮੈਂ ਆਖਿਆ।

"ਫ਼ਰਕ ਤਾਂ ਪੈਂਦਾ ਹੈ ਪਰ ਜਦੋਂ ਏਦਾਂ ਦੀ ਕੋਈ ਗੱਲ ਪੜ੍ਹ-ਸੁਣ ਲੈਂਦੈ ਤਾਂ ਫਿਰ ਉਵੇਂ ਹੀ ਹੋ ਜਾਂਦੈ। ਹਾਲਾਤ ਦੀਆਂ ਬੇਤੁਕੀਆਂ ਦਾ ਪ੍ਰੈਸ਼ਰ ਉਸ 'ਤੇ ਵੱਧਦਾ ਹੀ ਜਾ ਰਿਹੈ। ਜਦੋਂ ਮੈਂ ਉਸਦੀਆਂ ਕਦੀ ਸੁੰਨੀਆਂ ਤੇ ਕਦੀ ਬਲ਼ਦੀਆਂ ਅੱਖਾਂ 'ਚ ਅੱਖਾਂ ਪਾ ਕੇ ਉਸਦੇ ਗੁਆਚੇ ਜਾਂ ਤਮਤਮਾਏ ਚਿਹਰੇ ਨੂੰ ਤੱਕਦੀ ਹਾਂ ਤਾਂ ਧੁਰ ਅੰਦਰ ਤੱਕ ਕੰਬ ਜਾਂਦੀ ਹਾਂ ... ਪਤੀ ਦੀ ਮੌਤ ਮੇਰੇ ਵਾਸਤੇ ਬਹੁਤ ਵੱਡੀ ਸੱਟ ਸੀ। ਮੈਂ ਸਹਿ ਲਈ। ਉਸੇ ਘਟਨਾਵੀ ਚੱਕਰ 'ਚ ਜੇ ਹੁਣ ਮੇਰੇ ਪੁੱਤ ਨੂੰ ਕੁੱਝ ਹੋ ਗਿਆ ਤਾਂ ਮੇਰੀ ਦੁਨੀਆਂ ਉੱਜੜ ਜਾਏਗੀ ... ਮੈਂ ਫੌਜ ਤੋਂ ਡਿਸਚਾਰਜ ਲੈਣ ਦਾ ਫੈਸਲਾ ਕਰ ਲਿਆ ਹੈ।"

ਸੰਵਾਦ

# ਸੁਹਾਣਾ ਸਮਾਂ ਲੰਘ ਗਿਆ

ਉਫ! ਮਾਰਚ ਦਾ ਇਹ ਮਹੀਨਾ ਜਿਸ ਵਿੱਚ ਹਮੇਸ਼ਾ ਸੂਰਜ ਦੀ ਮਿੱਠੀ ਮਿੱਠੀ ਧੁੱਪ, ਚਿੜੀਆਂ ਦਾ ਚਹਿ-ਚਹਾਉਣਾ ਅਤੇ ਪਿਘਲਦੀ ਬਰਫ ਹੁੰਦੀ ਸੀ ਪਰ ਇਸ ਵਾਰ ਅਲਬਰਟਾ ਵਿੱਚ ਇਹ ਕੁਦਰਤੀ ਨਜ਼ਾਰਾ ਦਿਖਾਈ ਨਹੀਂ ਦੇ ਰਿਹਾ। ਸਕੂਲ ਜਾਣ ਵਾਲੇ ਬੱਚਿਆਂ ਨੂੰ ਦੂਹਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇੱਕ ਤਾਂ ਬਰਫ ਪੈਣ ਤੋਂ ਰੁੱਕ ਨਹੀਂ ਰਹੀ ਅਤੇ ਦੂਜਾ ਬੱਚਿਆਂ ਨੂੰ ਸਰਦ ਮੌਸਮ ਵਿੱਚ ਹੀ ਸਕੂਲ ਜਾਣਾ ਪੈ ਰਿਹਾ ਹੈ। ਇਮਤਿਹਾਨ ਸ਼ੁਰੂ ਹੋਣ ਵਾਲੇ ਹਨ ਅਤੇ ਖੁਸ਼ੀਆਂ ਤੇ ਖੇਡਿਆਂ ਵਾਲਾ ਮਾਹੌਲ ਬੀਤ ਹੋ ਚੁੱਕਾ ਹੈ। ਇਹ ਮਹੀਨਾ ਸਕੂਲ ਵਿੱਚ ਲਗਾ ਕੇ ਬੱਚੇ ਨਵੀਆਂ ਜਮਾਤਾਂ ਵਿੱਚ ਚਲੇ ਜਾਣਗੇ।

ਕਈ ਚੀਜ਼ਾਂ ਨੂੰ ਬਦਲਣਾ ਬਹੁਤ ਔਖਾ ਹੁੰਦਾ ਹੈ। ਮੇਰੇ ਕੁੱਝ ਵਿਦਿਆਰਥੀ ਮੁੜ ਮਾੜੀਆਂ ਆਦਤਾਂ ਵਿੱਚ ਪੈ ਚੁੱਕੇ ਹਨ ਅਤੇ ਘਰ ਲਈ ਦਿੱਤਾ ਗਿਆ ਕੰਮ ਕਰ ਕੇ ਨਹੀਂ ਆਉਂਦੇ ਜਾਂ ਪੜ੍ਹਦੇ ਨਹੀਂ ਅਤੇ ਜਾਂ ਕਲਾਸ ਵਿੱਚ ਨਹੀਂ ਆਉਂਦੇ। ਮੇਰੇ ਨਾਲ ਚਾਰ ਹਫ਼ਤੇ ਪਹਿਲਾਂ ਕੀਤਾ ਵਾਅਦਾ ਉਹ ਭੁੱਲ ਚੁੱਕੇ ਹਨ। ਨਵਾਂ ਸਮੈਸਟਰ ਸ਼ੁਰੂ ਹੋਣ ਨਾਲ ਕਈ ਵਿਦਿਆਰਥੀ ਸੋਚਦੇ ਹਨ ਕਿ ਇਸ ਵਾਰ ਉਹ ਦਿਲ ਲਗਾ ਕੇ ਪੜ੍ਹਾਈ ਕਰਨਗੇ ਪਰ ਅਚਾਨਕ ਉਨ੍ਹਾਂ ਦਾ ਪੁਰਾਣਾ ਵਤੀਰਾ ਸਾਹਮਣੇ ਆ ਜਾਂਦਾ ਹੈ ਅਤੇ ਉਹ ਉਸੇ ਤਰ੍ਹਾਂ ਦੀਆਂ ਸ਼ਰਾਰਤਾਂ ਕਰਨ ਲੱਗ ਪੈਂਦੇ ਹਨ, ਜੋ ਪਹਿਲਾਂ ਕਰਦੇ ਸਨ।

ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਚੰਗੀਆਂ ਆਦਤਾਂ ਸਿਖਾਉਣ। ਉਹ ਸੋਚਦੇ ਹਨ ਕਿ ਉਨ੍ਹਾਂ ਨੂੰ ਸਭ ਕੁੱਝ ਪਤਾ ਹੈ ਪਰ ਅਸਲ ਵਿਚ ਅਜਿਹਾ ਨਹੀਂ ਹੁੰਦਾ। ਸਾਨੂੰ ਆਪਣੇ ਬੱਚਿਆਂ ਨਾਲ ਬੈਠ ਕੇ ਉਨ੍ਹਾਂ ਨਾਲ ਗੱਲਬਾਤ ਕਰਨੀ ਚਾਹੀਦੀ ਹੈ ਅਤੇ ਪੁੱਛਣਾ ਚਾਹੀਦਾ ਹੈ ਕਿ ਉਹ ਸਕੂਲ ਵਿੱਚ ਕੀ ਕਰ ਰਹੇ ਹਨ। ਸਾਨੂੰ ਨਾ ਸਿਰਫ਼ ਉਨ੍ਹਾਂ ਨੂੰ ਸਵਾਲ ਪੁੱਛਣੇ ਚਾਹੀਦੇ ਹਨ ਸਗੋਂ ਉਨ੍ਹਾਂ ਦੀਆਂ ਕਿਤਾਬਾਂ 'ਤੇ ਵੀ ਝਾਤ ਮਾਰਨੀ ਚਾਹੀਦੀ ਹੈ। ਸਕੂਲ ਦੀ ਵੈੱਬਸਾਈਟ 'ਤੇ ਜਾ ਕੇ, ਫੋਨ ਰਾਹੀਂ ਜਾਂ ਅਧਿਆਪਕਾਂ ਨੂੰ ਈ-ਮੇਲ ਕਰ ਕੇ ਉਨ੍ਹਾਂ ਦੀ ਕਾਰਗੁਜ਼ਾਰੀ ਬਾਰੇ ਪਤਾ ਕਰਨਾ ਚਾਹੀਦਾ ਹੈ। ਸਾਡੀ ਵੈੱਬਸਾਈਟ 'ਤੇ ਸਾਰੇ ਅਧਿਆਪਕਾਂ ਦੇ ਨਾਮ ਅਤੇ ਈ-ਮੇਲ ਪਤੇ ਦਿੱਤੇ ਗਏ ਹਨ। ਸਾਡੇ ਸਕੂਲ ਦਾ ਫ਼ੋਨ ਨੰਬਰ 780-462-332 ਹੈ। ਕੀ ਤੁਸੀਂ ਆਪਣੇ ਬੱਚੇ ਵਾਸਤੇ ਲਾਇਬਰੇਰੀ ਕਾਰਡ ਖਰੀਦਿਆ ਹੈ? ਕੀ ਉਹ ਰੋਜ਼ਾਨਾ ਕਿਤਾਬਾਂ ਪੜ੍ਹਦੇ ਹਨ? ਉਹ ਆਪਣੀ ਪੜ੍ਹਾਈ 'ਤੇ ਕਿੰਨਾ ਸਮਾਂ ਲਗਾਉਂਦੇ ਹਨ?



ਕੌਲੀਨ ਮਕਲੌ ਕਲਿੱਕ

ਆਪਣੇ ਬੱਚਿਆਂ ਦੀ ਦੁਨੀਆ ਵਿੱਚ ਸ਼ਾਮਲ ਹੋਵੋ। ਉਨ੍ਹਾਂ ਦੇ ਟੀਚੇ ਕੀ ਹਨ? ਇਨ੍ਹਾਂ ਨੂੰ ਹਾਸਲ ਕਰਨ ਵਿੱਚ ਤੁਸੀਂ ਉਨ੍ਹਾਂ ਦੀ ਕਿਵੇਂ ਮਦਦ ਕਰ ਰਹੇ ਹੋ? ਤੁਹਾਡੀ ਭੂਮਿਕਾ ਕੀ ਹੈ?

ਸਮੈਸਟਰ ਵਿਚ ਚਾਰ ਹਫਤੇ ਪਿੱਛੋਂ ਸਾਰੇ ਨੰਬਰ ਇਸ ਹਫਤੇ ਅਪਲੋਡ ਕਰ ਦਿੱਤੇ ਜਾਣਗੇ। ਚਾਰ ਹਫਤਿਆਂ ਦਾ ਕੰਮ ਇਸ ਗੱਲ ਦਾ ਬਿਹਤਰੀਨ ਸੰਕੇਤ ਹੈ ਕਿ ਤੁਹਾਡੇ ਬੱਚਿਆਂ ਨੇ ਕਿਸ ਤਰ੍ਹਾਂ ਦੀ ਪੜ੍ਹਾਈ ਕੀਤੀ। ਅਗਲਾ ਮਹੀਨੇ ਚੰਗਾ ਰਹੇ, ਇਸ ਵਾਸਤੇ ਇਸ ਗੱਲ ਦਾ ਹੁਣੇ ਪਤਾ ਲਗਾਇਆ ਜਾਵੇ ਕਿ ਉਨ੍ਹਾਂ ਨੂੰ ਕਿਹੜਾ ਵਿਸ਼ਾ ਔਖਾ ਲੱਗ ਰਿਹਾ ਹੈ, ਕਿਹੜੇ ਇਮਤਿਹਾਨ ਲਈ ਉਨ੍ਹਾਂ ਦੀ ਤਿਆਰੀ ਪੂਰੀ ਨਹੀਂ ਅਤੇ ਉਨ੍ਹਾਂ ਨੇ ਕਿਹੜੀਆਂ ਕਲਾਸਾਂ ਨਹੀਂ ਲਗਾਈਆਂ।

ਅਸੀਂ ਸਕੂਲ ਵਿੱਚ ਛੁੱਟੀ ਤੋਂ ਬਾਅਦ ਹਰ ਰਾਤ ਹੋਮ-ਵਰਕ ਕਲੱਬ ਵਿੱਚ ਬੱਚਿਆਂ ਨੂੰ ਕੰਮ ਕਰਵਾਉਂਦੇ ਹਾਂ। ਸਾਡਾ ਅੰਗਰੇਜ਼ੀ ਵਿਭਾਗ ਹਰ ਬੁੱਧਵਾਰ ਟਿਊਸ਼ਨਾਂ ਦਿੰਦਾ ਹੈ ਜਿਸ ਵਿੱਚ ਸੁੰਦਰ ਲਿਖਾਈ ਅਤੇ ਪਾਠਕ੍ਰਮ ਦੀ ਤਿਆਰੀ ਵੱਲ ਧਿਆਨ ਦਿੱਤਾ ਜਾਂਦਾ ਹੈ। ਗਣਿਤ ਦੇ ਵਿਸ਼ੇ ਲਈ ਵੀ ਸਹਾਇਤਾ ਦਿੱਤੀ ਜਾਂਦੀ ਹੈ। ਇਥੇ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਹਨ ਜਿਨ੍ਹਾਂ ਵਿੱਚ ਤੁਹਾਡਾ ਬੱਚਾ ਸ਼ਾਮਲ ਹੋ ਸਕਦਾ ਹੈ। ਕੀ ਤੁਸੀਂ ਜਾਣਦੇ ਹੋ ਕਿ ਜੇ ਤੁਹਾਡਾ ਬੱਚਾ 10ਵੀਂ ਦਾ ਵਿਦਿਆਰਥੀ ਹੈ ਤੇ ਲਗਾਤਾਰ ਸਕੂਲ ਜਾ ਰਿਹਾ ਹੈ, ਉਹ ਵੀ ਅਗਲੇ ਸਾਲ ਲਈ ਆਈ.ਬੀ. ਪ੍ਰੋਗਰਾਮ ਵਿੱਚ ਨਾਮ ਦਰਜ ਕਰਵਾ ਸਕਦਾ ਹੈ।

ਇਕ ਅੰਤਮ ਗੱਲ, ਅਪ੍ਰੈਲ ਵਿੱਚ ਰਜਿਸਟ੍ਰੇਸ਼ਨ (ਨਵਾਂ ਦਾਖ਼ਲਾ) ਸ਼ੁਰੂ ਹੋ ਜਾਵੇਗੀ। ਤੁਹਾਡੇ ਬੱਚਿਆਂ ਦੇ ਨੰਬਰ ਕੀ ਦਰਸਾਉਂਦੇ ਹਨ, ਉਹ ਅਗਲੇ ਸਾਲ ਲਈ ਅਕਦਾਮਿਕ ਕਲਾਸਾਂ ਦੇ ਪੱਧਰ ਤਕ ਪੁੱਜ ਸਕਣਗੇ ਜਾਂ ਨਹੀਂ। ਰਜਿਸਟ੍ਰੇਸ਼ਨ ਮਾਰਚ ਦੇ ਅਖ਼ੀਰ ਵਿੱਚ ਅਪਲੋਡ ਕੀਤੇ ਨੰਬਰਾਂ ਦੇ ਅਧਾਰ 'ਤੇ ਹੋਵੇਗੀ। ਸਾਰੀਆਂ ਪੋਸਟ ਗਰੈਜੂਏਟ ਸੰਸਥਾਵਾਂ ਦੀ ਪੜਤਾਲ ਕਰੋ ਕਿ ਉਥੇ ਕੀ ਚੀਜ਼ ਲੋੜੀਂਦੀ ਹੈ, ਕੀ ਇੰਗਲਿਸ਼ 30-2 ਜਾਂ 30-1 ਹੈ? ਕਈ ਸੰਸਥਾਵਾਂ ਹਾਈ ਸਕੂਲ ਤੋਂ ਬਾਅਦ ਦੀ ਪੜ੍ਹਾਈ ਲਈ ਇੰਗਲਿਸ਼ 30-2 ਦਾ ਬਦਲ ਅਪਨਾ ਰਹੀਆਂ ਹਨ।

ਚੰਗਾ ਫਿਰ, ਆਸ ਹੈ ਕਿ ਮਾਰਚ ਵਿੱਚ ਜੰਮੀ ਹੋਈ ਬਰਫ਼ ਪਿਘਲ ਜਾਵੇਗੀ!! ਨਿੱਘ ਮਾਣੋ।

ਮੁਖੀ- ਅੰਗਰੇਜ਼ੀ ਵਿਭਾਗ
ਜੇ ਪਰਸੀ ਪੇਜ਼ ਸਕੂਲ ਐਡਮਿੰਟਨ

# ਅੱਠ ਮਹੀਨੇ ਸੜਕ ਕੰਢੇ ਜ਼ਮੀਨ 'ਤੇ ਪਏ ਮੌਤ ਨਾਲ ਜੂਝਦੇ ਨੂੰ ਹੁਣ ਆਸ ਜਾਗੀ



ਅਜੀਬ ਦੁਨੀਆ ਹੈ। ਇਕ ਖਾਸ ਵਰਗ ਨੂੰ ਬਿਨਾ ਕੁੱਝ ਕੀਤਿਆਂ ਹੀ ਹਰ ਸੁੱਖ-ਸਹੂਲਤ ਮੁਹੱਈਆ ਹੈ ਪਰ ਗਰੀਬ ਇਨਸਾਨ ਹੁੰਦਿਆਂ ਵੀ ਭੁੱਖੇ ਪੇਟ ਧਰਤੀ 'ਤੇ ਸੌਣ ਲਈ ਮਜਬੂਰ ਹੈ, ਡਾਕਟਰੀ ਸਹਾਇਤਾ ਤਾਂ ਦੂਰ ਦੀ ਗੱਲ ਹੈ। ਇਹੀ ਕਹਾਣੀ ਹੈ ਇਕ ਦਿਮਾਗੀ ਤੌਰ ਤੇ ਬਿਮਾਰ ਪ੍ਰਦੇਸੀ ਗੁਲਾਬ ਲਾਲ ਗੁਹਾਟੀ (ਅਸਾਮ) ਨਿਵਾਸੀ ਦੀ। ਤਕਰੀਬਨ ਅੱਠ ਮਹੀਨੇ ਪਹਿਲਾਂ ਮਾਡਲ ਟਾਊਨ ਐਕਸਟੈਂਸ਼ਨ (ਲੁਧਿਆਣਾ) ਵਿੱਚ ਨਹਿਰ ਦੇ ਨਾਲ-ਨਾਲ ਜਾ ਰਹੀ ਸੜਕ 'ਤੇ ਕਿਸੇ ਵਾਹਨ ਦੀ ਫੇਟ ਲੱਗਣ ਕਾਰਣ ਗੁਲਾਬ ਲਾਲ ਦੇ ਪੱਟਾਂ ਦੀਆਂ ਹੱਡੀਆਂ ਟੁੱਟ ਗਈਆਂ। ਦਿਮਾਗੀ ਤੌਰ 'ਤੇ ਬਿਮਾਰ ਹੋਣ ਕਾਰਨ ਉਹ ਉਸ ਦਿਨ ਤੋਂ ਉਥੇ ਹੀ ਗਰਮੀ, ਸਰਦੀ, ਮੀਂਹ, ਹਨੇਰੀ ਵਿੱਚ ਸੜਕ ਦੇ ਕਿਨਾਰੇ ਪਿਆ ਰਿਹਾ। ਜੇ ਕੋਈ ਰਾਹਗੀਰ ਕੁੱਝ ਖਾਣ ਲਈ ਦੇ ਦਿੰਦਾ ਤਾਂ ਖਾ ਲੈਂਦਾ ਨਹੀਂ ਤਾਂ ਭੁੱਖਾ ਹੀ ਲੰਮਾ ਪਿਆ ਰਹਿੰਦਾ। ਮਹੀਨਿਆਂ ਬੱਧੀ ਪਿਆ ਰਹਿਣ ਕਾਰਨ ਅਖੀਰ ਸਰੀਰ 'ਤੇ ਜਖਮ ਹੋ ਗਏ, ਲੱਤਾਂ ਇਕੱਠੀਆਂ ਹੋ ਕੇ ਜੁੜ ਗਈਆਂ।

ਕੰਬਲ ਵਿੱਚ ਲਿਪਟੇ ਅਰਧ ਨੰਗੇ ਲੰਮੇ ਪਏ ਇਸ ਹੱਡੀਆਂ ਦੇ ਪਿੰਜਰ ਨੂੰ ਉਸ ਸਮੇਂ ਆਸ ਦੀ ਕਿਰਨ ਦਿਖਾਈ ਦਿੱਤੀ ਜਦੋਂ "ਗੁਰੂ ਅਮਰਦਾਸ ਅਪਾਹਜ ਆਸ਼ਰਮ" ਦੇ ਸੇਵਾ-ਦਰ ਡਾ. ਨੌਰੰਗ ਸਿੰਘ ਮਾਂਗਟ ਨੇ ਇਸ ਕੋਲ ਜਾ ਕੇ ਇਸ ਦਾ ਹਾਲ-ਚਾਲ ਪਤਾ ਕਰਨ ਦੀ ਕੋਸ਼ਿਸ਼ ਕੀਤੀ। ਪਰ ਬੋਲਣ ਤੋਂ ਵੀ ਅਸਮਰਥ ਗੁਲਾਬ ਲਾਲ ਬਹੁਤਾ ਕੁੱਝ ਨਾ ਦੱਸ ਸਕਿਆ। ਡਾ. ਨੌਰੰਗ ਸਿੰਘ ਮਾਂਗਟ ਨੇ ਇਸ ਦੀ ਨਾਜ਼ੁਕ ਹਾਲਤ ਦੇਖ ਕੇ ਕੁਝ ਹੋਰ ਸੱਜਣਾਂ ਦੀ ਮੱਦਦ ਨਾਲ ਇਸ ਨੂੰ ਰਿਕਸ਼ੇ-ਰੇਹੜੇ ਉੱਤੇ ਪਾ ਕੇ ਲੁਧਿਆਣਾ ਦੇ ਦੀਪ ਹਸਪਤਾਲ ਵਿਚ ਦਾਖਲ ਕਰਵਾਇਆ। ਇਲਾਜ ਦਾ ਸਾਰਾ ਖਰਚਾ "ਗੁਰੂ ਅਮਰਦਾਸ ਅਪਾਹਜ ਆਸ਼ਰਮ (ਰਜਿ:)" ਸੰਸਥਾ ਵੱਲੋਂ ਦਿਤਾ ਜਾ ਰਿਹਾ ਹੈ। ਇਸ ਦੇ ਠੀਕ ਹੋਣ ਵਾਰੇ ਭਾਵੇਂ ਅਜੇ ਕੁੱਝ ਨਹੀਂ ਕਿਹਾ ਜਾ ਸਕਦਾ ਪਰ ਗੁਲਾਬ ਲਾਲ ਨੂੰ ਹੁਣ ਆਸ ਦੀ ਕਿਰਨ ਦਿਖਾਈ ਜਰੂਰ ਦੇ ਰਹੀ ਹੈ।

ਡਾ. ਮਾਂਗਟ ਪਿਛਲੇ 6 ਸਾਲਾਂ ਤੋਂ ਸਾਈਕਲ 'ਤੇ ਫਿਰਕੇ ਲੁਧਿਆਣਾ ਵਿੱਚ ਕੋੜ੍ਹੀਆਂ, ਅਪਾਹਜਾਂ, ਯਤੀਮਾਂ, ਬਿਮਾਰੀਆਂ ਨਾਲ ਪੀੜਤ ਗਰੀਬ ਲੋਕਾਂ ਦੀ ਸੇਵਾ ਕਰ ਰਹੇ ਹਨ ਅਤੇ ਅਜਿਹੇ ਲੋਕਾਂ ਦੀ ਸੰਭਾਲ ਵਾਸਤੇ ਸੰਗਤਾਂ ਦੇ ਸਹਿਯੋਗ ਨਾਲ ਸਰਾਭਾ-ਸਹੌਲੀ-ਅੱਬੂਵਾਲ ਪਿੰਡਾਂ ਦੇ ਵਿਚਕਾਰ ਆਸ਼ਰਮ ਦੀ ਪਹਿਲੀ ਮੰਜਲ ਤਿਆਰ ਕਰਵਾਈ ਹੈ। ਇਸ ਸੰਸਥਾ ਵੱਲੋਂ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ 20-25 ਗਰੀਬ ਬੱਚਿਆਂ ਦੀ ਪੜ੍ਹਾਈ ਦਾ ਖਰਚਾ, ਅਪਾਹਜਾਂ ਨੂੰ ਵੀਲ੍ਹ ਚੇਅਰ, ਟ੍ਰਾਈ-ਸਾਈਕਲ, ਫਹੁੜੀਆਂ ਅਤੇ ਲੋੜਵੰਦਾਂ ਨੂੰ ਕਪੜੇ ਆਦਿ ਵੀ ਦਿੱਤੇ ਜਾਂਦੇ ਹਨ।

ਡਾ. ਨੌਰੰਗ ਸਿੰਘ ਮਾਂਗਟ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ, ਯੂਨੀਵਰਸਿਟੀ ਆਫ਼ ਵਿੰਡਸਰ (ਕੈਨੇਡਾ) ਅਤੇ ਮੌਰੀਸਨ ਸਾਇੰਟਿਫਿਕ ਰੀਸਰਚ ਕੰਪਨੀ ਕੈਲਗਰੀ (ਕੈਨੇਡਾ) ਦੇ ਸਾਬਕਾ ਸਾਇੰਸਦਾਨ, ਰਾਇਲ ਸਟੈਟਿਸਟੀਕਲ ਸੋਸਾਇਟੀ ਲੰਡਨ (ਇੰਗਲੈਂਡ) ਦੇ ਸਾਬਕਾ ਫੈਲੋ, ਅਤੇ 70 ਦੇ ਕਰੀਬ ਖੋਜ ਪੱਤਰਾਂ ਤੋਂ ਇਲਾਵਾ ਕਲੂਵਰ ਐਕਡੈਮਿਕ ਅਤੇ ਸਪਰਿੰਗਰ-ਵੈਰਲਾਗ ਪਬਲਿਸ਼ਰਜ਼ ਵੱਲੋਂ ਛੱਪ ਚੁੱਕੀ ਕਿਤਾਬ "ਐਲੀਮੈਂਟਸ ਆਫ਼ ਸਰਵੇ ਸੈਂਪਲਿੰਗ" ਦੇ ਲੇਖਕ ਵੀ ਹਨ।

# ਦਮ ਤੋੜਦੇ ਸੁਪਨਿਆਂ ਦੀ ਆਵਾਜ਼

ਸੁਰੇਸ਼ ਸੇਠ

ਪੰਜਾਬ ਦਾ ਸਭ ਤੋਂ ਫਲਦਾ-ਫੁਲਦਾ ਉਦਯੋਗ ਕਿਹੜਾ ਹੈ? ਜਵਾਬ ਮਿਲੇਗਾ-ਕਾਨੂੰਨੀ ਜਾਂ ਗੈਰ-ਕਾਨੂੰਨੀ ਢੰਗ ਨਾਲ ਰੁਜ਼ਗਾਰ ਦੀ ਭਾਲ ਵਿੱਚ ਭਟਕਦੇ ਨੌਜਵਾਨਾਂ ਨੂੰ ਵਿਦੇਸ਼ ਭੇਜਣਾ। ਸਾਡੇ ਦੇਸ਼ ਵਿੱਚ 49 ਫੀਸਦੀ ਆਬਾਦੀ 25 ਸਾਲ ਤੋਂ ਘੱਟ ਉਮਰ ਦੀ ਹੈ। ਇਸੇ ਨੌਜਵਾਨ ਸ਼ਕਤੀ ਦੇ ਸਹਾਰੇ ਅਸੀਂ ਮਹਾਂਸ਼ਕਤੀ ਬਣ ਕੇ ਅਮਰੀਕਾ ਅਤੇ ਚੀਨ ਨੂੰ ਪਿੱਛੇ ਛੱਡਣ ਦਾ ਸੁਪਨਾ ਦੇਖਦੇ ਹਾਂ। ਪਰ ਆਜ਼ਾਦੀ ਦੇ ਇਨ੍ਹਾਂ 64 ਸਾਲਾਂ ਵਿੱਚ ਦੇਸ਼ ਦੇ ਨੌਜਵਾਨਾਂ ਲਈ ਕੋਈ ਮਹੱਤਵਪੂਰਨ ਪਹਿਲ ਨਹੀਂ ਹੋਈ ਹੈ। ਨੌਜਵਾਨਾਂ ਨੇ ਜਿਸ ਸਮਾਜ ਵਿੱਚ ਅੱਖਾਂ ਖੋਲ੍ਹੀਆਂ ਹਨ, ਉਹ ਇਕ ਭ੍ਰਿਸ਼ਟ, ਭੁੱਖ ਨਾਲ ਭਰਿਆ ਅਤੇ ਕਰਜ਼ ਵਿੱਚ ਡੁੱਬਿਆ ਹੋਇਆ ਦੇਸ਼ ਹੈ।

ਕਦੇ ਇਹ ਦੇਸ਼ ਖੇਤੀ ਪ੍ਰਧਾਨ ਕਹਾਉਂਦਾ ਸੀ, ਪਰ ਹੁਣ ਹੱਡ-ਭੰਨਵੀਂ ਮਿਹਨਤ ਮਗਰੋਂ ਵੀ ਕਿਸਾਨ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਨਹੀਂ ਕਰ ਸਕਦਾ, ਸਿਖਿਆ ਦੀ ਗੱਲ ਹੀ ਛੱਡੋ। ਆਪਣੀ ਜ਼ਮੀਨ ਲਈ ਮਰ ਮਿਟਣ ਵਾਲੇ ਕਿਸਾਨਾਂ ਦੇ ਬੱਚੇ ਰੁਜ਼ਗਾਰ ਦੀ ਭਾਲ ਵਿੱਚ ਮਹਾਂਨਗਰਾਂ ਵੱਲ ਦੌੜ ਰਹੇ ਹਨ। ਪਰ ਬੁਨਿਆਦੀ ਢਾਂਚੇ, ਰੁਜ਼ਗਾਰ ਦੀ ਕਮੀ ਅਤੇ ਉਦਯੋਗਿਕ ਵਿਕਾਸ ਨਾ ਹੋਣ ਕਾਰਨ ਰੁਜ਼ਗਾਰ ਦੇ ਮੌਕੇ ਪੈਦੇ ਨਹੀਂ ਹੋ ਰਹੇ। ਅੰਕੜੇ ਦੱਸਦੇ ਹਨ ਕਿ ਦਸੰਬਰ, 2010 ਵਿੱਚ ਉਦਯੋਗਿਕ ਵਿਕਾਸ ਦੀ ਦਰ ਇਕ ਚੌਥਾਈ ਰਹਿ ਗਈ ਹੈ। ਪਿੰਡਾਂ ਵਿੱਚ ਹਰੀ ਕ੍ਰਾਂਤੀ ਦਾ ਸੁਪਨਾ ਦਮ ਤੋੜ ਚੁੱਕਾ ਹੈ। ਦੂਸਰੀ ਹਰੀ ਕ੍ਰਾਂਤੀ ਦੀ ਕਲਪਨਾ ਹਾਲੇ ਕਾਗਜ਼ੀ ਹੈ। ਲਘੂ ਉਦਯੋਗਾਂ ਦਾ ਵਿਕਾਸ ਗਾਂਧੀ ਦੇ ਹੋਰ ਸੁਪਨਿਆਂ ਵਾਂਗ ਖਤਮ ਹੋ ਗਿਆ ਹੈ। ਅਜਿਹੇ ਹਾਲਾਤ ਵਿੱਚ ਦੇਸ਼ ਦੀ ਨੌਜਵਾਨ ਸ਼ਕਤੀ ਨੂੰ ਆਪਣੇ ਹਿੱਸੇ ਦਾ ਭਾਰਤ ਨਾ ਤਾਂ ਸ਼ਹਿਰਾਂ ਵਿੱਚ ਮਿਲਦਾ ਹੈ ਅਤੇ ਨਾ ਹੀ ਪਿੰਡਾਂ ਵਿੱਚ। ਉਨ੍ਹਾਂ ਸਾਹਮਣੇ ਇਕ ਹੀ ਬਦਲ ਬਚਦਾ ਹੈ, ਮਨੁੱਖੀ ਤਸਕਰੀ ਦੇ ਹੱਥੇ ਚੜ੍ਹਨਾ ਰੁਜ਼ਗਾਰ ਲਈ ਵਿਦੇਸ਼ ਵੱਲ ਹਿਜਰਤ ਕਰ ਜਾਣਾ।

ਪੂਰੇ ਦੇਸ਼ ਤੋਂ ਰੁਜ਼ਗਾਰ ਲਈ ਨੌਜਵਾਨ ਵਿਦੇਸ਼ਾਂ ਵੱਲ ਹਿਜਰਤ ਕਰ ਰਹੇ ਹਨ, ਪਰ ਉਥੇ ਵੀ ਸਥਿਤੀ ਠੀਕ ਨਹੀਂ ਹੈ। ਹੁਣ ਅਰਬ ਦੇਸ਼ਾਂ ਦੇ ਸੰਕਟ ਤੋਂ ਬਾਅਦ ਪਰਵਾਸੀ ਭਾਰਤੀਆਂ ਦੇ, ਜਿਨ੍ਹਾਂ ਵਿੱਚ ਪੰਜਾਬੀਆਂ ਦੀ ਬਹੁ ਗਿਣਤੀ ਹੈ, ਪੈਰ ਉਖੜ ਰਹੇ ਹਨ। ਮਿਸਰ ਵਿੱਚ ਮੁਬਾਰਕ ਦੀ ਸੱਤਾ ਉਲਟੀ, ਤਾਂ ਉਥੇ ਸਾਲਾਂ ਤੋਂ ਰਹਿ ਰਹੇ ਪੰਜਾਬੀ ਮੂਲ ਦੇ ਪਰਵਾਸੀਆਂ ਨੂੰ ਪੰਜਾਬ ਪਰਤਣਾ ਪਿਆ ਹੈ। ਸੰਭਵ ਹੈ ਜਾਰਡਨ ਜਾਂ ਹੋਰ ਅਰਬ ਮੁਲਕਾਂ ਵਿੱਚ ਵੀ ਇਹੀ ਕਹਾਣੀ ਦੁਹਰਾਈ ਜਾਵੇ। ਵਿਸ਼ਵ ਪੱਧਰੀ ਮੰਦੀ ਕਾਰਨ ਅਮਰੀਕਾ ਅਤੇ ਆਸਟਰੇਲੀਆ ਵਿੱਚ ਪਹਿਲਾਂ ਤੋਂ ਹੀ ਭਾਰਤੀਆਂ ਦਾ ਸਵਾਗਤ ਨਹੀਂ ਹੋ ਰਿਹਾ ਸੀ। ਉਧਰ ਇੰਗਲੈਂਡ ਵੀ ਏਸ਼ੀਆਈ ਮੂਲ ਦੇ ਲੋਕਾਂ ਲਈ ਇਮੀਗਰੇਸ਼ਨ ਦੇ ਨਿਯਮ ਲਗਾਤਾਰ ਸਖਤ ਕਰਦਾ ਜਾ ਰਿਹਾ ਹੈ। ਪੰਜਾਬ ਦੇ ਹਰ ਘਰ ਦੇ ਨੌਜਵਾਨ ਅੱਜ ਵਿਦੇਸ਼ ਜਾਣਾ ਚਾਹੁੰਦੇ ਹਨ। ਕਾਨੂੰਨੀ ਤੌਰ 'ਤੇ ਬਾਹਰ ਭੇਜਣਾ ਏਨਾ ਸਰਲ ਨਹੀਂ ਰਿਹਾ, ਇਸ ਲਈ ਹੁਣ ਪੂਰੇ ਪੰਜਾਬ ਵਿੱਚ ਅਜਿਹੇ ਕਬੂਤਰਬਾਜ਼ਾਂ ਦਾ ਹੜ੍ਹ ਆ ਗਿਆ ਹੈ, ਜੋ ਫਰਜ਼ੀ ਟਰੈਵਲ ਏਜੰਸੀਆਂ ਬਣਾ ਕੇ ਦੋ ਹਫਤੇ ਵਿੱਚ ਨੌਜਵਾਨਾਂ ਨੂੰ ਵਿਦੇਸ਼ ਭੇਜਣ ਦਾ ਵਾਅਦਾ ਕਰ ਕੇ ਉਨ੍ਹਾਂ ਦੇ ਪਰਿਵਾਰਾਂ ਨੂੰ ਦੋਵੇਂ ਹੱਥਾਂ ਨਾਲ ਲੁੱਟ ਰਹੇ ਹਨ। ਇਨ੍ਹਾਂ ਦਾ ਇਹ ਅਪਰਾਧ ਆਰਥਿਕ ਅਪਰਾਧਾਂ ਦੀ ਸ਼੍ਰੇਣੀ ਵਿੱਚ ਆਉਂਦਾ ਹੈ, ਪਰ ਇਨ੍ਹਾਂ ਏਜੰਟਾਂ ਦਾ ਭਾਂਡਾ ਫੁੱਟ ਜਾਣ ਤੋਂ ਬਾਅਦ ਵੀ ਉਨ੍ਹਾਂ ਨੂੰ ਫੜ ਕੇ ਸਜ਼ਾ ਦੇਣ ਦੀ ਪ੍ਰਕਿਰਿਆ ਬਹੁਤ ਸੁਸਤ ਹੈ। ਅਜਿਹੇ ਫਰਜ਼ੀ ਏਜੰਟ ਕਿਸੇ ਨਾ ਕਿਸੇ ਤਰ੍ਹਾਂ ਕਾਨੂੰਨ ਦੇ ਸ਼ਿਕੰਜੇ 'ਚੋਂ ਬਚ ਨਿਕਲਦੇ ਹਨ ਅਤੇ ਨਾਂ ਬਦਲ ਕੇ ਫੇਰ ਕਿਸੇ ਦੂਸਰੇ ਸ਼ਹਿਰ ਵਿੱਚ ਧੰਦਾ ਕਰਨ ਲੱਗਦੇ ਹਨ। ਗੈਰ ਕਾਨੂੰਨੀ ਢੰਗ ਨਾਲ ਜੋ ਨੌਜਵਾਨ ਵਿਦੇਸ਼ ਜਾਂਦੇ ਹਨ, ਉਨ੍ਹਾਂ ਦੇ ਨਿਰਾ-ਸ਼ਾ ਪੱਲੇ ਪੈਂਦੀ ਹੈ। ਇਕ ਗੈਰ-ਸਰਕਾਰੀ ਅੰਕੜੇ ਮੁਤਾਬਕ ਅਜਿਹੇ ਦਸ ਹਜ਼ਾਰ ਪੰਜਾਬੀ ਨੌਜਵਾਨ ਗੈਰ ਕਾਨੂੰਨੀ ਪਰਵਾਸ ਦੇ ਦੋਸ਼ ਵਿੱਚ ਵਿਦੇਸ਼ਾਂ ਦੀਆਂ ਜੇਲ੍ਹਾਂ ਵਿੱਚ ਬੰਦ ਹਨ। ਰੁਜ਼ਗਾਰ ਲਈ ਵਿਦੇਸ਼ ਭੇਜਣ ਦਾ ਸੁਪਨਾ ਦਿਖਾ ਕੇ ਠੱਗੀ ਕਰਨ ਵਾਲੇ ਇਨ੍ਹਾਂ ਅਪਰਾਧੀ ਤੱਤਾਂ ਖਿਲਾਫ ਸਖਤ ਕਾਨੂੰਨ ਬਣਾਉਣ ਅਤੇ ਅਦਾਲਤਾਂ ਸਥਾਪਤ ਕਰਨ ਦੀ ਮੰਗ ਲੰਬੇ ਸਮੇਂ ਤੋਂ ਹੋ ਰਹੀ ਹੈ। ਪਰ ਇਸ ਦਾ ਅਸਲ ਹੱਲ ਹੈ ਕਿ ਦੇਸ਼ ਅਤੇ ਪੰਜਾਬ ਦੇ ਨੌਜਵਾਨ ਨੂੰ ਆਪਣਾ ਸੁਪਨਾ ਸਾਕਾਰ ਕਰਨ ਦਾ ਮੌਕਾ ਆਪਣੀ ਧਰਤੀ 'ਤੇ ਮਿਲੇ।

KULVIR GILL
ਕੁਲਵੀਰ ਗਿੱਲ
GHI

Helping you to make Informed Decisions

Registered Home Inspector

ਗਰੇਟਰ ਟਰਾਂਟੋ ਵਿਚ ਘਰਾਂ ਦੀ ਇਨਸਪੈਕਸ਼ਨ ਲਈ ਫੋਨ ਕਰੋ

(416) 839-3436 (B) (905) 479-5807 (H)

Gill Home Inspection Ltd.

Commercial & Residential

OAHI
Ontario association of Certified Home Inspectors

## ਸਥਾਪਤੀ ਦਾ ਉਲਟਾ ਪਾਸਾ : ਸਤੀ ਕੁਮਾਰ

# ਮੈਂ ਦੇਖਣ ਨੂੰ ਹੀ ਬੁਰਜ਼ੁਆ ਲੱਗਦਾ ਹਾਂ, ਅੰਦਰੋਂ ਸੁਰਖ਼ ਹਾਂ : ਸਤੀ



60ਵਿਆਂ ਚ ਸਤੀ ਕੁਮਾਰ ਦੀਆਂ ਕਿਤਾਬਾਂ ਪੰਚਮ ਅਤੇ ਘੋੜਿਆਂ ਦੀ ਉਡੀਕ ਨਾਲ ਪੰਜਾਬੀ ਕਵਿਤਾ ਵਿਚ ਆਧੁਨਿਕਤਾਵਾਦ ਦੀ ਨੀਂਹ ਰੱਖੀ ਗਈ ਸੀ। ਅੰਮ੍ਰਿਤਾ ਪ੍ਰੀਤਮ ਨਾਲ ਮਿਲ ਕੇ ਨਾਗਮਣੀ ਦਾ ਆਰੰਭ ਵੀ ਇਸੇ ਸਾਹਿਤਕ ਪ੍ਰਕ੍ਰਿਆ ਦੀ ਕੜੀ ਸੀ, ਜਿਸਦਾ ਵਿਸਤਾਰ ਉੱਤਰ-ਆਧੁਨਿਕਤਾਵਾਦ ਅਤੇ ਅੱਜ ਦੀ ਨਵੀਂ ਕਵਿਤਾ ਤਕ ਹੁੰਦਾ ਵੇਖਿਆ ਜਾ ਸਕਦਾ ਹੈ। ਇਹਦੇ ਬਾਵਜੂਦ ਇਸ ਸਾਹਿਤ-ਪੁਰਖ ਨੂੰ ਨੇੜਿਉਂ ਬਹੁਤ ਘੱਟ ਪਾਠਕ ਜਾਣਦੇ ਹਨ। *ਅਵਤਾਰ ਜੌੜਿਆਲਵੀ* ਨੂੰ ਦਿੱਤੀ ਇਸ ਇੰਟਰਵਿਊ ਚ ਇਹ ਪਹਿਲੀ ਵਾਰ ਨਿਸ਼ੰਗ ਸਾਮ੍ਹਣੇ ਆਇਆ ਹੈ। ਇਨ੍ਹਾਂ ਗੱਲਾਂ ਵਿਚ ਹੋਰ ਲੇਖਕਾਂ ਦੇ ਨਾਲ ਬਹੁਤ ਸਾਰਾ ਜ਼ਿਕਰ ਅੰਮ੍ਰਿਤਾ ਪ੍ਰੀਤਮ ਦਾ ਵੀ ਹੈ। ਪਾਠਕ ਨੋਟ ਕਰਨ ਕਿ ਇਹ ਮੁਲਾਕਾਤ ਉਨ੍ਹਾਂ ਦੇ ਪਰਲੋਕ ਸਿਧਾਰਨ ਤੋਂ ਪਹਿਲਾਂ ਦੀ ਕੀਤੀ ਹੋਈ ਹੈ ਅਤੇ ਹੁਣ ਸਤੀ ਕੁਮਾਰ ਵੀ ਨਹੀਂ ਹੈ। ਸੱਚ ਇਹ ਵੀ ਹੈ ਕਿ ਵਾਪਰ ਚੁੱਕੀਆਂ ਘਟਨਾਵਾਂ ਦਾ ਵੇਰਵਾ ਫੇਰ ਵੀ ਨਹੀਂ ਬਦਲਦਾ।

### ਮਿੱਟੀ ਦੀ ਜ਼ਬਾਨ

- ਇਕ ਵਾਰ ਤੂੰ ਲੰਡਨ ਚ ਇਹ ਕਹਿ ਕੇ ਹਲਚਲ ਮਚਾ ਦਿਤੀ ਸੀ ਕਿ ਤੂੰ ਪੰਜਾਬੀ ਚ ਲਿਖਣਾ ਪਸੰਦ ਨਹੀਂ ਕਰਦਾ।

ਸਤੀ: ਅੱਛਾ? ਲੰਡਨ ਵਾਲਿਆਂ ਦੀ ਕ੍ਰਿਪਾ। ਮੈਂ ਤਾਂ ਇਹ ਕਿਹਾ ਸੀ ਕਿ ਪੰਜਾਬੀ ਤੋਂ ਅਲਾਵਾ ਮੈਨੂੰ ਹੋਰ ਭਾਸ਼ਾਵਾਂ ਚ ਵੀ ਲਿਖਣ ਦੀ ਸੁਵਿਧਾ ਹੈ। ਪੰਜਾਬੀ ਚ ਲਿਖਣਾ ਮੇਰੀ ਮਜਬੂਰੀ ਨਹੀਂ, ਝੱਲ ਹੈ। ਇਹ ਮੇਰੀ ਰੂਹ ਦੀ ਚੋਣ ਸੀ। ਉਹਨਾਂ ਨੇ ਇਸ ਗੱਲ ਨੂੰ ਅਪਣੀ ਲੋੜ ਅਨੁਸਾਰ ਢਾਲ ਲਿਆ।

ਲੰਡਨ ਵਾਲਿਆਂ ਚ ਕੁਝ ਬੌਧਿਕ ਫ਼ਰੱਸਟਰੇਸ਼ਨ ਵੀ ਹੈ। ਇਸ ਨੇ ਕਿਸੇ ਤਰ੍ਹਾਂ ਨਿਕਲਣਾ ਹੀ ਹੋਇਆ। ਅੰਮ੍ਰਿਤਾ ਨੇ ਇਕ ਵਾਰ ਮੈਨੂੰ ਸਾਵਧਾਨ ਵੀ ਕੀਤਾ ਸੀ ਲੰਡਨ ਦੇ ਇਸ ਅਦਬੀ ਮਾਹੌਲ ਤੋਂ। ਉਹ ਇਮਰੋਜ਼ ਨਾਲ ਲੰਡਨ ਗਈ ਸੀ ਤਾਂ ਦੇਸ ਪਰਦੇਸ ਵਾਲਾ ਪੁਰੇਵਾਲ ਕੈਮਰਾ ਚੁੱਕ ਕੇ ਉਨ੍ਹਾਂ ਦੇ ਮਗਰ ਪੈ ਗਿਆ ਸੀ। ਅਪਣੇ ਪਰਚੇ ਦੇਸ ਪਰਦੇਸ ਦੇ ਕਵਰ 'ਤੇ ਅੰਮ੍ਰਿਤਾ ਪ੍ਰੀਤਮ ਦੀ ਫ਼ੋਟੋ ਲਾਉਣ ਦੀ ਉਸਨੇ ਸੌਹ ਚੁੱਕੀ ਹੋਈ ਸੀ। ਸੱਤਰਵਿਆਂ ਚ ਉਹ ਕਿਸੇ ਕਵੀ ਦੇ ਨਾਲ ਮੈਨੂੰ ਸਟੌਕਹੋਮ ਮਿਲਣ ਆਇਆ ਸੀ। ਇਹ ਗੱਲ ਉਹਨੇ ਆਪ ਦੱਸੀ।

ਹੋਰਨਾਂ ਜ਼ਬਾਨਾਂ ਚ ਮੈਂ ਭਾਵੇਂ ਕਿੰਨਾ ਵੀ ਛਪਾਂ, ਅਪਣੀ ਮਾਂ-ਬੋਲੀ ਤੋਂ ਬਾਹਰ ਮੇਰੀ ਕੋਈ ਸੱਤਾ ਨਹੀਂ। ਇਸ ਤੱਥ ਤੋਂ ਮੈਂ ਚੰਗੀ ਤਰ੍ਹਾਂ ਚਿਤੰਨ ਹਾਂ। ਕਵਿਤਾ ਉਸੇ ਬੋਲੀ ਚ ਲਿਖੀ ਜਾ ਸਕਦੀ ਹੈ, ਜਿਸ ਬੋਲੀ ਚ ਮੂੰਹੋਂ ਪਹਿਲਾ ਬੋਲ ਉਚਾਰਿਆ ਹੋਵੇ। ਪੈਸਾ ਮੈਂ ਹੋਰਨਾਂ ਭਾਸ਼ਾਵਾਂ ਚ ਹੀ ਲਿਖਕੇ ਕਮਾਇਆ ਹੈ। ਪੰਜਾਬੀ ਚ ਲਿਖਕੇ ਅਜੇ ਤਕ ਇਕ ਧੇਲਾ ਵੀ ਨਹੀਂ ਖੱਟਿਆ ਤੇ ਨਾ ਹੀ ਇਸਦਾ ਅਫ਼ਸੋਸ ਹੈ। ਝੱਲ ਦਾ ਮੁੱਲ ਨਹੀਂ ਪਾਇਆ ਜਾ ਸਕਦਾ। ਮੈਂ ਪੰਜਾਬ ਦਾ ਜੰਮ-ਪਲ ਹਾਂ ਤੇ ਹੋਰ ਪੰਜਾਬੀ ਲੇਖਕਾਂ ਵਾਂਗ ਮੇਰਾ ਵਿਰਸਾ ਵੀ ਪੰਜਾਬੀ ਬੋਲੀ ਹੈ। ਸੁਪਨੇ ਚ ਵੀ ਮੈਂ ਇਹੋ ਬੋਲੀ ਬੋਲਦਾ ਹਾਂ।

- ਤੂੰ ਪੰਜਾਬੀ ਲਿਖਣੀ ਸਕੂਲ ਚ ਸਿੱਖੀ ਸੀ ?

ਸਤੀ: ਨਹੀਂ। ਪੰਜਾਬੀ ਲਿਖਣੀ ਮੈਂ ਬਚਪਨ ਚ ਅਪਣੇ ਆੜੀ ਜਸਬੀਰ ਸਿੱਧੂ ਤੋਂ ਸਿੱਖੀ ਸੀ। ਪੰਜਾਬੀ ਅੱਖਰ ਉਹਨੇ ਖੇਡ-ਖੇਡ ਚ ਰੇਤੇ ਚ ਉਂਗਲੀ ਨਾਲ ਲਿਖਕੇ ਸਿਖਾਏ। ਇਹ ਗਿਆਨ ਜਸਬੀਰ ਦੇ ਬਹਾਨੇ ਮੈਨੂੰ ਮਿੱਟੀ ਨੇ ਦਿਤਾ ਹੈ। ਬਦਲੇ ਚ ਮੈਂ ਉਹਨੂੰ ਇਸੇ ਤਰ੍ਹਾਂ ਹਿੰਦੀ ਸਿਖਾਈ। ਟਿੱਬਿਆਂ ਦੇ ਰੇਤੇ ਚ ਉਂਗਲੀ ਨਾਲ ੳ ਅ ਲਿਖ ਕੇ ਪੈਂਤੀ ਸਿੱਖਣ ਵਰਗਾ ਸੁਆਦ ਕਦੇ ਕੋਈ ਹੋਰ ਭਾਸ਼ਾ ਸਿੱਖ ਕੇ ਨਹੀਂ ਆਇਆ। ਪੰਜਾਬੀ ਮੇਰੀ ਮਿੱਟੀ ਦੀ ਜ਼ਬਾਨ ਹੈ। ਜਸਬੀਰ ਤਾਂ ਜਵਾਨੀ ਚ ਹੀ ਮਰ ਗਿਆ। ਪਰ ਮੈਨੂੰ ਨਿਸ਼ਾਨੀ ਵਧੀਆ ਦੇ ਗਿਆ। ਹਿੰਦੀ, ਸੰਸਕ੍ਰਿਤ ਤੇ ਕੁਝ ਯੌਰਪੀਨ ਜ਼ਬਾਨਾਂ ਦਾ ਵੀ ਮੈਨੂੰ ਕੁਝ ਗਿਆਨ ਹੈ। ਪਰ ਉਹ ਪੰਜਾਬੀ ਦੀ ਤਰ੍ਹਾਂ ਮੇਰੀ ਸੰਵੇਦਨਾ ਦਾ ਹਿੱਸਾ ਨਹੀਂ ਹਨ।

ਇਕ ਵਾਰ ਮੇਰੇ ਮਿਤਰ ਸ੍ਰੀਕਾਂਤ ਵਰਮਾ ਨੇ ਦਿੱਲੀ ਦੀ ਕਿਸੇ ਮਜਲਿਸ ਚ ਮੇਰਾ ਪਰੀਚਯ ਇਸਤਰ੍ਹਾਂ ਕਰਾਇਆ - ਸਤੀ ਕੁਮਾਰ ਹਿੰਦੀ ਕੇ ਪ੍ਰਸਿੱਧ ਸਾਹਿਤਯਕਾਰ ਹੈਂ।- ਮੈਂ ਟੋਕ ਕੇ ਕਿਹਾ - ਮੈਂ ਪੰਜਾਬੀ ਕਾ ਐਸਾ ਸਾਹਿਤਯਕਾਰ ਹੂੰ ਜੋ ਥੋੜਾ ਬਹੁਤ ਹਿੰਦੀ ਮੇਂ ਭੀ ਲਿਖ ਲੇਤਾ ਹੈ।- ਇਸੇ ਤਰ੍ਹਾਂ ਧਰਮਵੀਰ ਭਾਰਤੀ ਦੇ ਕਹਿਣ 'ਤੇ ਬਲਗਾਰੀਆ ਤੋਂ ਧਰਮਯੁਗ ਚ ਮੈਂ ਕਾਲਮ ਲਿਖਿਆ ਕਰਦਾ ਸੀ - ਯੋਰਪਨਾਮਾ, ਜੋ ਬੜਾ ਪੜ੍ਹਿਆ ਜਾਂਦਾ ਸੀ। ਪਰ ਇੰਨੇ ਨਾਲ ਹੀ ਮੈਂ ਹਿੰਦੀ ਵਾਲਿਆਂ ਦਾ ਨਹੀਂ ਹੋ ਜਾਂਦਾ। ਜੇ ਉਹ ਕਿਸੇ ਪੰਜਾਬੀ ਲੇਖਕ ਨੂੰ ਅਪਣੇ ਨਾਲ ਬਿਠਾਉਂਦੇ ਵੀ ਨੇ, ਤਾਂ ਮੈਂ ਸਮਝਦਾ ਹਾਂ ਇਸ ਚ ਪੰਜਾਬੀ ਦਾ ਮਾਣ ਹੀ ਹੈ।

ਪੰਜਾਬੀ ਚ ਵੀ ਕੁਝ ਅਜੇਹੇ ਮਹਾਂਪੁਰਖ ਹਨ, ਜੋ ਪੰਜਾਬੀ ਉੱਤੇ ਹਿੰਦੀ ਕਵਿਤਾ ਦੇ ਪ੍ਰਭਾਵ ਦਾ ਰਾਗ ਕਦੇ-ਕਦੇ ਅਲਾਪਦੇ ਰਹਿੰਦੇ ਨੇ। ਐਸੇ ਵੇਲੇ ਮੇਰਾ ਨਾਂ ਕੰਮ ਆ ਜਾਂਦੈ। ਗਲੋਬਲੀ ਗੱਲਾਂ ਕਰਦੇ ਕਦੇ-ਕਦੇ ਪਤਾ ਨਹੀਂ ਕਿਉਂ ਅਸੀਂ ਸੂਬਾਈ ਪੱਧਰ ਤੇ ਸੁੰਗੜ ਜਾਂਦੇ ਹਾਂ। ਵੈਸੇ ਪੰਜਾਬੀ ਤੇ ਕਿਹੜੀ ਭਾਸ਼ਾ ਦਾ ਪ੍ਰਭਾਵ ਨਹੀਂ? ਉਰਦੂ ਅਤੇ ਫ਼ਾਰਸੀ ਦਾ ਥੋਹੜਾ ਹੈ? ਪੰਜਾਬੀ ਦੀਆਂ ਜੜ੍ਹਾਂ ਬਹੁਤ ਮਜ਼ਬੂਤ ਨੇ। ਇਹਨਾਂ ਚ ਉਪਰੋਂ ਪੈਂਦੀ ਹਰ ਬਰਸਾਤ ਨੂੰ ਸੋਖ ਲੈਣ ਦੀ ਸਮਰੱਥਾ ਹੈ। ਸੁਰਜੀਤ ਹਾਂਸ ਅਪਣੀ ਕਵਿਤਾ ਚ ਰੱਜ ਕੇ ਫ਼ਾਰਸੀ ਵਰਤਦਾ ਹੈ। ਮੇਰੇ ਖ਼ਿਆਲ ਚ ਇਸ ਨਾਲ ਪੰਜਾਬੀ ਕਵਿਤਾ ਚ ਖ਼ਤੋਤ ਨਹੀਂ ਆਈ, ਸਗੋਂ ਉਹ ਅੱਗੇ ਵਧੀ ਹੈ। ਰਹਾਉ ਦੀ ਇਕ ਕਵਿਤਾ ਚ ਮੈਂ ਹਿੰਦੀ ਦੀ ਸਤਰ ਵਰਤੀ ਹੈ: ਕੁੱਤੇ ਨੂੰ ਪੁੱਛਿਆ / ਮੈਂ ਪੂੰਛ ਕਿਉਂ ਹਿਲਾਤੇ ਹੋ / ਜਵਾਬ ਵਿਚ ਕੁੱਤੇ ਨੇ/ ਫਿਰ ਪੂਛ ਹਿਲਾ ਦਿਤੀ। ਇਸਨੂੰ ਜੇ ਕੋਈ ਪੰਜਾਬੀ ਉੱਤੇ ਹਿੰਦੀ ਦਾ ਪ੍ਰਭਾਵ ਕਹਿੰਦਾ ਹੈ ਤਾਂ ਉਸ ਨੂੰ ਕਵਿਤਾ ਦੀ ਸਮਝ ਨਹੀਂ। ਜੇ ਸਾਨੂੰ ਇਹ ਪਤਾ ਹੋਵੇ ਕਿ ਵਿਦੇਸ਼ਣਾਂ ਨੂੰ ਕਿਹੜੇ ਬੂਹਿਉਂ ਅੰਦਰ ਵਾੜਣਾ ਹੈ ਤਾਂ ਪੰਜਾਬੀ ਨੂੰ ਕੋਈ ਖ਼ਤਰਾ ਨਹੀਂ।

### ਕਰੋਲ ਬਾਗ ਦਾ ਆਨੰਦ ਪਰਬਤ

- ਕੁਝ ਸਾਲ ਪਹਿਲਾਂ ਦੀ ਗੱਲ ਹੈ ਕਿ ਆਪਾਂ ਚਾਰ ਦਿਨ ਤੇ ਚਾਰ ਰਾਤਾਂ ਇਕੱਠਿਆਂ ਗੁਜ਼ਾਰੀਆਂ ਸਨ। ਇੱਕੋ ਕਮਰੇ ਵਿਚ ਸੁੱਤੇ ਸੀ। ਅਸੀਂ ਕਵਿਤਾ ਸੁਣਾਉਣ ਜਾਂ ਲਿਖਣ ਦੀ ਕੋਈ ਗੱਲ ਨਹੀਂ ਸੀ ਕੀਤੀ ਤੇ ਫੇਰ ਇਸ ਬਾਰੇ ਆਪੇ ਹੀ ਖ਼ੁਸ਼ ਵੀ ਹੋਏ। ਕੀ ਤੈਨੂੰ ਕਵਿਤਾ ਸੁਣਾਉਣ ਦਾ ਚਾਅ ਨਹੀਂ ਆਉਂਦਾ ?

ਸਤੀ: ਚਾਅ ਤਾਂ ਜ਼ਰੂਰ ਚੜ੍ਹਦਾ ਹੈ, ਪਰ ਮੇਰੇ ਚ ਇਹ ਜੁੱਰਅਤ ਨਹੀਂ ਕਿ ਇਸ ਤਰ੍ਹਾਂ ਗੈਸਟ ਹੋਣ ਦਾ ਫ਼ਾਇਦਾ ਉਠਾਵਾਂ ਜਾਂ ਘਰੇ ਆਏ ਗੈਸਟ ਨੂੰ ਬਿਠਾ ਕੇ ਬੋਰ ਕਰਾਂ। ਮੈਨੂੰ ਹੈਰਾਨੀ ਹੋਈ ਸੀ ਕਿ ਤੂੰ ਵੀ ਮੇਰੇ ਵਰਗਾ ਨਿਕਲਿਆ। ਨਹੀਂ ਤਾਂ ਪੰਜਾਬੀ ਕਵੀ ਅਪਣੀਆਂ ਕਵਿਤਾਵਾਂ ਦਾ ਖੰਡਪਾਠ ਕਰ ਕੇ ਹੀ ਰੋਟੀ ਖੁਆਂਦੇ ਨੇ। ਦੋਸਤਾਂ ਨੂੰ ਮਿਲਕੇ ਕਵਿਤਾਈ ਕਰਨ ਦੀ ਥਾਵੇਂ ਮੈਨੂੰ ਗੱਪਾਂ ਮਾਰਨ ਦਾ ਸ਼ੌਕ ਬਹੁਤਾ ਹੈ। ਵੈਸੇ ਯੌਰਪ ਚ ਇਸਦੀ ਪਿਰਤ ਵੀ ਨਹੀਂ। ਨਵੀਂ ਕਵਿਤਾ ਦਾ ਬੌਧਿਕ ਪੱਖ ਵੀ ਇਸਤਰ੍ਹਾਂ ਦੇ ਪ੍ਰਾਈਵੇਟ ਕਵਿਤਾ ਪਾਠ ਜਾਂ ਮੰਚੀਕਰਨ ਚ ਅੜਚਨ ਪੌਂਦਾ ਹੈ। ਸੁਰਜੀਤ ਪਾਤਰ ਵਾਂਗ ਹਰ ਕਿਸੇ ਨੂੰ ਕਵਿਤਾ ਦੇ ਨਾਲ-ਨਾਲ ਵਾਣੀ ਦਾ ਵਰ ਨਹੀਂ ਮਿਲਿਆ। ਮੈਨੂੰ ਤਾਂ ਮੰਚ ਤੋਂ ਹੀ ਡਰ ਲਗਦੈ। ਅਪਣੀ ਸੀਮਾ ਦਾ ਗਿਆਨ ਹੋਣਾ ਚਾਹੀਦੈ।

### ਕਲਮ ਦਾ ਜੁਗਾੜ

- ਤੇਰੇ ਵਿਰੋਧੀ ਤੈਨੂੰ ਸਾਹਿਤ ਦੇ ਪਿੜ ਚ ਚੋਰ-ਦਰਵਾਜ਼ਿਆਂ ਰਾਹੀਂ ਵੜਨ ਵਾਲਾ ਲੇਖਕ ਕਹਿੰਦੇ ਹਨ। ਉਨ੍ਹਾਂ ਦਾ ਖ਼ਿਆਲ ਹੈ ਕਿ ਤੂੰ ਚੋਟੀ ਦੇ ਬੰਦਿਆਂ ਨਾਲ ਜੁਗਾੜ ਕਰਨ ਨੂੰ ਤਕੜਾ ਏਂ।

ਸਤੀ: ਹੁਣ ਤਕ ਮੈਂ ਇੱਕੋ ਜੁਗਾੜ ਕੀਤਾ ਹੈ, ਉਹ ਹੈ ਕਲਮ ਦਾ ਜੁਗਾੜ। ਜਿੰਨਾ ਕੁ ਹੋ ਸਕਿਆ। ਲੇਖਕ ਬਣਨ ਲਈ ਕਲਮ ਦੇ ਜੁਗਾੜ ਤੋਂ ਬਿਨਾ ਕੀ ਕੋਈ ਹੋਰ ਤਰੀਕਾ ਵੀ ਹੈ ?ਨਾਲ਼ੇ ਮੈਂ ਜੁਗਾੜੀਆ ਹੁੰਦਾ ਤਾਂ ਹਰਭਜਨ ਸਿਘ ਤੋਂ ਭੂਮਿਕਾ ਲਿਖਵਾਂਦਾ।ਅਜੀਤ ਕੌਰ ਮੇਰਾ ਰੇਖਾ-ਚਿਤਰ ਲਿਖਦੀ। ਅਸੀਂ ਦੋਸਤ ਹਾਂ ਪਰ ਇਹੋ ਜਿਹੇ ਕੰਮ ਮੈਂ ਕਦੇ ਨਹੀਂ ਕੀਤੇ।

ਇਹ ਗੱਲ ਸਹੀ ਹੈ ਕਿ ਮੇਰੀ ਜ਼ਿੰਦਗੀ ਚ ਕਈ ਅਜੇਹੇ ਲੇਖਕ ਆਏ ਨੇ, ਜਿਨ੍ਹਾਂ ਨੂੰ ਤੂੰ ਵੱਡੇ ਆਖਦਾ ਏਂ। ਅਪਣੀ ਨਜ਼ਰ ਚ ਮੈਂ ਵੀ ਵੱਡਾ ਹਾਂ। ਜੇ ਕਿਸੇ ਲੇਖਕ ਚ ਇੰਨਾ ਆਤਮ-ਵਿਸ਼ਵਾਸ ਨਹੀਂ, ਉਸ ਨੂੰ ਲਿਖਣਾ ਛੱਡ ਦੇਣਾ ਚਾਹੀਦੈ। ਮੇਰੀ ਨਜ਼ਰ ਚ ਸਾਰੇ ਲੇਖਕ ਬਰਾਬਰ ਨੇ। ਮੇਰੇ ਨਾਲ ਕੋਈ ਕਿੰਨਾ ਵੀ ਟੇਢਾ ਚੱਲੇ, ਮੈਂ ਕਿਸੇ ਨਾਲ ਬਦਸਲੂਕੀ ਨਹੀਂ ਕਰਦਾ, ਫ਼ਾਸਲਾ ਬੇਸ਼ਕ ਕਰ ਲਵਾਂ।

ਦਿੱਲੀ ਯੂਨੀਵਰਸਿਟੀ ਚ ਮੈਂ ਸਾਹਿਤ ਸਭਾ ਦਾ ਪ੍ਰੈਜ਼ੀਡੈਂਟ ਸੀ। ਹਰ ਮਹੀਨੇ ਕਿਸੇ ਨਾ ਕਿਸੇ ਲੇਖਕ ਨੂੰ ਬੁਲਾਇਆ ਜਾਂਦਾ ਸੀ। ਦਿੱਲੀ ਦੇ ਬਹੁਤੇ ਲੇਖਕ ਏਸੇ ਸਮੇਂ ਸੰਪਰਕ ਚ ਆਏ। ਹਰਿਭਜਨ ਨੇ ਆਪ ਕਦਮ ਚੁਕਿਆ। ਆਰਸੀ ਦੇ ਦਫ਼ਤਰ ਚ ਉਹ ਮੈਨੂੰ ਈਸ਼ਵਰ ਚਿਤਰਕਾਰ ਨੂੰ ਦਿੱਤੀ ਵਿਦਾਇਗੀ ਪਾਰਟੀ ਦਾ ਇਨਵੀਟੇਸ਼ਨ ਕਾਰਡ ਦੇ ਕੇ ਗਿਆ ਸੀ। ਭਾਵੇਂ ਮੈਂ ਉਸ ਪਾਰਟੀ ਚ ਨਹੀਂ ਸੀ ਗਿਆ। ਇਸੇ ਤਰ੍ਹਾਂ ਗਾਰਗੀ ਨਾਲ ਪਰੀਚੈ ਦਾ ਕਾਰਣ ਪੰਜ ਦਰਿਆ ਚ ਛਪਿਆ ਮੇਰਾ ਲੇਖ ਸੀ। ਕਨਾਟਪਲੇਸ ਦੇ ਟੀ ਹਾਊਸ ਚ ਮੇਰੇ ਕੋਲ ਆ ਕੇ ਬੋਲਿਆ, "ਹੁਣੇ ਤੇਰਾ ਲੇਖ ਪੜ੍ਹਿਆ ਹੈ। ਆਉ ਜ਼ਰਾ ਬਾਹਰ ਸੈਰ ਕਰੀਏ।"

ਕਨਾਟਪਲੇਸ ਦੇ ਗਲਿਆਰੇ ਚ ਘੁੰਮਦਿਆਂ ਉਹ ਮੈਨੂੰ ਵਾਰਤਕ ਲਿਖਣ ਦੇ ਗੁਰ ਦੱਸਦਾ ਰਿਹਾ। ਉਹ ਮੈਥੋਂ ਸੀਨੀਅਰ ਲੇਖਕ ਸੀ। ਮੇਰੀ ਅਜੇ ਮੱਸ ਹੀ ਫੁੱਟੀ ਸੀ। ਮੈਂ ਨੀਵੀਂ ਪਾਈ ਸੁਣਦਾ ਰਿਹਾ। ਸਿੱਖਿਆ ਤਾਂ ਮੈਂ ਉਸ ਕੋਲੋਂ ਕੁਝ ਨਾ, ਪਰ ਮਾਲਵੇ ਦੀਆਂ ਗੱਲਾਂ ਕਰਦੇ-ਕਰਦੇ ਅਸੀਂ ਚੰਗੇ ਦੋਸਤ ਬਣ ਗਏ। 60ਵਿਆਂ ਦੇ ਆਸਪਾਸ ਅਜੀਤ ਕੌਰ ਵੀ ਈਸਟ ਪਟੇਲ ਨਗਰ ਰਹਿੰਦੀ ਸੀ ਤੇ ਮੈਂ ਵੀ। ਰਹਿੰਦੇ ਵੀ ਕੋਲ਼ੇ-ਕੋਲ਼ੇ ਸੀ। ਬਿਸਕੁਟਾਂ ਦੀ ਦੁਕਾਨ 'ਤੇ ਮੈਂ ਉਹਨੂੰ ਇਕ ਵਾਰ ਵੇਖਿਆ ਵੀ ਸੀ। ਨਹਾਉਣ ਪਿੱਛੋਂ ਪਿੱਠ ਤੇ ਖੁੱਲ੍ਹੇ ਵਾਲ ਛੱਡੀ ਉਹ ਹਵਾ ਦੇ ਤਾਜ਼ੇ ਬੁੱਲੇ ਵਾਂਗ ਦੁਕਾਨ ਚ ਆ ਵੜੀ ਸੀ। ਉਦੋਂ ਉਹ ਚਰਚਿਤ ਕਹਾਣੀਕਾਰ ਸੀ। ਜਾ ਕੇ ਹੈਲੋ ਕਰਨ ਦੀ ਬਜਾਏ ਮੈਂ ਪਾਸੇ ਖੜ੍ਹਾ ਚੋਰੀਉਂ ਉਸਨੂੰ ਵੇਖਦਾ ਰਿਹਾ। ਇਸ ਤੋਂ ਦਸ ਸਾਲ ਬਾਅਦ ਅਚਾਨਕ ਗਾਰਗੀ ਦੇ ਘਰੇ 70ਵਿਆਂ ਚ ਪਹਿਲੀ ਵਾਰ ਉਸ ਨਾਲ ਮੇਰੀ ਮੁਲਾਕਾਤ ਹੋਈ। ਉਦੋਂ ਜਲੰਧਰੋਂ ਮੀਸ਼ਾ ਵੀ ਗਾਰਗੀ ਕੋਲ ਆਇਆ ਹੋਇਆ ਸੀ। ਮੈਂ ਸਵੀਡਨੋਂ ਦੋ ਹਫ਼ਤਿਆਂ ਲਈ ਭਾਰਤ ਗਿਆ ਹੋਇਆ ਸੀ। ਅਸੀਂ ਰਲਕੇ ਗਾਰਗੀ ਦੇ ਘਰ ਮਿਰਚਾਂ ਵਾਲ਼ੀ ਦਾਲ਼ ਨਾਲ ਆਲੂ ਦੇ ਪਰੌਂਠੇ ਖਾਧੇ ਸੀ। ਇਕ ਵਾਰ ਅਜੀਤ ਨੇ ਪਿਆਰ ਚ ਉਲਾਂਭਾ ਵੀ ਦਿੱਤਾ ਸੀ, "ਤੁਸੀਂ ਮੈਨੂੰ ਪਹਿਲਾਂ ਕਿਉਂ ਨਹੀਂ ਮਿਲੇ?" ਹੁਣ ਤੂੰ ਆਪ ਅੰਦਾਜ਼ਾ ਲਾ ਲੈ, ਮੈਂ ਕਿੰਨਾ ਜੁਗਾੜੀਆ ਹਾਂ।

ਮੈਂ ਅਫ਼ਵਾਹਾਂ ਦਾ ਸਿਰਜਿਆ ਹੋਇਆ ਹਾਂ। ਸਾਹਿਤ-ਸਭੀਆ ਜੁ ਨਹੀਂ ਹਾਂ। ਨਾ ਹੀ ਕਵੀ-ਦਰਬਾਰੀਆ ਹਾਂ। ਪੰਜਾਬ ਦੇ ਬਹੁਤੇ ਲੇਖਕਾਂ ਨੇ ਤਾਂ ਮੈਨੂੰ ਵੇਖਿਆ ਹੀ ਨਹੀਂ ਹੋਣਾ। ਮੇਰੀ ਹੋਂਦ ਭੂਤਾਂ ਵਰਗੀ ਹੈ। ਮੈਂ ਹਾਂ ਵੀ ਤੇ ਨਹੀਂ ਵੀ। ਲੋਕਾਂ ਕੋਲ ਮੇਰਾ ਮਨਘੜੰਤ ਬਿੰਬ ਹੈ।

ਮੈਂ ਇਕੱਲਪਸੰਦ ਹਾਂ। ਕਿਸੇ ਸਾਹਿਤਕ ਟੋਲੇ ਨਾਲ ਰਲਿਆ ਹੁੰਦਾ ਤਾਂ ਇਹੋ ਜੇਹੀਆਂ ਗੱਲਾਂ ਨਹੀਂ ਸੀ ਉਡਣੀਆਂ। ਤੇਰੇ ਸਵਾਲ ਦਾ ਸੰਬੰਧ ਮੇਰੇ ਨਾਲ ਇੰਨਾ ਨਹੀਂ, ਜਿੰਨਾ ਪੰਜਾਬੀ ਲੇਖਕਾਂ ਦੀ ਸਾਇਕੀ ਨਾਲ ਹੈ। ਮੇਰੇ ਕੋਲ ਇਸਦਾ ਕੋਈ ਚੰਗਾ ਜਵਾਬ ਨਹੀਂ।

- ਪੰਜਾਬੀ ਲੇਖਕਾਂ ਨੂੰ ਮਿਲਣ ਤੂੰ ਪੰਜਾਬ ਨਹੀਂ ਸੀ ਜਾਂਦਾ ਕਦੇ ?

ਸਤੀ: ਹਰਿਭਜਨ ਪੰਜਾਬ ਜਾਇਆ ਕਰਦਾ ਸੀ ਹਰਨਾਮ ਨੂੰ ਨਾਲ ਲੈ ਕੇ। ਉਹਨਾਂ ਨਾਲ ਮੈਂ ਨਹੀਂ ਸੀ ਕਦੇ ਗਿਆ। ਪੰਜਾਬੋਂ ਮੁੜ ਕੇ ਆਇਆ, ਤਾਂ ਇਕ ਵਾਰ ਹਰਿਭਜਨ ਬੋਲਿਆ- "ਮੈਂ ਤੇਰੇ ਪਿੰਡ ਗਿਆ ਸੀ। ਉਥੇ ਤੇਰੀ ਇਕ ਕਵਿਤਾ ਸੁਣਾ ਕੇ ਆਇਆਂ।" ਉਹ ਬਰਨਾਲੇ ਤੇ ਪਟਿਆਲੇ ਹੋ ਕੇ ਆਏ ਸੀ।

ਹਰਿਭਜਨ ਸਾਰੇ ਮਾਲਵੇ ਨੂੰ ਮੇਰਾ ਪਿੰਡ ਆਖਦਾ ਸੀ। ਮਾਲਵੇ ਚ ਉਹ ਕਿਤੇ ਵੀ ਹੋ ਕੇ ਆਇਆ ਹੋਵੇ, ਦਿੱਲੀ ਵਾਪਿਸ ਆ ਕੇ ਇਹੋ ਆਖਦਾ- "ਤੇਰੇ ਪਿੰਡ ਹੋ ਕੇ ਆਇਆਂ।" ਮਲਵੱਈ ਲੇਖਕ ਉਹਨੂੰ ਬਹੁਤੇ ਪਸੰਦ ਨਹੀਂ ਸਨ। ਮਾਲਵੇ ਦੇ ਲੇਖਕਾਂ ਬਾਰੇ ਇਕ ਵਾਰ ਸਾਡੀ ਬਹਿਸ ਹੋ ਗਈ, ਤਾਂ ਉਹ ਮਾਲਵੇ ਦੇ ਲੇਖਕਾਂ ਨੂੰ "ਮਲਵੱਈ ਢੱਗੇ" ਕਹਿ ਬੈਠਾ। ਮਾਲਵੇ ਦੇ ਲੇਖਕਾਂ ਦੀ ਚੜ੍ਹਤ ਸੀ ਤੇ ਇਹ ਸ਼ਾਇਦ ਉਸਨੂੰ ਚੰਗਾ ਨਹੀਂ ਸੀ ਲੱਗਦਾ। ਮੈਂ ਕੁਝ ਨਾ ਕਿਹਾ। ਅਪਣੀ ਅਪਸ਼ਬਦੀ 'ਤੇ ਉਹ ਆਪ ਹੀ ਸ਼ਰਮਾ ਗਿਆ ਸੀ। "ਤੇਰੇ ਮਾਲਵੇ ਹੋ ਕੇ ਆਇਆਂ" ਚ ਹਮੇਸ਼ਾ ਕੁਝ ਵਿਅੰਗ ਹੁੰਦਾ ਸੀ। ਪਰ ਇੰਨਾ ਕੁ ਮੈਂ ਖ਼ੁਸ਼ੀ ਨਾਲ ਝੱਲ ਲੈਂਦਾ ਸੀ।

ਅਜੇ ਮੈਂ ਸਾਰੀਆਂ ਤਿੰਨ ਕਵਿਤਾਵਾਂ ਹੀ ਲਿਖੀਆਂ ਸੀ। ਇਕ ਕਵਿਤਾ ਦਾ ਨਾਂ ਸੀ - ਜੁਗਨੂੰ। ਮੈਨੂੰ ਪ੍ਰਸ਼ੰਸਾ ਸੰਦੇਹ ਚ ਪਾ ਦਿੰਦੀ ਹੈ। ਹਰਿਭਜਨ ਨੂੰ ਇਹ ਕਵਿਤਾ ਪਸੰਦ ਆ ਗਈ ਸੀ। ਇਸਨੂੰ ਉਹ ਹਰ ਥਾਈਂ ਸੁਣਾਉਂਦਾ। ਇਸ ਕਵਿਤਾ ਦਾ ਗਾਇਨ ਉਹ ਦਿੱਲੀ ਦੇ ਰੇਡੀਓ ਸਟੇਸ਼ਨ ਤੇ ਵੀ ਕਰਕੇ ਆਇਆ ਸੀ। ਨਤੀਜਾ ਇਹ ਹੋਇਆ ਕਿ ਇਹ ਕਵਿਤਾ ਮੇਰੀ ਕਿਸੇ ਵੀ ਕਿਤਾਬ ਚ ਸ਼ਾਮਿਲ ਨਹੀਂ। ਮੈਂ ਹਰਨਾਮ ਨੂੰ ਆਖਿਆ, "ਹੋਰੂੰ ਤਾਂ ਮੈਂ ਡਾਕਟਰ ਦੇ ਕਾਬੂ ਨ੍ਹੀਂ ਆਇਆ। ਹੁਣ ਉਹ ਮੈਨੂੰ ਪ੍ਰਸ਼ੰਸਾ ਨਾਲ ਮਾਰ ਰਿਹਾ ਹੈ!"

- ਪੰਜਾਬ ਜਾਣ ਤੋਂ ਤੈਨੂੰ ਡਰ ਲੱਗਦਾ ਸੀ ?

ਸਤੀ: ਪੰਜਾਬ ਤੋਂ ਡਰ ਨਹੀਂ ਲਗਦਾ। ਪੰਜਾਬ ਦੀ ਮਿੱਟੀ ਦਾ ਤਾਂ ਮੈਂ ਬਣਿਆ ਹੋਇਆ ਹਾਂ। ਪੰਜਾਬ ਚ ਮੇਰੇ ਵਿਜ਼ਟ ਅ-ਸਾਹਿਤਕ ਕਿਸਮ ਦੇ ਹੁੰਦੇ ਨੇ। ਇਕ ਵਾਰ ਇਵਾਂਕਾ ਨੂੰ ਮੈਂ ਚੰਡੀਗੜ੍ਹ ਦਿਖਾਉਣ ਲੈ ਗਿਆ ਸੀ। ਉਦੋਂ ਅਮਿਤੋਜ ਨੇ ਤਿੰਨ ਦਿਨ ਅਵਾਰਾਗਰਦੀ ਕਰਾਈ। ਉਥੇ ਕੁਝ ਹੋਰ ਲੇਖਕ ਵੀ ਉਦੋਂ ਚੰਡੀਗੜ੍ਹ ਦੀਆਂ ਸੜਕਾਂ ਤੇ ਕੀਤੀ ਉਸ ਅਵਾਰਾਗਰਦੀ ਚ ਕਦੇ-ਕਦੇ ਸ਼ਾਮਿਲ ਹੋ ਜਾਂਦੇ ਸੀ। ਅਮਿਤੋਜ ਖ਼ੂਬਸੂਰਤ ਤੋਤੇ ਵਾਂਗ ਸੀ। ਰਾਹ ਦਰਸਾਉਂਦਾ ਪਰ ਫੈਲਾ ਕੇ ਮੂਹਰੇ-ਮੂਹਰੇ ਉਡਦਾ ਫਿਰਦਾ। ਉਦੋਂ ਪ੍ਰੇਮ ਪ੍ਰਕਾਸ਼ ਵੀ ਉਥੇ ਮਿਲਿਆ। ਅਸੀਂ ਸਾਰੇ ਠੰਢ ਚ ਪਤਲੇ-ਪਤਲੇ ਕੁੜਤੇ ਪਾਏ ਫਿਰਦੇ ਸੀ। ਉਸਨੇ ਰੋਹਬਦਾਰ ਉਨ ਦਾ ਵਲੈਤੀ ਓਵਰਕੋਟ ਪਾਇਆ ਹੋਇਆ ਸੀ। ਮੇਰੀ ਨਜ਼ਰ ਚ ਉਹ ਹੁਣ ਵਾਂਗ ਉਦੋਂ ਵੀ ਮੂਹਰਲੀ ਕਤਾਰ ਦਾ ਲੇਖਕ ਸੀ। ਇਹ ਸਿਮਰਤੀ ਗ਼ਲਤ ਹੋਵੇ ਤਾਂ ਉਹ ਮੈਨੂੰ ਮਾਫ਼ ਕਰੇ। ਕੁਮਾਰ ਵਿਕਲ ਨੇ ਘਰੇ ਬੁਲਾ ਕੇ ਡਿਨਰ ਖੁਆਇਆ ਸੀ। ਅਸੀਂ ਦਿੱਲੀ ਟੀ-ਹਾਊਸ ਤੋਂ ਵਾਕਫ਼ ਸਾਂ। ਉਸਦੀ ਗੈਸਟ ਲਿਸਟ ਚ ਮ੍ਰਿਤਯੁਬੋਧ ਵੀ ਸੀ। ਮ੍ਰਿਤੂ ਦੀ ਜਠਰਾਗਨੀ ਪ੍ਰਚੰਡ ਸੀ। ਅੱਖ ਦੇ ਫੋਰੇ ਚ ਹੱਸਦਾ-ਹੱਸਦਾ ਉਹ ਦੋ ਥਾਲੀਆਂ ਚੱਟ ਕਰ ਗਿਆ ਸੀ। ਵਿਕਲ ਉਹਨੂੰ ਖੁਆਈ ਵੀ ਜਾਵੇ ਤੇ ਟਾਂਚ ਵੀ ਕਰੀ ਜਾਏ - "ਪੰਡਤਾ ਤੈਨੂੰ ਢਿੱਡ ਤਾਂ ਲੱਗਿਆ ਨਹੀਂ, ਭੋਜਨ ਕਿਧਰ ਜਾਂਦੈ?" ਅਮਿਤੋਜ ਤੇ ਹਰਨਾਮ ਤਾਂ ਲੰਡਨੋਂ ਮੈਨੂੰ ਸਵੀਡਨ ਚ ਸਟੌਕਹੋਮ ਵੀ ਮਿਲਣ ਆਏ ਸੀ। ਪਰ ਇਹ ਪਰਾਈਵੇਟ ਵਿਜ਼ਟ ਸੀ ਘੋੜਿਆਂ ਦੀ ਉਡੀਕ ਦੇ ਛਪਣ ਤੋਂ ਤੁਰੰਤ ਬਾਅਦ। ਪ੍ਰਾਈਵੇਟ ਲੈਵਲ ਤੇ ਦੋਸਤਾਂ ਨੂੰ ਮਿਲ ਕੇ ਮੈਨੂੰ ਖ਼ੁਸ਼ੀ ਹੁੰਦੀ ਹੈ। ਇਸ ਤੋਂ ਅਗਾਹਾਂ ਕਿਸੇ ਨੈਟਵਰਕ ਚ ਫ਼ਿੱਟ ਮੈਥੋਂ ਨਹੀਂ ਹੋਇਆ ਜਾਂਦਾ।

### ਰਸੀਦੀ ਟਿਕਟ ਦਾ ਸੱਚ

- ਅੰਮ੍ਰਿਤਾ ਪ੍ਰੀਤਮ ਨਾਲ ਤੇਰੀ ਦੋਸਤੀ ਦੇ ਬੜੇ ਕਿੱਸੇ ਹਨ। ਇਹ ਦੋਸਤੀ ਅਸਲੀ ਸੀ ਜਾਂ ਵਿਹਾਰੀ ?

ਸਤੀ: ਇਹ ਸਵਾਲ ਪੈਂਤੀ ਸਾਲਾਂ ਤੋਂ ਪੰਜਾਬੀ ਦੇ ਲੇਖਕ ਮੈਨੂੰ ਪੁੱਛਦੇ ਆ ਰਹੇ ਨੇ। ਮੈਂ ਪੈਂਤੀ ਸਾਲਾਂ ਤੋਂ ਚੁੱਪ ਹਾਂ। ਮੇਰੇ ਤੇ ਅੰਮ੍ਰਿਤਾ ਚ ਚੁੱਪ ਨਾ ਵਰਤੀ ਹੁੰਦੀ, ਤਾਂ ਇਹ ਸਵਾਲ ਕਿਸੇ ਨਹੀਂ ਸੀ ਪੁੱਛਣਾ। ਇਸ ਚੁੱਪ ਨੇ ਕਾਫ਼ੀ ਗ਼ਲਤਫ਼ਹਿਮੀਆਂ ਫੈਲਾਈਆਂ ਨੇ। ਉਸਨੂੰ ਮੈਂ ਅਪਣੀ ਜਿਗਰੀ ਦੋਸਤ ਸਮਝਦਾ ਆਇਆਂ। ਅੰਮ੍ਰਿਤਾ ਲਈ ਸ਼ਾਇਦ ਵਿਹਾਰਕ ਰਹੀ ਹੋਵੇ। ਰਸੀਦੀ ਟਿਕਟ ਦੇ ਛਪਣ ਤਕ ਮੈਨੂੰ ਇਸ ਦੋਸਤੀ ਤੇ ਕੋਈ ਸ਼ੱਕ ਨਹੀਂ ਸੀ। ਸਾਡੇ ਵਿਚਕਾਰ ਆਏ ਫ਼ਰਕ ਨੂੰ ਮੈਂ ਅੰਮ੍ਰਿਤਾ ਦੀ ਭਾਵੁਕਤਾ ਸਮਝਦਾ ਰਿਹਾ ਹਾਂ ਤੇ ਵਕਤੀ ਵੀ। ਇਹ ਮੇਰਾ ਭੋਲਾਪਣ ਹੋ ਸਕਦੈ। ਦਿਲ ਚ ਡੂੰਘੇ ਕਿਤੇ ਉਸ ਲਈ ਦੋਸਤੀ ਦਾ ਜਜ਼ਬਾ ਮੇਰੇ ਚ ਅੱਜ ਵੀ ਕਾਇਮ ਹੈ। ਇਹੋ ਗੱਲ ਅੰਮ੍ਰਿਤਾ ਬਾਰੇ ਕਹਿਣਾ ਮੁਸ਼ਕਿਲ ਹੈ। ਇਕ ਵਾਰ ਰੇਣੁਕਾ ਸਿੰਘ ਕੁਝ ਦਿਨ ਮੇਰੇ ਕੋਲ ਸਟੌਕਹੋਮ ਰਹਿ ਕੇ ਗਈ ਤੇ ਦਿੱਲੀ ਜਾ ਕੇ ਉਹਨੇ ਅੰਮ੍ਰਿਤਾ ਨੂੰ ਫ਼ੋਨ ਕੀਤਾ, "ਆਂਟੀ, ਮੈਂ ਸਟੌਕਹੋਮ ਸਤੀ ਨੂੰ ਮਿਲ ਕੇ ਆਈ ਹਾਂ।" ਅੰਮ੍ਰਿਤਾ ਦਾ ਜਵਾਬ ਸੀ - "ਸਤੀ ਕੌਣ?"

ਅਜੇਹਾ ਅਭਿਨਯ ਮੈਂ ਨਹੀਂ ਕਰ ਸਕਦਾ।

ਇਕ ਵਾਰ ਅਜੇਹਾ ਰਿਸ਼ਤਾ ਟੁੱਟ ਜਾਏ ਤਾਂ ਉਸ ਨੂੰ ਗੰਢਣਾ ਮੁਸ਼ਕਿਲ ਹੋ ਜਾਂਦੈ। ਕਬੀਰ ਨੇ ਅਜੇਹੇ ਰਿਸ਼ਤੇ ਦੀ ਤੁਲਨਾ ਸੂਤ ਦੇ ਧਾਗੇ ਨਾਲ਼ ਕੀਤੀ ਹੈ, ਜਿਸਨੂੰ ਜੋੜੋ ਤਾਂ ਗੰਢ ਆ ਜਾਂਦੀ ਹੈ। ਗੰਢ ਮਾਰਨ ਦੀ ਥਾਂ ਮੈਂ ਇਸ ਧਾਗੇ ਨੂੰ ਟੁੱਟਿਆ ਹੀ ਰਹਿਣ ਦੇਣ ਚ ਹੀ ਸਿਆਣਪ ਸਮਝੀ। ਅਸੀਂ 1970 ਤੋਂ ਇਕ ਦੂਜੇ ਨਾਲ਼ ਚੁੱਪ ਰਹੇ। ਪਰ ਮੇਰੀ ਚੁੱਪ ਚ ਕੋਈ ਕਾਲਖ ਦਾ ਅੰਸ਼ ਨਹੀਂ। ਇਹ ਪਾਰਦਰਸ਼ੀ ਚੁੱਪ ਹੈ। ਇਸ ਚੁੱਪ ਦੇ ਦੋਵੇਂ ਪਾਸੇ ਖੜ੍ਹੇ ਅਸੀਂ ਇਕ ਦੂਜੇ ਨੂੰ ਦੇਖ ਸਕਦੇ ਹਾਂ।

ਅੰਮ੍ਰਿਤਾ ਨੇ ਅਪਣੀ ਆਤਮਕਥਾ ਰਸੀਦੀ ਟਿਕਟ ਚ ਇਕ ਚੈਪਟਰ ਲਿਖ ਕੇ ਇਸ ਦੋਸਤੀ ਨੂੰ ਮ੍ਰਿਤ ਕਰਾਰ ਦੇ ਦਿੱਤਾ ਹੋਇਆ ਹੈ। ਉਸ ਚੈਪਟਰ ਦਾ ਨਾਂ ਹੀ ਇਹ ਹੈ - ਇਕ ਦੋਸਤੀ ਦੀ ਮੌਤ। ਮੇਰੇ ਖ਼ਿਆਲ ਚ ਇਸ ਲਿਖਤੀ ਐਲਾਨ ਦੀ ਕੋਈ ਲੋੜ ਨਹੀਂ ਸੀ। ਜੇ ਦਿਲ ਦੀ ਭੜਾਸ ਕਢਣੀ ਹੀ ਸੀ ਤਾਂ ਸਹੀ ਕਾਰਣ ਦੱਸਣ ਦਾ ਜਿਗਰਾ ਵੀ ਹੁੰਦਾ। ਇਸ ਨੁਕਤੇ ਤੋਂ ਉਹ ਨਾ ਖ਼ੁਦ ਨਾਲ ਸੱਚੀ ਨਿਕਲੀ ਨਾ ਪਾਠਕ ਨਾਲ਼। ਇਸ ਦੋਸਤੀ ਦੀ ਮੌਤ ਦਾ ਕਾਰਣ ਇਵਾਂਕਾ ਸੀ, "ਨਿਗੁਣੇ ਪੈਸੇ" ਨਹੀਂ, ਜਿਵੇਂ ਕਿ ਉਸਨੇ ਲਿਖਿਆ ਹੈ। ਅੰਮ੍ਰਿਤਾ ਬਹੁਤ ਵੱਡੀ ਲੇਖਿਕਾ ਹੈ। ਮੇਰੇ ਨਾਲੋਂ ਬਹੁਤ ਵੱਡੀ। ਪਰ ਰਸੀਦੀ ਟਿਕਟ ਚ ਉਹ ਇਸ ਕਾਰਨ ਦਾ ਨਾਂ ਲੈਣ ਤੋਂ ਝਕ ਗਈ... ਉਹਨੇ ਲਿਖਿਆ ਹੈ ਕਿ ਨਿਗੁਣੇ ਪੈਸਿਆਂ ਲਈ ਤੂੰ ਉਹਦੇ ਕੋਲ਼ ਝੂਠ ਬੋਲਿਆ।

ਇਹ ਉਸ ਕਿਤਾਬ ਦਾ ਸਭ ਤੋਂ ਤੇਜ਼-ਧਾਰ ਫ਼ਿਕਰਾ ਹੈ। ਅਮਰੀਕਨ ਮਿਜ਼ਾਈਲਾਂ ਵਾਂਗ ਪ੍ਰੈਸਾਇਜ਼ ਮਾਰ ਕਰਨ ਵਾਲਾ। ਇਸਨੂੰ ਪੜ੍ਹਕੇ ਮੇਰੀਆਂ ਅੱਖਾਂ ਮੂਹਰੇ ਹਨੇਰਾ ਛਾ ਗਿਆ ਸੀ। ਕਿਸੇ ਦੀ ਜਾਨ ਲੈਣੀ ਹੋਵੇ, ਤਾਂ ਪੈਸੇ ਦਾ ਜ਼ਿਕਰ ਬ੍ਰਹਮ-ਅਸਤਰ ਹੁੰਦਾ ਹੈ। ਜੂਲਿਅਸ ਸੀਜ਼ਰ ਦੇ ਕਾਤਲਾਂ ਚ ਹੋਰ ਸੈਨੇਟਰਾਂ ਦੇ ਨਾਲ਼ ਉਸਦਾ ਨਿਕਟਤਮ ਦੋਸਤ ਬਰੂਟਸ ਵੀ ਸ਼ਾਮਿਲ ਸੀ। ਉਸਦੇ ਖੋਭੇ ਛੁਰੇ ਦਾ ਜ਼ਖ਼ਮ ਰੋਮਨਾਂ ਨੂੰ ਵਿਖਾ ਕੇ ਮਾਰਕ ਐਂਟਨੀ ਨੇ ਆਖਿਆ ਸੀ: "ਦਿਸ ਵਾਜ਼ ਦਿ

ਅਨਕਾਈਂਡੈਸਟ ਕੱਟ ਔਂਵ ਆਲ।" ਵਿਰੋਧੀਆਂ ਦੇ ਵਾਰ ਝੱਲਣੇ ਸੌਖੇ ਹੁੰਦੇ ਨੇ। ਪਰ ਦੋਸਤ ਦੇ ਕੀਤੇ ਵਾਰ ਦਾ ਦਰਦ ਸਭ ਤੋਂ ਵੱਧ ਹੁੰਦਾ ਹੈ। ਮੇਰਾ ਵੀ ਉਦੋਂ ਸੀਜ਼ਰ ਵਰਗਾ ਹਾਲ ਸੀ।

ਵੇਖਿਆ ਜਾਏ ਤਾਂ ਰਸੀਦੀ ਟਿਕਟ ਚ ਅੰਮ੍ਰਿਤਾ ਨੇ ਕਿਸੇ ਵੀ ਪੰਜਾਬੀ ਲੇਖਕ ਨੂੰ ਨਹੀਂ ਬਖ਼ਸ਼ਿਆ। ਇਸੇ ਕਿਤਾਬ ਦਾ ਇਕ ਚੈਪਟਰ ਹੈ - ਧਰਮ ਯੁੱਧ। ਇਸ ਚੈਪਟਰ ਚ ਧਰਮ ਦਾ ਪ੍ਰਤੀਕ (ਯੁਧਿਸ਼ਟਰ) ਅੰਮ੍ਰਿਤਾ ਪ੍ਰੀਤਮ ਆਪ ਹੈ। ਖ਼ੁਦ ਨੂੰ ਕੇਂਦਰ ਚ ਰੱਖ ਕੇ ਧਰਮ ਯੁੱਧ ਦੀ ਅਲੈਗਰੀ ਉਸਾਰੀ ਗਈ ਹੈ। ਅ-ਧਰਮੀਆਂ ਦੀ ਫ਼ਹਿਰਿਸਤ ਵਿਚ ਗੁਰਬਖ਼ਸ਼ ਸਿੰਘ ਤੇ ਨਵਤੇਜ ਵਰਗੇ ਯੋਧੇ ਹਨ। ਪ੍ਰੀਤਲੜੀ ਨੇ ਗੁਰਬਚਨ ਭੁੱਲਰ ਦੀ ਕਹਾਣੀ ਛਾਪ ਦਿੱਤੀ ਸੀ, ਜੋ ਅੰਮ੍ਰਿਤਾ ਨੂੰ ਅਪਣੇ ਵਿਰੁੱਧ ਜਾਪੀ। ਹਰਿਭਜਨ ਸਿੰਘ ਵੀ ਇਨ੍ਹਾਂ ਅ-ਧਰਮੀਆਂ ਚ ਸ਼ਾਮਿਲ ਹੈ। ਅੰਮ੍ਰਿਤਾ ਅਨੁਸਾਰ "ਉਸਨੇ ਅਪਣੇ ਪਿਛਲੱਗਾਂ ਕੋਲ਼ੋਂ ਮੇਰੇ ਬਾਰੇ ਘਟੀਆ ਲੇਖ ਲਿਖਵਾ-ਲਿਖਵਾ ਕੇ ਉਨ੍ਹਾਂ ਵਿਚ ਲੱਜ਼ਤ ਲੈਣੀ ਸ਼ੁਰੂ ਕੀਤੀ।" ਇਸੇ ਤਰ੍ਹਾਂ ਮੋਹਨ ਸਿੰਘ, ਸੇਖੋਂ ਤੇ ਸਤਿਆਰਥੀ ਨੂੰ ਵੀ ਕੌਰਵਾਂ ਦੀ ਸੇਨਾ ਚ ਖੜ੍ਹਾ ਕੀਤਾ ਗਿਆ ਹੈ। ਅੰਮ੍ਰਿਤਾ ਪ੍ਰੀਤਮ ਦੀ ਕੋਰਟ ਚੋਂ ਬਰੀ ਹੋਣਾ ਮੁਸ਼ਕਿਲ ਹੈ। ਸਿਰਫ਼ ਉਰਦੂ ਦੇ ਦੋ ਲੇਖਕਾਂ ਨੂੰ ਉਹਨੇ ਅਪਣੇ ਦਿਲ ਚ ਥਾਂ ਦਿੱਤੀ: ਸਾਹਿਰ ਤੇ ਸਾਜਿਦ। (ਅੰਮ੍ਰਿਤਾ ਦੀ ਇੱਛਿਆ ਅਨੁਸਾਰ ਮੈਂ ਉਸਨੂੰ "ਐਮੀ" ਕਹਿ ਕੇ ਬੁਲਾਉਂਦਾ ਸੀ। ਰਸੀਦੀ ਟਿਕਟ ਚ ਇਹ ਗੱਲ ਗ਼ਲਤ ਹੈ ਕਿ ਇਹ ਮੇਰੀ ਮੰਗ ਸੀ। ਮੈਨੂੰ ਨਹੀਂ ਪਤਾ ਅੰਮ੍ਰਿਤਾ ਨੂੰ ਮੇਰੇ ਚ ਸਾਜਿਦ ਦਾ ਕੀ ਨਜ਼ਰ ਆਉਂਦਾ ਸੀ?)

ਆਹ ਗੱਲ ਸੋਫ਼ੀਆ ਚ ਹੋਈ ਕਿਸੇ ਕਾਨਫ਼ਰੈਂਸ ਦੀ ਹੈ। ਹੋਟਲ ਚ ਹਰ ਦੇਸ ਦੇ ਡੈਲੀਗੇਸ਼ਨ ਲਈ ਵੱਖਰੀ ਡਿਨਰ ਟੇਬਲ ਰਿਜ਼ਰਵ ਸੀ। ਭਾਰਤ ਵਾਲ਼ੇ ਟੇਬਲ 'ਤੇ ਅਸੀਂ ਚਾਰ ਲੇਖਕ ਜਾ ਸਜੇ: ਅੰਮ੍ਰਿਤਾ ਪ੍ਰੀਤਮ, ਫੈਜ਼, ਮੈਂ ਆਪ ਤੇ ਬੰਗਾਲੀ ਦਾ ਕੋਈ ਲੇਖਕ ਜਿਸਦਾ ਮੈਨੂੰ ਨਾਂ ਭੁੱਲ ਗਿਆ ਹੈ। ਇਕ ਦੂਜੇ ਨਾਲ਼ ਸਰਸਰੀ ਹੈਲੋ ਤੋਂ ਬਾਅਦ ਮੈਨੂੰ ਨਹੀਂ ਯਾਦ ਅੰਮ੍ਰਿਤਾ ਨੇ ਫ਼ੈਜ਼ ਨਾਲ਼ ਕੋਈ ਗੱਲ ਕੀਤੀ ਹੋਵੇ।

ਮੋਹਨ ਸਿੰਘ ਵਾਂਗ ਮੈਂ ਨਹੀਂ ਕਹਿ ਸਕਦਾ - "ਸੁਹਣੀ ਰੰਨ ਨੂੰ ਮਾਫ਼ ਕਰ ਦੇਣਾ ਚਾਹੀਦਾ ਏ।" ਉਹ ਦੋਹਵੇਂ ਸਮਕਾਲੀ ਤੇ ਵੱਡੇ ਲੇਖਕ। ਮੇਰੀ ਕੀ ਮਜਾਲ? ਮੈਂ ਚੁੱਪੀ ਧਾਰ ਲਈ। ਅੰਮ੍ਰਿਤਾ ਕਿਸੇ ਕਵਿਤਾ ਚ ਕਹਿੰਦੀ ਹੈ- ਯਾਰ ਬਦਨੀਤਿਆ / ਕਿਹੜੀ ਗੱਲ ਕੀਤੀ ਆ?- ਇਹ ਸਤਰ ਦਰਅਸਲ ਮੈਨੂੰ ਲਿਖਣੀ ਚਾਹੀਦੀ ਸੀ।

ਕੋਈ ਵੱਡੀ ਗੱਲ ਨਹੀਂ ਜੇ ਮੇਰੇ ਬਾਰੇ ਲਿਖੇ ਦਾ ਅੰਮ੍ਰਿਤਾ ਨੂੰ ਵੀ ਬਾਅਦ ਚ ਕੁਝ ਅਫ਼ਸੋਸ ਹੋਇਆ ਹੋਵੇ। ਰਸੀਦੀ ਟਿਕਟ ਚ ਮੇਰੇ ਅਤੇ ਡਾਕਟਰ ਹਰਿਭਜਨ ਉੱਤੇ ਹੋਰਨਾਂ ਸਮਕਾਲੀਆਂ ਨਾਲ਼ੋਂ ਕੁਝ ਨਰਮੀ ਵਰਤੀ ਗਈ ਹੈ। ਪੰਨਾ 94 ਤੇ ਅੰਮ੍ਰਿਤਾ ਨੇ ਲਿਖਿਆ ਹੈ: "ਜਿਹਦੇ ਹੱਥ ਵਿਚ ਵੀ ਕਲਮ ਹੈ, ਉਹ ਪ੍ਰਿਥਵੀ ਵਾਂਗ ਕਲਮ ਦੀ ਔਲਾਦ ਹੈ, ਇਸ ਲਈ ਉਨ੍ਹਾਂ ਦਾ ਆਪੋ ਵਿਚ ਕਰੀਬੀ ਰਿਸ਼ਤਾ ਹੈ। ਸਤੀ ਤੇ ਹਰਿਭਜਨ ਦੀ ਕਲਮ ਵਿਚ ਜੋ ਵੀ ਤਾਕਤ ਹੈ, ਉਹ ਇਸੇ ਰਿਸ਼ਤੇ ਵਜੋਂ ਮੈਨੂੰ ਅਪਣੀ ਲੱਗਦੀ ਹੈ।"

ਸਾਡੇ ਰਿਸ਼ਤੇ ਦੀ ਮੁਸ਼ਕਿਲ ਨੂੰ ਇਕ ਹੋਰ ਨੁਕਤੇ ਤੋਂ ਵੀ ਵੇਖਿਆ ਜਾ ਸਕਦਾ ਹੈ। ਮੈਂ ਪੰਜਾਬੀ ਕਵਿਤਾ ਦੀ ਨਵੀਂ ਪੀੜ੍ਹੀ ਦਾ ਲੇਖਕ ਸੀ; ਅੰਮ੍ਰਿਤਾ ਅਤੇ ਹਰਿਭਜਨ ਦੀ ਪੀੜ੍ਹੀ ਤੋਂ ਬਿਲਕੁਲ ਵੱਖਰੇ ਰਾਹ ਪਿਆ ਹੋਇਆ। ਕਿਸੇ ਨਾ ਕਿਸੇ ਦਿਨ ਬੌਧਿਕ ਦੂਰੀ ਆਉਣੀ ਹੀ ਸੀ।

ਬਹੁਤ ਸਾਲ ਪਹਿਲਾਂ ਮੇਰੀ ਇਕ ਦੋਸਤ- ਉਦੋਂ ਸਵੀਡਸ਼ ਲੇਖਕ ਸੰਘ ਦੀ ਉਪ-ਪ੍ਰਧਾਨ- ਭਾਰਤ ਗਈ ਸੀ। ਉਸਦੇ ਹੱਥ ਹੌਜ਼ ਖ਼ਾਸ ਮੈਂ ਤੋਹਫ਼ਾ ਭੇਜਿਆ। ਅੰਮ੍ਰਿਤਾ ਨੇ ਘਰ ਬੁਲਾ ਕੇ ਉਹਨੂੰ ਚਾਹ ਪਿਲਾਈ, ਮੇਰਾ ਹਾਲ-ਚਾਲ ਪੁੱਛਿਆ ਤੇ ਉਹਦੇ ਹੱਥ ਅਪਣੀ ਨਵੀਂ ਕਿਤਾਬ ਵੀ ਭੇਜੀ। ਇਵਾਂਕਾ ਦੀ ਮੌਤ ਪਿੱਛੋਂ ਉਸਦਾ ਭੇਜਿਆ ਕਾਰਡ ਮੈਂ ਅਜੇ ਤਾਈਂ ਸਾਂਭ ਕੇ ਰਖਿਆ ਹੋਇਆ ਹੈ।

## ਪੱਥਰ ਦਾ ਦਿਲ

- ਪੈਸਿਆਂ ਦੀ ਗੱਲ ਝੂਠ ਹੈ, ਤਾਂ ਫੇਰ ਸੱਚ ਕੀ ਹੈ ?

ਸਤੀ: ਝੂਠ ਦੀ ਬਜਾਏ ਮੈਂ ਕਲਪਨਾ ਕਹਿਣਾ ਚਾਹਾਂਗਾ। ਲੇਖਕਾਂ ਕੋਲ਼ ਇਹ ਜਿਨਸ ਚੋਖੀ ਮਾਤਰਾ ਚ ਹੁੰਦੀ ਹੈ। ਨਿਗੂਣੇ ਪੈਸਿਆਂ ਦੀ ਗੱਲ ਅੰਮ੍ਰਿਤਾ ਨੇ ਮੇਰੇ ਖ਼ਿਆਲ ਚ ਅਸਲ ਕਾਰਣ ਤੋਂ ਫ਼ੋਕਸ ਹਟਾਉਣ ਲਈ ਕਹੀ ਸੀ। ਬਲਗਾਰੀਆ ਤੋਂ ਜਰਮਨੀ ਜਾ ਕੇ ਟੀ ਵੀ ਖ਼ਰੀਦ ਕੇ ਮੈਂ ਅੰਮ੍ਰਿਤਾ ਨੂੰ ਤੋਹਫ਼ੇ ਦੇ ਤੌਰ 'ਤੇ ਭੇਜਿਆ ਸੀ। ਇਸ ਤੋਹਫ਼ੇ ਦਾ ਆਨੰਦ ਕਿੰਨੇ ਹੀ ਦਿਨ ਅਸੀਂ ਲੈਂਦੇ ਰਹੇ। ਇਸ ਪਿੱਛੋਂ ਮਹੀਨਾ ਭਰ ਹੌਜ਼ ਖ਼ਾਸ ਅਸੀਂ ਕੱਠੇ ਵੀ ਰਹੇ। ਫਿਰ ਇਕ ਦਿਨ ਚਾਹ ਪੀਂਦਿਆਂ, ਬਿਨਾਂ ਕਿਸੇ ਵਾਰਨਿੰਗ ਤੋਂ, ਅੰਮ੍ਰਿਤਾ ਨੇ ਅਚਾਨਕ ਉੱਠ ਕੇ ਦੋਸਤੀ ਦੀ ਮੌਤ ਦਾ ਐਲਾਨ ਕਰ ਦਿੱਤਾ ਸੀ। ਇਸ ਤਰ੍ਹਾਂ ਦੇ ਨਾਟਕੀ ਅੰਤ ਦੀ ਮੈਨੂੰ ਉਮੀਦ ਨਹੀਂ ਸੀ। ਪਰ ਇਸ ਖੇਡ ਦਾ ਆਰੰਭ ਦਰਅਸਲ ਕੁਝ ਦਿਨ ਪਹਿਲਾਂ ਹੀ ਹੋ ਗਿਆ ਸੀ। ਦਿਸਹੱਦੇ ਤੇ ਜਿਵੇਂ ਹਨ੍ਹੇਰੀ ਦਾ ਸਾਇਆ ਉਘੜਨਾ ਸ਼ੁਰੂ ਹੁੰਦਾ ਹੈ। ਪਰ ਮੈਂ ਅੱਖਾਂ ਮੁੰਦ ਰੱਖੀਆਂ ਸਨ। ਇਸ ਨੂੰ ਦੇਖਣਾ ਨਹੀਂ ਸੀ ਚਾਹੁੰਦਾ।

ਅਜੇ ਇਕ ਦਿਨ ਪਹਿਲਾਂ ਹੀ, ਅੰਮ੍ਰਿਤਾ ਦੇ ਸੌਣ ਕਮਰੇ ਚ ਬੈਠੇ ਅਸੀਂ ਨਾਗਮਣੀ ਦੇ ਅਗਲੇ ਅੰਕ ਦੀ ਰੂਪਰੇਖਾ ਬਣਾ ਰਹੇ ਸੀ । ਉਦੋਂ ਗੱਲ ਤੋੜ ਕੇ ਅੰਮ੍ਰਿਤਾ ਨੇ ਅਚਾਨਕ ਕਿਹਾ ਸੀ, "ਸਤੀ ਤੂੰ ਇੰਡੀਆ ਵਾਪਿਸ ਆ ਜਾ।"
"ਤੇ ਇਵਾਂਕਾ?" ਮੈਂ ਹੈਰਾਨੀ ਨਾਲ਼ ਪੁੱਛਿਆ ਸੀ।
"ਉਹਨੂੰ ਬਲਗਾਰੀਆ ਭੇਜ ਦੇ," ਅੰਮ੍ਰਿਤਾ ਦਾ ਠੰਢਾ ਜਵਾਬ ਸੀ।

ਇਵਾਂਕਾ ਰਸੋਈ ਚ ਉਦੋਂ ਸਾਡੇ ਲਈ ਚਾਹ ਬਣਾ ਰਹੀ ਸੀ। ਮੇਰਾ ਦਿਲ ਜ਼ਰੂਰ ਬੱਜਰ ਦਾ ਹੋਵੇਗਾ, ਜੋ ਮੈਂ ਇਹ ਗੱਲ ਜਰ ਗਿਆ। ਇਸ ਤੋਂ ਵੱਡੀ ਮੁਸ਼ਕਿਲ ਕਦੇ ਮੇਰੀ ਜ਼ਿੰਦਗੀ ਚ ਨਹੀਂ ਸੀ ਆਈ। ਮੈਂ ਦੋ ਜਹਾਨਾਂ ਵਿਚਕਾਰ ਲਟਕ ਰਿਹਾ ਸੀ। ਮੈਂ ਅੰਮ੍ਰਿਤਾ ਨੂੰ ਜਵਾਬ ਦਿੱਤਾ ਕਿ ਮੇਰੇ ਭਾਰਤ ਵਾਪਿਸ ਆਉਣ ਵਾਲ਼ਾ ਛਿਣ ਕਦੋਂ ਦਾ ਬੀਤ ਚੁੱਕਿਆ ਸੀ। ਬਲਗਾਰੀਆ ਚ ਪਹਿਲੀ ਵਾਰ ਜਦੋਂ ਇਵਾਂਕਾ ਨੂੰ ਦੇਖਿਆ ਸੀ, ਭਾਰਤ ਵਾਪਿਸ ਆਉਣ ਦਾ ਲਾਂਘਾ ਉਸੇ ਪਲ ਬੰਦ ਹੋ ਗਿਆ ਸੀ। ਇਸ ਸੰਖਿਪਤ ਵਾਰਤਾਲਾਪ ਤੋਂ ਬਾਅਦ ਸਾਡੇ ਕੋਲ਼ ਕਹਿਣ ਨੂੰ ਕੁਝ ਨਾ ਰਿਹਾ।

- ਇਵਾਂਕਾ ਨਾਲ਼ ਤੂੰ ਵਿਆਹਿਆ ਨਾ ਹੁੰਦਾ, ਤਾਂ ਕੀ ਤੁਸੀਂ -ਤੂੰ ਤੇ ਅੰਮ੍ਰਿਤਾ- ਫੇਰ ਵੀ ਦੋਸਤ ਹੁੰਦੇ?

ਸਤੀ: ਵਿਆਹ ਤਾਂ ਟੁੱਟ ਸਕਦੇ ਨੇ। ਮਹਿਜ਼ ਰਸਮ ਹੀ ਤਾਂ ਹੁੰਦੀ ਹੈ। ਪਿਆਰ ਤੋੜਨਾ ਔਖਾ ਹੁੰਦਾ ਹੈ। ਇਵਾਂਕਾ ਮੇਰੀ ਜ਼ਿੰਦਗੀ ਦਾ ਪਹਿਲਾ ਪਿਆਰ ਸੀ, ਤੇ ਸ਼ਾਇਦ ਆਖ਼ਰੀ ਵੀ। ਮੇਰਾ ਪੱਕਾ ਯਕੀਨ ਹੈ ਕਿ ਜੇ ਇਵਾਂਕਾ ਤੇ ਮੇਰੇ ਚ ਇੰਨਾ ਨੇਹੁੰ ਨਾ ਹੁੰਦਾ, ਤਾਂ ਗੱਲ ਇੰਨੀ ਨਹੀਂ ਸੀ ਵਧਣੀ। ਇਸ ਤੋਂ ਇਲਾਵਾ ਇਵਾਂਕਾ ਬਹੁਤ ਸੁਹਣੀ ਤੇ ਜਵਾਨ ਸੀ। ਪੰਜਾਹਾਂ ਤੋਂ ਉਪਰ ਪਹੁੰਚੀ ਅੰਮ੍ਰਿਤਾ ਨੂੰ ਉਹ ਥਰੈਟ ਜਾਪਦੀ ਹੋਵੇ, ਤਾਂ ਵੱਡੀ ਗੱਲ ਨਹੀਂ। ਇਸ ਮਨੋਵਿਗਿਆਨਕ ਗੁੱਥੀ ਨੂੰ ਫ਼ਰਾਇਡ ਹੀ ਸੁਲ਼ਝਾ ਸਕਦੈ। ਮੈਂ ਸਿਰਫ਼ ਇੰਨਾ ਜਾਣਦਾ ਹਾਂ ਕਿ ਇਸ ਟਰਾਈਐਂਗਲ ਡਰਾਮੇ ਦੀਆਂ ਕਈ ਤੈਹਾਂ ਹਨ।

ਇਵਾਂਕਾ ਮੇਰੀ ਜ਼ਿੰਦਗੀ ਚ ਨਾ ਆਈ ਹੁੰਦੀ ਤਾਂ ਕੀ ਅਸੀਂ ਅੱਜ ਵੀ ਦੋਸਤ ਹੁੰਦੇ, ਇਸ ਗੱਲ ਦਾ ਜਵਾਬ ਖ਼ੁਦਾ ਜਾਣੇ। ਮਨੁੱਖ ਦੀ ਜ਼ਿੰਦਗੀ ਇੰਨੀ ਪੱਧਰੀ ਨਹੀਂ। ਇਸ ਡਰਾਮੇ ਦਾ ਇਕ ਕਾਂਡ ਲਿਖਣ ਚ ਕੁਝ ਹੱਥ ਇਮਰੋਜ਼ ਦਾ ਵੀ ਹੈ। ਇਮਰੋਜ਼ ਫਲ ਖ਼ਰੀਦਣ ਗਿਆ ਫਲਾਂ ਦੀ ਟੋਕਰੀ ਚ, ਹੋਰ ਸਬਜ਼ੀਆਂ ਅਤੇ ਫਲਾਂ ਦੇ ਨਾਲ਼, ਅਮਰੂਦ ਦਾ ਲਿਫ਼ਾਫ਼ਾ ਵੀ ਲਿਆਉਣ ਲੱਗ ਪਿਆ। ਅਮਰੂਦ ਇਵਾਂਕਾ ਨੂੰ ਪਸੰਦ ਸਨ। ਅੰਮ੍ਰਿਤਾ ਨੂੰ ਅਮਰੂਦ ਚੰਗੇ ਨਹੀਂ ਸੀ ਲਗਦੇ ਤੇ ਨਾ ਹੀ ਪਹਿਲਾਂ ਕਦੇ ਘਰ ਚ ਆਉਂਦੇ ਹੀ ਸੀ। ਇਮਰੋਜ਼ ਇਵਾਂਕਾ ਦੀ ਖ਼ਾਤਿਰਦਾਰੀ ਸੁੱਚੇ ਦਿਲੋਂ ਕਰ ਰਿਹਾ ਸੀ। ਉਸ ਦਰਵੇਸ਼ 'ਤੇ ਮੈਨੂੰ ਕੋਈ ਸ਼ੱਕ ਨਹੀਂ। ਉਹਨਾਂ ਅਮਰੂਦਾਂ ਨੇ ਇਮਰੋਜ਼ ਨੂੰ ਵੀ ਜ਼ਰੂਰ ਮੁਸ਼ਕਿਲ ਚ ਪਾ ਦਿਤਾ ਹੋਵੇਗਾ। ਆਖ਼ਰੀ ਦਿਨਾਂ ਚ ਅਮਰੂਦ ਆਉਣੇ ਬੰਦ ਹੋ ਗਏ ਸੀ।

ਅੰਮ੍ਰਿਤਾ ਦੇ ਘਰ ਬਿਤਾਏ 30 ਦਿਨਾਂ ਦੌਰਾਨ ਵਾਪਰੀਆਂ ਨਿੱਕੀਆਂ ਨਿੱਕੀਆਂ ਘਟਨਾਵਾਂ ਬਾਰੇ ਅੱਜ ਸ਼ਾਂਤ ਮਨ ਨਾਲ਼ ਸੋਚਦਾ ਹਾਂ, ਤਾਂ ਅੰਮ੍ਰਿਤਾ ਦੇ ਰੋਹ ਦਾ ਇਵਾਂਕਾ ਤੋਂ ਬਿਨਾ ਕੋਈ ਹੋਰ ਕਾਰਨ ਮੈਨੂੰ ਨਜ਼ਰ ਨਹੀਂ ਆਉਂਦਾ। ਬਲਗਾਰੀਆ ਦੀ ਫੁੱਲਾਂ ਦੀ ਵਾਦੀ ਚ ਜੰਮੀ-ਪਲ਼ੀ ਮਾਸੂਮ ਇਵਾਂਕਾ ਨੂੰ ਚਿੱਤ-ਚੇਤਾ ਹੀ ਨਹੀਂ ਸੀ ਕਿ ਭਾਰਤ ਚ ਉਸਦੀ ਹੋਂਦ ਕਾਰਣ ਦਿਸਹੱਦੇ ਤੇ ਕਾਲ਼ੇ ਬੱਦਲ ਘਿਰ ਰਹੇ ਸੀ। ਅਸਲ ਪਿਛੋਕੜ ਇਹ ਹੈ ਦੋਸਤੀ ਦੀ ਮੌਤ ਦਾ। ਪਰ ਇਸ ਮਨੁੱਖੀ ਕਮਜ਼ੋਰੀ ਨੂੰ ਕਬੂਲਣ ਅਤੇ ਬਿਆਨਣ ਤੋਂ ਪੰਜਾਬੀ ਦੀ ਮਹਾਨ ਕਵਿਤਰੀ ਅੰਮ੍ਰਿਤਾ ਪ੍ਰੀਤਮ ਝਕ ਗਈ। ਉਹ ਕਮਲਾ ਦਾਸ ਨਹੀਂ ਸੀ।

- ਤੂੰ ਗੱਪ-ਗੋਸ਼ਟੀਆਂ ਤੇ ਇੰਟਰਵਿਊਆਂ ਤੋਂ ਬਚ ਕੇ ਰਹਿੰਦਾ ਏਂ। ਹੁਣ ਕਿਉਂ ਚੁੱਪ ਤੋੜ ਰਿਹੈਂ?

ਸਤੀ: ਮੈਨੂੰ ਅਪਣਾ ਨਾਂ ਧੋਣ ਦਾ ਫ਼ਿਕਰ ਨਹੀਂ। ਜੇ ਇਹ ਫ਼ਿਕਰ ਹੁੰਦਾ, ਤਾਂ ਰਸੀਦੀ ਟਿਕਟ ਦੇ ਜਵਾਬ ਚ ਮੈਂ ਵੀ ਬਰੰਗ ਚਿੱਠੀ ਵਰਗਾ ਨਾਂ ਰੱਖ ਕੇ ਕੋਈ ਕਿਤਾਬ ਛਾਪ ਚੁੱਕਿਆ ਹੁੰਦਾ। ਜਿਨ੍ਹਾਂ ਨੂੰ ਟੈਕਸਟ ਦਾ ਅੰਤਰ-ਪਾਠ ਕਰਨਾ ਆਉਂਦਾ ਹੈ, ਉਹ ਸਾਫ਼ ਦੇਖ ਸਕਦੇ ਹਨ ਕਿ ਬਹੁਤੀਆਂ ਗੱਲਾਂ ਅੰਮ੍ਰਿਤਾ ਨੇ ਰੋਸ ਚ ਲਿਖੀਆਂ ਨੇ। ਰਸੀਦੀ ਟਿਕਟ ਦੀ ਟੈਕਸਟ ਅਪਣਾ ਖੰਡਨ ਆਪ ਕਰਦੀ ਹੈ। ਕਿਤਾਬ ਨੂੰ ਸਿੱਧੀ ਫੜ ਕੇ ਪੜ੍ਹਨ ਦੀ ਲੋੜ ਹੈ।

ਮਸਲਨ ਤਥਾ-ਕਥਿਤ ਕੰਜੂਸੀ ਦੀ ਗੱਲ ਹੈ। ਅੰਮ੍ਰਿਤਾ ਦਾ ਇਹ ਦਾਹਵਾ ਹੈ ਕਿ ਨਿਗੂਣੇ ਪੈਸਿਆਂ ਲਈ ਮੈਂ ਉਸ ਕੋਲ਼ ਝੂਠ ਬੋਲਿਆ। ਇਸੇ ਚੈਪਟਰ ਚ ਉਹ ਇਹ ਵੀ ਲਿਖਦੀ ਹੈ, "ਜਦੋਂ 1967 ਵਿਚ ਮੈਂ ਈਸਟ ਯੂਰਪ ਗਈ, ਉਥੇ ਉਹ .ਸਤੀ॥ ਹੰਗਰੀ ਵਿਚ ਵੀ ਮਿਲਿਆ ਸੀ, ਰੁਮਾਨੀਆ ਵਿਚ ਵੀ ਤੇ ਫੇਰ ਬਲਗਾਰੀਆ ਵਿਚ ਵੀ।" ਇਹ ਸਤਰਾਂ ਪੜ੍ਹ ਕੇ ਸਿਆਣਾ ਪਾਠਕ ਇਹ ਸਵਾਲ ਪੁੱਛ ਸਕਦਾ ਹੈ: ਜਿਹੜਾ ਬੰਦਾ ਅਪਣੀ ਦੋਸਤ ਨੂੰ ਮਿਲਣ ਖ਼ਾਤਰ ਗੱਡੀਆਂ, ਜਹਾਜ਼ਾਂ ਤੇ ਹੋਟਲਾਂ ਤੇ ਦੌਲਤ ਲੁਟਾਉਂਦਾ ਅੱਧਾ ਯੌਰਪ ਗਾਹ ਮਾਰੇ, ਉਸਨੂੰ ਪੈਸਿਆਂ ਦੀ ਕਿੰਨੀ ਕੁ ਪਰਵਾਹ ਹੋਵੇਗੀ?

ਖ਼ੈਰ, ਇਹ ਅ-ਸਾਹਿਤਕ ਵਿਸ਼ਾ ਹੈ। ਅਫ਼ਸੋਸ ਹੈ ਕਿ ਅੰਮ੍ਰਿਤਾ ਨੇ ਇਸਨੂੰ ਸਾਹਿਤ ਚ ਲੈ ਆਂਦਾ ਤੇ ਮੈਨੂੰ ਇਸ ਬਾਰੇ ਬੋਲਣਾ ਪੈ ਰਿਹਾ ਹੈ। ਸਾਹਿਤ ਦੇ ਪ੍ਰਸੰਗ ਚ ਇਹ ਗੌਣ ਗੱਲਾਂ ਨੇ। ਅਸਲ ਸਵਾਲ ਅੰਮ੍ਰਿਤਾ ਦੇ ਸਾਹਿਤਕ ਮੁਲਅੰਕਣ ਦਾ ਹੈ। ਅੰਮ੍ਰਿਤਾ ਨੇ ਅਥਾਹ ਕਿਤਾਬਾਂ ਲਿਖੀਆਂ, ਪਰ ਉਸਦੇ ਸਾਹਿਤ ਦੀ ਸਹੀ ਪਰਖ ਪੰਜਾਬੀ ਚ ਕਦੇ ਨਹੀਂ ਹੋਈ। ਸਾਹਿਤ-ਕਰਮ ਦੇ ਨਾਲ਼-ਨਾਲ਼ ਸਭਿਆਚਾਰਕ-ਸੰਸਥਾਵਾਂ ਦੀ ਸਰਦਾਰੀ ਅਤੇ ਰਾਜ-ਸੱਤਾ ਦਾ ਸੁੱਖ ਭੋਗਣ ਕਾਰਣ ਸਾਡੇ ਲੇਖਕਾਂ ਦਾ ਸਾਹਿਤਕ ਬਿੰਬ ਸਪੱਸ਼ਟ ਨਹੀਂ। ਦੁਰਭਾਗਵਸ ਇਹਨਾਂ ਚ ਅੰਮ੍ਰਿਤਾ ਵੀ ਸ਼ਾਮਿਲ ਹੈ। ਉਸਦੇ ਰਾਜਨੀਤਕ ਸਰੋਕਾਰ ਉਸਦੇ ਸਾਹਿਤ ਨੂੰ ਧੁੰਦਲਾ ਕਰਦੇ ਨੇ। ਉਹ ਪੰਜਾਬੀ ਦੀ ਸਭ ਤੋਂ ਵੱਧ ਮਸ਼ਹੂਰ ਸਾਹਿਤਕਾਰ ਹੈ। ਇੱਕੋ ਕਵਿਤਾ "ਅੱਜ ਆਖਾਂ ਵਾਰਿਸ਼ਾਹ ਨੂੰ" ਲਿਖ ਕੇ ਦੋਹਵਾਂ ਪੰਜਾਬਾਂ ਚ ਧੁੰਮ ਪਾ ਦੇਣ ਵਾਲ਼ੀ ਉਹ ਪਹਿਲੀ ਸ਼ਾਇਰਾ ਹੈ। ਮਸ਼ਹੂਰੀ ਔਗੁਣ ਨਹੀਂ, ਪਰ ਇਹੋ ਕਈ ਵਾਰ ਸਾਹਿਤਕ ਪਰਖ ਚ ਰੁਕਾਵਟ ਵੀ ਬਣ ਸਕਦੀ ਹੈ। ਅੰਮ੍ਰਿਤਾ ਦੇ ਪ੍ਰਸੰਗ ਚ ਇਹੋ ਹੋਇਆ ਹੈ। ਸਹੀ ਮੁਲਿਅੰਕਣ ਤਦੇ ਸੰਭਵ ਹੈ, ਜੇ ਲੇਖਕਾਂ ਨੂੰ ਕੁਝ ਕ੍ਰਿਟੀਕਲ ਹੋ ਕੇ ਪੜ੍ਹੀਏ, ਸ਼ਰਧਾ ਨਾਲ਼ ਨਹੀਂ। ਅੰਮ੍ਰਿਤਾ ਦੀਆਂ ਲਿਖਤਾਂ ਦੀ ਮੁੱਖ ਸ਼ਕਤੀ ਉਹਨਾਂ ਵਿਚਲਾ ਨੈਤਿਕਤਾ ਦਾ ਸੁਰ ਹੈ, ਜਿਸਨੂੰ ਉਹਨੇ "ਧਰਮਯੁੱਧ" ਦਾ ਨਾਂ ਦਿਤਾ ਹੈ। ਇਹੋ ਨੈਤਿਕਤਾ ਉਸਦੀਆਂ ਲਿਖਤਾਂ ਦੀ ਕਮਜ਼ੋਰੀ ਵੀ ਹੈ। ਅੰਮ੍ਰਿਤਾ ਦੇ ਬੋਲ ਨੇ -ਮੈਂ ਤਵਾਰੀਖ਼ ਹਾਂ ਹਿੰਦ ਦੀ।- ਇਹ ਰੋਲ ਨਿਭਾਉਣਾ ਸੌਖਾ ਨਹੀਂ। ਉਸਦੇ ਇਸ ਰੋਲ ਦਾ ਮੁਲਿੱਅੰਕਣ ਪੰਜਾਬੀ ਚ ਅਜੇ ਹੋਣਾ ਹੈ।

ਅੰਮ੍ਰਿਤਾ ਦੇ ਪ੍ਰਸ਼ੰਸਕਾਂ ਦੀ ਗਿਣਤੀ ਅਥਾਹ ਹੈ। ਮੈਨੂੰ ਸ਼ੱਕ ਹੈ ਸਭ ਨੇ ਉਸਨੂੰ ਪੜ੍ਹਿਆ ਵੀ ਹੋਵੇ। ਇਹ ਲੌਬੀ ਗੀਗੇ ਪਾਠਕਾਂ ਦਾ ਕੱਠ ਹੈ। ਕੁਝ ਨਵੇਂ ਅਦੀਬਾਂ ਲਈ ਤਾਂ ਉਹ ਗੌਡੈੱਸ ਬਰਾਬਰ ਹੈ। ਅਜੇਹਾ ਦੇਵੀਤਵ ਜਾਂ ਡਿਵਿਨਿਟੀ ਦਾ ਅੰਮ੍ਰਿਤਾ ਨੂੰ ਕੋਈ ਫ਼ਾਇਦਾ ਨਹੀਂ। ਸਭ ਤੋਂ ਵੱਡਾ ਖ਼ਤਰਾ ਪੰਜਾਬੀ ਸਾਹਿਤ ਨੂੰ, ਤੇ ਅੰਮ੍ਰਿਤਾ ਪ੍ਰੀਤਮ ਨੂੰ, ਅਜੇਹੇ ਸ਼ਰਧਾਲੂਆਂ ਤੋਂ ਰਿਹਾ ਹੈ। ਜਿੰਨ੍ਹਾਂ ਨੇ ਕਦੇ "ਕਿੰਤੂ" ਲਾਉਣਾ ਹੀ ਨਹੀਂ ਸਿੱਖਿਆ। ਮੈਂ ਹੁਣ ਚੁੱਪ ਤੋੜ ਰਿਹਾ ਹਾਂ, ਤਾਂ ਸਿਰਫ਼ ਇਹ ਕਹਿਣ ਲਈ: ਅੱਖਾਂ ਤੇ ਪੱਟੀ ਬੰਨ੍ਹ ਕੇ ਅੰਮ੍ਰਿਤਾ ਪ੍ਰੀਤਮ ਨੂੰ ਨਾ ਪੜ੍ਹੋ। ਉਹ ਇਸ ਤੋਂ ਵਧੇਰੇ ਧਿਆਨ ਦੀ ਹੱਕਦਾਰ ਹੈ।

## ਨਾਗਮਣੀ ਦਾ ਆਰੰਭ

- ਸੁਣਦੇ ਹਾਂ ਕਿ ਨਾਗਮਣੀ ਤੂੰ ਹੀ ਕਢਵਾਇਆ ਸੀ।

ਸਤੀ: ਅੰਮ੍ਰਿਤਾ ਨੂੰ ਮੈਂ ਨਾਗਮਣੀ ਦਿਤੀ, ਬਦਲੇ ਚ ਅੰਮ੍ਰਿਤਾ ਨੇ ਮੈਨੂੰ ਬਲਗਾਰੀਆ।ਦਿੱਲੀ ਚ ਇਹੋ ਜਿਹੀ ਚਰਚਾ ਚੱਲੀ ਸੀ। ਇਹ ਗੱਲ ਮੈਨੂੰ ਕੁਝ ਵਲਗਰ ਲੱਗਦੀ ਹੈ। ਮੈਂ ਇਸ ਚ ਨਹੀਂ ਪੈਣਾ ਚਾਹੁੰਦਾ। ਮੇਰਾ ਮਿੱਤਰ ਸ਼ਾਂਤੀਦੇਵ ਸਰੇਆਮ ਆਖਦਾ ਫਿਰਦੈ ਕਿ ਮੇਰੇ ਪ੍ਰਭਾਵ ਹੇਠ ਅੰਮ੍ਰਿਤਾ ਮੌਡਰਨ ਕਵਿਤਾ ਲਿਖਣ ਲੱਗ ਪਈ ਸੀ। ਉਸਦੇ ਨੇੜੇ ਮੈਂ ਨਾ ਹੁੰਦਾ, ਤਾਂ ਕਾਗ਼ਜ਼ ਤੇ ਕੈਨਵਸ ਦੀਆਂ ਕਵਿਤਾਵਾਂ ਹੋਂਦ ਚ ਨਹੀਂ ਸੀ ਆਉਣੀਆਂ। ਮੇਰੇ ਸੰਪਰਕ ਚ ਆਉਣ ਤੋਂ ਪਹਿਲਾਂ ਅੰਮ੍ਰਿਤਾ ਗੱਦ ਕਵਿਤਾਵਾਂ ਨਹੀਂ ਸੀ ਲਿਖਦੀ। ਇਸ ਚਰਚਾ ਦਾ ਪਿਛੋਕੜ ਇਹ ਹੈ। ਨਾਗਮਣੀ ਮੇਰਾ ਅਪਣਾ ਕੰਸੈਪਟ ਸੀ। ਸ਼ੁਰੂ ਚ ਉਹ ਤਿਆਰ ਨਹੀਂ ਸੀ। ਕਾਫ਼ੀ ਤਰਕ-ਵਿਤਰਕ ਤੋਂ ਬਾਅਦ ਉਹ ਸਹਿਮਤ ਹੋਈ। ਰਸੀਦੀ ਟਿਕਟ ਚ ਲਿਖੀ ਅੰਮ੍ਰਿਤਾ ਦੀ ਗੱਲ ਕਾਫ਼ੀ ਠੀਕ ਹੈ- ਦੋਸਤੀ ਸੀ ਸਾਹਿਤ ਵਿਚ ਕਦਰਾਂ-ਕੀਮਤਾਂ ਦੀ ਤੇ ਜਿਹਦੀ ਇਕ ਬੈਠਕ ਵਿਚ ਨਾਗਮਣੀ ਦੀ ਰੂਪਰੇਖਾ ਬਣੀ ਸੀ।

ਸ਼ੁਰੂ ਚ ਅੰਮ੍ਰਿਤਾ ਚਾਹੁੰਦੀ ਸੀ ਕਿ ਪਰਚਾ ਮੇਰਾ ਸੁਪਨਾ ਸੀ ਤੇ ਇਸਨੂੰ ਆਪ ਹੀ ਕੱਢਾਂ; ਪਰ ਮੈਨੂੰ ਪਿਛੋਕੜ ਚ ਰਹਿਣਾ ਪਸੰਦ ਹੈ। ਮੈਂ ਜਾਣਦਾ ਸੀ ਕਿ ਅੰਮ੍ਰਿਤਾ ਦੇ ਨਾਂ ਨਾਲ਼ ਪਰਚੇ ਦੇ ਕਾਮਯਾਬ ਹੋਣ ਦਾ ਬਹੁਤਾ ਚਾਂਸ ਸੀ। ਮੇਰੇ ਨਾਂ ਨਾਲ਼ ਵਿਰੋਧੀਆਂ ਨੂੰ ਕੜਵੱਲ ਪੈ ਜਾਂਦੇ ਸੀ। ਪੈਸਾ ਵੀ ਉਦੋਂ ਉਸੇ ਕੋਲ਼ ਸੀ। ਮੇਰੀਆਂ ਜੇਬਾਂ ਚ ਤਾਂ ਸੁਪਨੇ ਹੀ ਸਨ। ਮੇਰੀ ਦਲੀਲ ਸੀ ਕਿ ਪੰਜਾਬੀ ਦੇ ਨਵੇਂ ਲੇਖਕਾਂ ਨੂੰ ਮੂਹਰੇ ਲਿਆਉਣ ਲਈ ਅਜੇਹੇ ਮੰਚ ਦੀ ਤਤਕਾਲ ਲੋੜ ਸੀ। ਪ੍ਰੀਤਲੜੀ, ਆਰਸੀ ਤੇ ਪੰਜ ਦਰਿਆ ਆਦਿ ਸਥਾਪਿਤ ਪਰਚਿਆਂ ਨੇ ਸਾਹਿਤ ਦੀ ਅਜੇਹੀ ਨਾਕਾਬੰਦੀ ਕੀਤੀ ਹੋਈ ਸੀ ਕਿ ਚਿੜੀ ਨਹੀਂ ਸੀ ਨੇੜੇ ਫੜਕਣ ਦੇਂਦੇ। ਇਸ ਗੜ੍ਹ ਨੂੰ ਤੋੜਨ ਦੀ ਲੋੜ ਸੀ।

ਅੰਮ੍ਰਿਤਾ ਖੁਦ ਪਰੰਪਰਾ ਦਾ ਪ੍ਰਤੀਕ ਸੀ, ਪਰ ਅਪਣੀ ਪੀੜ੍ਹੀ ਚੋਂ ਸਿਰਫ਼ ਉਸੇ ਨੇ ਇਸ ਤਬਦੀਲੀ ਦੀ ਲੋੜ ਨੂੰ ਵੇਖਣ ਤੇ ਕਬੂਲਣ ਦੀ ਦੂਰਦਰਸ਼ਿਤਾ ਦਿਖਾਈ। ਪਰੋਗਰੈਸਿਵ ਲੇਖਕਾਂ ਤੋਂ ਐਲਾਨੀਆ ਟੁੱਟਣ ਦੀ ਦਲੇਰੀ ਵੀ ਸਿਰਫ਼ ਉਸੇ ਚ ਹੀ ਸੀ। ਇਹ ਦਲੇਰੀ ਨਾ ਮੋਹਨ ਸਿੰਘ ਵਿਚ ਸੀ ਨਾ ਅੰਮ੍ਰਿਤਾ ਦੇ ਸਮਕਾਲੀ ਕਿਸੇ ਹੋਰ ਲੇਖਕ ਚ ਨਜ਼ਰ ਆਈ।

ਮੈਂ ਹਰ ਰੋਜ਼ ਦਲੀਲਾਂ ਦਿੰਦਾ ਰਿਹਾ। ਅੰਮ੍ਰਿਤਾ ਸੋਚਦੀ ਰਹੀ। ਇਕ ਦਿਨ ਅਚਾਨਕ ਬੋਲੀ, "ਚਲ ਮੰਜ਼ੂਰ। ਪਰ ਮੈਂ ਚਾਹੁੰਦੀ ਹਾਂ ਕਿ ਇਸ ਪਰਚੇ ਦਾ ਨਾਂ ਨਾਗਮਣੀ ਰਖਿਆ ਜਾਵੇ।" ਅੰਮ੍ਰਿਤਾ "ਮੰਜ਼ੂਰ!" ਕਹਿ ਦੇਵੇ ਤਾਂ ਉਸਦੇ ਫ਼ੈਸਲੇ ਨੂੰ ਰੱਬ ਵੀ ਨਹੀਂ ਸੀ ਟਾਲ਼ ਸਕਦਾ। ਨਾਗਮਣੀ ਨਾਂ ਚ ਡੰਗ ਵੀ ਸੀ ਤੇ ਸਾਊਂਡ ਵੀ ਮੈਨੂੰ ਪਸੰਦ ਆਇਆ। ਮੈਂ ਵੀ ਖ਼ੁਸ਼ੀ ਨਾਲ਼ ਕਿਹਾ, "ਮੰਜ਼ੂਰ!" ਅਗਲਾ ਇਤਿਹਾਸ ਸਭ ਜਾਣਦੇ ਨੇ।

ਅੰਮ੍ਰਿਤਾ ਪੰਜਾਬੀ ਚ ਸਿਖਰ ਛੁਹ ਚੁੱਕੀ ਸੀ। ਬਹੁਤੇ ਲੇਖਕ ਇਥੇ ਆ ਕੇ ਰੁਕ ਜਾਂਦੇ ਨੇ। ਨਾਗਮਣੀ ਉਸਦੀ ਸਾਹਿਤਕ ਜ਼ਿੰਦਗੀ ਦਾ ਦੂਜਾ ਆਰੰਭ ਸੀ। ਕਾਗਜ਼ ਤੇ ਕੈਨਵਸ ਦੀਆਂ ਪਰੋਜ਼ ਕਵਿਤਾਵਾਂ ਛਾਪ ਕੇ ਅੰਮ੍ਰਿਤਾ ਪ੍ਰੀਤਮ ਨੇ ਪੰਜਾਬੀ ਕਾਵਿ ਦੀ ਉਸ ਲੰਬੀ ਪਰੰਪਰਾ ਤੇ ਕਾਟਾ ਫੇਰ ਦਿੱਤਾ, ਜਿਸਦੀ ਉਹ ਆਪ ਪ੍ਰਤੀਕ ਸੀ। ਨਾਗਮਣੀ ਸਚਮੁੱਚ ਪੰਜਾਬੀ ਚ ਧਮਾਕਾ ਸਿੱਧ ਹੋਇਆ। ਅੰਮ੍ਰਿਤਾ ਨੂੰ ਅੱਗੇ ਤੁਰਨ ਦਾ ਰਾਹ ਲੱਭ ਗਿਆ। ਇਸਦੇ ਪ੍ਰਕਾਸ਼ਨ ਦਾ ਫ਼ਾਇਦਾ ਆਉਣ ਵਾਲ਼ੇ ਕਵੀਆਂ ਨੂੰ ਵੀ ਹੋਇਆ।

ਪਰਚਾ ਕੱਢਣ ਦੀ ਸਕੀਮ ਅੰਮ੍ਰਿਤਾ ਦੀ ਰਸੋਈ ਚ ਬਣੀ ਸੀ। ਨਿਰਣਾ ਹੋ ਗਿਆ, ਤਾਂ ਆਵਾਜ਼ ਮਾਰ ਕੇ ਇੰਦਰਜੀਤ ਨੂੰ ਸੂਚਿਤ ਕੀਤਾ ਗਿਆ। ਅਜੇ ਉਹ ਇਮਰੋਜ਼ ਨਹੀਂ ਸੀ ਬਣਿਆ। ਉਹ ਪੰਦਰਾਂ ਕੁ ਮਿੰਟ ਬਾਅਦ ਹੀ ਕਵਰ ਦਾ ਡਿਜ਼ਾਇਨ ਬਣਾ ਕੇ ਲੈ ਆਇਆ। ਨਾਗਮਣੀ ਸ਼ੁਰੂ ਹੋ ਗਈ।

- ਤੇਰੇ ਸਮੇਂ ਨਾਗਮਣੀ ਦੀ ਪੌਲੀਸੀ ਕੀ ਸੀ ?

ਸਤੀ: ਪੌਲੀਸੀ ਬੜੀ ਸਰਲ ਸੀ। ਨਾਗਮਣੀ ਦਾ ਨਿਕਲਣਾ ਸਥਾਪਤੀ ਨੂੰ ਸਿੱਧਾ ਚੈਲੰਜ ਸੀ। ਜੋ ਵੀ ਰੜਕਦਾ ਹੈ / ਪਾਣੀ ਚ ਰੋੜ੍ਹ ਦਿਉ ਵਰਗੀਆਂ ਨਜ਼ਮਾਂ ਲਿਖਣ ਕਰਕੇ ਮੈਂ ਤਾਂ ਬਦਨਾਮ ਸੀ ਹੀ, ਨਾਗਮਣੀ ਕਾਰਣ ਅੰਮ੍ਰਿਤਾ ਵੀ ਪੰਜਾਬੀ ਚ ਬਲੈਕ-ਲਿਸਟ ਹੋ ਗਈ। ਸਥਾਪਨਾ ਨੇ ਇਸਨੂੰ ਅੰਮ੍ਰਿਤਾ ਉਤੇ ਮੇਰੇ ਮਾੜੇ ਪ੍ਰਭਾਵ ਦਾ ਪ੍ਰਮਾਣ ਸਮਝਿਆ। ਭਾਪਾ ਪ੍ਰੀਤਮ ਸਿੰਘ ਨੇ ਨਾਗਮਣੀ ਛਾਪਣੋਂ ਹੀ ਇਨਕਾਰ ਕਰ ਦਿੱਤਾ, ਹਾਲਾਂ ਕਿ ਸਾਹਿਤ ਛਾਪਣਾ ਉਹਦਾ ਬਿਜ਼ਨਿਸ ਸੀ। ਸਾਰੇ ਜਾਣਦੇ ਨੇ ਕਿ ਆਰਸੀ ਅੰਮ੍ਰਿਤਾ ਪ੍ਰੀਤਮ ਦੀ ਨਿਗਰਾਨੀ ਚ ਸ਼ੁਰੂ ਹੋਈ ਸੀ ਤੇ ਉਸਦੀ ਪੌਪੁਲੈਰਿਟੀ ਦਾ ਕਾਰਣ ਵੀ ਉਹੋ ਸੀ। ਅੰਮ੍ਰਿਤਾ ਨੇ ਭਾਪਾ ਪ੍ਰੀਤਮ ਸਿੰਘ ਦੇ ਇਸ ਵਰਤਾਉ ਨੂੰ ਸ਼ਾਇਦ ਹੀ ਕਦੇ ਮਾਫ਼ ਕੀਤਾ ਹੋਵੇ।



ਸੁਨੇਹੜੇ ਤੋਂ ਬਾਅਦ ਅੰਮ੍ਰਿਤਾ ਪ੍ਰੀਤਮ ਨੇ ਅਪਣੀ ਕੋਈ ਵੀ ਕਿਤਾਬ ਨਵਯੁਗ ਤੋਂ ਨਹੀਂ ਛਪਵਾਈ। ਨਾਗਮਣੀ ਪ੍ਰਕਾਸ਼ਨ ਦੀ ਸ਼ੁਰੂਆਤ ਵੀ ਨਵਯੁਗ ਤੋਂ ਮੁਕਤ ਹੋਣ ਲਈ ਕੀਤੀ ਗਈ ਸੀ। ਪੰਜਾਬੀ ਸਭਿਆਚਾਰ ਦੇ ਦੋ ਸਿਰਮੌਰ ਹਸਤੀਆਂ ਦੇ ਇਸ ਦਵੰਦ ਦਾ ਪੰਜਾਬੀ ਸਾਹਿਤ ਦੀ ਨਵੀਂ ਪੌਧ ਨੂੰ ਬਹੁਤਾ ਗਿਆਨ ਨਹੀਂ। ਪੰਜਾਬੀ ਸਾਹਿਤ ਦੇ ਕਈ ਕਾਂਡ ਅਜੇ ਅਣਲਿਖੇ ਹੀ ਪਏ ਨੇ।

ਨਵੇਂ ਕਵੀਆਂ ਨੂੰ ਅੱਗੇ ਆਉਣ ਲਈ ਪਲੇਟਫ਼ਾਰਮ ਦੀ ਲੋੜ ਸੀ। ਵੱਡੇ ਪਰਚਿਆਂ ਤੋਂ ਰੱਦ ਹੋਏ ਲੇਖਕ ਨਾਗਮਣੀ ਚ ਛਪ ਸਕਦੇ ਸੀ, ਜਦ ਕਿ ਵੱਡੇ ਲੇਖਕਾਂ ਨੂੰ ਰੱਦ ਕਰ ਦਿਤਾ ਜਾਂਦਾ ਸੀ। ਬਾਅਦ ਚ ਅੰਮ੍ਰਿਤਾ ਨੇ ਇਹ ਪੌਲੀਸੀ ਬਦਲ ਲਈ ਤੇ ਹਰ ਕਿਸਮ ਦਾ ਲੇਖਕ ਛਪਣ ਲੱਗ ਪਿਆ, ਪਰ ਸ਼ੁਰੂ ਚ ਅਸੀਂ ਮੋਹਨ ਸਿੰਘ ਤੇ ਸ਼ਿਵ ਕੁਮਾਰ ਨੂੰ ਵੀ ਨਹੀਂ ਸੀ ਛਾਪਦੇ। ਉਹਨਾਂ ਦੀਆਂ ਭੇਜੀਆਂ ਕਵਿਤਾਵਾਂ ਵਾਪਿਸ ਹੋ ਜਾਂਦੀਆਂ। ਸ਼ਿਵ ਕੁਮਾਰ ਤਾਂ ਇਕ ਵਾਰ ਆ ਕੇ ਰੋ ਹੀ ਪਿਆ ਸੀ। ਨਵੇਂ ਤੇ ਪੁਰਾਣੇ ਵਿਚਕਾਰ ਸਪੱਸ਼ਟ ਲਕੀਰ ਖਿੱਚਣਾ ਜ਼ਰੂਰੀ ਸੀ। ਨਾਗਮਣੀ ਚ ਮੇਰਾ ਕਾਲਮ ਹੁੰਦਾ ਸੀ - ਅੰਦਰਸ। ਇਸ ਕਾਲਮ ਚ ਨਵੇਂ ਦੇ ਸੋਹਿਲੇ ਗਾਏ ਜਾਂਦੇ ਤੇ ਪੁਰਾਣੇ ਦੀਆਂ ਧੱਜੀਆਂ ਉਡਾਈਆਂ ਜਾਂਦੀਆਂ। ਨਵਿਆਂ ਦੇ ਹੌਸਲੇ ਵਧ ਗਏ। ਸ਼ੁਰੂ ਚ ਅਸੀਂ ਦੋਹਵੇਂ ਹੀ ਨਾਗਮਣੀ ਦੇ ਪੰਨੇ ਭਰਦੇ ਸਾਂ। ਹੌਲ਼ੀ-ਹੌਲ਼ੀ ਕਈ ਨਵੇਂ ਲੇਖਕ ਨਾਲ਼ ਆਣ ਜੁੜੇ। ਮੁਸੀਬਤ ਇਹ ਹੈ ਕਿ ਸਥਾਪਨਾ ਨੂੰ ਉਲਟਣ ਲਈ ਚੁੱਕਿਆ ਪੈਰ ਇਕ ਦਿਨ ਖ਼ੁਦ ਸਥਾਪਨਾ ਚ ਬਦਲ ਜਾਂਦਾ ਹੈ। ਨਾਗਮਣੀ ਨਾਲ਼ ਵੀ ਇਹੋ ਹੋਇਆ।

ਨਾਗਮਣੀ ਨੇ ਕਈ ਨਵੇਂ ਲੇਖਕ ਸਾਮ੍ਹਣੇ ਲਿਆਂਦੇ। ਪਿਛਲੇ ਸਾਲਾਂ ਚ ਪਹਿਲੇ ਸਫ਼ੇ ਤੇ ਚੰਗੀਆਂ ਕਵਿਤਾਵਾਂ ਦੇ ਨਾਲ਼-ਨਾਲ਼ ਕੱਚਾ ਮਾਲ ਵੀ ਛਪਦਾ ਰਿਹਾ ਹੈ । ਮਿੰਦਰ ਤੇ ਮੋਹਨਜੀਤ ਚੰਗੇ ਕਵੀ ਹਨ। ਪਰ ਇਹੋ ਜਿਹੇ ਉਦਾਹਰਣ ਬਹੁਤੇ ਨਹੀਂ।

ਕਿਸੇ ਸਮੇਂ ਨਾਗਮਣੀ ਨੇ ਸਥਾਪਨਾ ਨੂੰ ਚੈਲੰਜ ਕੀਤਾ ਸੀ। ਨਾਗਮਣੀ ਨੇ ਪੰਜਾਬੀ ਸਾਹਿਤ ਦਾ ਸੀਨ ਬਦਲ ਦਿੱਤਾ- ਉਸਦਾ ਅਸਲ ਮਹਤੱਵ ਇਸ ਤੱਥ ਚ ਹੈ। ਉਸ ਵਿਚ ਕੌਣ ਛਪਿਆ ਜਾਂ ਨਾ ਛਪਿਆ, ਇਸ ਗੱਲ ਦਾ ਘੱਟ ਮਹੱਤਵ ਹੈ।

## ਜੇਰੇ ਵਾਲ਼ੇ ਲੇਖਕ

- "ਵਿਰੋਧ ਅਕਸਰ ਰਚਨਾ ਦੀ ਸ਼ਕਤੀ ਦਾ ਪ੍ਰਮਾਣ ਹੁੰਦਾ ਹੈ।" ਤੇਰਾ ਇਹ ਕਥਨ ਤੇਰੇ ਅਪਣੇ 'ਤੇ ਕਿੰਨਾ ਕੁ ਲਾਗੂ ਹੁੰਦਾ ਹੈ ?

ਸਤੀ: ਸਾਹਿਤ ਜਨਮਦਾ ਹੀ ਵਿਰੋਧ ਚੋਂ ਹੈ, ਸੰਮਤੀ ਚੋਂ ਨਹੀਂ। ਇਹ ਵਿਰੋਧ ਚੋਂ ਜਨਮਦਾ ਹੀ ਨਹੀਂ, ਵਿਰੋਧ ਨੂੰ ਪੈਦਾ ਵੀ ਕਰਦਾ ਹੈ। ਸੋਲਜ਼ੇਨਿਤਸਨ ਦਾ ਗੁਲਾਗ ਆਰਕੀਪੇਲਾਗ ਛਪਣ ਵੇਲੇ ਸੋਵੀਅਤ ਸੰਘ ਹੀ ਨਹੀਂ, ਸੰਸਾਰ ਭਰ ਦੀਆਂ ਕਮਿਉਨਿਸਟ ਪਾਰਟੀਆਂ ਉਸਦੇ ਖ਼ਿਲਾਫ਼ ਹੋ ਗਈਆਂ ਸਨ। ਮੈਂ ਉਦੋਂ ਬਲਗਾਰੀਆ ਚ ਸੀ। ਉਥੋਂ ਦੀ ਲਿਖਾਰੀ ਸਭਾ ਨੇ ਪਾਰਲੀਮੈਂਟ ਹਾਊਸ ਚ ਮੀਟਿੰਗ ਬੁਲਾ ਕੇ ਇਸ ਨਾਵਲ ਦੇ ਖ਼ਿਲਾਫ਼ ਮਤਾ ਪਾਸ ਕੀਤਾ ਸੀ। ਪਰ ਕੁਝ ਲੇਖਕ ਉਦੋਂ ਇਹ ਕਹਿ ਕੇ ਬਚ ਨਿਕਲ਼ੇ ਕਿ ਵੋਟ ਕੀ ਪਾਈਏ, ਅਸੀਂ ਤਾਂ ਇਹ ਨਾਵਲ ਹੀ ਨਹੀਂ ਪੜ੍ਹਿਆ। ਇਹਨਾਂ ਲੇਖਕਾਂ ਚ ਬਲਾਗਾ ਦਿਮਿਤਰੋਵਾ ਵੀ ਸੀ, ਉੱਤਰ-ਸਮਾਜਵਾਦੀ ਬਲਗਾਰੀਆ ਦੀ ਉਪ-ਰਾਸ਼ਟਰਪਤੀ। ਇਹ ਗੱਲ ਮੈਨੂੰ ਬਲਾਗਾ ਨੇ ਹੀ ਦੱਸੀ ਸੀ। ਬਲਗਾਰੀਅਨ ਭਾਸ਼ਾ ਚ ਇੰਡੀਆਨ ਐਂਥੋਲੋਜੀ ਛਾਪਣ ਚ ਜਿਨ੍ਹਾਂ ਲੇਖਕਾਂ ਨੇ ਮੈਨੂੰ ਸਹਿਯੋਗ ਦਿਤਾ ਸੀ, ਉਨ੍ਹਾਂ ਚ ਉਹ ਵੀ ਸ਼ਾਮਿਲ ਸੀ।

ਬਲਗਾਰੀਅਨ ਲੇਖਕਾਂ ਨੇ ਵਿਚਕਾਰਲਾ ਰਾਹ ਚੁਣਿਆ। ਫ਼ਰਾਂਸ ਦੇ ਮਾਰਕਸਿਸਟ ਬੁਧੀਜੀਵੀਆਂ ਦੀ ਗੱਲ ਹੋਰ ਹੈ। ਜਦੋਂ ਵੀ ਕਿਸੇ ਲੇਖਕ 'ਤੇ ਭੀੜ ਪਈ ਹੈ, ਉਹਨਾਂ ਨੇ ਉਸਦੇ ਪੱਖ ਚ ਆਵਾਜ਼ ਉਠਾਈ ਹੈ। ਪੰਜਾਬ ਦੇ ਕਿਸੇ ਵੀ ਅਖੌਤੀ ਮਾਰਕਸਵਾਦੀ ਨੇ ਅਜੇਹੇ ਮੌਕੇ ਕਦੇ ਸਪੱਸ਼ਟ ਸਟੈਂਡ ਨਹੀਂ ਲਿਆ। ਸਮੂਹਿਕ ਚੁੱਪੀ ਸਾਹਿਤ ਚ ਸਮੂਹਿਕ ਆਤਮਘਾਤ ਬਰਾਬਰ ਹੁੰਦੀ ਹੈ। ਚੁੱਪ ਰਹਿਣ ਲਈ ਕੋਈ ਲੇਖਕ ਨਹੀਂ ਬਣਦਾ । ਵਿਰੋਧੀ ਹਾਲਤਾਂ ਚ ਜਦੋਂ ਲੇਖਕ ਚੁੱਪੀ ਤੋੜਨ ਦਾ ਸਾਹਸ ਕਰਦਾ ਹੈ, ਤਾਂ ਹੀ ਸਾਹਿਤ ਅਗਾਹਾਂ ਤੁਰਦਾ ਹੈ। ਔਖੇ ਸਮੇਂ ਵਿਰੋਧ ਲੇਖਕ ਦੀ ਸ਼ਕਤੀ ਦਾ ਪਰਮਾਣ ਹੁੰਦਾ ਹੈ ਤੇ ਸਹਿਮਤੀ ਕਾਇਰਤਾ ਦਾ।

ਸਾਡੇ ਕੁਝ ਲੇਖਕ ਸੋਵੀਅਤ ਸੰਘ ਦੀ ਸੇਵਾ ਚ ਸਾਲਾਂਬੱਧੀ ਮਾਸਕੋ ਚ ਰਹੇ ਨੇ। ਕਰਨਜੀਤ ਸਿੰਘ ਤੇ ਦਰਸ਼ਨ ਸਿੰਘ ਜਾਣੇ-ਪਛਾਣੇ ਨਾਂ ਹਨ। ਮੈਂ ਮਾਸਕੋ ਗਿਆ ਤਾਂ ਇਨ੍ਹਾਂ ਨੇ ਉਥੇ ਘਰ ਬੁਲਾ ਕੇ ਮੈਨੂੰ ਭੋਜਨ ਵੀ ਖੁਆਇਆ ਸੀ। ਹੁਣ ਇਹ ਸੱਜਣ ਦਿੱਲੀ ਚ ਭਾਪੇ ਪ੍ਰੀਤਮ ਸਿੰਘ ਦੀ ਚਲਾਈ ਪੰਜਾਬੀ ਸਾਹਿਤ ਸਭਾ ਦੇ ਕਰਣਧਾਰ ਹਨ। ਇਹਨਾਂ ਦਾ ਸੋਵੀਅਤ ਸੰਘ ਦਾ ਡਾਇਰੈਕਟ ਅਨੁਭਵ ਸੁਣਨਾ ਦਿਲਚਸਪ ਹੁੰਦਾ। ਪਰ ਦੋਹਵਾਂ ਨੇ ਅਜੇ ਤਾਈਂ ਚੁੱਪ ਧਾਰੀ ਹੋਈ ਹੈ। ਵੈਸੇ ਅਜੇਹੀ ਚੁੱਪ ਵੀ ਸਾਹਿਤਕਾਰ ਦਾ ਬਿਆਨ ਹੁੰਦੀ ਹੈ। ਇਹ ਬਿਆਨ ਪੰਜਾਬੀ ਦੇ ਕਈ ਲੇਖਕ ਦੇ ਰਹੇ ਹਨ। ਜ਼ਾਹਿਰ ਹੀ ਕੁਝ ਲੇਖਕਾਂ ਲਈ ਵਿਚਾਰਧਾਰਾ ਜਾਂ ਪਾਰਟੀ ਨਾਲ ਵਫ਼ਾਦਾਰੀ ਸਾਹਿਤ ਨਾਲ਼ ਵਫ਼ਾਦਾਰੀ ਤੋਂ ਜ਼ਿਆਦਾ ਜ਼ਰੂਰੀ ਹੁੰਦੀ ਹੈ।ਸਾਹਿਤ ਚੂਰੇ ਚ ਮਿਲਿਆ ਹੁੰਦਾ ਹੈ ,ਅਮਲੀਆਂ ਵਾਂਗੂੰ ਫੱਕੀ ਜਾਂਦੇ ਹਨ।

ਲੇਖਕ ਦੇ ਅਖ਼ਲਾਕੀ ਸਾਹਸ ਦਾ ਇਕ ਉਦਾਹਰਨ ਜਾਂ ਪਾਲ ਸਾਰਤਰ ਹੈ। ਸੱਠਾਂ ਚ ਪੈਰਿਸ ਦੇ ਸਟੂਡੈਂਟ ਅੰਦੋਲਨ ਦਾ ਮੋਹਰੀ ਸੀ ਸਾਰਤਰ। ਫ਼ਰਾਂਸ ਦੇ ਪ੍ਰੈਜ਼ੀਡੈਂਟ ਜਨਰਲ ਡੇਗਾਲ ਨੂੰ ਸਲਾਹ ਦਿੱਤੀ ਗਈ ਕਿ ਸਾਰਤਰ ਨੂੰ ਗਰਿਫ਼ਤਾਰ ਕਰ ਲਿਆ ਜਾਏ, ਤਾਂ ਮੁਸੀਬਤ ਟਲ਼ ਸਕਦੀ ਸੀ। ਡੇਗਾਲ ਦਾ ਜਵਾਬ ਸੀ, "ਬੂਦਲੇਅਰ ਨੂੰ ਕੌਣ ਫੜ ਸਕਦਾ ਹੈ?" ਪੰਜਾਬ ਚ ਖੱਬੇ ਅੱਤਵਾਦ ਦੇ ਬਖੀਏ ਉਧੇੜਣੇ ਸ਼ੁਰੂ ਕਰਕੇ ਅਮਰਜੀਤ ਚੰਦਨ ਕਾਮਰੇਡਾਂ ਦੇ ਕ੍ਰੋਪ ਦਾ ਭਾਜਕ ਬਣ ਬੈਠਾ ਹੈ। ਅਜੇਹੇ ਜੇਰੇ ਵਾਲ਼ੇ ਲੇਖਕ ਸਾਡੀ ਭਾਸ਼ਾ ਚ ਬਹੁਤੇ ਨਹੀਂ। ਪੰਜਾਬੀ ਸਾਹਿਤ ਵੀ ਅਜੇਹੇ ਲੇਖਕਾਂ ਦੇ ਸਹਾਰੇ ਹੀ ਅਗਾਹਾਂ ਤੁਰ ਰਿਹਾ ਹੈ।

ਸਾਹਿਤ ਚ ਮੇਰੇ ਅਪਣੇ ਰੋਲ ਦੀ ਜਜਮੈਂਟ ਦੂਜਿਆਂ ਨੇ ਕਰਨੀ ਹੈ। ਸਾਹਿਤ ਚ ਮੇਰਾ ਸਫ਼ਰ ਹੀ ਪ੍ਰਗਤੀਵਾਦੀਆਂ ਦੇ ਵਿਰੋਧ ਤੋਂ ਹੋਇਆ ਸੀ। ਜਿਸ ਮੌਡਰਨਿਜ਼ਮ ਨਾਲ਼ ਮੇਰਾ ਨਾਂ ਜੋੜਿਆ ਜਾਂਦਾ ਹੈ, ਉਹ ਮੂਲ ਤੌਰ 'ਤੇ ਮੁਖ਼ਾਲਫ਼ਤ ਦਾ



ਅੰਮ੍ਰਿਤਾ ਪ੍ਰੀਤਮ ਨਾਲ ਸਤੀ ਕੁਮਾਰ

ਦਰਸ਼ਨ ਹੈ। ਇਹ ਐਵੇਂ ਨਹੀਂ ਕਿ ਫ਼ਰਾਂਸ ਦੇ ਕੁਝ ਮੌਡਰਨਿਸਟ ਕਵੀ ਟਰੌਟਸਕੀ ਦੇ ਨੇੜੇ ਰਹੇ ਹਨ। ਮੌਡਰਨਿਜ਼ਮ ਬਾਰੇ ਪੰਜਾਬੀ ਚ ਕਾਫ਼ੀ ਭੁਲੇਖੇ ਨੇ। ਇਸਨੂੰ ਸਹੀ ਅਰਥਾਂ ਚ ਨਹੀਂ ਸਮਝਿਆ ਗਿਆ।

## ਔਖੀ ਕਵਿਤਾ

- ਨਾਗਮਣੀ ਚ ਕਦੇ ਕਿਸੇ ਲੇਖਕ ਨੇ ਸਵਾਲ ਕੀਤਾ ਸੀ- "ਸਤੀ ਨੂੰ ਸਮਝਣ ਲਈ ਸੱਤ ਵਾਰ ਪੜ੍ਹਨਾ ਪੈਂਦਾ ਹੈ । ਕੀ ਉਹ ਪੰਜਾਬੀ ਕਵਿਤਾ ਦਾ ਕਰੌਸ ਵਰਡ ਹੈ?" ਅੰਮ੍ਰਿਤਾ ਦਾ ਜਵਾਬ ਸੀ- "ਇਸਦਾ ਮਤਲਬ ਹੈ ਉਹ ਸੱਤ ਗੁਣਾ ਵੱਧ ਧਿਆਨ ਮੰਗਦਾ ਹੈ।" ਤੇਰੀ ਕਵਿਤਾ ਔਖੀ ਕਿਉਂ ਹੁੰਦੀ ਹੈ ?

ਸਤੀ: ਇਹ ਮਹਜ਼ ਮਿਥ ਹੈ। ਇਹ ਤਰਕ ਮੈਂ 35 ਸਾਲਾਂ ਤੋਂ ਸੁਣਦਾ ਆ ਰਿਹਾ ਹਾਂ। ਇਹ ਪਿਛਾਂਹ ਖਿੱਚੂ ਬੁੱਧੀਜੀਵੀਆਂ ਦਾ ਤਰਕ ਹੈ। ਮੇਰੀ ਕਵਿਤਾ ਔਖੀ ਨਹੀਂ। ਪਾਠਕ ਜ਼ਰੂਰ ਕੁਝ ਔਖਾ ਹੈ। ਪਾਠਕ ਦੀ ਔਖਿਆਈ ਇਸ ਚ ਹੈ ਕਿ ਉਹ ਅਜੇ ਵੀ ਅਪਣੇ ਪਿੱਛਿਉਂ ਪੈਂਦੀ ਰੋਸ਼ਨੀ ਚ ਖਲੋਤਾ ਹੈ। ਉਹਦੇ ਕਾਵਿ ਸੰਸਕਾਰ ਅਜੇ ਵੀ ਰਵਾਇਤੀ ਨੇ। ਮੇਰਾ ਮਸ਼ਵਰਾ ਹੈ ਕਿ ਨਵੀਂ ਕਵਿਤਾ ਨੂੰ ਰੌਸ਼ਨੀ ਬੁਝਾ ਕੇ ਪੜ੍ਹਿਆ ਜਾਏ। ਹਨੇਰੇ ਚ ਉਸਦੇ ਅੱਖਰ ਉੱਘੜ ਆਉਣਗੇ। ਇਤਨੀ ਸੌਖੀ ਭਾਸ਼ਾ ਚ ਕਵਿਤਾ ਪੰਜਾਬੀ ਚ ਪਹਿਲਾਂ ਕਦੇ ਨਹੀਂ ਲਿਖੀ ਗਈ।

ਨਵੀਂ ਕਵਿਤਾ ਦੀ ਪਰਵਾਨਗੀ ਚ ਮਹਜ਼ ਇਕ ਲਫ਼ਜ਼ ਰੁਕਾਵਟ ਬਣਿਆ ਹੋਇਆ ਹੈ: ਸਮਝਣਾ। ਪਾਠਕ ਨੂੰ "ਸਮਝਾਉਣਾ" ਜਾਂ ਸੱਚ ਵਿਖਾਲਣਾ ਕਵਿਤਾ ਦੀ ਪਹੁੰਚ ਤੋਂ ਬਾਹਰਲੇ ਵਿਸ਼ੇ ਹਨ। ਜੇ ਕਿਸੇ ਨੂੰ ਇਹ ਕਵਿਤਾ ਸਮਝ ਨਹੀਂ ਆਉਂਦੀ ਤਾਂ ਇਸ ਦਾ ਇੱਕੋ-ਇਕ ਕਾਰਣ ਇਹ ਹੈ ਕਿ ਕਵੀ "ਸਮਝਾਉਣ" ਲਈ ਲਿਖਦਾ ਹੀ ਨਹੀਂ। ਸਮਝਣਾ-ਸਮਝਾਉਣਾ ਦਰਸ਼ਨ ਦਾ ਵਿਸ਼ਾ ਹੈ, ਕਵਿਤਾ ਦਾ ਨਹੀਂ। ਇਹ ਗੱਲ ਵੱਖਰੀ ਹੈ ਕਿ ਬਹੁਤੇ ਕਵੀ ਕਵਿਤਾ ਦੇ ਨਾਂ ਤੇ ਦਰਸ਼ਨ ਤੇ ਅਧਿਆਤਮ ਘੋਟ ਕੇ ਪਿਲਾ ਰਹੇ ਹਨ। ਸਮਝਣ ਜਾਂ ਸਮਝਾਉਣ ਲਈ ਨਾ ਕਵਿਤਾ ਨੂੰ ਪੜ੍ਹਨ ਦੀ ਲੋੜ ਹੈ, ਨਾ ਕਵਿਤਾ ਲਿਖਣ ਦੀ। ਟੀ ਐੱਸ ਈਲਿਅਟ ਦਾ ਮਸ਼ਹੂਰ ਕਥਨ ਹੈ - ਕਵਿਤਾ ਸਮਝ ਆਉਣ ਤੋਂ ਪਹਿਲਾਂ ਪੱਲੇ ਪੈ ਸਕਦੀ ਹੈ।

ਕਵਿਤਾ ਦੇ ਸੰਦਰਭ ਬਦਲ ਗਏ ਹਨ, ਪਰ ਪਾਠਕ ਨੇ ਅਜੇ ਅਪਣੀ ਥਾਂ ਨਹੀਂ ਬਦਲੀ। ਉਹ ਉਥੇ ਹੀ ਖੜ੍ਹਾ ਹੈ। ਸੁਤਿੰਦਰ ਨੂਰ ਅਤੇ ਉਸਦੀ ਰੀਸ ਚ ਉਸਦੇ ਸ਼ਿਸ਼ ਮੇਰੀ ਕਵਿਤਾ ਨਾਲ਼ "ਖ਼ਿਲਾਅ" ਦੀ ਥਿਉਰੀ ਲਾਉਂਦੇ ਆਏ ਨੇ। ਇਸ ਨਾਲ਼ ਗੱਲ ਹੋਰ ਉਲ਼ਝ ਗਈ। ਥਿਉਰੀਆਂ ਨਾਲ਼ ਆਮ ਪਾਠਕ ਦਾ ਕੋਈ ਭਲਾ ਨਹੀਂ ਹੁੰਦਾ। ਕਵਿਤਾ ਅਕਾਡੈਮਿਕਸ ਦਾ ਅੰਗ ਬਣਕੇ ਰਹਿ ਜਾਂਦੀ ਹੈ। ਥਿਉਰੀਆਂ ਮਰ ਜਾਂਦੀਆਂ ਹਨ, ਚੰਗੀ ਕਵਿਤਾ ਫਿਰ ਵੀ ਜਿਉਂਦੀ ਰਹਿੰਦੀ ਹੈ।

ਮੈ ਇਸ ਸਿੱਟੇ 'ਤੇ ਪੁੱਜਿਆ ਹਾਂ ਕਿ ਨਵੀਂ ਕਵਿਤਾ ਸੌਖੀ ਹੋਣ ਕਰਕੇ ਔਖੀ ਲਗਦੀ ਹੈ। ਨਵੀਂ ਕਵਿਤਾ ਅਲੰਕਾਰਕ ਨਹੀਂ । ਇਹ ਹਵਾ ਪਾਣੀ ਵਾਂਗ ਕੁਦਰਤਨ ਹੈ। ਪਾਠਕ ਨੂੰ ਇਸ ਕਰਕੇ ਵੀ ਨਹੀਂ ਦਿਸਦੀ। ਨਿਊ ਗੀਨਿਆ ਦੇ ਕਿਸੇ ਆਦਿਵਾਸੀ ਨੂੰ ਇਕ ਵਾਰ ਕੈਮਰੇ ਨਾਲ਼ ਉਸਦੀ ਫ਼ੋਟੋ ਖਿੱਚ ਕੇ ਵਿਖਾਈ ਗਈ। ਉਹ ਖ਼ੁਦ ਨੂੰ ਤਾਂ ਫ਼ੋਟੋ ਚ ਨਾ ਵੇਖ ਸਕਿਆ, ਪਰ ਅਪਣੇ ਪਿੱਛੇ ਖੜ੍ਹੀ ਬਕਰੀ ਨੂੰ ਪਛਾਣ ਗਿਆ। ਉਸਨੇ ਅਪਣਾ ਚਿਹਰਾ ਕਦੇ ਵੇਖਿਆ ਹੀ ਨਹੀਂ ਸੀ, ਉਸਨੂੰ ਪਛਾਣਦਾ ਕਿਵੇਂ? ਪੰਜਾਬੀ ਚ ਨਵੀਂ ਕਵਿਤਾ ਅਤੇ ਪਾਠਕ ਦਾ ਰਿਲੇਸ਼ਨ ਵੀ ਕੁਝ ਐਸਾ ਹੀ ਹੈ।

ਹੁਣ ਤਕ ਪਾਠਕ ਅਤੇ ਕਵਿਤਾ ਦਾ ਰਿਲੇਸ਼ਨ ਥੋਕ-ਉਤਪਾਦਨ ਅਤੇ ਥੋਕ-ਖਪਤ ਦਾ ਰਿਹਾ ਹੈ। ਨਵਾਂ ਕਵੀ ਇਸ ਪੈਟਰਨ ਨੂੰ ਤੋੜਦਾ ਹੈ। ਪੰਜਾਬੀ ਕਵਿਤਾ ਚ ਆਈ ਇਹ ਕ੍ਰਾਂਤੀਕਾਰੀ ਤਬਦੀਲੀ ਹੈ।

ਸਾਹਿਤਕ ਵਿਧਾਵਾਂ ਚੋਂ ਕਵਿਤਾ ਸਭ ਤੋਂ ਔਖੀ ਵਿਧਾ ਹੈ। ਇਹ ਨਵੀਂ ਗੱਲ ਨਹੀਂ। ਅਸਪਸ਼ਟਤਾ ਕਵਿਤਾ ਦੇ ਸੌਂਦਰਯ ਸ਼ਾਸਤਰ ਦਾ ਅਨਿਖੱੜਵਾਂ ਭਾਗ ਹੈ। ਕਵਿਤਾ ਉਤੇ ਔਖਤਾ ਦਾ ਦੋਸ਼ ਲਾਉਣ ਵਾਲ਼ਿਆਂ ਮੂਹਰੇ ਪਾਸਕਲ ਨੇ ਅਰਜ਼ੋਈ ਕੀਤੀ ਸੀ- ਸਾਡੇ ਤੇ ਅਸਪੱਸ਼ਟਤਾ ਦਾ ਦੋਸ਼ ਨਾ ਲਾਉ, ਇਹ ਸਾਡਾ ਧਰਮ ਹੈ।

### ਕਲਮ ਦੀ ਮਜ਼ੂਰੀ

- ਇਕ ਲਿਖਤ ਦੀ ਸਤਹ ਕੋਈ ਲੇਖਕ ਨਿਸ਼ਚਿਤ ਨਹੀਂ ਕਰ ਸਕਦਾ। ਹਰ ਲਿਖਤ ਅਪਣੇ ਅੰਦਰਵਾਰ ਟੋਆ ਪੁੱਟਣ ਵਾਂਗ ਹੁੰਦੀ ਹੈ, ਜਿਸਨੂੰ ਭਰਨ ਲਈ ਅਗਲੀ ਪੁਸਤਕ ਲਿਖੀ ਜਾਂਦੀ ਹੈ। ਇਸ ਤਰ੍ਹਾਂ ਸਿਰਜਣ ਹਮੇਸ਼ਾ ਅਧੂਰਾ ਹੀ ਹੋ ਸਕਦਾ ਹੈ।- ਕੀ ਤੂੰ ਅਪਣੇ ਇਸ ਕਥਨ ਦਾ ਵਿਸਤਾਰ ਦੇਵੇਂਗਾ ?

ਸਤੀ: ਸੰਤੁਸ਼ਟ ਬੰਦੇ ਨੂੰ ਕਿਤਾਬਾਂ ਲਿਖਣ ਦੀ ਲੋੜ ਨਹੀਂ ਹੁੰਦੀ। ਇਹ ਅ-ਸੰਤੁਸ਼ਟ ਬੰਦਿਆਂ ਦਾ ਕਿੱਤਾ ਹੈ। ਸਫਲਤਾ ਦੇ ਪੱਖੋਂ ਹੈਮਿੰਗਵੇ ਸੱਤਵੇਂ ਆਕਾਸ਼ 'ਤੇ ਉਡ ਰਿਹਾ ਸੀ, ਜਦੋਂ ਰਾਈਫ਼ਲ ਚੁੱਕ ਕੇ ਉਸਨੇ ਖ਼ੁਦ ਨੂੰ ਗੋਲ਼ੀ ਮਾਰ ਲਈ। ਇਕ ਲੇਖਕ ਨਾ ਤਾਂ ਲਿਖਣ ਤੋਂ ਪਹਿਲਾਂ ਸੰਤੁਸ਼ਟ ਹੁੰਦਾ ਹੈ, ਨਾ ਲਿਖਣ ਤੋਂ ਬਾਅਦ ਹੀ।

ਸ੍ਰਿਜਣ ਦਾ ਕਰਮ ਪਿਆਸ ਲਾਉਂਦਾ ਹੈ, ਉਸਨੂੰ ਮਿਟਾਉਂਦਾ ਨਹੀਂ। ਕਾਫ਼ਕਾ ਦੀ ਅਪਣੇ ਦੋਸਤ ਮੈਕਸ ਬਰੌਡ ਨੂੰ ਹਿਦਾਇਤ ਸੀ ਕਿ ਉਸਦੀ ਮੌਤ ਪਿੱਛੋਂ ਉਸਦੇ ਸਾਰੇ ਖਰੜੇ ਜਲਾ ਦਿਤੇ ਜਾਣ। ਉਹ ਇੰਨਾ ਵੱਡਾ ਨਾਵਲਕਾਰ ਹੈ, ਪਰ ਨਾਵਲ ਲਿਖ ਕੇ ਉਸ ਅੰਦਰਲਾ ਖ਼ਲਾਅ ਹੋਰ ਡੂੰਘਾ ਹੋ ਗਿਆ। ਉਸਦੇ ਨਾਵਲਾਂ ਨੂੰ ਮੈਂ ਕਿਸੇ ਲੇਖ ਚ "ਕਲਮ ਦੀ ਮਜ਼ੂਰੀ" ਆਖਿਆ ਹੈ। ਅਜੇਹੇ ਲੇਖਕ ਕਦੇ ਸੰਸਥਾਵਾਂ ਦਾ ਅੰਗ ਨਹੀਂ ਬਣਦੇ। ਇਹਨਾਂ ਦੇ ਰਾਜ-ਭਾਗ ਕਦੇ ਨਹੀਂ ਜਾਗਦੇ।

ਮੈਂ ਪੰਜਾਬੀ ਲੇਖਕਾਂ ਦੀ ਗੱਲ ਨਹੀਂ ਕਰ ਰਿਹਾ। ਅਸੀਂ ਸੰਤੁਸ਼ਟ ਲੇਖਕ ਹਾਂ। ਜਿਹੜੇ ਲੇਖਕ ਸੱਤਾ ਦਾ ਸੁਖ ਮਾਣਦੇ ਹਨ, ਉਹ ਸੱਤਾ ਦੀ ਪ੍ਰਾਪਰਟੀ ਬਣ ਜਾਂਦੇ ਹਨ। ਅਸਲ ਸਾਹਿਤ ਮੁੱਢੋਂ-ਸੁੱਢੋਂ ਇਸ ਸੱਤਾ ਦਾ ਵਿਰੋਧ ਹੁੰਦਾ ਹੈ। ਇਹ ਅ-ਸਹਿਮਤੀ ਦਾ ਸਾਹਿਤ ਹੈ, ਸਹਿਮਤੀ ਦਾ ਨਹੀਂ। ਅਜੇਹੀ ਲਿਖਤ ਕਦੇ ਸੁੱਖ ਨਹੀਂ ਦਿੰਦੀ। ਪਹਿਲੇ ਕਿਸਮ ਦੇ ਲੇਖਕਾਂ ਦੀਆਂ ਕਿਤਾਬਾਂ ਪੜ੍ਹਕੇ ਅੰਨ੍ਹਾਪਣ ਵਧਦਾ ਹੈ। ਦੂਜੇ ਲੇਖਕ ਸਾਨੂੰ ਦਿਸਣ ਲਾ ਦਿੰਦੇ ਹਨ। ਪਿੱਛੇ ਨੂੰ ਕੋਈ ਰਸਤਾ ਨਹੀਂ ਜਾਂਦਾ

- "ਕਵਿਤਾ ਦੀ ਵਾਪਸੀ" ਵਿਚ ਤੂੰ ਲਿਖਿਆ ਸੀ: "ਪੰਜਾਬੀ ਵਿਚ ਚੰਗਾ ਸਾਹਿਤ ਵਿਚਾਰਧਾਰਾ ਦੇ ਮੋਰਚੇ ਤੋਂ ਪਰ੍ਹਾਂ ਹੀ ਲਿਖਿਆ ਗਿਆ ਹੈ।" ਕੀ ਅਜੇ ਵੀ ਤੇਰੀ ਇਹ ਸੋਚ ਹੈ? ਕੀ ਵਿਚਾਰਧਾਰਾ ਦੇ ਮੋਰਚੇ ਤੋਂ ਪਰ੍ਹੇ ਕੋਈ ਵਿਚਾਰਧਾਰਾ ਨਹੀਂ ਹੁੰਦੀ ?

ਸਤੀ: ਇਹ ਗੱਲ ਮੈਥੋਂ ਕੁਝ ਲਾਪਰਵਾਹੀ ਚ ਆਖੀ ਗਈ ਸੀ। ਪਰ ਮੈਨੂੰ ਮਾਫ਼ੀ ਮੰਗਣ ਦੀ ਲੋੜ ਨਹੀ। ਮੇਰਾ ਸਪਸ਼ਟੀਕਰਨ ਬੜਾ ਸਰਲ ਹੈ । ਕੁਝ ਧੜੇ ਵਿਚਾਰਧਾਰਾ ਜਾਂ ਆਇਡੀਉਲੌਜੀ ਨੂੰ ਧੱਕੇ ਨਾਲ਼ ਲੋਕਾਂ 'ਤੇ ਲਾਗੂ ਕਰਨ ਦਾ ਅਧਿਕਾਰ ਹਾਸਲ ਕਰ ਲੈਂਦੇ ਹਨ। ਪਰ ਆਮ ਲੋਕ ਉਸ ਵਿਚਾਰਧਾਰਾ ਤੋਂ ਅਕਸਰ ਸੱਖਣੇ ਹੀ ਹੁੰਦੇ ਹਨ। ਇਸ ਤਰ੍ਹਾਂ ਵਿਚਾਰਧਾਰਾ ਦੀ ਦੁਰਵਰਤੋਂ ਕਰਨਾ ਸੰਭਵ ਹੋ ਜਾਂਦਾ ਹੈ। ਕਮਿਉਨਿਸਟ ਦੇਸਾਂ ਚ ਇਹੋ ਹੋਇਆ ਸੀ। ਮਾਰਕਸਵਾਦੀ ਆਲੋਚਕ ਅਤੇ ਸਾਹਿਤਵੇਤਾ ਲੁਕਾਚ ਵੀ ਇਹ ਗੁੱਥੀ ਨਾ ਸੁਲ਼ਝਾ ਸਕਿਆ । ਉਸਨੂੰ ਇਸ ਸਵਾਲ ਦਾ ਉੱਤਰ ਨਾ ਲਭਿਆ ਕਿ ਪਰੌਲੋਤਾਰੀਆਂ ਚ ਸ਼ਰੇਣੀ-ਬੋਧ ਕਿਉਂ ਨਹੀਂ ਸੀ? ਇਸ ਸ਼ਰੇਣੀ-ਬੋਧ ਦੀਆਂ ਚਾਬੀਆਂ ਸਿਰਫ਼ ਸੈਂਟਰਲ ਕਮੇਟੀ ਦੇ ਮੈਂਬਰਾਂ ਕੋਲ਼ ਰਹੀਆਂ। ਐਸਾ ਨਾ ਹੁੰਦਾ, ਤਾਂ ਲੁਕਾਈ ਲੇਨਿਨਿਜ਼ਮ ਤੇ ਸਟਾਲਿਨਿਜ਼ਮ ਦੇ ਜਬਰ ਤੋਂ ਬਚ ਜਾਂਦੀ।

ਮੇਰੀ ਗੱਲ ਨੂੰ ਇਸ ਰੋਸ਼ਨੀ ਚ ਵੇਖਿਆ ਜਾਏ, ਤਾਂ ਕੋਈ ਝਗੜਾ ਨਹੀਂ। ਕਵਿਤਾ ਚ ਸਮਾਜਿਕ ਪੱਖ ਦੇ ਮਹੱਤਵ ਅਤੇ ਇਸਦੀ ਲੋੜ ਤੋਂ ਮੈਂ ਮੁਨਕਿਰ ਨਹੀਂ। ਮੈਂ ਚਾਰਲਸ ਯੇਰਕੇਸ ਦੇ ਇਸ ਕਥਨ ਨਾਲ ਸਹਿਮਤ ਹਾਂ- ਕਿ ਚਿੰਪਾਜ਼ੀ ਚਿੰਪਾਜ਼ੀ ਨਹੀਂ ਹੁੰਦਾ। ਚਿੰਪਾਜ਼ੀ ਲਫ਼ਜ਼ ਬਦਲ ਕੇ ਇਹ ਵੀ ਕਹਿ ਸਕਦੇ ਹਾਂ- "ਕੋਈ ਮਨੁੱਖ ਮਨੁੱਖ ਨਹੀਂ ਹੁੰਦਾ।" ਅਸੀਂ ਇਕੱਲੇ-ਇਕੱਲੇ ਟਾਪੂ ਹੋਣ ਦੇ ਨਾਲ਼-ਨਾਲ਼ ਭਾਸ਼ਾ ਰਾਹੀਂ ਇਕ ਦੂਜੇ ਨਾਲ਼ ਬੱਧੇ ਸਾਮਾਜਿਕ ਜੀਵ ਵੀ ਹਾਂ। ਪਰ ਇਸ ਦਾ ਆਧਾਰ ਫ਼੍ਰੀ-ਵਿਲ ਹੁੰਦੀ ਹੈ, ਉਪਰੋਂ ਥੋਪੀ ਕੋਈ ਵਿਚਾਰਧਾਰਾ ਨਹੀਂ। ਮੇਰਾ ਜਵਾਬ ਹੈ ਕਿ ਵਿਚਾਰਧਾਰਾ ਦਾ ਬਦਲ ਵਿਚਾਰਧਾਰਾ ਨਹੀਂ, ਫ਼੍ਰੀ-ਵਿਲ ਹੈ।

ਵਿਚਾਰਧਾਰਾ ਦੇ ਨਜ਼ਰੀਏ ਤੋਂ ਵੇਖਿਆ ਜਾਏ, ਤਾਂ ਅਜੋਕੇ ਪੰਜਾਬੀ ਸਾਹਿਤਕਾਰਾਂ ਉੱਤੇ ਸੇਖੋਂ ਦਾ ਇੰਨਾ ਰੋਹਬ ਨਹੀਂ, ਜਿੰਨਾ ਡਾਕਟਰ ਨਾਮਵਰ ਸਿੰਘ ਦਾ ਹੈ। ਪੰਜਾਬੀ ਲਈ ਨਾਮਵਰ ਦਾ ਪ੍ਰਭਾਵ ਵਰਦਾਨ ਸਿੱਧ ਹੋਇਆ ਹੈ। ਦਿੱਲੀ ਬੈਠਾ ਕਾਸ਼ੀ ਦਾ ਇਹ ਵਿਦਵਾਨ ਬ੍ਰਾਹਮਣ ਹਿੰਦੀ ਤੇ ਪੰਜਾਬੀ ਦੋਵਾਂ ਭਾਸ਼ਾਵਾਂ 'ਤੇ ਰਾਜ ਕਰ ਰਿਹਾ ਹੈ। ਪਿਛਲੀ ਵਾਰ ਦਿੱਲੀ ਮੈਂ ਉਸ ਦੇ ਘਰ ਦੋ ਕੁ ਘੰਟੇ ਬਿਤਾਏ ਸੀ। ਉਸ ਵਾਂਗ ਮੈਂ ਭਾਵੇਂ ਮਾਰਕਸਵਾਦੀ ਨਹੀਂ, ਪਰ ਉਸਦੀ ਬੌਧਿਕਤਾ ਦਾ ਹਮੇਸ਼ਾ ਕਾਇਲ ਰਿਹਾ ਹਾਂ। ਉਸਦੇ ਕਮਰੇ ਦੀ ਸਾਮ੍ਹਣੀਂ ਕੰਧ ਤੇ ਉਸਦੇ ਗੁਰੂ ਹਜ਼ਾਰੀਪ੍ਰਸਾਦ ਦ੍ਵਿਵੇਦੀ ਦੀ ਫ਼ੋਟੋ ਟੰਗੀ ਹੋਈ ਹੈ। ਵਾਣਭੱਟ ਦੀ ਆਤਮਕਥਾ ਪੜ੍ਹਨ ਤੋਂ ਬਾਅਦ ਮੈ ਉਸਦਾ ਵੀ ਕਾਇਲ ਹੋ ਗਿਆ ਸਾਂ।

ਨਾਮਵਰ ਸਿੰਘ ਨੇ ਅਪਣੇ ਗੁਰੂ ਤੋਂ ਉਲ਼ਟੀ ਦਿਸ਼ਾ ਫੜੀ। ਉਹ ਸ਼ਾਸਤਰਾਂ ਅਤੇ ਮਾਰਕਸੀ ਦਰਸ਼ਨ ਦਾ ਬੇਜੋੜ ਵਿਖਿਆਤਾ ਹੈ ਤੇ ਚੰਗੇ ਭਾਗਾਂ ਨੂੰ ਉਸਦੇ ਕਾਰਣ ਪੰਜਾਬੀ ਨੂੰ ਵੀ ਰਾਸ਼ਟਰਭਾਸ਼ਾ ਨਾਲ਼ ਰੇਸ ਲਾਉਣ ਦਾ ਅਵਸਰ ਮਿਲ

ਰਿਹਾ ਹੈ, ਨਿਰਮਲ ਵਰਮਾ ਅਤੇ ਪੰਜਾਬੀ ਦੇ ਨਾਵਲਕਾਰ ਗੁਰਦਿਆਲ ਸਿੰਘ ਦੇ ਵਿਚਕਾਰ ਗਿਆਨਪੀਠ ਪੁਰਸਕਾਰ ਦੇ ਵੰਡੇ ਜਾਣ ਦਾ ਮੁੱਖ ਕਾਰਨ ਨਾਮਵਰ ਸਿੰਘ ਹੀ ਸੀ। ਉਸਦੇ ਦਖ਼ਲ ਤੋਂ ਬਿਨਾਂ ਇਹ ਪੁਰਸਕਾਰ ਪੰਜਾਬੀ ਨੂੰ ਸ਼ਾਇਦ ਹੀ ਮਿਲ਼ਦਾ। ਅੰਮ੍ਰਿਤਾ ਪ੍ਰੀਤਮ ਨੂੰ ਮਿਲ਼ੇ ਇਸ ਪੁਰਸਕਾਰ ਪਿੱਛੇ ਵੀ ਨਾਮਵਰ ਸਿੰਘ ਦਾ ਸਪਸ਼ਟ ਹੱਥ ਸੀ। ਕਾਗਜ਼ ਤੇ ਕੈਨਵਸ ਦਾ ਹਿੰਦੀ ਅਨੁਵਾਦ ਪਹਿਲਾਂ ਮੈਂ ਪੜ੍ਹਿਆ ਸੀ, ਉਸਤੋਂ ਬਾਅਦ ਉਸਦੀ ਸੁਧਾਈ ਨਾਮਵਰ ਨੇ ਕੀਤੀ ਸੀ।

ਗੁਰਦਿਆਲ ਸਿੰਘ ਦੇ ਨਾਂ ਕਾਰਣ ਦਿੱਲੀ ਚ ਇਸ ਪੁਰਸਕਾਰ ਨੂੰ ਮੌਡਰਨਿਜ਼ਮ ਬਨਾਮ ਵਿਚਾਰਧਾਰਾ ਦਾ ਕੰਫ਼ਲਿਕਟ ਬਣਾ ਕੇ ਵੇਖਿਆ ਜਾ ਰਿਹਾ ਸੀ। ਗੁਰਦਿਆਲ ਸਿੰਘ ਦੀ ਪ੍ਰਤੀਬੱਧਤਾ ਇਸ ਪ੍ਰਸੰਗ ਚ ਗੌਣ ਹੈ। ਗਿਆਨਪੀਠ ਨੇ ਉਸਦੀ ਸ੍ਰਿਜਣਤਾ ਨੂੰ ਨਿਵਾਜਿਆ ਹੈ। ਮੇਰੇ ਖ਼ਿਆਲ ਚ ਉਹ ਇਸ ਕਾਬਿਲ ਵੀ ਹੈ। ਪਾਬਲੋ ਨਰੂਦਾ ਦੀਆਂ ਉੱਤਮ ਕਵਿਤਾਵਾਂ ਉਹ ਹਨ, ਜਿਨ੍ਹਾਂ ਤੇ ਉਸਨੇ ਵਿਚਾਰਧਾਰਾ ਨੂੰ ਹਾਵੀ ਨਹੀ ਸੀ ਹੋਣ ਦਿਤਾ। ਪਾਸ਼ ਬਾਰੇ ਵੀ ਇਹ ਕਹਿ ਸਕਦੇ ਹਾਂ। ਵਿਚਾਰਧਾਰਕ ਪਾਬੰਦੀ ਸਾਹਿਤ ਲਈ ਕਿੰਨੀ ਘਾਤਕ ਹੈ, ਇਸਦਾ ਸਬੂਤ ਸੋਵੀਅਤ ਸੰਘ ਹੈ; ਜੋ ਆਪਣੇ ਰਾਜ ਦੇ 70 ਸਾਲਾਂ ਚ ਪਾਸਤਰਨਾਕ, ਦੋਸਤੋਵੇਸਕੀ ਜਾਂ ਟਾਲਸਟਾਇ ਦੇ ਕੱਦ ਦਾ ਇਕ ਵੀ ਲੇਖਕ ਪੈਦਾ ਨਹੀਂ ਕਰ ਸਕਿਆ। ਸਾਨੂੰ ਇਹ ਕਬੂਲ ਕਰ ਲੈਣਾ ਚਾਹੀਦਾ ਹੈ ਕਿ ਅਸੀਂ ਉੱਤਰ-ਮਾਰਕਸੀ ਕਾਲ-ਖੰਡ ਚੋਂ ਗੁਜ਼ਰ ਰਹੇ ਹਾਂ। ਇਥੋਂ ਪਿਛੇ ਨੂੰ ਕੋਈ ਰਸਤਾ ਨਹੀ ਜਾਂਦਾ।

### ਸਥਾਪਤੀ ਦਾ ਨੰਦੀ

– ਅਜੀਤ ਕੌਰ ਨਾਲ ਗੱਲਾਂ ਕਰਦਿਆ ਤੂੰ ਕਿਹਾ – ਲੇਖਕ ਸਥਾਪਤੀ ਦਾ ਉਲ਼ਟਾ ਪਾਸਾ ਹੈ। – ਤੂੰ ਸਥਾਪਤੀ ਦਾ ਕਿਹੜਾ ਪਾਸਾ ਹੈਂ?

ਸਤੀ: ਮੈਂ ਇਕ ਕਵਿਤਾ ਚ ਇਹ ਵੀ ਆਖਿਆ ਹੈ- ਕੁਝ ਕਵੀ ਹੁੰਦੇ ਹਨ / ਕੁਝ ਕਵਿਤਾ ਦੇ ਕਰਮਚਾਰੀ। – ਭਾਰਤ ਛੱਡਣ ਕਰਕੇ ਮੈਂ ਕਵਿਤਾ ਦਾ ਕਰਮਚਾਰੀ ਬਣਨ ਤੋਂ ਬਚ ਗਿਆ। ਦੋ ਤਰ੍ਹਾਂ ਦੇ ਲੇਖਕ ਹੁੰਦੇ ਨੇ; ਸ਼ਾਸਨ ਦੇ ਨਾਲ ਤੁਰਨ ਵਾਲ਼ੇ ਤੇ ਇਕੱਲੇ ਤੁਰਨ ਵਾਲ਼ੇ। ਸੱਤਾ ਨਾਲ਼ ਕਦਮ ਮਿਲ਼ਾ ਕੇ ਤੁਰਨ ਵਾਲ਼ੇ ਭਾਰਤ ਚ ਐਸ਼ ਕਰਦੇ ਨੇ। ਇਸ ਐਸ਼ ਦੀ ਤਲਾਸ਼ ਨਾ ਮੈਨੂੰ ਭਾਰਤ ਚ ਸੀ ਨਾ ਇਥੇ ਹੈ। ।

ਮੈ ਮਹਜ਼ ਕਵੀ ਹਾਂ। ਮੈਨੂੰ ਕੋਈ ਹੋਰ ਵਿਸ਼ੇਸ਼ਣ ਨਹੀਂ ਲੱਗਦਾ। ਕਵਿਤਾ ਦੀ ਭਾਸ਼ਾ ਸਮਰਥਨ ਦੀ ਭਾਸ਼ਾ ਨਹੀਂ ਹੁੰਦੀ। ਭਾਰਤ ਚ ਹੁੰਦਾ, ਤਾਂ ਮੈਨੂੰ ਵੀ ਕਿਤੇ ਸਾਹਿਤ ਦੀ ਅਫ਼ਸਰੀ ਮਿਲ਼ ਜਾਂਦੀ। ਯੌਰਪ ਚ ਆ ਜਾਣ ਕਰਕੇ ਮੈਂ ਇਹ ਪਾਪੜ ਵੇਲਣੋਂ ਬਚ ਗਿਆ। ਮੇਰੇ ਤੇ ਕਲਮ ਵਿਚਕਾਰਲੀ ਸਪੇਸ ਦੁੱਧ-ਚਿੱਟੀ ਹੈ। ਹਿੰਦ ਮਹਾਸਾਗਰ ਦੇ ਇਸ ਪਾਸੇ ਬੈਠੇ ਹੋਣ ਦਾ ਸਭ ਤੋਂ ਵੱਡਾ ਆਨੰਦ ਇਹੋ ਹੈ। ਹਿੰਦੋਸਤਾਨ ਚ ਰਹਿੰਦਿਆ ਵੀ ਜੋ ਕੁਝ ਕੁ ਲੇਖਕ ਦੁੱਧ-ਚਿੱਟੀ ਸਪੇਸ ਚ ਰਹਿ ਰਹੇ ਹਨ, ਉਹ ਮੇਰੇ ਹੀਰੋ ਹਨ।

ਮੇਰਾ ਮਾਮਾ ਹੁੰਦਾ ਸੀ। ਉਹਨੇ ਸ਼ਰਾਬ ਪੀ ਕੇ ਰਾਮਪੁਰੇ ਮੰਡੀ ਦੀਆਂ ਗਲ਼ੀਆਂ ਚ ਲੰਡਰ ਫਿਰਦੇ ਢੱਠੇ ਨਾਲ਼ ਲੜਨ ਲੱਗ ਪੈਣਾ। ਉਸਦੀ ਖ਼ੁਸ਼ਕਿਸਮਤੀ ਕਿ ਢੱਠਾ ਸ਼ਰੀਫ਼ ਸੀ। ਉਸਨੂੰ ਕੁਝ ਨਾ ਕਹਿੰਦਾ। ਖੜ੍ਹਾ ਜੁਗਾਲ਼ੀ ਕਰਦਾ ਰਹਿੰਦਾ ਤੇ ਉਸਦੀਆਂ ਗਾਲ੍ਹਾਂ ਸੁਣਦਾ ਰਹਿੰਦਾ। ਗਲ਼ੀ ਦੀਆਂ ਔਰਤਾਂ ਨੇ ਉਸ ਢੱਠੇ ਦਾ ਨਾਉਂ ਨੰਦੀ ਮਾਹਰਾਜ ਪਾਇਆ ਹੋਇਆ ਸੀ ਤੇ ਉਸਨੂੰ ਰੋਜ਼ ਆਟੇ ਦੇ ਪੇੜੇ ਖੁਆਂਦੀਆਂ। ਸ਼ਿਵਾਂ ਦੀ ਸਵਾਰੀ ਜੁ ਸੀ।

ਸ਼ਰਾਬ ਪੀ ਕੇ ਮੇਰੇ ਪਿਤਾ ਤੋਂ ਡਰਦਾ ਮਾਮਾ ਸਾਡੇ ਘਰ ਨਹੀਂ ਸੀ ਆਉਂਦਾ। ਨਿਰਣੇ ਕਾਲ਼ਜੇ ਕਿਸੇ ਦਿਨ ਸਾਡੇ ਘਰ ਆਉਂਦਾ, ਤਾਂ ਮੈਂ ਉਸ ਨਾਲ਼ ਖੇਡਿਆ ਕਰਦਾ ਸੀ।

ਇਕ ਦਿਨ ਮੇਰੇ ਮਾਮੇ ਨੂੰ ਕੁਝ ਜ਼ਿਆਦਾ ਹੀ ਚੜ੍ਹ ਗਈ। ਕੁਝ ਦੇਰ ਬੋਤਲ ਹੱਥ ਚ ਫੜੀ ਉਹ ਢੱਠੇ ਨੂੰ ਗਾਲ੍ਹਾਂ ਕੱਢਦਾ ਰਿਹਾ। ਢੱਠਾ ਹਮੇਸ਼ਾ ਵਾਂਗ ਸ਼ਾਂਤ ਖੜ੍ਹਾ ਉਸਨੂੰ ਵੇਖਦਾ ਰਿਹਾ। ਮਾਮੇ ਨੂੰ ਹੋਰ ਹਰਖ ਆ ਗਿਆ। ਉਸਨੇ ਢੱਠੇ ਦੀ ਪਿੱਠ ਤੇ ਖ਼ਾਲੀ ਬੋਤਲ ਵਗਾਹ ਮਾਰੀ। ਢੱਠਾ ਫਿਰ ਵੀ ਸ਼ਾਂਤ ਰਿਹਾ। ਫਿਰ ਮਾਮੇ ਨੇ ਕੁੜਤਾ ਲਾਹ ਕੇ ਪਰ੍ਹਾਂ ਸੁੱਟ ਦਿਤਾ ਤੇ ਆਪੇ ਤੋਂ ਬਾਹਰ ਹੋ ਕੇ ਉਸਨੇ ਢੱਠੇ ਨੂੰ ਸਿੰਗਾਂ ਤੋਂ ਜਾ ਫੜਿਆ । ਉਹ ਢੱਠੇ ਨੂੰ ਢਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਢੱਠੇ ਦਾ ਸਬਰ ਟੁੱਟ ਗਿਆ। ਨੰਦੀ ਮਾਹਰਾਜ ਨੇ ਹੌਲ਼ੇ ਫੁੱਲ ਵਾਂਗ ਮਾਮੇ ਨੂੰ ਸਿੰਗਾਂ ਤੇ ਚੁੱਕ ਕੇ ਆਕਾਸ਼ ਵੱਲ ਵਗਾਹ ਮਾਰਿਆ। ਮਾਮਾ ਉਸ ਦਿਨ ਆਕਾਸ਼ ਤੋਂ ਧਰਤੀ 'ਤੇ ਡਿਗਾ ਤੇ ਮਰ ਗਿਆ।

ਲੇਖਕ ਤੇ ਸਥਾਪਤੀ ਦਾ ਰਿਲੇਸ਼ਨ ਵੀ ਕੁਝ ਇਸੇ ਤਰ੍ਹਾਂ ਦਾ ਹੁੰਦਾ ਹੈ। ਲੇਖਕ ਦੀ ਹੋਣੀ ਮੇਰੇ ਮਾਮੇ ਵਰਗੀ ਹੁੰਦੀ ਹੈ। ਸਥਾਪਤੀ ਨੂੰ ਹਮੇਸ਼ਾ ਚੈਲੰਜ ਕਰਦੇ ਰਹਿਣਾ। ਜਿਹੜੀ ਅੱਗ ਸੇਕਾਂ ਉਸ ਚ ਬਲਾਂ ਵੀ

### ਸ਼ਹਿਦ ਵਾਲ਼ੇ ਛੱਤੇ

– ਅੱਜ ਕੱਲ੍ਹ ਪੰਜਾਬੀ ਵਿਚ ਇਨਾਮਾਂ ਦੀ ਦੌੜ ਦਾ ਜੁਗਾੜੀ ਕਲਚਰ ਹੈ। ਤੂੰ ਇਹਦੇ ਬਾਰੇ ਕੀ ਸੋਚਦੈਂ ?

ਸਤੀ: ਇਸ ਕਲਚਰ ਦੀ ਨੀਂਹ ਤਾਂ ਅੰਮ੍ਰਿਤਾ ਪ੍ਰੀਤਮ ਨੇ ਸੁਨੇਹੜੇ ਸਮੇਂ ਅਪਣਾ ਕਾਸਟਿੰਗ ਵੋਟ ਖ਼ੁਦ ਨੂੰ ਹੀ ਪਾ ਕੇ ਰੱਖ ਦਿਤੀ ਸੀ। ਹੁਣ ਤਾਂ ਇਹ ਤਾਸ਼ ਖੇਡਦਿਆਂ ਪੱਤੇ ਲੁਕਾਉਣ ਦੀ ਵੀ ਲੋੜ ਨਹੀਂ ਸਮਝੀ ਜਾਂਦੀ। ਕੁਝ ਸਾਲ ਪਹਿਲਾਂ ਕਿਸੇ ਉਰਦੂ ਲੇਖਕ ਨੇ ਅਪਣੇ ਬਾਰੇ ਕਿਤਾਬਾਂ ਲਿਖਾ ਕੇ ਪੈਸੇ ਦੇ ਜ਼ੋਰ ਅਕਾਡਮੀ ਇਨਾਮ ਜਿੱਤ ਲਿਆ ਸੀ। ਇਸ ਸਕੈਂਡਲ ਬਾਰੇ ਪੰਜਾਬੀ ਮੀਡੀਏ ਚ ਵੀ ਰੌਲ਼ਾ ਪਿਆ। ਜਦੋਂ ਇਹੋ ਕਰਾਮਾਤ ਪੰਜਾਬੀ ਦੇ ਚਿਤਰਕਾਰ ਦੇਵ ਨੇ ਕਰ ਦਿਖਾਈ, ਤਾਂ ਕੋਈ ਕੁਸਕਿਆ ਤਕ ਨਹੀਂ।

ਪੰਜਾਬੀ ਦੇ ਅਖ਼ਬਾਰ ਰਸਾਲੇ ਕਹਿਣ ਨੂੰ ਹੀ ਸੁਤੰਤਰ ਨੇ। ਇਹ ਇੱਕੋ ਥਾਲ਼ੀ ਚੋਂ ਖਾਣ ਵਾਲ਼ਾ ਕਟੁੰਬ ਹੈ। ਦੇਵ ਦੇ ਬ੍ਰਹਮਭੋਜ ਵਿਚ ਸ਼ਾਮਿਲ ਹੋਣ ਲਈ ਪੰਜਾਬੀ ਦੇ ਕਹਾਣੀਕਾਰ ਵੀ ਰਾਤੋ-ਰਾਤ ਕਵਿਤਾ ਦੇ ਪਰਖੀਏ ਬਣ ਗਏ। ਸਨਦਾਂ ਜਿੰਨੀਆਂ ਕੱਠੀਆਂ ਹੋ ਜਾਣ ਉਨਾ ਹੀ ਚੰਗਾ। ਦੁੱਗਲ ਨੇ ਆਰਸੀ ਚ ਉਪਰੋਕਤ ਕਵੀ ਦੇ ਸੋਹਿਲੇ ਗਾਏ। ਗੁਲਜ਼ਾਰ ਸੰਧੂ ਨੇ ਇਹੋ ਕੰਮ ਸਿਰਜਣਾ ਚ ਬਹਾਦਰੀ ਨਾਲ ਨਿਭਾਇਆ। ਨਵਯੁਗ ਨੇ ਸੁੰਦਰ ਕਿਤਾਬਾਂ ਛਾਪਣ ਦੇ ਦੋ ਤਿੰਨ ਹੋਰ ਕ੍ਰਿਸ਼ਮੇ ਕਰ ਵਿਖਾਏ। ਇੰਡੀਆ ਚ ਸਰਕਾਰ/ਸਿਆਸਤ ਅਤੇ ਸਾਹਿਤਕਾਰਾਂ ਚ ਫ਼ਾਸਲਾ ਨਹੀਂ, ਜਿਵੇਂ ਕਿ ਯੌਰਪ ਚ ਹੈ। ਸਾਹਿਤਕ ਭ੍ਰਿਸ਼ਟਾਚਾਰ ਦਾ ਇਕ ਕਾਰਨ ਇਹ ਵੀ ਹੈ। ਸਾਡੇ ਲੇਖਕ ਜਿੰਨਾ ਵੱਡੇ ਸਾਹਿਤਕਾਰ ਹਨ , ਉਨਾ ਹੀ ਵੱਡੇ ਉਹ ਭ੍ਰਿਸ਼ਟਾਕਾਰ ਹਨ। ਬਲਕਿ ਕਹਿਣਾ ਇਹ ਚਾਹੀਦਾ ਹੈ ਕਿ ਪੰਜਾਬੀ ਚ ਕੁੱਝ ਸਾਹਿਤਕਾਰ ਹਨ ਤੇ ਕੁੱਝ ਭ੍ਰਿਸ਼ਟਾਕਾਰ। ਸਾਹਿਤਕਾਰ ਤਾਂ ਵਿਚਾਰੇ ਬਹੁਤੇ ਨਹੀਂ, ਭ੍ਰਿਸ਼ਟਾਕਾਰਾਂ ਦੀ ਲੰਮੀ ਸੂਚੀ ਬਣਾਈ ਜਾ ਸਕਦੀ ਹੈ।

ਸਾਡੀ ਸਾਹਿਤ ਅਕਾਡਮੀ ਵਰਗੇ ਸਭਿਆਚਾਰਕ ਸੰਸਥਾਨ ਦਾ ਮੁਖੀਆ ਜਿਸਨੂੰ ਚਾਹੇ ਆਪਣੀ ਉਂਗਲ਼ੀ 'ਤੇ ਨਚਾ ਸਕਦਾ ਹੈ। ਮੁਖੀਏ ਦੇ ਬਦਲਣ ਨਾਲ਼ ਅਚਾਨਕ ਨੱਚਣ ਵਾਲ਼ੇ ਵੀ ਬਦਲ ਜਾਂਦੇ ਹਨ। ਹਮੇਸ਼ਾ ਅਗਰਭੂਮੀ ਚ ਦਿਸਣ ਵਾਲ਼ੇ ਪਿੱਠਭੂਮੀ ਚ ਗਾਇਬ ਹੋ ਜਾਂਦੇ ਹਨ, ਤੇ ਪਿਠਭੂਮੀ ਦੇ ਹੱਨੇਰੇ ਚ ਖੜ੍ਹੇ ਗੁਮਨਾਮ ਲੇਖਕ ਅਚਾਨਕ ਅਗਰਭੂਮੀ ਦੀ ਰੋਸ਼ਨੀ ਚ ਖੜ੍ਹੇ ਨਜ਼ਰ ਆਉਂਦੇ ਹਨ। ਹਰ ਸਾਲ ਇਹ ਸੀਨ ਬਦਲਦਾ ਵੇਖ ਕੇ ਹਾਸੀ ਆਉਂਦੀ ਹੈ, ਵੈਸੇ ਰੋਣਾ ਚਾਹੀਦਾ ਹੈ। ਦਿੱਲੀ ਦਾ ਪਰਛਾਵਾਂ ਪੰਜਾਬ ਚ ਦੂਰ ਤਾਈਂ ਪੈ ਰਿਹਾ ਹੈ। ਇਸ ਪਰਛਾਵੇਂ ਚੋਂ ਨਿਕਲ਼ ਕੇ ਪੰਜਾਬ ਵੱਲ ਵਾਗਾਂ ਮੋੜਨ ਦੀ ਲੋੜ ਹੈ। ਦਿੱਲੀ ਚ ਸਾਹਿਤ ਦੀ ਸਿਆਸਤ ਹੈ, ਪੰਜਾਬੀ ਸਾਹਿਤ ਦੀਆਂ ਜੜ੍ਹਾਂ ਪੰਜਾਬ ਚ ਹਨ।

ਦੋ ਤਰ੍ਹਾਂ ਦੇ ਲੇਖਕ ਹੁੰਦੇ ਹਨ: ਸੁਖੀ ਜਾਂ ਇਮਾਨਦਾਰ। ਸੁਖ ਦੀ ਭਾਲ ਚ ਨਿਕਲ਼ੇ ਲੇਖਕ ਈਮਾਨਦਾਰ ਨਹੀਂ ਰਹਿ ਸਕਦੇ। ਲੇਖਕ ਨੂੰ ਸ਼ਹਿਦ ਵਾਲ਼ੇ ਛੱਤਿਆਂ ਤੋਂ ਬਚਣਾ ਚਾਹੀਦੈ, ਭਾਵੇਂ ਉਨ੍ਹਾਂ ਚ ਕਿੰਨੀ ਵੀ ਖੰਡ ਹੋਵੇ। ਚੰਗੇ ਭਾਗਾਂ ਨੂੰ ਪੰਜਾਬ ਚ ਕੁਝ ਈਮਾਨਦਾਰ ਲੇਖਕ ਵੀ ਨੇ ਜੋ ਹਰ ਸ਼ਾਮ ਦਿੱਲੀ ਵੱਲ ਮੂੰਹ ਕਰਕੇ ਨਹੀਂ ਸੌਂਦੇ। ਇਸ ਆਦਿ-ਜੁਗਾਦੀ ਖੇਡ ਦੇ ਜੇਤੂ ਦਾ ਪਹਿਲਾਂ ਹੀ ਪਤਾ ਹੁੰਦਾ ਹੈ।

– ਅਗਾਂਹ ਦਾ ਕੀ ਸੋਚਿਆ ਹੈ?

ਸਤ਼ੀ: ਫ਼ਾਈਲਾਂ ਚ ਕਿੰਨਾ ਕੁਝ ਅਧੂਰਾ ਲਿਖਿਆ ਪਿਆ ਹੈ। ਇਹੀ ਸੋਚਦਾ ਰਿਹਾਂ ਕਿ ਕਾਹਦੀ ਕਾਹ਼ਲੀ ਐ? ਜਿਵੇਂ ਮੈਂ ਦੇਵਤਿਆਂ ਵਾਂਗ ਅਮਰ ਹੋਵਾਂ। ਮੌਤ ਨੇ ਸ਼ੀਸ਼ਾ ਵਿਖਾ ਕੇ ਮੈਨੂੰ ਦੇਵਤੇ ਤੋਂ ਮਨੁੱਖ ਬਣਾ ਦਿੱਤੈ। ਕੈਂਸਰ ਤੋਂ ਬਾਅਦ ਲੱਗਦੈ ਮੇਰਾ ਨਵਾਂ ਜਨਮ ਹੋਇਐ। ਮੈਂ ਬਾਲ ਵਾਂਗ ਫੱਟੀ ਪੋਚ ਕੇ ਫਿਰ ਲਿਖਣਾ ਸਿੱਖ ਰਿਹਾਂ। ਦੇਖੋ, ਸਕੂਲ ਦੀ ਘੰਟੀ ਵੱਜਣ ਤੋਂ ਪਹਿਲਾਂ ਇਹ ਫੱਟੀ ਕਿੰਨੀ ਕੁ ਭਰ ਹੁੰਦੀ ਹੈ। □






# BIG BO'S

Furniture, Appliances & Blinds

GE SAMSUNG Frigidaire Comforting Homes For Generations™

Big Bo's ਦੇ ਪ੍ਰਬੰਧਕਾਂ ਵੱਲੋਂ ਨਵੇਂ ਸਾਲ ਦੀ ਲੱਖ–ਲੱਖ ਵਧਾਈ

ਤੁਸੀਂ ਸਾਡੇ ਕੋਲੋਂ ਵਧੀਆ ਫਰਨੀਚਰ, ਅਪਲਾਇੰਸਿਜ਼ ਅਤੇ ਬਲਾਇੰਡਜ਼ ਖਰੀਦ ਸਕਦੇ ਹੋ ।

Fridge, Range, Dishwasher, Washer & Dryer 5 Pcs. White Set

Just for $1597

Stainless Steel 3 Pcs Set

Was $ 3099

Sale $1697

Store Hours:
Mon-Wed 10 am-6 pm.
Thu-Fri 10 am-8pm.
Sat 10 am-6 pm.
Sun 12 pm - 5 pm.





4220 99 St. NW
Edmonton, AB.
780 430 4346

Prices valid until Quantities last.



# Creative Doors & Mouldings Ltd.

"Your Complete Finishing Store"

* Interior * Prehung Units
* Locks & Hardware * French Doors
* Bi-Folds * Mouldings * Accessories
* Railing





Call: Bill Sekhon
Phone: (780) 438-2224
Cell: (780) 232-1816
Fax: (780) 438-4422
9838-60 Avenue Edmonton, AB T6E 0C5

# NEW WAY Stucco Ltd.



Quality work at reasonable rates.

We do Splash Dash Stucco and Acrylic. For free estimates call

(BALJIT) Ph.: (780)-708-1436, Fax: (780)-462-0691

All Kind of Stucco Acrylic & Rain Screen Residential & Commercial

ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜਰੂਰ ਦਿਉ

# Moga Painting Company

Serving Since 1985



Experts in Interior & Exterior Paint

Residential & Commercial

> Excellent Colour Matching
> Guaranteed Work
> Reasonable Rates

Office Painting, Spray Painting, Staircase Railing, Stain & Varnish

ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।

For Free ESTIMATES Call SURJIT

Edmonton (780) 934-3535 Winnipeg (204) 979-7070



Residential | Commertial | Investment Properties

Home Life/United Realty Inc. Brokerage

Independently Owned & Operated.

Higher Standards Agents... Higher Results™

Cell: 647 818 6880
Bus: 905 672 1234
FAX: 905 672 0672
hpshundal@gmail.com

ਟੋਰਾਂਟੋ ਦੇ ਇਲਾਕੇ 'ਚ ਜਾਇਦਾਦ ਖਰੀਦਣ ਜਾਂ ਵੇਚਣ ਲਈ ਇੱਕ ਭਰੋਸੇਮੰਦ ਨਾਂ

Sales Representative

Harinder Hundal
M.Sc. Eco, M.B.A

MLS MULTIPLE LISTING SERVICE · REALTOR

50 SunnyVale Gate, Unit # 7, Brampton, ON L6S 0C4

ਮੁਲਾਕਾਤ Productions

ਟੀ. ਵੀ ਪ੍ਰੋਗਰਾਮ ਮੁਲਾਕਾਤ

Aired on VISION TV
1:00 pm to 1:30 pm
(Alberta Time / Every Saturday)



Charanjit Brar
Producer & Host
Ph: 647 300 8436
cbrar@rogers.com


# ਬਹੁਤ ਹੀ ਘੱਟ ਕੀਮਤਾਂ ਦਾ ਅੱਜ ਹੀ ਫ਼ਾਇਦਾ ਉਠਾਓ

# MILLWOODS SUZUKI

## named the #1 SUZUKI Dealership in Canada

#1 IN CANADA

As they prepare to celebrate the 10th anniversary of Millwoods Suzuki, the team of management and staff are proud to announce their latest achievement: the dealership has been named #1 Suzuki Dealership in Canada for 2010. The top sales award is accompanied by even more recognition as one of the top customer satisfaction dealerships.

### Dedicated to customer service

"We focus on customer satisfaction first," says Jessy Prihar, dealer principal at Millwoods Suzuki. "Our management and staff believe strongly in taking care of our customers. They listen to what customers need and work hard to deliver the very best in service."

That kind of ethical, honest relationship has built a sense of trust over the past decade. "A lot of our business is built on repeat customers," adds Jessy. "People come back to us, and they recommend us to their family and friends. Our customers come first, and they spread the word. We know that word-of-mouth advertising is very powerful in bringing new clientele through our doors."

Exciting new models from Suzuki are also vital to the company's success story. The popular Grand Vitara, the exciting new Kizashi, and the venerable, trustworthy SX4 with Intelligent All-wheel drive and SX4 Sedan models offer something to suit any need and any budget. See them in the showroom at Millwoods Suzuki and you'll understand what the buzz is all about. In addition, they offer more than 70 certified previously owned vehicles in all makes and models, which are fully reconditioned including warranty with financing options available to your one-stop service centre.




Suzuki Canada sends out customer satisfaction surveys, and customers have been very good about sending in their responses. Feedback is routinely positive, and Jessy credits his staff for that. "We have a lot of long-term staff here, and we know our customers enjoy seeing the same familiar faces when they come into our dealership."

A full-service parts and service department is also geared to complete customer convenience, including service for all makes and models, longer Saturday hours and a weekday shuttle service.

Millwoods Suzuki opened its doors in 2001 and was renovated to serve its clients better in 2009. "We added new furniture, a big TV and a latté machine in our Latté Lounge when we renovated, and we have fully trained technicians working until 5 p.m. on Saturdays. It's all about listening to what our customers need, and delivering it."

### Committed to community service

The management and staff at Millwoods Suzuki also believe in giving something back to their community. They are a proud sponsor for Meals on Wheels in Edmonton, and many members of the staff have worked as volunteer drivers. In addition, they have given support to minor hockey in Millwoods.

"Our mission is to continually improve our products and services and to maintain a high level of excellence which will meet the needs of our current and future customers. We are committed to customer satisfaction and will continue to make our customers our #1 priority," reads the company's mission statement.

As the #1 Suzuki Dealership in Canada for 2010, it is easy to see they're living up to their mandate.

SUZUKI Way of Life!

THANK YOU FOR MAKING MILLWOODS SUZUKI THE #1 DEALERSHIP IN CANADA


# SNOW, AWD, AND $500 FREE GAS.

## LOVE WINTER AGAIN

PLUS GET A $500 GAS CARD‡

DON'T PAY FOR 90 DAYS†

LIMITED TIME OFFER

2011 KIZASHI ALSO AVAILABLE WITH iAWD



- Dual zone automatic climate control
- Smartpass push button start with keyless entry
- Dual heated seats
- Automatic transmission
- 180HP
- Loaded

SELLING PRICE $28,009* | 0%** PURCHASE FINANCING FOR 48 MO.

2011 SX4 HATCHBACK JX iAWD



SELLING PRICE $23,649* | 0%** PURCHASE FINANCING FOR 48 MO.

- Power Door Locks
- Air Conditioning
- 6 Speed Manual Transmission
- 150 HP
- 140 lb-ft Torque

Ask Us About Clearout Prices On Remaining 2010 Models.

2011 GRAND VITARA JX 4x4

SELLING PRICE $30,249* | 0%** PURCHASE FINANCING FOR 48 MO.



- 4-Mode 4WD
- 1,360kg (3,000lbs) Towing Capacity1
- 17" Aluminum Alloy Wheels
- Ventilated Disc Brakes
- MacPherson Strut Independent Front Suspension
- SmartPass Keyless Entry

PROUD SPONSOR OF TELUS WORLD of SCIENCE edmonton IMAX Ultimate Wave Tahiti

GREAT SERVICE! GREAT PRICES! GREAT SELECTION!

ALL SUZUKI VEHICLES COME WITH A 5-YEAR, 100,000 KM POWERTRAIN LIMITED WARRANTY AND 3-YEAR UNLIMITED KILOMETER ROADSIDE ASSISTANCE.

SHOP 24/7@ MILLWOODS SUZUKI.com

ON THE AUTO ROW | 3403-93 ST. | 780-450-4500 | TOLL FREE 1-866-897-4500

BBB ACCREDITED BUSINESS · Alberta Motor Vehicle Industry Council

ONSUMERS SHOULD READ THE FOLLOWING: INCLUSIVE PRICING means there are no surprises; our Purchase Financing payments and Selling Prices include Delivery & Destination ($1,495 for Kizashi/$1,395 for SX4/$1,595 for Grand Vitara models 100 A/C Excise Tax (where applicable), $20 Tire Tax, $399 Dealer Administration Fee. Offers exclude PPSA up to $72 (when financing), applicable taxes, license, registration and insurance. Vehicles may not be exactly as shown. These offe annot be combined with any other offers (excluding $500 Gas Card and Don't Pay for 90 Days offers) and are subject to change without notice. Dealers may sell for less. See participating dealers for details. *Selling Prices for a new 2011 Kizas Model 6B22391, 2011 SX4 Hatchback JX iAWD with manual transmission Model H3NB2J1 and 2011 Grand Vitara JX 4WD automatic transmission Model L2TB5T1. **Limited time purchase financing offers available O.A.C on new 2011 Kizashi, 201 X4 Hatchback and 2011 Grand Vitara models. Effective APR's for 2011 Kizashi S Model 6B22391, 2011 SX4 Hatchback JX iAWD with manual transmission Model H3NB2J1 and 2011 Grand Vitara JX 4WD automatic transmission Model L2TB5T1 a .54%/3.25%/2.51%. Financing example based on Selling Price of $23,649 for 2011 SX4 Hatchback JX iAWD with manual transmission Model H3NB2J1 financed at 0% APR for 48 months. Monthly payment equals $492.69 per month with $0 dow ayment. Cost of borrowing is $0 for a total obligation of $23,649. †90 day payment deferral applies to purchase financing offers on all new 2010 and 2011 Suzuki models on approved credit (OAC). No interest will accrue during the first 60 days he finance contract. Contracts will be extended accordingly. After this period interest starts to accrue and the purchaser will repay principal and interest monthly over the terms of the contract. ‡$500 free gas offer available on the purchase of a ew 2010 or 2011 Suzuki vehicle excluding Swift and Equator models. FOR 2010 VEHICLES ONLY: instead of receiving a $500 gas card, consumers who purchase, lease or finance a 2010 vehicle may choose to apply the $500 against their purcha s a $500 rebate, which will be deducted from the negotiated price after taxes. Offer valid until February 28, 2011. 1 When properly equipped. ®Bluetooth is a registered trademark of Bluetooth SIG Inc.

## ਡਾਇਰੀ ਇਕ ਪ੍ਰਕਾਸ਼ਕ ਦੀ

# ਚੇਤਿਆਂ ’ਚ ਵਸੇ ਚਿਹਰੇ

ਐਸ.ਬਲਵੰਤ

## ਕ੍ਰਿਸ਼ਨਾ ਸੋਬਤੀ

ਕ੍ਰਿਸ਼ਨਾ ਸੋਬਤੀ ਦਾ ਜਦੋਂ ਵੀ ਚੇਤਾ ਆਉਂਦਾ ਤਾਂ ਪਠਾਣਨ ਪੰਜਾਬਣ ਦਾ ਅਹਿਸਾਸ ਮੇਰੇ ਅੰਦਰ ਫੈਲ ਜਾਂਦਾ। ਉਹਦੇ ਨਾਲ ਜਦੋਂ ਵੀ ਮੁਲਾਕਾਤ ਹੋਈ ਤਾਂ ਕਦੇ ਇੱਦਾਂ ਲੱਗਾ ਹੀ ਨਹੀਂ ਕਿ ਕਿਸੇ ਔਰਤ ਨਾਲ ਗੱਲ ਕਰ ਰਿਹਾਂ ਹੋਵਾਂ। ਸਗੋਂ ਇਹ ਲੱਗਾ ਕਿ ਜਿਵੇਂ ਇਕ ਦੋਸਤ ਹੋਵੇ। ਔਰਤ ਮਰਦ ਦੀ ਪਹਿਚਾਣ ਤੋਂ ਰਹਿਤ। ਅਸੀਂ. ਹੱਸਦੇ..! ਠਹਾਕੇ ਲਗਾਉਂਦੇ..! ਟਿੱਚਰਾਂ ਕਰਦੇ...! ਇੰਝ ਘੁਲ ਮਿਲ ਚੁੱਕੇ ਸਾਂ ਕਿ ਕਦੇ ਅਹਿਸਾਸ ਹੀ ਨਹੀਂ ਹੋਇਆ ਕਿ ਉਹ ਇੰਨੀ ਵੱਡੀ ਲੇਖਕਾ ਹੈ। ਪਰ ਅੱਜ ਜਦ ਲਿਖਣ ਲੱਗਾਂ ਤਾਂ ਲਗਦਾ ਹੈ ਕਿ ਕਿੰਨਾ ਕਿਸਮਤ ਵਾਲਾ ਹਾਂ ਕਿ ਇਹੋ ਜਿਹੀ ਲੇਖਕਾ ਨਾਲ ਵੀ ਮੇਰੀ ਦੋਸਤੀ ਰਹੀ ਹੈ। ਮੇਰੀ ਪਤਨੀ ਨੇ ਜਦ ਵੀ ਸਾਗ ਤੇ ਮੱਕੀ ਦੀ ਰੋਟੀ ਪਕਾਉਣੀ ਤਾਂ ਜਾਂ ਉਹ ਸਾਡੇ ਘਰ ਖਾਣ ਆਉਂਦੀ ਤੇ ਜਾਂ ਅਸੀਂ ਉਹਦੇ ਘਰ ਲੈ ਜਾਂਦੇ। ਸਾਡਾ ਪਰਿਵਾਰਕ ਰਿਸ਼ਤਾ ਇੰਜ ਸੀ ਜਿਵੇਂ ਅਸੀਂ ਇਕ ਦੂਜੇ ਦੇ ਕਰੀਬੀ ਰਿਸ਼ਤੇਦਾਰ ਹੋਈਏ। ਜਦੋਂ ਉਸਦੀ ਮਾਤਾ ਜੀਉਂਦੀ ਸੀ ਤਾਂ ਉਹਦੇ ਨਾਲ ਵੀ ਸ਼ੁੱਧ ਪੰਜਾਬੀ ’ਚ ਗੱਲਾਂ ਕਰਕੇ ਇੱਕ ਵਖਰਾ ਆਨੰਦ ਆਉਂਦਾ ਸੀ। ਸਾਡੇ ਘਰ ਦੇ ਨੇੜੇ ਰੈਵੀਰਾ ਫਲੈਟਸ ’ਚ ਹੀ ਰਹਿੰਦੇ ਸਨ। ਉਹਨਾਂ ਨਾਲ ਅਕਸਰ ਮਿਲਣ ਜਾਇਆ ਕਰਦੇ ਸਾਂ। ਇੰਜ ਲਗਦਾ ਸੀ ਜਿਵੇਂ ਅਸੀਂ ਇਕ ਦੂਜੇ ਦੇ ਘਰ ਦੇ ਹੀ ਮੈਂਬਰ ਹੋਈਏ। ਸੁਰਿੰਦਰ ਕੌਰ (ਮਸ਼ਹੂਰ ਗਾਇਕਾ) ਵੀ ਉਨ੍ਹਾਂ ਦੇ ਗਵਾਂਢ ਰਹਿੰਦੀ ਸੀ। ਕਦੇ-ਕਦੇ ਅਸੀਂ ਉਹਨੂੰ ਵੀ ਮਿਲਣ ਚਲੇ ਜਾਂਦੇ। ਇੱਕ ਵੇਰੀ ਸੁਰਿੰਦਰ ਕੌਰ ਦੇ ਘਰ ਦਿਵਾਲੀ ਦੇ ਦਿਨ ਡੌਲੀ ਨਾਲ ਤਾਸ਼ ’ਚ ਮੈਂ ਕੁਝ ਪੈਸੇ ਵੀ ਹਾਰ ਗਿਆ ਸਾਂ। ਕ੍ਰਿਸ਼ਨਾ ਸੋਬਤੀ ਨਾਲ ਸਾਹਿਤ ਬਾਰੇ, ਸਭਿਆਚਾਰ ਬਾਰੇ, ਦੁਨੀਆ ਦੇ ਹੋਰ ਪੱਖਾਂ ਬਾਰੇ ਬਹੁਤ ਬਹਿਸ ਹੁੰਦੀ। ਉਹਦਾ ਇਕ ਅਪਣਾ ਨਜ਼ਰੀਆ ਹੈ ਦੁਨੀਆ ਨੂੰ ਦੇਖਣ ਦਾ। ਸਾਹਿਤਕ ਰਚਨਾ ਦੀ ਸੰਖੇਪਤਾ ਦਾ। ਉਹਦੀ ਪਰਪੱਕਤਾ ਦਾ। ਅਸੀਂ ਜਦੋਂ ਵੀ ਗੱਲਾਂ ਕਰਦੇ ਤਾਂ ਮੈਂ ਉਸਨੂੰ ਸੁਣਦਾ ਮੁਗਧ ਹੋ ਜਾਂਦਾ। ਬਹੁਤ ਕੁਝ ਸਿੱਖਣ ਨੂੰ ਮਿਲਦਾ। ਉਹ ਅਪਣੇ ਸਮਕਾਲੀ ਲੇਖਕਾਂ ਦੀਆਂ ਗੱਲਾਂ ਕਰਦੀ। ਚਮਚਿਆਂ ਤੇ ਚਮਚਿਆਂ ਦੇ ਚਮਚਿਆਂ ਦੀ ਗੱਲ ਕਰਦੀ। ਬੁਹਤ ਲੰਬਾ ਇਤਹਾਸ ਹੈ ਉਹਦੇ ਤਜਰਬਿਆਂ ਅਤੇ ਅਹਿਸਾਸਾਂ ’ਚ, ਜੋ ਫਿਰ ਕਦੇ ਜ਼ਿਕਰ ਕਰਾਂਗਾ।

ਇੱਕ ਦਿਨ ਅਸੀਂ ਫੈਸਲਾ ਕੀਤਾ ਕਿ ਸਵੇਰੇ ਉਠ ਕੇ ਸੈਰ ਕਰਨ ਜਾਇਆ ਕਰੀਏ। ਉਹਦੇ ਤੇ ਮੇਰੇ ਘਰ ਦੇ ਵਿਚਕਾਰ ਦਿੱਲੀ ਯੂਨੀਵਰਸਿਟੀ ਦਾ ਰਿੱਜ ਪੈਂਦਾ ਸੀ। ਉੱਥੇ ਬਹੁਤ ਲੰਮਾ ਪਾਰਕ ਹੈ। ਅਸੀਂ ਸਵੇਰੇ ਇਕ ਸਮੇਂ ਉੱਥੇ ਮਿਲਣ ਦਾ ਫੈਸਲਾ ਕੀਤਾ। ਸਵੇਰੇ ਮਿੱਥੀ ਥਾਂ ’ਤੇ ਮਿਲੇ ਤੇ ਅੰਦਰ ਸੈਰ ਕਰਨ ਚਲੇ ਗਏ। ਇਹ ਗਾਰਡਨ ਬਹੁਤ ਲੰਮਾ ਤੇ ਵੱਡਾ ਹੈ। ਅਸੀਂ ਇਕ ਪਾਰਕ ਤੋਂ ਦੂੱਜੇ ਤੀਕ ਗਏ ਹੀ ਸਾਂ ਕਿ ਸਾਨੂੰ ਜ਼ੋਰ ਦੀ ਅਵਾਜ਼ ਸੁਣੀ, ‘‘ਹਰੀ ਓਮ’’, ਅਸੀਂ ਇਕ ਦੂਜੇ ਵੱਲ ਵੇਖਿਆ ਤੇ ਅੱਖਾਂ ’ਚ ਪ੍ਰਸ਼ਨ ਚਿਨ੍ਹ ਲੈ ਕੇ ਅੱਗੇ ਵੱਧ ਗਏ। ਕੁਝ ਪਲਾਂ ਦੇ ਵਿਚ ਫਿਰ ਓਹੀ ਅਵਾਜ਼ ਆਈ, ‘‘ਹਰੀ ਓਮ’’, ਅੱਗਿਓਂ ਹੋਰ ਜ਼ੋਰ ਨਾਲ ਜੁਆਬ ਆਇਆ ‘‘ਹਰੀ ਓਮ’’, ਅਸੀਂ ਸੱਜੇ-ਖੱਬੇ ਦੇਖਿਆ ਕਿ ਇਹ ਅਵਾਜ਼ਾਂ ਕਿਧਰੋਂ ਆ ਰਹੀਆਂ ਹਨ? ਖੈਰ ਅਸੀਂ ਸੈਰ ਕਰਦੇ ਰਹੇ ਤੇ ਥੱਕ ਕੇ ਘਰਾਂ ਨੂੰ ਪਰਤ ਆਏ। ਇਸ ਤਰ੍ਹਾਂ ਕਈ ਦਿਨਾਂ ਤੱਕ ਇਹ ਸਿਲਸਿਲਾ ਚਲਦਾ ਰਿਹਾ। ਇਕ ਦਿਨ ਉਸ ਭੀੜ ਚੋਂ ਇਕ ਵਾਕਫ ਮਿਲ ਗਿਆ ਤੇ ਜਦ ਮੈਂ ਉਸਨੂੰ ਪੁੱਛਿਆ ਕਿ ਇਹ ਹਰੀ ਓਮ ਦੀਆਂ ਅਵਾਜ਼ਾਂ ਕਿਉਂ ਆਉਂਦੀਆਂ ਸੀ ਤਾਂ ਉਸ ਪਹਿਲਾਂ ਤਾਂ ਨਾਂਹ ਕਰ ਦਿੱਤੀ ਪਰ ਮਗਰੋਂ ਰਾਜ਼ੀ ਹੋ ਕੇ ਦੱਸਿਆ ਕਿ ਇਸ ਗਾਰਡਨ ’ਚ ਹਾਲੇ ਤੀਕ ਮਰਦ ਹੀ ਆਉਂਦੇ ਹਨ ਤਾਂ ਇਹ ਮਰਦਾਂ ਦਾ ਗਰੂਪ ਇਕ ਦੂਜੇ ਨੂੰ ਦਸਦਾ ਕਿ ਐਥੇ ਇੱਕ ਔਰਤ ਵੀ ਸੈਰ ਕਰ ਰਹੀ ਹੈ। ‘‘ਹਰੀ ਓਮ’’ ਉਨ੍ਹਾਂ ਦਾ ਕੋਡ ਵਰਡ ਹੈ ਤੇ ਅੱਗੋਂ ਜੁਆਬ ’ਚ ਅਗਲਾ ਗਰੁਪ ਵੀ ‘‘ਹਰੀ ਓਮ’’ ਹੀ ਕਹਿੰਦਾ ਕਿ ਅਸੀਂ ਸੁਣ ਲਿਆ। ਜਦੋਂ ਕ੍ਰਿਸ਼ਨਾ ਸੋਬਤੀ ਨੂੰ ਇਹ ਗੱਲ ਪਤਾ ਲੱਗੀ ਤਾਂ ਉਹ ਖਿਲਖਿਲਾ ਕੇ ਹੱਸੀ।

ਉਹ ਹਾਸਾ ਹਾਲੇ ਵੀ ਮੇਰੇ ਚੇਤਿਆਂ ’ਚ ਸ਼ਾਮਲ ਹੈ। ਉਂਝ ਤਾਂ ਕ੍ਰਿਸ਼ਨਾ ਸੋਬਤੀ ਦੀ ਹਰ ਲਿਖਤ ਪੜ੍ਹਨ ਯੋਗ ਹੈ। ਪਰ ਮੈਨੂੰ ਪਤਾ ਨਹੀਂ ਕਿਉਂ ‘ਮਿੱਤਰੋ ਮਰਜਾਣੀ’ ਤੇ ‘ਜ਼ਿੰਦਗੀਨਾਮਾ’ ਬਹੁਤ ਪਸੰਦ ਹਨ। ਉਨ੍ਹਾਂ ਦੇ ਰਿਕਾਰਡ ਤੇ ਘਟਨਾਵਾਂ ਐਨੀਆਂ ਦਿਲਚਸਪ ਤੇ ਗੁਣਕਾਰੀ ਹਨ ਕਿ ਬਾਰ-ਬਾਰ ਪੜ੍ਹਨ ਨੂੰ ਜੀਅ ਕਰਦਾ।



ਅਮ੍ਰਿਤਾ ਪ੍ਰੀਤਮ ਤੇ ਕ੍ਰਿਸ਼ਨਾ ਸੋਬਤੀ ਦਾ ਝਗੜਾ ਜੱਗ ਜਾਹਰ ਹੈ। ਕ੍ਰਿਸ਼ਨਾ ਸੋਬਤੀ ਦਾ ਨਾਵਲ ‘ਜ਼ਿੰਦਗੀਨਾਮਾ’ ਬਹੁਤ ਮਸ਼ਹੂਰ ਹੋਇਆ। ਅਮ੍ਰਿਤਾ ਪ੍ਰੀਤਮ ਨੇ ਇੱਕ ਕਲਾਕਾਰ ਤੇ ਲਿਖੀ ਕਿਤਾਬ ਦਾ ਨਾਂਅ ‘ਹਰਦੱਤ ਕਾ ਜ਼ਿੰਦਗੀਨਾਮਾ’ ਰੱਖ ਦਿੱਤਾ। ਪ੍ਰਕਾਸ਼ਕ ਨੇ ਉਸਨੂੰ ਸਿਰਫ਼ ਜ਼ਿੰਦਗੀਨਾਮਾ ਲਿਖ ਦਿੱਤਾ। ਕ੍ਰਿਸ਼ਨਾ ਨੇ ਇਤਰਾਜ਼ ਕੀਤਾ, ਅਮ੍ਰਿਤਾ ਨੇ ਉਸਦਾ ਫੋਨ ਰੱਖ ਦਿੱਤਾ। ਪਠਾਣਨੀ ਗੁੱਸੇ ’ਚ ਆ ਗਈ। ਮੁਕੱਦਮੇ ਦੀ ਸੋਚਣ ਲੱਗੀ। ਮੇਰੇ ਦਫਤਰ ਬੈਠਿਆਂ ਮੈਂ ਪ੍ਰਕਾਸ਼ਕ ਨੂੰ ਫੋਨ ਕੀਤਾ। ਪ੍ਰਕਾਸ਼ਕ ਅਮਰਨਾਥ ਕਹਿੰਦਾ ਇਹਦੇ ’ਚ ਜੇ ਗਲਤੀ ਹੋਈ ਹੈ ਤਾਂ ਜੋ ਤੂੰ ਕਹੇ ਮੈਂ ਲਿਖ ਕੇ ਮੁਆਫੀ ਮੰਗਣ ਨੂੰ ਤਿਆਰ ਹਾਂ। ਮੈਂ ਹਾਲੇ ਪ੍ਰਕਾਸ਼ਕ ਕੋਲ ਜਾ ਕੇ ਮੁਆਫੀ ਦਾ ਖਤ ਲਿਖਾਉਣਾ ਹੀ ਸੀ, ਪਰ ਇੰਨੀ ਦੇਰ ਨੂੰ ਇਹ ਗੱਲ ਕਚਿਹਰੀ ਦੇ ਦਰਵਾਜ਼ਿਆਂ ’ਤੇ ਪਹੁੰਚ ਗਈ। ਮੁਕੱਦਮਾ ਚਲਦਾ ਰਿਹਾ। ਤਾਰੀਖਾਂ ਮਿਲਦੀਆਂ ਰਹੀਆਂ। ਗਵਾਹ ਉਲਾਰ ਪਾਸੇ ਤਕੜੀ ਤੇ ਚੜ੍ਹਦੇ ਰਹੇ। ਮੁਕੱਦਮੇ ਦੀ ਵਾਪਸੀ ਲਈ ਵੀ ਯਤਨ ਹੋਏ। ਮੇਰੇ ਕੋਲ ਵੀ ਅਮ੍ਰਿਤਾ ਦੇ ਭੇਜੇ ਬੰਦੇ ਆਏ ਕਿ ‘‘ਤੂੰ ਇਸ ਮੁਕੱਦਮੇ ਨੂੰ ਫਾਈਨਾਂਸ ਕਰ ਰਿਹੈਂ।’’ ਮੈਂ ਹੈਰਾਨ ਸਾਂ ਇਹ ਸੁਨੇਹਾ ਸੁਣ ਕੇ, ਕਿਉਂਕਿ ਮੈਂ ਇਕ ਅਜਿਹਾ ਬੰਦਾ ਸਾਂ ਜਿਸਨੇ ਮੁਕੱਦਮਾ ਨਾ ਹੋਵੇ, ਹਰ ਕੋਸ਼ਿਸ਼ ਕੀਤੀ। ਕ੍ਰਿਸ਼ਨਾ ਸੋਬਤੀ ਰੈਵੀਰਾ ਫਲੈਟਸ ਚੋਂ ਚਲੀ ਗਈ। ਅਮ੍ਰਿਤਾ ਦੁਨੀਆ ਤੋਂ ਚਲੀ ਗਈ। ਮੁਕ-ੱਦਮਾ ਹਾਲੇ ਵੀ ਜਾਰੀ ਸੀ।



# Matrimonial

## ਵਰ ਦੀ ਲੋੜ

ਖ਼ੂਬਸੂਰਤ ਜੱਟ ਸਿੱਖ 5 ਫੁੱਟ 4 ਇੰਚ, 22-6-1988, ਬੀ.ਐਸ.ਸੀ. ਨਰਸਿੰਗ, ਸਟੇਟਸ ਪਰਿਵਾਰ ਦੀ ਲੜਕੀ ਲਈ ਐਨ.ਆਰ.ਆਈ. ਵਰ ਦੀ ਲੋੜ ਹੈ। ਸੰਪਰਕ ਕਰੋ : 01624-2871483, 99888-29111

------

ਰਾਮਗੜ੍ਹੀਆ ਸਿੱਖ ਹੁਸ਼ਿਆਰਪੁਰ ਅਧਾਰਤ 22 ਸਾਲਾ ਕੰਪਿਊਟਰ ਇੰਜੀਨੀਅਰ ਲੜਕੇ ਲਈ ਸੁੰਦਰ ਯੋਗ ਲੜਕੀ ਦੀ ਲੋੜ ਹੈ। ਸੰਪਰਕ ਨੰ: 98157 41224, e-mail : engg.money@yahoo.com

------

Suitable match for hindu Khatri girl 25, 5'-3", M.A., B.Ed. status family, decent marrage, contact 0161-2880799, e-mail.: raman.mlp@gmail.com

------

Suitable match for two Jat Sikh Girls, 24-26, 5'-3", 5'-3", respectivily, +2, Diploma holder in professional courses like beautician decent marriage. Contact 0136-237337, 95014-53344

------

ਖ਼ੂਬਸੂਰਤ, ਜੱਟ ਸਿੱਖ ਗਿੱਲ 27 ਸਾਲ, 5'-3", 10+2, ਬਿਊਟੀਸ਼ੀਅਨ ਲਈ ਵਰ ਦੀ ਲੋੜ ਹੈ। ਸੰਪਰਕ : 01636-37337, 94176-94520

------

ਖ਼ੂਬਸੂਰਤ ਜੱਟ ਸਿੱਖ ਗਿੱਲ, 25 ਸਾਲ, 5'-3", 10+2, ਨਰਸ ਲਈ ਵਰ ਦੀ ਲੋੜ ਹੈ। ਸੰਪਰਕ : 94176-94520

------

ਖ਼ੂਬਸੂਰਤ, ਹਿੰਦੂ ਖੱਤਰੀ, ਜੇਠੀ, 26 ਸਾਲ, 5'-3", ਐਮ.ਏ. (ਇਕਨੋਮਿਕਸ) ਬੀ.ਐਡ, ਸਟੇਟਸ ਪਰਿਵਾਰ ਲਈ ਵਰ ਦੀ ਲੋੜ ਹੈ। ਸੰਪਰਕ : 94656-85637, 0161-2880781

------

ਖ਼ੂਬਸੂਰਤ ਬੀ-ਟੈਕ, ਕੰਪਿਊਟਰ ਸਾਇੰਸ, ਸਾਫਟ ਵੇਅਰ ਇੰਜੀਨੀਅਰ ਰਾਜਪੂਤ, ਚੌਹਾਨ ਕਲੀਨ ਸ਼ੇਵਨ, ਅਗਾਂਹਵਧੂ ਵਿਚਾਰਾਂ ਵਾਲੇ ਮਿਹਨਤੀ 5'-11" ਲੰਮੇ, 4 ਨਵੰਬਰ 1985 ਨੂੰ ਜਨਮੇ ਲੜਕੇ ਲਈ ਬਰਾਬਰ ਦੀ ਯੋਗਤਾ ਵਾਲੀ ਸੁੰਦਰ ਤੇ ਸੁਸ਼ੀਲ ਲੜਕੀ ਦੀ ਲੋੜ ਹੈ। ਜਾਤ ਬੰਧਨ ਨਹੀਂ। ਸੰਪਰਕ: 98151-94782, 94633-91876, ਈ-ਮੇਲ : hardev.chauhan@yahoo.co.in

## ਕੰਨਿਆ ਦੀ ਲੋੜ

ਸੈਣੀ ਕਲੀਨ ਸ਼ੇਵ 28 ਸਾਲਾ ਪੰਜ ਫੁੱਟ ਚਾਰ ਇੰਚ ਤਿੰਨ ਸਾਲ ਤੋਂ ਵਰਕ ਪਰਮਿਟ 'ਤੇ ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡਾ ਦੀ ਪੱਕੀ ਵਸਨੀਕ ਲੜਕੀ ਦੀ ਜ਼ਰੂਰਤ ਹੈ। ਸੰਪਰਕ : 403-351-1534

------

Diploma in Health Services Family Welfare, ਬਤੌਰ ਡਰਾਈਵਰ ਦੁਬਈ ਵਿੱਚ ਰਹਿ ਰਹੇ 25 ਸਾਲਾ ਪਗੜੀਧਾਰੀ ਜੱਟ ਸਿੱਖ 6'1" ਸੋਹਣੇ-ਸੁਣੱਖੇ ਲੜਕੇ ਲਈ ਕੈਨੇਡਾ ਵਿੱਚ ਪੱਕੇ ਤੌਰ ਤੇ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਪਰਿਵਾਰ ਸਮੇਤ ਕਨੇਡਾ ਪੱਕੇ ਤੌਰ ਤੇ ਰਹਿ ਰਹੀ ਹੈ। 780-263-7977/ 780-461-0701 ਜਾਂ tranum0701@gmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

------

ਕੰਬੋਜ ਸਿੱਖ 31 ਸਾਲਾ ਪੰਜ ਫੁੱਟ 9 ਇੰਚ ਇੰਗਲੈਂਡ ਵਿਚ ਵਰਕ ਪਰਮਿਟ 'ਤੇ ਰਹਿ ਰਹੇ ਕਲੀਨ ਸ਼ੇਵ ਲੜਕੇ ਲਈ ਕੈਨੇਡਾ ਦੀ ਪੱਕੀ ਵਸਨੀਕ ਲੜਕੀ ਚਾਹੀਦੀ ਹੈ। ਲੜਕੇ ਦਾ ਭਰਾ ਕੈਨੇਡਾ ਵਿਚ ਪੱਕੇ ਤੌਰ 'ਤੇ ਰਹਿ ਰਿਹਾ ਹੈ। ਸੰਪਰਕ : 780-200-1791

------

ਖ਼ੂਬਸੂਰਤ, ਜੱਟ ਸਿੱਖ ਗਿੱਲ, 24 ਸਾਲ, 5'-9", ਮਕੈਨੀਕਲ ਇੰਜੀਨੀਅਰ, ਮਲਟੀ ਨੈਸ਼ਨਲ ਕੰਪਨੀ ਵਿਚ ਨੌਕਰੀਸ਼ੁਦਾ, ਐਮ.ਬੀ.ਏ., ਲੜਕੇ ਲਈ ਇੰਜੀਨੀਅਰ ਲੜਕੀ ਦੀ ਲੋੜ ਹੈ। ਮਾਤਾ-ਪਿਤਾ ਸਰਕਾਰੀ ਨੌਕਰੀ ਵਿਚ। ਸੰਪਰਕ : 94176-94520

------

ਖ਼ੂਬਸੂਰਤ ਦੋ ਕੈਨੇਡੀਅਨ ਜੱਟ ਸਿੱਖ ਲੜਕੇ ਕੱਦ 6 ਫੁੱਟ 8 ਇੰਚ, ਉਮਰ 24-28 ਸਾਲਾਂ ਵਾਸਤੇ ਪੜ੍ਹੀਆਂ ਲਿਖੀਆਂ ਲੜਕੀਆਂ ਦੀ ਲੋੜ ਹੈ। Student ਤੇ Work Permit 'ਤੇ ਆਈਆਂ ਕੁੜੀਆਂ ਲਈ ਵੀ ਸੋਚਿਆ ਜਾ ਸਕਦਾ ਹੈ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ : amrit1331@hotmail.com

------

ਕਲੀਨ ਸ਼ੇਵ ਜੱਟ ਸਿੱਖ 23 ਸਾਲਾ, 5 ਫੁੱਟ 6 ਇੰਚ, Student visa 'ਤੇ ਭਾਰਤ ਤੋਂ ਕੈਨੇਡਾ ਆਏ ਲੜਕੇ ਲਈ ਕੈਨੇਡੀਅਨ ਲੜਕੀ ਦੀ ਜ਼ਰੂਰਤ ਹੈ। ਕੋਈ ਜਾਤੀ ਬੰਧਨ ਨਹੀਂ, ਵਿਆਹ ਬਿਨਾ ਦਹੇਜ ਦੇ। ਸੰਪਰਕ : 001-780-200-5328, 001-780-906-4497, Kirtmeetsingh@gmail.com

## ਗੁਰਸਿੱਖ ਕੰਨਿਆ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਤੇ ਆਏ ਗੁਰਸਿੱਖ ਪਰਿਵਾਰ ਦੇ 25 ਸਾਲਾ ਜੱਟ ਸਿੱਖ 6'2" ਸੋਹਣੇ-ਸੁਣੱਖੇ ਲੜਕੇ ਲਈ ਗੁਰਸਿੱਖ ਲੜਕੀ ਦੀ ਲੋੜ ਹੈ। ਫ਼ੋਨ ਨੰ. 780-405-6145 ਜਾਂ raju.hundal@yahoo.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# Classified Plus

Your guide to every search

## HOUSE FOR SALE/RENT

Sold

1100 Sq. ft. Half Duplex with Fully Finished Basement Close to Bus Stop, School and other Amenities available for RENT/SALE in Millwoods. Contact 780 566 8532.

****

Newly Built 1950 Sq. Ft; Bi-level House with Fully Finished Basement, 2 Car Attached Garage. House is close to all Amenities, Anthony Henday (Ellerslie, Edmonton) Available for Sale/Rent. Contact 780 566 8532.

* * * *

### House for Sale by Owner

Built in 2007, 1500 sq feet 2 story home, with 3 bedrooms upstairs, fireplace, 3 full bath, double attached garage, in quite crescent location, owner occupied available for immediate possession. For more information please call @ 780-245-0351/780-474-0351 or email: suman1950@yahoo.com

****

### 2 Story House For Sale By Owner In Leduc

2 Story 2000 Sq. ft. 4 Bed Room, 2 ½ Washrooms, Family Room with 17' Ceiling on the Main Floor. Hard Wood on Main Floor. House backs on to the City Park. For details call 780 965 0808.

* Newly Built Bi-Level House with KEYLESS ENTRY for Sale
* Don't Miss this Great opportunity… Must See the House
* Buyers still have time to Choose Carpet Color…Hurry Up

Newly Built Bi-Level House 2405 Sq Ft with Front Exposed Double Door, 4 Bed Rooms with attached Baths on the Main Floor, 3 Kitchens (Main Kitchen has Granite Counter Tops), 2 Furnaces, 2 Hot Water Tanks, 2 Laundries (1 Upstairs & 1 in the Basement). Finished/Heated 2 Car Attached Garage. 700+ sq. ft Finished Concrete drive way for Parking in the Back Alley, Exposed aggregate Drive Way in the Front, Enjoy Barbecue on the Large Deck. House has Stucco Exterior.

* Fully Finished 2 Basements having 2 Bedrooms 9' Ceiling and a Washroom each.

For details/appointments
Contact 780 964 7001.

****

### ਕੰਪਿਊਟਰ ਹਾਰਡਵੇਅਰ

ਕੰਪਿਊਟਰ ਦੀਆਂ ਟੈਕਨੀਕਲ ਸਮੱਸਿਆਵਾਂ ਜਾਂ ਕੰਪਿਊਟਰ ਦੀਆਂ ਹੋਰ ਸੇਵਾਵਾਂ ਲਈ ਅਸਲਾਨ ਕੰਪਿਊਟਰ ਸਿਸਟਮ ਦੇ 'ਜੇ' ਨਾਲ 780-437-9504 Ext 222, ਟੋਲ ਫ੍ਰੀ 1-888-275-2647 'ਤੇ ਸੰਪਰਕ ਕਰੋ। ਇਸ ਤੋਂ ਇਲਾਵਾ ਤੁਸੀਂ 'ਜੇ' ਦੀ ਈਮੇਲ jaybeem@aslan.ab.ca 'ਤੇ ਵੀ ਸੰਪਰਕ ਕਰ ਸਕਦੇ ਹੋ।

****



### ਦੋ ਕਾਰਾਂ ਵਿਕਾਊ



ਬਹੁਤ ਹੀ ਵਧੀਆ ਹਾਲਤ ਵਿਚ 2007 Dodge Grand Caravan ਅਤੇ 2005 Chrysler ਵਿਕਾਊ ਹਨ। ਹੋਰ ਜਾਣਕਾਰੀ ਲਈ ਸੰਪਰਕ ਕਰੋ : 780-566-8532

## NANNY Requried at Calgary

### ਕੈਲਗਰੀ ਵਿਖੇ ਨੈਨੀ ਦੀ ਜ਼ਰੂਰਤ

ਰਿਹਾਇਸ਼ ਦਾ ਪ੍ਰਬੰਧ ਹੋਵੇਗਾ

Professional couple looking for a Nanny/Baby sitter for their 14 month old son. Generous compensation will be provided. If interested, please contact Charanpreet Kahlon @ 403-801-4024 or e-mail : chinubains@hotmail.com

# ਗੁਰਚਰਨਜੀਤ ਸਿੰਘ 'ਬੱਬੂ' ਦੇ ਗੀਤ



ਗੁਰਚਰਨਜੀਤ ਸਿੰਘ 'ਬੱਬੂ'
780-676-0071

ਗੁਰੂਆਂ ਪੀਰਾਂ ਦੀ ਧਰਤੀ 'ਤੇ ਵਸਦੇ ਲੋਕ ਅਨੇਕਾਂ,
ਪਰ ਮਾਰਨ ਧੀਆਂ ਕੁੱਖਾਂ ਵਿੱਚ ਜਿਹੜੇ ਪਾਸੇ ਵੇਖਾਂ,
ਧੀਆਂ ਤੋਂ ਬਿਨਾਂ ਕੀ ਦੁਨੀਆ ਦੀ ਦਸੋ ਬੁਨਿਆਦ
ਲੋਕੋ ਨਾ ਮਾਰੋ, ਧੀਆਂ ਨੂੰ ਨਾ ਮਾਰੋ, ਸੁਣ ਲਵੋ ਫਰਿਆਦ।

ਜਿਹੜਾ ਵੇਲਾ ਅੱਗੇ ਆਉਣਾ ਸੋਚੋ ਉਹਦੇ ਬਾਰੇ,
ਧੀਆਂ ਨੂੰ ਵੀ ਪਿਆਰ ਕਰੋ ਜੇ ਪੁੱਤਰ ਨੇ ਪਿਆਰੇ,
ਧੀਆਂ ਨਾਲ ਨੇ ਵਸਦੇ ਰਿਸ਼ਤੇ ਬਿਨ ਧੀਆਂ ਸਭ ਬਰਬਾਦ
ਲੋਕ ਨਾ ਮਾਰੋ........

ਧੀਆਂ ਦੇ ਨਾਲ ਨੇ ਵਸਦੇ ਜਹਾਨ, ਬਿਨ ਧੀਆਂ ਸਭ ਬੀਆਬਾਨ,
ਧੀਆਂ ਹੀ ਰਹੀਆਂ ਨਾ ਜਦ ਜੱਗ 'ਤੇ, ਕਿਥੋਂ ਦਸੋਂ ਆਉਣੀ ਸੰਤਾਨ।
ਇਹ ਦੁਨੀਆ ਫੁੱਲਾਂ ਦੀ ਫੁਲਵਾੜੀ ਧੀਆਂ ਨੇ ਰੱਖੀ ਆਬਾਦ।
ਲੋਕ ਨਾ ਮਾਰੋ.......

ਇਕ ਧੀ ਸੀ ਮਾਈ ਭਾਗੋ ਜਿਸ ਨੇ ਦੁਸ਼ਮਣ ਨੂੰ ਸੀ ਮਾਰ ਭਜਾਇਆ,
ਇਕ ਧੀ ਸੀ ਝਾਂਸੀ ਦੀ ਰਾਣੀ, ਜਿਸ ਨੇ ਸੀ ਰਾਜ ਚਲਾਇਆ,
ਉਨ੍ਹਾਂ ਬਲੀਦਾਨਾਂ ਨੂੰ ਅੱਜ ਕਰ ਲਵੋ ਤੁਸੀਂ ਯਾਦ।
ਲੋਕ ਨਾ ਮਾਰੋ.....

ਜਾਗੋ ਸਾਰੇ ਹੋਇਆ ਸਵੇਰਾ ਕਾਹਤੋਂ ਤੁਸੀਂ ਕੀਤਾ ਏ ਹਨੇਰਾ
ਧੀਆਂ ਪੁੱਤਰਾਂ ਵਿੱਚ ਫਰਕ ਨਾ ਕੋਈ ਕਾਹਦਾ ਏ ਇਹ ਝਗੜਾ ਝੇੜਾ
'ਬੱਬੂ' ਇਹ ਧੀਆਂ ਨੇ ਸਭ ਤੋਂ ਅੱਗੇ ਬਾਕੀ ਸਭ ਹੈ ਬਾਅਦ।
ਲੋਕੋ ਨਾ ਮਾਰੋ.....

## ਉਹ ਘਰ ਕਰਮਾਂ ਵਾਲਾ ਜਿਹੜੇ ਘਰ ਵਿਚ ਧੀਆਂ ਹੋਣ

ਕੀ ਹੋਇਆ ਜੇ ਧੀ ਜੰਮੀ, ਕੁੱਖ ਤਾਂ ਸੁਲੱਖਣੀ ਹੋਈ,
ਕਿਹੜੀ ਗੱਲੋਂ ਮੱਥੇ ਵਿੱਚ ਵੱਟ, ਧੀ ਪੁੱਤ ਵਿੱਚ ਫਰਕ ਨਾ ਕੋਈ
ਫੁਲ ਕਲੀਆਂ ਤੋਂ ਵੀ ਵੱਧ ਕੇ ਮਹਿਕਾਂ ਖਿੰਡਾਉਣ
ਉਹ ਘਰ ਕਰਮਾਂ ਵਾਲਾ ਜਿਹੜੇ ਘਰ ਵਿਚ ਧੀਆਂ ਹੋਣ,

ਰੌਣਕ ਘਰਾਂ ਦੀਆਂ ਹੁੰਦੀਆਂ ਨੇ ਇਨ੍ਹਾਂ ਨੂੰ ਨਾ ਮਾਰੋ
ਧੀ ਤਾਂ ਰੱਬ ਦਾ ਰੂਪ ਹੈ ਹੁੰਦੀ, ਇਹਨੂੰ ਨਾ ਵਿਸਾਰੋ।
ਉਹ ਘਰ ਕਰਮਾਂ.......

ਰੱਬਾ ਤੇਰੀ ਦਿੱਤੀ ਦਾਤ ਨਿਆਰੀ
ਧੀ ਮੇਰੀ ਮੈਨੂੰ ਜਾਨੋ ਪਿਆਰੀ
ਬਾਬਲ ਦੇ ਸੁੱਖਾਂ ਲਈ ਰੱਬ ਨੂੰ ਇਹ ਧਿਆਉਣ
ਉਹ ਘਰ ਕਰਮਾਂ......

ਦੁੱਖ ਨਾ ਦਿਲ ਦੇ ਦਸਦੀਆਂ ਇਹ ਰਹਿਣ ਹਮੇਸ਼ਾ ਹਸਦੀਆਂ ਇਹ,
ਜਿਹੜੇ ਲੜ ਲਾ ਕੇ ਤੋਰ ਦੇਂਦੇ, ਉਹਦੇ ਨਾਲ ਜਾ ਵਸਦੀਆਂ ਇਹ,
ਫਿਰ ਵੀ ਪਤਾ ਨਹੀਂ ਕਿਉਂ ਦੁਨੀਆ 'ਤੇ ਮਾੜਾ ਕਹਾਉਣ
ਉਹ ਘਰ ਕਰਮਾਂ ਵਾਲਾ...

ਦਾਜ ਦੇ ਲੋਭੀਆਂ ਕਰ ਕੇ ਧੀਆਂ ਨੂੰ ਜਮਾਣੋਂ ਡਰਦੇ ਨੇ,
ਇਸੇ ਡਰ ਦੇ ਮਾਰੇ ਲੋਕੀ ਕਤਲ ਧੀਆਂ ਦਾ ਕਰਦੇ ਨੇ,
'ਬੱਬੂ' ਦੀ ਅਰਜ ਹੈ ਇਹ ਲੰਮੀਆਂ ਉਮਰਾਂ ਜਿਊਣ
ਉਹ ਘਰ ਕਰਮਾਂ.....

---

ਜੋ ਗੱਲ ਵੀ ਕਰਦੇ ਨਹੀਂ
ਜੋ ਕੋਲ ਵੀ ਖੜਦੇ ਨਹੀਂ
ਸਾਰੇ ਭੈੜੇ ਲਗਦੇ ਨੇ,
ਫਿਰ ਸੱਜਣਾਂ ਨੂੰ ਠੱਗਦੇ ਨੇ।

ਹਰ ਬੰਦਾ ਮਤਲਵ ਖੋਰ ਹੈ,
ਵੇ ਹਰ ਦਿਲ ਅੰਦਰ ਚੋਰ ਹੈ,
ਜੋ ਝੂਠ ਅੱਗੇ ਗੱਜਦੇ ਨੇ,
......

---





City Estates

All Types of Property, Plots & Kothis available for Sale & Purchase in Chandigarh/Mohali/ Panchkula.

ਮੋਹਾਲੀ, ਚੰਡੀਗੜ੍ਹ, ਪੰਚਕੂਲਾ 'ਚ ਜਾਇਦਾਦ ਖਰੀਦਣ ਤੇ ਵੇਚਣ ਲਈ ਇਕ ਭਰੋਸੇਯੋਗ ਨਾਂ

For More Info Contact: SCO 123, Phase 7, Mohali (Punjab)
011 91 98147 11263 or 011 91 98729 73304

## ਭਾਰਤ 'ਚ ਤਲਾਕਾਂ 'ਚ ਭਾਰੀ ਵਾਧਾ

# ਕੀ ਦਰਸਾਉਂਦੇ ਹਨ ਇਹ ਵਧ ਰਹੇ ਤਲਾਕ?

ਸੁਖਦੇਵ

ਨੈਸ਼ਨਲ ਕਰਾਈਮ ਬਿਉਰੋ ਅਤੇ ਭਾਰਤੀ ਅਦਾਲਤਾਂ ਦੇ ਅੰਕੜਿਆਂ ਅਨੁਸਾਰ ਪਿਛਲੇ ਲਗਭਗ ਡੇਢ ਦਹਾਕੇ ਦੌਰਾਨ ਭਾਰਤ ਦੇ ਮਹਾਂਨਗਰਾਂ ਅਤੇ ਵੱਖ ਵੱਖ ਰਾਜਾਂ ਵਿਚ ਵਿਆਹੇ ਜੋੜਿਆਂ ਵਿਚ ਤਲਾਕ ਦੇ ਰੁਝਾਨ 'ਚ ਤਿੱਖਾ ਵਾਧਾ ਹੋਇਆ ਹੈ। ਇਨ੍ਹਾਂ ਅੰਕੜਿਆਂ ਅਨੁਸਰ ਰਾਜਧਾਨੀ ਦਿੱਲੀ ਦੀਆਂ ਅਦਾਲਤਾਂ ਵਿਚ ਹਰ ਸਾਲ ਤਲਾਕ ਦੇ 9000 ਕੇਸ ਦਾਖਲ ਹੁੰਦੇ ਹਨ, ਜਦਕਿ 1990ਵਿਆਂ 'ਚ ਮਹਿਜ਼ ਇਕ ਜਾਂ ਦੋ ਕੇਸ ਹੀ ਦਾਖ਼ਲ ਹੁੰਦੇ ਸਨ। ਇਸ ਤਰ੍ਹਾਂ ਰਾਜਧਾਨੀ ਵਿਚ 1990 ਤੋਂ ਬਾਅਦ ਤਲਾਕ ਦੇ ਮਾਮਲਿਆਂ ਵਿਚ ਲਗਭਗ 10 ਗੁਣਾਂ ਵਾਧਾ ਹੋਇਆ ਹੈ। ਚੇਨਈ ਅਤੇ ਕੋਲਕਾਤਾ ਵਿਚ ਤਲਾਕ ਦੇ ਮਾਮਲਿਆਂ ਵਿਚ ਸਾਲਾਨਾ 200ਫੀਸਦੀ ਵਾਧਾ ਹੋ ਰਿਹਾ ਹੈ। ਇਹ ਰੁਝਾਨ ਸਿਰਫ਼ ਮਹਾਂਨਗਰਾਂ ਤਕ ਹੀ ਸੀਮਤ ਨਹੀਂ ਸਗੋਂ ਛੋਟੇ ਸ਼ਹਿਰਾਂ ਅਤੇ ਕਸਬਿਆਂ ਨੂੰ ਵੀ ਆਪਣੀ ਲਪੇਟ ਵਿਚ ਰਹਿ ਰਿਹਾ ਹੈ। ਵਧ ਰਹੇ ਤਲਾਕਾਂ ਦੇ ਕੇਸਾਂ ਨਾਲ ਨਿਪਟਣ ਲਈ ਸਿਰਫ਼ ਦਿੱਲੀ ਵਿਚ ਹੀ ਪੰਜ ਵਿਸ਼ੇਸ਼ ਅਦਾਲਤਾਂ, ਜਿਨ੍ਹਾਂ ਵਿਚੋਂ ਹਰ ਇਕ ਵਿਚ ਇਕ ਵਧੀਕ ਸੈਸ਼ਨ ਜੱਜ ਹੋਵੇਗਾ, ਸਥਾਪਤ ਕੀਤੀਆਂ ਗਈਆਂ ਹਨ।

ਭਾਰਤ ਵਿਚ ਤਲਾਕਾਂ ਦੇ ਵਰਤਾਰੇ ਨੇ 1990ਵਿਆਂ ਤੋਂ ਜੋਰ ਫੜਿਆ ਹੈ ਤੇ ਹਾਲਤ ਇਹ ਬਣ ਚੁੱਕੇ ਹਨ ਕਿ ਇਥੇ ਲੋਕ ਵਿਆਹ ਤੋਂ ਹੀ ਤੌਬਾ ਕਰ ਰਹੇ ਹਨ। ਵਿਕਸਿਤ ਪੂੰਜੀਵਾਦੀ ਦੇਸ਼ਾਂ ਦੀ ਤਰਜ਼ 'ਤੇ ਹੀ ਤੀਸਰੀ ਦੁਨੀਆ ਦੇ ਪਛੜੇ ਦੇਸ਼ਾਂ ਦੇ ਮਹਾਂਨਗਰਾਂ 'ਚ ਵੀ ਨੌਜਵਾਨ ਜੋੜੇ ਬਿਨ੍ਹਾਂ ਵਿਆਹ ਤੋਂ ਇਕੱਠੇ ਰਹਿਣ ਨੂੰ ਤਰਜੀਹ ਦੇਣ ਲੱਗੇ ਹਨ। ਇਹ ਬੱਚੇ ਪੈਦਾ ਕਰਨ ਅਤੇ ਉਨ੍ਹਾਂ ਦੀ ਪਰਵਿਸ਼ ਨੂੰ ਫ਼ਾਲਤੂ ਦਾ ਝੰਜਟ ਸਮਝਦੇ ਹਨ। ਇਨ੍ਹਾਂ ਦੇ ਵਿਆਹ ਤੋਂ ਬੇਮੁੱਖ ਹੋਣ ਦਾ ਇਕ ਕਾਰਨ ਇਹ ਵੀ ਹੈ ਕਿ ਜੇਕਰ ਵਿਆਹ ਤੋਂ ਬਾਅਦ ਨਾ ਨਿਭੀ ਤਾਂ ਤਲਾਕ ਲੈਣ ਲਈ ਕੋਰਟਾਂ 'ਚ ਧੱਕੇ ਖਾਣੇ ਪੈਂਦੇ ਹਨ। ਇਸ ਸਾਰੇ ਖਲਜਗਣ ਤੋਂ ਬਚਣ ਦਾ ਇਨ੍ਹਾਂ ਨੇ ਇਕ ਤਰੀਕਾ ਕੱਢਿਆ ਹੈ ਕਿ ਬਿਨਾਂ ਵਿਆਹ ਦੇ ਹੀ ਇਕੱਠੇ ਰਿਹਾ ਜਾਵੇ। ਵਿਆਹ ਦੀ ਸੰਸਥਾ ਦੀ ਪਵਿੱਤਰਤਾ ਅਤੇ ਜ਼ਰੂਰਤ ਉਪਰ ਹੀ ਸਵਾਲ ਉਠਾਉਣ ਵਾਲਿਆਂ ਦੀ ਸੰਖਿਆ ਵੀ ਵਧ ਰਹੀ ਹੈ। ਅੰਗਰੇਜ਼ੀ ਅਖ਼ਬਾਰ 'ਦੀ ਟ੍ਰਿਬਿਊਨ' ਵਿਚ ਛਪੇ ਇਕ ਲੇਖ ਵਿਚ ਭਾਰਤ ਵਿਚ ਤਲਾਕਾਂ ਦੀ ਸੰਖਿਆ ਵਿੱਚ ਤਿੱਖੇ ਵਾਧੇ ਦੇ ਕਾਰਨਾਂ ਬਾਰੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਸਮਾਜ ਵਿਗਿਆਨੀ ਸਤੁਤੀ ਦਾਸ ਦੱਸਦੇ ਹਨ, "ਅੱਜ ਕਲ ਇਸਤਰੀਆਂ ਵੀ ਬਰਾਬਰ ਕਮਾਈ ਕਰ ਰਹੀਆਂ ਹਨ। ਜੇਕਰ ਇਸ ਤਰ੍ਹਾਂ ਨਹੀਂ ਹੁੰਦਾ ਤਾਂ ਉਹ ਸਬੰਧ ਤੋੜ ਦਿੰਦੀਆਂ ਹਨ....। ਅਤੇ ਆਰਥਿਕ ਸਸ਼ਕਤੀਕਰਨ ਦੀ ਬਦੌਲਤ ਇਸਤਰੀਆਂ ਪਹਿਲਾਂ ਵਾਂਗ ਅਸੁਰੱਖਿਅਤ ਮਹਿਸੂਸ ਨਹੀਂ ਕਰਦੀਆਂ, ਪਹਿਲਾਂ ਉਹ ਪੂਰੀ ਤਰ੍ਹਾਂ ਪਿਤਾ-ਪਤੀ-ਪੁੱਤਰ ਦੀ ਤਿੱਕੜੀ 'ਤੇ ਨਿਰਭਰ ਸਨ।" ਇਸੇ ਲੇਖ ਦੀ ਲੇਖਕਾ ਨੀਤਾ ਲਾਲ ਦਾ ਕਹਿਣਾ ਹੈ ਕਿ "ਵਿਆਹ ਸਲਾਹਕਾਰ ਕਹਿੰਦੇ ਹਨ ਕਿ ਅੱਜਕਲ ਜ਼ਿਆਦਾਤਰ ਤਲਾਕ ਮੁੱਖ ਤੌਰ 'ਤੇ ਦੋ ਕਾਰਨਾਂ ਕਰ ਕੇ ਹੋ ਰਹੇ ਹਨ-ਕੁਜੋੜ ਅਤੇ ਵਿਭਚਾਰ।"

ਭਾਰਤ ਵਿਚ ਵਧ ਰਹੇ ਤਲਾਕਾਂ ਦੇ ਉਪਰ ਦੱਸੇ ਗਏ ਕਾਰਨਾਂ ਵਿਚ ਸੱਚਾਈ ਤਾਂ ਹੈ ਪਰ ਅੰਸ਼ਕ। ਇਸ ਲਈ ਜ਼ਰੂਰੀ ਹੈ ਕਿ ਇਨ੍ਹਾਂ ਕਾਰਨਾਂ ਦੇ ਕਾਰਨਾਂ ਨੂੰ ਵੀ ਸਮਝਿਆ ਜਾਵੇ। ਮਸਲੇ ਦੀ ਜੜ੍ਹ ਤਕ ਜਾਇਆ ਜਾਵੇ। ਭਾਰਤ ਜਿਹੇ ਪੱਛੜੇ ਪੂੰਜੀਵਾਦੀ ਦੇਸ਼ਾਂ ਵਿਚ ਅਜੇ ਵੀ ਜਗੀਰੂ ਸਭਿਆਚਾਰ ਦਾ ਬੋਲਬਾਲਾ ਹੈ, ਨੌਜਵਾਨ ਲੜਕੇ-ਲੜਕੀਆਂ ਆਪਣਾ ਮਨਪਸੰਦ ਜੀਵਨ ਸਾਥੀ ਚੁਣਨ ਦੇ ਹੱਕ ਤੋਂ ਵੀ ਵਾਂਝੇ ਹਨ। ਭਾਵੇਂ ਪਿਛਲੇ ਕੁੱਝ ਸਮੇਂ ਤੋਂ ਪਿਆਰ ਵਿਆਹਾਂ ਦਾ ਰੁਝਾਨ ਵਧਿਆ ਹੈ, ਖਾਸ ਕਰ ਕੇ ਸ਼ਹਿਰਾਂ ਵਿਚ ਪਰ ਅਜੇ ਵੀ ਅਜਿਹੇ ਵਿਆਹਾਂ ਦੀ ਸੰਖਿਆ ਆਟੇ 'ਚ ਲੂਣ ਬਰਾਬਰ ਹੀ ਹੈ। ਵਿਆਹ ਜ਼ਿਆਦਾਤਰ ਵਡੇਰਿਆਂ ਦੁਆਰਾ ਤੈਅ ਕੀਤੇ ਜਾਂਦੇ ਹਨ, ਇਕ ਦੂਜੇ ਤੋਂ ਪੂਰੀ ਤਰ੍ਹਾਂ ਅਣਜਾਣ ਦੋ ਵਿਅਕਤੀਆਂ ਨੂੰ ਜ਼ਿੰਦਗੀ ਭਰ ਲਈ ਆਪਸ ਵਿਚ ਨਰੜ ਦਿਤਾ ਜਾਂਦਾ ਹੈ। ਪਿਛਲੇ ਕੁੱਝ ਸਮੇਂ ਵਿਚ ਇਸ ਰੀਤ ਵਿਚ ਇਨ੍ਹਾਂ ਕੁ ਫਰਕ ਪਿਆ ਹੈ ਕਿ ਵਿਆਹ ਤੋਂ ਪਹਿਲਾਂ ਲੜਕਾ ਲੜਕੀ ਇਕ ਦੂਜੇ ਨੂੰ ਦੇਖ ਲੈਂਦੇ ਹਨ ਤੇ ਕੁੱਝ ਗੱਲਬਾਤ ਕਰ ਲੈਂਦੇ ਹਨ। ਇਹ ਦੇਖਣਾ-ਦਿਖਾਉਣਾ ਵੀ ਬੇਹੱਦ ਘਟੀਆ ਅਤੇ ਮਨੁੱਖੀ ਗੌਰਵ ਦਾ ਅਪਮਾਨ ਹੈ। ਲੜਕੇ ਵਾਲੇ ਲੜਕੀ ਨੂੰ ਦੇਖਣ ਜਾਂਦੇ ਹਨ। ਲੜਕੇ ਦੁਆਰਾ ਵਾਸਨਾ ਭਰਪੂਰ ਨਜ਼ਰਾਂ ਨਾਲ ਲੜਕੀ ਦੇ ਜਿਸਮ ਦੀ ਤਲਾਸ਼ੀ ਲਈ ਜਾਂਦੀ ਹੈ। ਜੇ ਲੜਕੀ ਦਾ 'ਸੁਹੱਪਣ' ਲੜਕੇ ਅਤੇ ਉਸ ਦੇ ਸਕੇ ਸਬੰਧੀਆਂ ਨੂੰ ਪਸੰਦ ਆ ਜਾਵੇ, ਦਾਜ ਵੀ ਤੈਅ ਹੋ ਜਾਵੇ ਤਾਂ ਵਿਆਹ ਰੂਪੀ ਸੌਦਾ ਸਿਰੇ ਚੜ੍ਹ ਜਾਂਦਾ ਹੈ। ਇਸ ਤਰ੍ਹਾਂ ਕੁਜੋੜ ਬਣਦੇ ਹਨ। ਜੇਕਰ ਤਲਾਕ ਕਾਨੂੰਨਾਂ ਦੇ ਹੋਂਦ ਵਿਚ ਆਉਣ ਤੋਂ ਬਾਅਦ ਲੜਕੀਆਂ ਦੇ ਪੜ੍ਹ ਲਿਖ ਜਾਣ ਅਤੇ ਆਰਥਿਕ ਤੌਰ 'ਤੇ ਆਤਮ ਨਿਰਭਰ ਹੋ ਜਾਣ ਦੇ ਸਿੱਟੇ ਵਜੋਂ ਇਹ ਕੁਜੋੜ ਟੁੱਟ ਰਹੇ ਹਨ ਤਾਂ ਇਹ ਇਕ ਸਾਰਥਕ ਗੱਲ ਹੈ। ਇਸ ਦਾ ਸਵਾਗਤ ਹੀ ਕੀਤਾ ਜਾਣਾ ਚਾਹੀਦਾ ਹੈ।



ਜਗੀਰੂ ਯੁੱਗ ਧਰਮ ਕੇਂਦਰਤ ਯੁੱਗ ਸੀ। ਇਥੇ ਮਨੁੱਖ ਦੀਆਂ ਸਭ ਗਤੀਵਿਧੀਆਂ 'ਤੇ ਰਾਜੇ ਰਜਵਾੜਿਆਂ, ਧਰਮ, ਧਰਮ ਗੁਰੂਆਂ (ਜੋ ਕਈ ਮਾਮਲਿਆਂ ਵਿਚ ਜਗੀਰਦਾਰ ਵੀ ਹੁੰਦੇ ਸਨ) ਦਾ ਮੁਕੰਮਲ ਗਲਬਾ ਸੀ। ਇਸਤਰੀ ਨੂੰ ਤਲਵਾਰ ਦੇ ਜ਼ੋਰ ਨਾਲ ਹਾਸਲ ਕੀਤਾ ਜਾਂਦਾ ਸੀ। ਸੰਪਤੀਵਾਨ ਲਈ ਵਿਆਹ ਕਰਾਉਣਾ ਸਿਰਫ਼ ਇਸ ਲਈ ਜ਼ਰੂਰੀ ਸੀ ਤਾਂ ਕਿ ਉਨ੍ਹਾਂ ਦੀ ਜਾਇਦਾਦ ਉਨ੍ਹਾਂ ਦੀ ਆਪਣੀ ਸੰਤਾਨ ਨੂੰ ਮਿਲੇ। ਇਨ੍ਹਾਂ ਘਰਾਂ ਵਿਚ ਜਾਇਦਾਦ ਦੇ ਜਾਇਜ਼ ਵਾਰਿਸ ਪੈਦਾ ਕਰਨ ਤੋਂ ਵੱਧ ਇਸਤਰੀ ਦੀ ਕੋਈ ਹੈਸੀਅਤ ਨਹੀਂ ਸੀ। ਜਗੀਰਦਾਰ ਤਾਕਤ ਦੇ ਜ਼ੋਰ 'ਤੇ ਕਿਸੇ ਵੀ ਇਸਤਰੀ ਨੂੰ ਹਾਸਲ ਕਰ ਸਕਦੇ ਸਨ। ਪੂੰਜੀਵਾਦ ਅਤੇ ਪੂੰਜੀਵਾਦੀ ਜਮਹੂਰੀਅਤ ਦੇ ਉਦੇ ਨਾਲ ਪ੍ਰੇਮ ਦਾ ਉਦੇ ਹੋਇਆ, ਇਸਤਰੀਆਂ ਅਪਣੇ ਮਨਪਸੰਦ ਜੀਵਨ ਸਾਥੀ ਦੀ ਚੋਣ ਲਈ ਆਜ਼ਾਦ ਹੋਈਆਂ। ਸਮਾਂ ਪਾ ਕੇ ਪੂੰਜੀਵਾਦੀ ਸਮਾਜਾਂ ਵਿਚ ਇਸਤਰੀ ਪੁਰਸ਼ ਸਬੰਧ ਵਿਚ ਕਿਸੇ ਤੀਸਰੇ ਵਿਅਕਤੀ ਦਾ ਦਖਲ ਘਟ ਤੋਂ ਘੱਟ ਹੁੰਦਾ ਗਿਆ। ਵਿਆਹ ਸਬੰਧ ਹੁਣ ਸਿਰਫ਼ ਇਸਤਰੀ ਪੁਰਸ਼ ਦੇ ਆਪਸੀ ਪ੍ਰੇਮ ਅਤੇ ਪਸੰਦ ਨਾਪਸੰਦ 'ਤੇ ਅਧਾਰਤ ਹੋ ਗਏ। ਵਿਕਸਿਤ ਪੂੰਜੀਵਾਦੀ ਦੇਸ਼ਾਂ ਵਿਚ ਜ਼ੋਰ ਜ਼ਬਰਦਸਤੀ ਜਾਂ ਵਡੇਰਿਆਂ ਦੁਆਰਾ ਤੈਅਸ਼ੁਦਾ ਵਿਆਹ ਦੀ ਕਲਪਣਾ ਤਕ ਕਰ ਸਕਣਾ ਮੁਸ਼ਕਲ ਹੈ। ਪਰ ਭਾਰਤ ਜੇਹੇ ਪਿਛੜੇ ਪੂੰਜੀਵਾਦੀ ਦੇਸ਼ਾਂ ਵਿਚ ਅਜੇ ਵੀ ਜਗੀਰੂ ਕਦਰਾਂ ਕੀਮਤਾਂ ਦਾ ਬੋਲਬਾਲਾ ਹੈ ਪਰ ਜਿਥੇ ਵਿਆਹਾਂ ਵਿਚ ਕੋਈ ਜ਼ੋਰ ਜ਼ਬਰਦਸਤੀ ਨਹੀਂ ਕੀਤੀ ਜਾਂਦੀ, ਭਾਵ ਅਖੌਤੀ ਪਿਆਰ ਵਿਆਹ ਵੀ ਤਾਂ ਨਹੀਂ ਟਿਕ ਰਹੇ। ਅਜਿਹੇ ਵਿਆਹਾਂ ਦੇ ਮਾਮਲਿਆਂ ਵਿਚ ਵੀ ਤਲਾਕ ਘੱਟ ਨਹੀਂ ਹੋ ਰਹੇ। ਕਾਰਨ ਇਹ ਹੈ ਕਿ ਅੱਜ ਦੇ ਪੂੰਜੀਵਾਦੀ ਸਮਾਜਾਂ ਵਿਚ ਪੂੰਜੀ ਨੇ ਸਮੁੱਚੇ ਮਨੁੱਖੀ ਸਬੰਧਾਂ ਉਪਰ ਆਪਣਾ ਗਲਬਾ ਕਾਇਮ ਕਰ ਲਿਆ ਹੈ। ਕਿਉਂਕਿ ਵਿਆਹ ਸਬੰਧ ਉਤਪਾਦਨ ਸਬੰਧਾਂ ਦੇ ਅਨੁਸਾਰੀ ਹੁੰਦੇ ਹਨ, ਇਸ ਲਈ ਅੱਜ ਦੇ ਪੂੰਜੀਵਾਦੀ ਸਮਾਜਾਂ ਵਿਚ ਵਿਆਹ ਪੂੰਜੀ ਵਧਾਉਣਾ ਦਾ ਜ਼ਰੀਆ ਹਨ। ਇਹ ਸ਼ੁੱਧ ਰੂਪ ਵਿਚ ਇਕ ਸੌਦੇਬਾਜ਼ੀ, ਇਕ ਵਣਜ ਹੈ। ਇਹ ਅਸਲ ਵਿਚ ਦੋ ਪੂੰਜੀਆਂ ਦਰਮਿਆਨ 'ਜੁਆਇੰਟ ਵੈਂਚਰ' ਹੈ। ਮਹਾਨ ਜਰਮਨ ਫਿਲਾਸਫ਼ਰ ਫਰੈਡਰਿਕ ਏਂਗਲਜ਼ ਜਗੀਰੂ ਸਮਾਜਾਂ ਦੇ ਪੂੰਜੀਵਾਦੀ ਸਮਾਜਾਂ ਵਿਚ ਰੂਪਾਂਤਰਣ ਵਜੋਂ ਮਨੁੱਖੀ ਸਬੰਧਾਂ ਵਿਚ ਆਏ ਬਦਲਾਵਾਂ ਬਾਰੇ ਲਿਖਦੇ ਹਨ : "ਸਰਮਾਏਦਾਰ ਅਧਾਰ ਉਤੇ ਸਨਅਤ ਦੇ ਵਿਕਾਸ ਨੇ ਕਿਰਤੀ ਜਨਤਾ ਦੀ ਗਰੀਬੀ ਅਤੇ ਦੁਰਦਸ਼ਾ ਨੂੰ ਸਮਾਜ ਦੀ ਹੋਂਦ ਦੀ ਅਵਸਥਾ ਬਣਾ ਦਿਤਾ। ਵਰ੍ਹੇ ਦੇ ਵਰ੍ਹੇ ਜੁਰਮਾਂ ਦੀ ਗਿਣਤੀ ਵਧਦੀ ਗਈ। ਪਹਿਲੀਆਂ ਵਿਚ ਜਗੀਰੂ ਐਬ ਦਿਨ ਦਿਹਾੜੇ ਛਾਤੀ ਤਾਣ ਕੇ ਚਲਦੇ ਸਨ, ਭਾਵੇਂ ਉਨ੍ਹਾਂ ਦਾ ਅੰਤ ਨਾ ਹੋਇਆ ਪਰ ਉਹ ਪਿਛੋਕੜ ਵਿਚ ਧੱਕ ਦਿਤੇ ਗਏ। ਉਨ੍ਹਾਂ ਦੀ ਥਾਂ ਬੁਰਜੂਆ ਐਬ ਜਿਹੜੇ ਹੁਣ ਤਕ ਚੋਰੀ ਚੋਰੀ ਕੀਤੇ ਜਾਂਦੇ ਸਨ, ਖੁਲ੍ਹਮ ਖੁਲ੍ਹਾ ਪ੍ਰਫ਼ੁੱਲਤ ਹੋਣ ਲੱਗ ਪਏ। ਵਪਾਰ ਵਧੇਰੇ ਹੱਦ ਤਕ ਧੋਖੇਬਾਜ਼ੀ ਬਣ ਗਿਆ। ਜਬਰ ਤੇ ਦਾਬੇ ਦੀ ਥਾਂ ਭ੍ਰਿਸ਼ਟਾਚਾਰ ਨੇ ਲੈ ਲਈ। ਨਵੀਂ ਵਿਆਹੁਤਾ ਨਾਲ ਪਹਿਲੀ ਰਾਤ ਬਿਤਾਉਣ ਦਾ ਹੱਕ ਜਗੀਰੂ ਰਾਠਾਂ ਦੀ ਥਾਂ ਬੁਰਜੂਆ ਕਾਰਖ਼ਾਨੇਦਾਰਾਂ ਨੂੰ ਪ੍ਰਾਪਤ ਹੋ ਗਿਆ।" ਅੱਜ ਦੇ ਪੂੰਜੀਵਾਦੀ ਸੰਸਾਰ ਵਿਚ ਇਸਤਰੀ ਪੁਰਸ਼ ਇਸ ਲਈ ਵਿਆਹ ਸਬੰਧਾਂ ਵਿਚ ਨਹੀਂ ਬਝਦੇ ਕਿ ਉਹ ਇਕ ਦੂਜੇ ਨੂੰ ਪਿਆਰ ਕਰਦੇ ਹਨ, ਇਕ ਦੂਜੇ ਪ੍ਰਤੀ ਗਹਿਰੀਆਂ ਭਾਵਨਾਵਾਂ ਰਖਦੇ ਹਨ, ਸਗੋਂ ਨਿਰੋਲ ਇੰਦਰੀਆਵੀ ਭੋਗ ਅਤੇ ਪੂੰਜੀ 'ਚ ਵਾਧਾ ਵਿਆਹ ਦੇ ਅਧਾਰ ਬਣ ਚੁੱਕੇ ਹਨ। ਇਹ ਵਿਆਹ ਸਮਾਜਕ ਰੂਪ ਵਿਚ ਪ੍ਰਵਾਨਤ ਵੇਸਵਾਗਮਨੀ ਦਾ ਇਕ ਰੂਪ ਅਤੇ ਵਿਭਚਾਰ ਦੇ ਅੱਡੇ ਹਨ। ਫਰਾਂਸੀਸੀ ਨਾਵਲਕਾਰ ਫਲਾਬੇਅਰ ਦਾ ਕਹਿਣਾ ਹੈ ਕਿ ਆਮ ਤੌਰ 'ਤੇ 95 ਫੀਸਦੀ ਵਿਆਹੇ ਜੋੜੇ ਬੇਵਫ਼ਾ ਹੁੰਦੇ ਹਨ। ਜਿਥੇ ਵਿਆਹ ਜੋੜੇ ਬੇਵਫ਼ਾਈ ਨਹੀਂ ਵੀ ਕਰਦੇ ਉਥੇ ਵੀ ਜ਼ਿਆਦਾਤਰ ਮਾਮਲਿਆਂ ਵਿਚ ਇਸ ਦੀ ਵਜ੍ਹਾ ਇਕ ਦੂਸਰੇ ਪ੍ਰਤੀ ਪਿਆਰ ਦੀਆਂ ਭਾਵਨਾਵਾਂ ਨਹੀਂ ਸਗੋਂ ਹੋਰ ਕਾਰਨ ਹੁੰਦੇ ਹਨ, ਜਿਵੇਂ ਕਿ ਸਮਾਜਿਕ ਨਮੋਸ਼ੀ ਦਾ ਡਰ, ਆਰਥਿਕ ਅਸੁਰੱਖਿਆ, ਧਰਮ ਗ੍ਰੰਥਾਂ ਵਲੋਂ ਸਿਰਜਿਆ ਕਲਪਿਤ ਭੈਅ ਆਦਿ। ਰੂਸੀ ਲੇਖਕ ਤਾਲਸਤਾਏ ਨੇ ਅਪਣੇ ਨਾਵਲੈੱਟ 'ਕਰੂਜ਼ਰ ਸੋਨਾਟਾ' ਵਿਚ ਇਸ ਤਰ੍ਹਾਂ ਦੇ ਵਿਆਹਾਂ ਦੀ ਗੰਦਗੀ ਦਾ ਬਾਖ਼ੂਬੀ ਪਰਦਾਫ਼ਾਸ਼ ਕੀਤਾ ਹੈ। ਉਸ ਨੇ ਸੰਪਤੀ ਅਤੇ 'ਯੌਨ ਪ੍ਰੇਮ' ਅਧਾਰਤ ਇਨ੍ਹਾਂ ਵਿਆਹਾਂ ਤੋਂ ਪਵਿੱਤਰਤਾ, ਨੈਤਿਕਤਾ, ਪਿਆਰ ਦੇ ਪਾਖੰਡ ਤੋਂ ਪਰਦਾ ਲਾਹ ਕੇ, ਇਨ੍ਹਾਂ ਵਿਆਹ ਸਬੰਧਾਂ ਦੀ ਸੜਾਂਦ ਨੂੰ ਇਸ ਤਰ੍ਹਾਂ ਸਾਹਮਣੇ ਲਿਆਂਦਾ ਹੈ ਕਿ ਪਾਠਕ ਨੂੰ ਅਜਿਹੇ ਸਬੰਧਾਂ ਤੋਂ ਘਿਣ ਆਉਣ ਲਗਦੀ ਹੈ।

ਅੱਜ ਦੇ ਵਿਆਹ ਸਬੰਧਾਂ ਵਿਚ ਕਿਸ ਕਦਰ ਨਿਘਾਰ ਆ ਚੁੱਕਾ ਹੈ। ਇਹ ਹਾਲੀਵੁੱਡ ਦੀਆਂ ਕਈ ਅਭਿਨੇਤਰੀਆਂ ਵਲੋਂ ਉਥੋਂ ਦੇ ਕਰੋੜਪਤੀਆਂ ਨੂੰ ਮੋਟੀਆਂ ਰਕਮਾਂ ਬਦਲੇ ਕੀਤੀਆਂ 'ਕੰਟਰੈਕਟ ਮੈਰਿਜ' (ਠੇਕੇ 'ਤੇ ਵਿਆਹ) ਦੀਆਂ ਪੇਸ਼ਕਸ਼ਾਂ ਤੋਂ ਵੀ ਦੇਖਿਆ ਜਾ ਸਕਦਾ ਹੈ। ਜਿਨ੍ਹਾਂ ਦੇ ਕਿੱਸੇ ਅਕਸਰ ਅਖ਼ਬਾਰਾਂ ਵਿਚ ਛਪਦੇ ਰਹਿੰਦੇ ਹਨ। ਸਾਡੇ ਸਮਾਜ ਵਿਚ ਮੋਟਾ ਦਾਜ ਦਿਤੇ ਬਿਨਾਂ ਲੜਕੀ ਦਾ ਵਿਆਹ ਨਾਮੁ-ਮਕਿਨ ਹੈ। ਅਖਬਾਰ ਵਿਆਹ ਸਬੰਧੀ ਇਸ਼ਤਿਹਾਰਾਂ ਨਾਲ ਭਰੇ ਰਹਿੰਦੇ ਹਨ। ਜਿਨ੍ਹਾਂ ਵਿਚ ਲੜਕੇ ਲੜਕੀਆਂ ਖੁਦ ਜਾਂ ਉਨ੍ਹਾਂ ਦੇ ਮਾਪੇ ਆਪਣੇ ਬੱਚਿਆਂ ਨੂੰ ਵਿਕਾਊ 'ਮਾਲ' ਦੀ ਤਰ੍ਹਾਂ ਮੰਡੀ ਵਿਚ ਉਤਾਰਦੇ ਹਨ। ਅਜਿਹੀ ਚਰਚਾ ਅਕਸਰ ਸੁਣਨ ਨੂੰ ਮਿਲਦੀ ਹੈ ਕਿ ਪੜ੍ਹ ਲਿਖ ਕੇ ਵੱਡੀ ਡਿਗਰੀ ਹਾਸਲ ਕਰਨ ਨਾਲ ਲੜਕੇ ਜਾਂ ਲੜਕੀ ਦੀ ਵਿਆਹ ਮੰਡੀ ਵਿਚ 'ਮਾਰਕੀਟ ਵੈਲਿਊ' (ਮੰਡੀ ਮੁੱਲ) ਵੱਧ ਜਾਂਦੀ ਹੈ। 'ਮਾਰਕੀਟ ਵੈਲਿਊ' ਜੇਹੇ ਸ਼ਬਦ ਸ਼ਰਮ ਦੀ ਥਾਂ ਮਾਣ ਦੀ ਵਜ੍ਹਾ ਬਣ ਗਏ ਹਨ। ਇਸ ਲਈ ਇਸ ਤਰ੍ਹਾਂ ਦੇ ਵਿਆਹ ਜੇਕਰ ਅੱਜ ਤੇਜ਼ੀ ਨਾਲ ਟੁੱਟ ਰਹੇ ਹਨ ਤਾਂ ਕੋਈ ਹੈਰਾਨੀ ਦੀ ਗੱਲ ਨਹੀਂ ਹੋਣੀ ਚਾਹੀਦੀ। ਜਿਥੇ ਇਹ ਨਹੀਂ ਟੁੱਟਦੇ ਉਥੇ ਸਾਰੀ ਉਮਰ ਧੂਹ ਘੜੀਸ ਚਲਦੀ ਰਹਿੰਦੀ ਹੈ ਜਾਂ ਅਜਿਹੇ ਰਿਸ਼ਤੇ ਅੰਦਰੋਂ ਟੁੱਟ ਹੀ ਚੁੱਕੇ ਹਨ ਬਸ ਦਿਖਾਵੇ ਵਜੋਂ ਹੀ ਇਹ ਬਚੇ ਹੁੰਦੇ ਹਨ।

ਇਸਤਰੀ ਪੁਰਸ਼ ਇਕ ਦੂਜੇ ਦੇ ਪੂਰਕ ਹਨ, ਦੋਵੇਂ ਇਕ ਦੂਜੇ ਤੋਂ ਬਿਨਾਂ ਅਧੂਰੇ ਹਨ। ਇਸਤਰੀ ਪੁਰਸ਼ ਦੇ ਆਪਸੀ ਸਬੰਧੀ ਮਨੁੱਖੀ ਨਸਲ ਨੂੰ ਅੱਗੇ ਤੋਰਨ ਦਾ ਜ਼ਰੀਆ ਹਨ। ਇਸਤਰੀ ਪੁਰਸ਼ ਦਰਮਿਆਨ ਪ੍ਰੇਮ ਦੋ ਇਨਸਾਨਾਂ ਲਈ ਅਥਾਹ ਖੁਸ਼ੀ ਅਤੇ ਅਨੰਦ ਦਾ ਸੋਮਾ, ਨੈਤਿਕ ਚਰਿੱਤ੍ਰਕ ਉੱਚਤਾ ਦਾ ਸਾਧਨ ਹੈ। ਪਰ ਪੂੰਜੀ ਨੇ ਮਨੁੱਖ ਤੋਂ ਨਿਹਾਇਤ ਹੀ ਮਾਨਵੀ ਸੁੱਖ ਖੁਸ਼ੀਆਂ ਵੀ ਖੋਹ ਲਏ ਹਨ। ਦਰਅਸਲ ਪੂੰਜੀਵਾਦੀ ਸੰਪਤੀ ਸਬੰਧਾਂ ਵਿਚ ਸੱਚਾ ਪ੍ਰੇਮ ਉਪਜ ਹੀ ਨਹੀਂ ਸਕਦਾ। ਪੂੰਜੀਵਾਦੀ ਸੰਪਤੀ ਸਬੰਧਾਂ ਦਾ ਖਾਤਮਾ ਇਸਤਰੀ ਪੁਰਸ਼ ਦਰਮਿਆਨ ਸੱਚਾ ਪ੍ਰੇਮ ਉਪਜਣ ਦੀ ਪੂਰਵ ਸ਼ਰਤ ਹੈ। ਵੀਹਵੀਂ ਸਦੀ ਵਿਚ ਵਿਚ ਜਿਨ੍ਹਾਂ ਦੇਸ਼ਾਂ ਵਿਚ ਮਨੁੱਖਤਾ ਨੇ ਪੂੰਜੀ ਦੇ ਜੂਲੇ ਤੋਂ ਮੁਕਤੀ ਹਾਸਲ ਕੀਤੀ ਅਤੇ ਇਕ ਨਵੇਂ ਅਧਾਰ 'ਤੇ ਸਮਾਜਵਾਦੀ ਸਮਾਜਾਂ ਦੀ ਉਸਾਰੀ ਕੀਤੀ, ਉਥੇ ਮਨੁੱਖਾਂ ਦਰਮਿਆਨ ਆਪਸੀ ਸਬੰਧਾਂ ਵਿਚ ਵੱਡੀਆਂ ਤਬਦੀਲੀਆਂ ਹੋਈਆਂ। ਅਕਤੂਬਰ 1917 ਵਿਚ ਰੂਸ ਵਿਚ ਸਮਾਜਵਾਦੀ ਇਨਕਲਾਬ ਹੋਇਆ। ਇਨਕਲਾਬ ਤੋਂ ਬਾਅਦ ਪੂਰੇ ਸਮਾਜ ਦੀ ਕਾਇਆਪਲਟ ਹੋਈ। ਲੋਕਾਂ ਨੇ ਲੁੱਟ ਜਬਰ ਤੋਂ ਤਾਂ ਮੁਕਤੀ ਹਾਸਲ ਕੀਤੀ ਸਗੋਂ ਵੇਸਵਾਗਮਨੀ, ਸ਼ਰਾਬਖੋਰੀ ਜਿਹੀਆਂ ਸਮਾਜਕ ਬੁਰਾਈਆਂ ਵੀ ਜੜ੍ਹੋਂ ਖ਼ਤਮ ਹੋਈਆਂ। ਉਥੇ ਵਿਆਹ ਸਬੰਧਾਂ ਵਿਚ ਵੱਡੀਆਂ ਤਬਦੀਲੀਆਂ ਵਾਪਰੀਆਂ। ਅਮਰੀਕੀ ਪੱਤਰਕਾਰ ਡਾਈਸਨ ਕਾਰਟਰ ਦੀ ਕਿਤਾਬ 'ਪਾਪ ਅਤੇ ਵਿਗਿਆਨ' ਸੋਵੀਅਤ ਯੂਨੀਅਨ ਵਿਚ ਮਨੁੱਖੀ ਸਬੰਧਾਂ ਵਿਚ ਵਾਪਰੀਆਂ ਵੱਡੀਆਂ ਅਗਾਂਹਵਧੂ ਤਬਦੀਲੀਆਂ ਬਾਰੇ ਦਸਦੀ ਹੈ। ਇਹ ਦਸਦੀ ਹੈ ਕਿ ਕਿਵੇਂ ਪੂੰਜੀ ਤੋਂ ਮੁਕਤ ਸਮਾਜਾਂ ਵਿਚ ਮਨੁੱਖੀ ਸਬੰਧਾਂ ਨੂੰ ਇਕ ਨਵਾਂ ਨੈਤਿਕ ਅਧਾਰ ਪ੍ਰਾਪਤ ਹੋਇਆ। ਇਹ ਕਿਤਾਬ ਸਮਾਜਵਾਦ ਦੀ ਸ਼ਕਤੀ ਦੀ ਬਾਤ ਪਾਉਂਦੀ ਹੈ। ਆਪਣੀ ਇਸ ਕਿਤਾਬ ਵਿਚ ਡਾਈਸਨ ਕਾਰਟਰ ਲਿਖਦੇ ਹਨ :

"18 ਦਸੰਬਰ 1917 ਨੂੰ ਸੋਵੀਅਤ ਅਧਿਕੀਰਆਂ ਨੇ ਦੋ ਅਜਿਹੇ ਕਾਨੂੰਨ ਪਾਸ ਕੀਤੇ, ਜਿਨ੍ਹਾਂ ਨੂੰ ਲੈ ਕੇ ਦੁਨੀਆ ਵਿਚ ਹਾਹਾਕਾਰ ਮੱਚ ਗਈ। ਇਹ ਕਾਨੂੰਨ ਸਨ : ਪਹਿਲਾ, ਸਿਵਲ ਮੈਰਿਜਾਂ, ਬੱਚਿਆਂ ਅਤੇ ਸੰਤਾਨ ਦੀ ਰਜਿਸਟ੍ਰੇਸ਼ਨ, ਵਿਆਹਾਂ ਅਤੇ ਮੌਤ ਸਬੰਧੀ ਕਾਨੂੰਨ, ਦੂਜਾ, ਵਿਆਹ ਅਤੇ ਤਲਾਕ ਸਬੰਧੀ ਕਾਨੂੰਨ।.... ਸੋਵੀਅਤ ਰੂਸ ਵਿਚ ਤਲਾਕ ਕਾਨੂੰਨਾਂ ਦਾ ਉਦੇਸ਼ ਅਸਲ ਵਿਚ, ਵਿਆਹ ਅਤੇ ਪਰਿਵਾਰ ਨੂੰ ਮਜ਼ਬੂਤ ਬਣਾਉਣਾ ਸੀ।

ਦਰਅਸਲ, ਇਸਤਰੀ ਪੁਰਸ਼ ਸਬੰਧਾਂ ਸਮੇਤ ਅੱਜ ਸਾਰੇ ਮਨੁੱਖੀ ਸਬੰਧਾਂ ਦੇ ਆਪਸੀ ਪ੍ਰੇਮ, ਸਤਿਕਾਰ, ਭਰੋਸੇ 'ਤੇ ਅਧਾਰਿਤ ਹੋਣ ਦੇ ਰਾਹ ਵਿਚ ਸਭ ਤੋਂ ਵੱਡੀ ਰੁਕਾਵਟ ਨਿੱਜੀ ਸੰਪਤੀ ਅਧਾਰਤ, ਮੁਨਾਫ਼ੇ ਦੀ ਹਵਸ ਦੇ ਇਰਦ ਗਿਰਦ ਘੁੰਮਦਾ ਇਹ ਪੂੰਜੀਵਾਦੀ ਢਾਂਚਾ ਹੈ। ਇਸ ਢਾਂਚੇ ਨੇ ਇਨਸਾਨ ਤੋਂ ਇਨਸਾਨੀਅਤ ਖੋਹ ਕੇ ਉਸ ਨੂੰ ਪਸ਼ੂਪੁਣੇ ਦੀ ਪੱਧਰ 'ਤੇ ਡੇਗ ਦਿਤਾ ਹੈ। ਮਨੁੱਖੀ ਸਬੰਧਾਂ ਨੂੰ ਗੌਰਵਮਈ ਬਣਾਉਣ ਲਈ ਪੂੰਜੀਵਾਦੀ ਢਾਂਚੇ ਦਾ ਫਸਤਾ ਵੱਢਣਾ ਜ਼ਰੂਰੀ ਹੈ। ਅੱਜ ਦੇ ਸਮੇਂ ਵਿਚ ਤਾਂ ਇਸ ਢਾਂਚੇ ਨੂੰ ਢਹਿ ਢੇਰੀ ਕਰਨ ਦੀ ਪ੍ਰੀਕ੍ਰਿਆ ਵਿਚ ਮਨੁੱਖਾਂ ਦਰਮਿਆਨ ਮੁਕਾਬਲਤਨ ਬੇਹਤਰ, ਮਨੁੱਖੀ ਸਬੰਧ ਕਾਇਮ ਹੋ ਸਕਦੇ ਹਨ। □

Best Truck Wash
Your Mobile Wash Professionals Edmonton & Area
ਅਸੀਂ ਤੁਹਾਡੇ ਟਰੱਕ, ਟਰੇਲਰ ਐਡਮਿੰਟਨ ਦੇ ਕਿਸੇ ਵੀ ਹਿੱਸੇ ਵਿਚ ਪਹੁੰਚ ਕੇ ਵਾਸ਼ ਕਰਾਂਗੇ।
ਵਧੀਆ ਸਰਵਿਸ ਲਈ ਸੰਪਰਕ ਕਰੋ।
ਅਸੀਂ ਤੇਲ ਬਦਲੀ ਅਤੇ ਗਰੀਸ ਵੀ ਕਰਦੇ ਹਾਂ

We can Wash Your Truck anywhere in Edmonton & Area
- High Pressure Nozzles
- Trailer/Truck
- Fleet Washing With Under Mobile Brush Wash System
- Oil Change and Grease

For more info Call:
BIN: (780) 267-9102
CAM: (780) 238-8161

# NIRVANA

Restaurant ✲ Lounge ✲ Hall

**North America's first exclusive east indian restuarant &cocktail lounge.**

*Professionally giving you the hospitality of India.*



*"We Had Dinner along with my friends family, it was really nice, pure Indian taste......
I will recommend this to any-one who like REAL Indian food."*

**Cordial and Wonderful Ambience**
**Sumptuous food and Indian Sweets.**
**Wide Variety of Cocktail**
**Sensational Service**

**We cater for indoor, outdoor, small or large functions.**

*email:info@nirvanacalgary.com or reservations @nirvanacalgary.com*

**ph: (403)590-9797 fax:(403)590-9798**

**1009-5075 FALCONRIDGE BLVD. NE CALGARY, AB. T3J SK9**

**EMAIL: info@nirvanacalgary.com**

# ਬੁੱਧੂ ਬਕਸੇ ਦੀਆਂ ਬਦਤਮੀਜ਼ੀਆਂ

ਅਮਰਦੀਪ ਗਿੱਲ

ਮੈਂ ਵਿਹਲੇ ਸਮੇਂ ਅਕਸਰ ਟੀ.ਵੀ. ਵੇਖਦਾ ਹਾਂ, ਖ਼ਬਰਾਂ, ਫਿਲਮਾਂ, ਗੀਤ-ਸੰਗੀਤ, ਜੰਗਲਾਂ, ਪਰਬਤਾਂ ਬਾਰੇ ਦਸਤਾਵੇਜ਼ੀ ਫਿਲਮਾਂ ਆਦਿ ਸਭ ਕੁੱਝ ਮੈਨੂੰ ਚੰਗਾ ਲਗਦਾ ਹੈ। ਪਰ ਪਿਛਲੇ ਕੁੱਝ ਸਮੇਂ ਤੋਂ ਟੀ.ਵੀ. ਚੈਨਲਾਂ ਦੀ ਭਰਮਾਰ ਨੇ ਮੈਨੂੰ ਕਾਫ਼ੀ ਹੱਦ ਤੀਕ ਉਲਝਾ ਜਿਹਾ ਦਿੱਤਾ ਹੈ। ਹੁਣ ਮੈਂ ਟੀ.ਵੀ. ਤੋਂ ਡਰਨ ਜਿਹਾ ਲੱਗ ਪਿਆ ਹਾਂ। ਹੁਣ ਵੱਖ ਵੱਖ ਖ਼ਬਰਾਂ ਵਾਲੇ ਚੈਨਲ, ਕਾਮੇਡੀ ਪ੍ਰੋਗਰਾਮ ਪੇਸ਼ ਕਰਨ ਵਾਲੇ ਚੈਨਲ ਅਤੇ ਗੀਤ ਸੰਗੀਤ ਪੇਸ਼ ਕਰਨ ਵਾਲੇ ਚੈਨਲ ਕੁੱਝ ਇਸ ਤਰ੍ਹਾਂ ਦੇ ਪ੍ਰੋਗਰਾਮ ਪੇਸ਼ ਕਰ ਰਹੇ ਹਨ ਕਿ ਮੇਰੇ ਵਰਗੇ ਲਗਭਗ ਖੁਲ੍ਹੇ ਵਿਚਾਰਾਂ ਵਾਲੇ ਵਿਅਕਤੀ ਨੂੰ ਵੀ ਸੰਗ ਜਿਹੀ ਆਉਣ ਲੱਗ ਪਈ ਹੈ।

ਅੱਜਕਲ ਦੇ ਕਾਮੇਡੀ ਸ਼ੋਅ ਵਿਚ ਕਾਮੇਡੀ ਕਲਾਕਾਰ ਜਿਸ ਤਰ੍ਹਾਂ ਦੇ ਦੋਹਰੇ ਅਰਥਾਂ ਵਾਲੇ ਡਾਇਲਾਗ ਬੋਲ ਕੇ ਦਰਸ਼ਕਾਂ ਨੂੰ ਹਸਾਉਣ ਦੀ ਜੋ ਵੀ ਕੋਸ਼ਿਸ਼ ਕਰਦੇ ਹਨ, ਉਹ ਹਰ ਚਿੰਤਨਸ਼ੀਲ ਵਿਅਕਤੀ ਲਈ ਨਾ ਕਾਬਿਲੇ ਬਰਦਾਸ਼ਤ ਹੁੰਦਾ ਜਾ ਰਿਹਾ ਹੈ। ਇਨ੍ਹਾਂ ਪ੍ਰੋਗਰਾਮਾਂ ਵਿੱਚ ਬਹੁਤ ਛੋਟੀ ਉਮਰ ਦੇ ਬੱਚਿਆਂ ਦੇ ਮੂੰਹੋਂ ਐਸੀਆਂ ਐਸੀਆਂ ਗੱਲਾਂ ਬੁਲਵਾਈਆਂ ਜਾ ਰਹੀਆਂ ਹਨ ਕਿ ਸੁਣ ਕੇ ਇਨ੍ਹਾਂ ਬੱਚਿਆਂ ਦੇ ਮਾਂ-ਬਾਪ ਨੂੰ ਕੁੱਟਣ ਨੂੰ ਜੀਅ ਕਰਦਾ ਹੈ। ਅਜਿਹੇ ਪ੍ਰੋਗਰਾਮਾਂ ਵਿਚ ਔਰਤ-ਮਰਦ ਜੱਜਾਂ ਦਾ ਲੱਚਰ ਹਾਸਾ ਹੋਰ ਵੀ ਚੁੱਭਦਾ ਹੈ।



ਅੱਜਕਲ ਇਕ ਚੈਨਲ 'ਤੇ ਪ੍ਰੋਗਰਾਮ ਚਲਦਾ ਹੈ 'ਰਾਖੀ ਕਾ ਇਨਸਾਫ਼', ਜਿਸ ਨੂੰ ਹਿੰਦੀ ਫਿਲਮਾਂ 'ਚ 'ਆਇਟਮ ਸੌਂਗ' ਪੇਸ਼ ਕਰਨ ਵਾਲੀ ਬੜਬੋਲੀ ਐਕਟਰਸ ਰਾਖੀ ਸਾਂਵਤ ਪੇਸ਼ ਕਰਦੀ ਹੈ। ਪਹਿਲਾਂ ਤਾ ਪ੍ਰੋਗਰਾਮ ਦੇ ਨਾਂਅ ਵੱਲ ਹੀ ਧਿਆਨ ਦੇਵੋ 'ਰਾਖੀ ਕਾ ਇਨਸਾਫ਼', ਅੱਸੀ ਦੇ ਦਹਾਕੇ ਦੀ ਸੀ-ਗਰੇਡ ਫਿਲਮਾਂ ਵਰਗਾ ਨਾਮ ਹੈ, ਫਿਰ ਸੋਚੋ ਕਿ ਰਾਖੀ ਸਾਂਵੰਤ ਵੀ ਇਨਸਾਫ਼ ਕਰ ਸਕਦੀ ਹੈ ਪਰ ਇਹ ਸਭ ਹੋ ਰਿਹਾ ਹੈ। ਪਿਛਲੇ ਦਿਨੀਂ ਰਾਖੀ ਨੇ ਇਸ ਪ੍ਰੋਗਰਾਮ 'ਚ ਕਿਸੇ ਬੰਦੇ ਨੂੰ ਨਾਮਰਦ ਕਹਿ ਦਿੱਤਾ ਅਤੇ ਉਹ ਖ਼ੁਦਕੁਸ਼ੀ ਕਰ ਗਿਆ, ਇਸ ਲਈ ਰਾਖੀ 'ਤੇ ਕੇਸ ਵੀ ਦਰਜ ਹੋਇਆ ਹੈ, ਜਿਸ ਨੂੰ ਚੈਨਲ ਅੱਗੇ ਪਬਲੀਸਿਟੀ ਕਰਨ ਲਈ ਵਰਤ ਰਿਹਾ ਹੈ।

ਇਕ ਹੋਰ ਚੈਨਲ 'ਤੇ ਪ੍ਰੋਗਰਾਮ ਚੱਲਦਾ 'ਇਮੋਸ਼ਨਲ ਅੱਤਿਆਚਾਰ'। ਇਸ ਪ੍ਰੋਗਰਾਮ 'ਚ ਜੋ ਹੁੰਦਾ ਵਿਖਾਇਆ ਜਾਂਦਾ ਹੈ, ਉਹ ਇਥੇ ਬਿਆਨ ਕਰਨ ਯੋਗ ਵੀ ਨਹੀਂ ਹੈ। 'ਬਿੱਗ ਬਾਸ' ਨਾਂਅ ਦੇ ਰੀਅਲਟੀ ਸ਼ੋਅ ਵਿਚ ਪ੍ਰਤੀਯੋਗੀ ਜੋ ਜੋ ਕਰਦੇ ਹਨ, ਉਸ ਦਾ ਤਮਾਸ਼ਾ ਸਾਰਾ ਦੇਸ਼ ਵੇਖਦਾ ਹੈ। ਇਕ ਦੂਜੇ ਨੂੰ ਗਾਲ੍ਹਾਂ ਕੱਢਣੀਆਂ, ਇੱਕ ਦੂਜੇ ਦੇ ਪੋਤੜੇ ਫਰੋਲਣੇ ਇਸ ਸ਼ੋਅ ਦੀ ਮਕਬੂਲੀਅਤ ਵਧਾਉਣ ਲਈ ਅਪਣਾਏ ਜਾਣ ਵਾਲੇ ਆਮ ਹੱਥ ਕੰਡੇ ਹਨ। ਇਸ ਸ਼ੋਅ 'ਚ ਇਕ ਔਰਤ ਦੂਜੀ ਔਰਤ ਦਾ 'ਕੱਚਾ ਚਿੱਠਾ' ਸ਼ਰੇਆਮ ਖੋਲ੍ਹਦੀ ਹੈ ਅਤੇ ਸਾਰਾ ਦੇਸ਼ ਚਾਅ ਨਾਲ ਵੇਖਦਾ ਹੈ। ਬਹੁਤ ਸਾਰੇ ਵਿਵਾਦਿਤ ਸ਼ਬਦ ਜਿਵੇਂ ਕਿ 'ਸੈਕਸ', 'ਗੇਅ', ਆਦਿ ਇਨ੍ਹਾਂ ਪ੍ਰੋਗਰਾਮਾਂ 'ਚ ਆਮ ਬੋਲੇ ਜਾਂਦੇ ਹਨ ਅਤੇ ਪਰਿਵਾਰ ਬੈਠ ਕੇ ਵੇਖਦਾ ਹੈ। ਆਖਿਰ ਇਹ ਸਾਰੇ ਚੈਨਲ ਅਤੇ ਇਨ੍ਹਾਂ ਦੇ ਪ੍ਰੋਗਰਾਮ 'ਪਰਿਵਾਰਕ' ਕਹਿ ਕੇ ਹੀ ਤਾਂ ਪ੍ਰਚਾਰੇ ਜਾ ਰਹੇ ਹਨ।

ਸਾਡੇ ਇਕ ਪੰਜਾਬੀ ਚੈਨਲ 'ਤੇ ਪ੍ਰੋਗਰਾਮ ਚਲਦਾ ਹੈ 'ਨਿਡਰ', ਇਸ ਪ੍ਰੋਗਰਾਮ ਦੀ ਰੂਪ-ਰੇਖਾ ਹੀ ਪੰਜਾਬੀ ਸਭਿਆਚਾਰ ਦੇ ਉਲਟ ਹੈ। ਇਸ ਪ੍ਰੋਗਰਾਮ 'ਚ ਮੁੰਡੇ ਕੁੜੀਆਂ ਇੱਕ ਦੂਜੇ ਨੂੰ ਸ਼ਰੇਆਮ ਗਾਲ੍ਹਾਂ ਕੱਢਦੇ ਹਨ। ਗਾਲ੍ਹ ਵਾਲੀ ਥਾਂ 'ਤੇ 'ਬੀਪ' ਲਗਾ ਦਿੱਤੀ ਜਾਂਦੀ ਹੈ। ਮਤਲਬ ਜਿੰਨੀ ਵੱਧ ਵਾਰ 'ਬੀਪ' ਆਵੇਗੀ ਪ੍ਰੋਗਰਾਮ ਦੀ ਟੀ.ਆਰ.ਪੀ. ਉਨੀ ਹੀ ਵੱਧੇਗੀ। ਸਿੱਧਾ ਜਿਹਾ ਹਿਸਾਬ ਹੈਕਿ ਕਿਸੇ ਬੋਲ ਤੇ ਲੱਗੀ ਬੀਪ ਸਭ ਕੁੱਝ ਸਮਝਾ ਦਿੰਦੀ ਹੈ। ਜਿਸ ਦਾ 'ਸਵਾਦ' ਦੇਸ਼ ਦੀ ਵੱਡੀ ਗਿਣਤੀ ਅੱਜਕਲ ਟੀ.ਵੀ. ਵੇਖ ਕੇ ਲੈ ਰਹੀ ਹੈ। ਵੈਸੇ ਇਹ ਕਿਸ ਕਿਸਮ ਦੀ ਮਾਨਸਿਕਤਾ ਹੈ ਕਿ ਅਸੀਂ ਦੂਜਿਆਂ ਦੀ ਲੜਾਈ, ਦੂਜਿਆਂ ਦੀਆਂ ਗਾਲ੍ਹਾਂ ਤੋਂ ਸਵਾਦ ਲੈਣ ਲੱਗ ਪਏ ਹਾਂ ਜਦਕਿ ਇਹ ਵੀ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ 'ਰੀਅਲਿਟੀ ਸ਼ੋਅ' ਦੀ ਵੀ ਸਕਰਿਪਟ ਪਹਿਲਾਂ ਲਿਖੀ ਜਾਂਦੀ ਹੈ ਅਤੇ ਜੋ ਕੁੱਝ ਵੀ ਉਸ ਵਿਚ ਹੋ ਰਿਹਾ ਹੁੰਦਾ ਹੈ ਉਹ ਇਕ ਡਰਾਮਾ ਹੁੰਦਾ ਹੈ ਜਿਸ ਦਾ ਸੱਚਾਈ ਨਾਲ ਕੋਈ ਤਾਅਲੁੱਕ ਨਹੀਂ ਹੁੰਦਾ। ਇਥੇ ਇੱਕ ਹੋਰ ਗੱਲ ਵਰਨਣਯੋਗ ਹੈ ਕਿ ਕੁੱਝ ਸਮਾਂ ਪਹਿਲਾਂ ਫਿਲਮਾਂ ਅਤੇ ਟੀ.ਵੀ. 'ਤੇ ਜੋ ਕੁੱਝ ਵੀ ਵਰਜਿਤ ਹੁੰਦਾ ਸੀ ਹੁਣ ਓਹੀ ਸਾਰਾ ਕੁੱਝ ਧੜੱਲੇ ਨਾਲ ਵਿਖਾਇਆ ਜਾ ਰਿਹਾ ਹੈ, ਵਾਰ ਵਾਰ ਲਗਾਤਾਰ, ਹਰ ਚੈਨਲ 'ਤੇ। ਖ਼ਬਰਾਂ ਵਾਲੇ ਚੈਨਲ ਭੂਤ-ਪ੍ਰੇਤ, ਜੋਤਿਸ਼, ਰਾਸ਼ੀ ਫਲ ਅਤੇ ਹੋਰ ਅਨੇਕਾਂ ਵਹਿਮਾਂ-ਭਰਮਾਂ ਵਾਲੇ ਪ੍ਰੋਗਰਾਮ 'ਚ ਲੱਗੇ ਹੋਏ ਹਨ, ਹਰ ਪਾਸੇ ਮੁਕਾਬਲਾ ਹੈ, ਸਿਰਵੱਢ ਮੁਕਾਬਲਾ, ਹਰ ਕਿਸੇ ਨੂੰ ਸਫ਼ਲਤਾ ਚਾਹੀਦੀ ਹੈ, ਪੈਸਾ ਚਾਹੀਦਾ ਹੈ, ਕਿਸੇ ਵੀ ਕੀਮਤ 'ਤੇ ਕੁੱਝ ਵੀ ਕਰ ਕੇ...ਉਫ਼!

ਹਰ ਪਾਸੇ ਦੁਕਾਨਦਾਰੀ ਹੈ, ਹਰ ਪਾਸੇ ਸੌਦਾ ਵਿਕ ਰਿਹਾ ਹੈ, ਸੌਦਾ ਵੇਚਿਆ ਜਾ ਰਿਹਾ ਹੈ। ਅਸੀਂ ਜੋ ਕੁੱਝ ਆਪਣੇ ਮੁਹੱਲੇ 'ਚ, ਆਪਣੇ ਸ਼ਹਿਰ 'ਚ ਬੱਚਿਆਂ ਨੂੰ ਵੇਖਣ, ਸੁਣਨ ਤੋਂ ਵਰਜਦੇ ਹਾਂ, ਓਹੀ ਅਸੀਂ ਸਭ ਕੁੱਝ ਆਪਣੇ ਡਰਾਇੰਗ ਰੂਮ 'ਚ, ਆਪਣੇ ਬੈੱਡ ਰੂਮ 'ਚ ਬੈਠ ਕੇ ਬੱਚਿਆਂ ਨਾਲ ਵੇਖ ਰਹੇ ਹਾਂ। ਮਨੋਰੰਜਨ ਦੇ ਨਾਂਅ 'ਤੇ, ਗਿਆਨ ਦੇ ਨਾਂਅ 'ਤੇ, ਵਕਤ ਟਪਾਉਣ ਦੇ ਨਾਂਅ 'ਤੇ, ਬੁੱਧੂ ਬਕਸੇ ਦੀਆਂ ਬਦ-ਤਮੀਜ਼ੀਆਂ ਵਧਦੀਆਂ ਜਾ ਰਹੀਆਂ ਹਨ ਅਤੇ ਅਸੀਂ ਹਾਂ ਕਿ ਆਪ ਵੀ ਬੁੱਧੂ ਅਤੇ ਬਦਤਮੀਜ਼ ਹੋ ਰਹੇ ਹਾਂ। ਇਸ ਸਭ ਕੁੱਝ ਪਿੱਛੇ ਕੀ ਹੈ? ਕਿਉਂ ਹੈ? ਤੇ ਕਿਵੇਂ ਹੈ? ਇਹ ਆਪ ਸਭ ਨੂੰ ਵੀ ਪਤਾ ਹੈ, ਇਸ ਲਈ ਮੈਂ ਆਪਣਾ 'ਗਿਆਨ' ਫਿਰ ਤੋਂ ਆਪ ਸਭ ਦੇ ਮੂਹਰੇ ਸਜਾ ਕੇ ਨਹੀਂ ਰੱਖਾਂਗਾ ਜਿਵੇਂ ਕਿ ਹਰ 'ਬੁੱਧੀਜੀਵੀ' ਕਰਦਾ ਹੈ, ਮੇਰੀ ਇਹੋ ਬੱਚਤ ਹੈ ਕਿ ਮੈਂ ਬੁੱਧੀਜੀਵੀ ਨਹੀਂ ਹਾਂ। ਮੈਂ ਤਾਂ ਇਕ ਆਮ ਆਦਮੀ ਹਾਂ, ਜਿਸ ਕੋਲ ਚੰਗੇ ਨੂੰ ਚੰਗਾ ਤੇ ਬੁਰੇ ਨੂੰ ਬੁਰਾ ਕਹਿਣ ਦਾ ਹੌਸਲਾ ਹੈ।

# ਮੰਚ ਦਾ ਸੂਖਮ ਰੰਗ ਰਮਨ ਮਿੱਤਲ



ਅਮਰਪਾਲ ਸਿੰਘ ਬੈਂਸ (98156-21244)

ਕੁਝ ਲੋਕ ਜ਼ਿੰਦਗੀ ਦਾ ਯਥਾਰਥ ਲੱਭਦੇ ਨੇ। ਉਹ ਜ਼ਿੰਦਗੀ ਦਾ ਅਰਥ ਭਾਵ ਆਪਣੇ ਆਪ ਨੂੰ ਜਾਣ ਲੈਂਦੇ ਨੇ। ਅਕਸਰ ਅਜਿਹੇ ਹੀ ਲੋਕ ਸੂਖ਼ਮਤਾ ਭਰੀ ਕਲਾ ਨਾਲ ਜੁੜੇ ਹੁੰਦੇ ਨੇ। ਸੂਖ਼ਮ ਕਲਾ ਵੀ ਉਹ ਜਿਸ ਵਿੱਚ ਜੇ ਕੁਝ ਹੈ ਤਾਂ ਉਹ ਹੈ ਰੂਹ ਦੀ ਖੁਰਾਕ। ਰੰਗਮੰਚ ਦਾ ਸੂਖ਼ਮ ਕਲਾਵਾਂ ਵਿੱਚ ਮਹੱਤਵਪੂਰਨ ਸਥਾਨ ਹੈ। ਵਿਸ਼ਵ ਪੱਧਰ ਦੇ ਮੁਕਾਬਲੇ ਪੰਜਾਬੀ ਰੰਗਮੰਚ ਵਿੱਚ ਨਾ ਪੈਸਾ ਤੇ ਨਾ ਗਲੈਮਰ। ਰੰਗਮੰਚ ਨੂੰ ਪੂਜਣ ਵਾਲੇ ਚੰਦ ਹੀ ਤਾਂ ਲੋਕ ਨੇ ਤੇ ਭੀੜ ਕਦੇ ਸੂਖ਼ਮ ਨਹੀਂ ਹੋ ਸਕਦੀ। ਭੀੜ ਤੋਂ ਹਟਵਾਂ ਤੇ ਰੰਗਮੰਚ ਦੇ ਪੈਰੋਕਾਰਾਂ ਦੀ ਸ੍ਰੇਣੀ ਵਿੱਚ ਇੱਕ ਅਜਿਹਾ ਹੀ ਹਸਤਾਖ਼ਰ ਹੈ ਪੁਆਧ ਦੀ ਧਰਤੀ ਦਾ ਜੰਮਪਲ -ਰਮਨ ਮਿੱਤਲ।

ਪੁਆਧ ਭਾਵੇਂ ਅਖਾੜਿਆਂ ਦੇ ਖੇਤਰ ਵਿੱਚ ਤਾਂ ਮੋਹਰੀ ਰਿਹਾ ਪਰ ਰੰਗਮੰਚ ਤੇ ਨਾਟ ਕਲਾ ਤੋਂ ਹਮੇਸ਼ਾ ਵਿਰਵਾ ਹੀ ਰਿਹਾ ਹੈ। ਮਸ਼ਾਲਾਂ ਦੀਆਂ ਲਾਟਾਂ ਦੀਆ ਰੌਸ਼ਨੀਆਂ ਵਿੱਚ ਟਿਕੀਆਂ ਰਾਤਾਂ ਵਿੱਚ ਚਲਦੇ ਪੇਂਡੂ ਅਖਾੜਿਆਂ ਦੇ ਲੋਪ ਹੋਣ ਤੋਂ ਬਾਦ ਲੋਕ ਸ਼ਿੱਦਤ ਨਾਲ ਇਸ ਤਰ੍ਹਾਂ ਦੇ ਮੰਨੋਰੰਜਨ ਦੀ ਘਾਟ ਮਹਿਸੂਸ ਕਰ ਰਹੇ ਹਨ ਜਿਹੜਾ ਉਨ੍ਹਾਂ ਨੂੰ ਸਕੂਨ ਦੇ ਸਕੇ। ਰੰਗਮੰਚ ਲਈ ਚੰਡੀਗੜ੍ਹ ਵਿੱਚ ਤਾਂ ਥੀਏਟਰ ਸਥਾਪਤ ਹੋ ਗਿਆ ਪਰ ਪੁਆਧ ਦੇ ਪਿੰਡਾਂ ਦੇ ਲੋਕੀ ਤਾਂ ਆਪਣੇ ਪਿੰਡ ਦੀ ਜੂਹ ਵਿੱਚ ਹੋਣ ਵਾਲੇ ਨਾਟਕ ਦੀ ਤਲਾਸ਼ ਵਿੱਚ ਸਨ। ਪਿੰਡਾਂ ਦੇ ਲੋਕਾਂ ਦੀ ਚਿਰਾਂ ਤੋਂ ਪਿਆਸੀ ਰੂਹ ਨੂੰ ਸਕੂਨ ਦੇਣ ਦਾ ਕੰਮ ਆਰੰਭਿਆ ਹੈ ਰੂਪਨਗਰ ਦੇ ਉੱਘੇ ਰੰਗਕਰਮੀ ਰਮਨ ਮਿੱਤਲ ਨੇ। ਇਸ ਔਖੇ ਤੇ ਬਿਖੜੇ ਪੈਂਡੇ ਦੇ ਸਫ਼ਰ 'ਤੇ ਤੁਰਨ ਤੋਂ ਪਹਿਲਾ ਮਿੱਤਲ ਨੇ ਕਈ ਪਾਪੜ ਵੇਲੇ ਅਤੇ ਹੁਣ ਉਹ ਇਸ ਪਾਸੇ ਵੱਲ ਤੁਰ ਪਿਆ ਹੈ ਅਤੇ ਸਭ ਤੋਂ ਵੱਧ ਤਸੱਲੀ ਦੇਣ ਵਾਲੀ ਗੱਲ ਇਹ ਹੈ ਕਿ ਉਸਨੇ ਆਪਣੇ ਨਾਟਕਾਂ ਦੇ ਵਿਸ਼ੇ ਵੀ ਪੰਜਾਬ ਦੀਆ ਵੱਡੀਆਂ ਅਤੇ ਗੰਭੀਰ ਸਮੱਸਿਆਵਾਂ ਨਸ਼ਿਆਂ, ਭਰੂਣ ਹੱਤਿਆ, ਪ੍ਰਦੂਸ਼ਿਤ ਹੋ ਰਹੇ ਹਵਾ ਪਾਣੀ ਆਦਿ



ਮੰਚ 'ਤੇ ਇਕ ਨਾਟਕ ਦੀ ਪੇਸ਼ਕਾਰੀ ਕਰਦੇ ਹੋਏ ਰਮਨ ਮਿੱਤਲ ਤੇ ਸਹਿਯੋਗੀ ਕਲਾਕਾਰ

ਨੂੰ ਬਣਾਇਆ ਹੈ ਅਤੇ ਆਪਣੇ ਨਾਟਕਾਂ ਰਾਹੀ ਮੰਨੋਰੰਜਨ ਦੇ ਨਾਲ-ਨਾਲ ਇਨ੍ਹਾਂ ਗੰਭੀਰ ਸਮੱਸਿਆਵਾਂ ਵਿਰੁੱਧ ਹੋਕਾ ਦੇਣ ਦਾ ਕੰਮ ਆਰੰਭਿਆ ਹੈ।

ਸਰਕਾਰੀ ਕਾਲਜ ਰੂਪਨਗਰ ਦੇ ਅਧਿਆਪਕ ਪ੍ਰੋ ਅਤੈ ਸਿੰਘ ਦੀ ਗੁੜਤੀ ਨੇ ਕਮਾਲ ਹੀ ਕਰ ਛੱਡੀ। ਭੰਗੜੇ ਵਿੱਚੋਂ ਉਹਨਾਂ ਰਮਨ ਨੂੰ ਨਾਟਕਾਂ ਵੱਲ ਮੋੜ ਲਿਆ। ਕਾਲਜ ਦੇ ਉਸ ਪਹਿਲੇ ਘੁੱਟ ਨੇ ਰਮਨ ਨੂੰ ਪੱਕਾ ਸਰੂਰ ਦੇ ਦਿੱਤਾ । 'ਧੀਆਂ ਵਾਲੇ ਪੁੱਤਾਂ ਵਾਲੇ' ਨਾਟਕ ਤੋਂ ਅਜਿਹੀ ਸ਼ੁਰੂਆਤ ਹੋਈ ਕਿ ਕਾਲਜ ਤੋਂ ਬਾਅਦ ਇਹ ਸ਼ੌਕ ਜਨੂੰਨ ਦਾ ਰੂਪ ਧਾਰਨ ਕਰਨ ਲੱਗ ਪਿਆ। ਯੁਵਕ ਮੇਲਿਆਂ ਵਿਚ ਉਨਾਂ ਰਮਨ ਦੀ ਪ੍ਰਤਿਭਾ ਨੂੰ ਲਗਾਤਾਰ ਤਰਾਸ਼ਿਆ। ਕਾਲਜ ਤੋਂ ਰੋਲ ਆਫ ਆਨਰ ਪੁਰਸਕਾਰ ਲਿਆ ਤੇ ਯੂਨੀਵਰਸਿਟੀ ਤੋਂ ਸੋਨ ਤਮਗਾ। ਮਾਤਾ ਕਾਂਤਾ ਮਿੱਤਲ ਅਤੇ ਪਿਉ ਚਮਨ ਲਾਲ ਨੂੰ ਪੁੱਤਰ ਦੇ ਭੱਵਿਖ ਦੀ ਚਿੰਤਾ ਸਤਾਉਣ ਲਗ ਪਈ । ਪਰ ਰਮਨ ਦਾ ਭੱਵਿਖ ਤਾਂ ਤੈਅ ਹੋ ਚੁੱਕਿਆ ਸੀ। ਉਸਨੇ ਕਲਾ ਨਾਲ ਜੀਵਨ ਭਰ ਦਾ ਸਾਥ ਨਿਭਾਉਣ ਦਾ ਵਾਅਦਾ ਕਰ ਲਿਆ ਸੀ । ਮਾਂ-ਪਿਉ ਨੇ ਪੁੱਤ ਦਾ ਇਹ ਰਾਹ ਅਖੀਰ ਸਵੀਕਾਰ ਕਰ ਲਿਆ। ਇਸ ਰਾਹ 'ਤੇ ਚਲਦਿਆਂ ਰਮਨ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਥੀਏਟਰ ਵਿਭਾਗ ਦੀ ਮਾਸਟਰ ਡਿਗਰੀ ਵਿੱਚ ਦਾਖਲਾ ਲਿਆ । ਇੱਥੇ ਰਮਨ ਦਾ ਸਰੋਕਾਰ ਰੰਗਮੰਚ ਦੀ ਤਿਲਸਮੀ ਦੁਨੀਆ ਨਾਲ ਹੋਇਆ । ਮਾਂ-ਬਾਪ ਦੀ ਬਦੌਲਤ ਇਥੇ ਪੇਸ਼ੇਵਰ ਰੰਗਮੰਚ ਦੀ ਸਿਖਲਾਈ ਦੇਣ ਲਈ ਹਿੰਦੁਸਤਾਨ ਦੇ ਸ਼ਾਹਕਾਰ ਨਾਟਕਕਾਰ ਬਲਰਾਜ ਪੰਡਿਤ ਜੀ, ਡਾ ਨਵਨਿੰਦਰਾ ਬਹਿਲ, ਡਾ ਗੁਰਚਰਨ ਸਿੰਘ , ਗੌਤਮ ਮਜੂਮਦਾਰ ਆਦਿ ਦੀ ਸੰਗਤ ਕਰਨ ਦਾ ਮੌਕਾ ਮਿਲ ਗਿਆ। ਇਥੇ ਨਿਰਦੇਸ਼ਨਾ ਅਤੇ ਅਦਾਕਾਰੀ ਦੇ ਨਾਲ -ਨਾਲ ਥੀਏਟਰ ਵਿਭਾਗ ਦੇ ਉਸ ਸਮੇਂ ਦੇ ਤਕਨੀਕੀ ਸਹਾਇਕ ਤੇ ਅੱਜ ਦੇ ਪ੍ਰਸਿੱਧ ਅਦਾਕਾਰ ਰਾਣਾ ਰਣਬੀਰ ਨੇ ਆਪਣੇ ਨਾਟਕ 'ਅਖਿਰ ਕਦੋਂ ਤੱਕ' ਵਿੱਚ ਰਮਨ ਨੂੰ ਲਿਖਣ ਦਾ ਮੌਕਾ ਦਿੱਤਾ। ਰਾਣੇ ਦੀ ਸਿਆਣੀ ਸੰਗਤ ਕਾਰਨ ਸਾਹਿਤ ਪੜ੍ਹਨ ਦਾ ਵੀ ਸ਼ੌਕ ਜਾਗ੍ਰਿਤ ਹੋ ਗਿਆ। ਇਸੇ ਦੌਰਾਨ ਰਮਨ ਨੇ ਹਾਸ-ਰਸ ਨਾਟਕ 'ਐਫ਼ ਆਈ' ਦੀ ਸਿਰਜਣਾ ਕੀਤੀ। ਯੂਨੀਵਰਸਿਟੀ ਵਿੱਚ ਦੋ ਸਾਲਾਂ ਦੀ ਵਧੀਆ ਕਾਰਗੁਜ਼ਾਰੀ ਲਈ ਸੋਨ ਤਮਗਾ ਰਮਨ ਨੂੰ ਦਿੱਤਾ ਗਿਆ। ਤਕਨੀਕੀ ਅਤੇ ਪੇਸ਼ੇਵਾਰ ਸਿਖਲਾਈ ਲੈ ਕੇ ਆਪਣਾ ਪੇਸ਼ੇਵਾਰ ਗਰੁੱਪ ਬਣਾਇਆ। ਪਰਫਾਮਰਜ਼ ਐਸੋਸੀਏਸ਼ਨ ਪੰਜਾਬ ਨਾਂ ਦੀ ਸੰਸਥਾ ਦੀ ਬੁਨਿਆਦ ਰੱਖੀ ਅਤੇ ਸ਼ੁਰੂ ਕੀਤਾ ਰੰਗਮੰਚ ਦਾ ਅਗਲਾ ਪੜਾਅ।- ਨੱਛਤਰ ਉਰਫ ਗਧਾ, ਆਖਿਰ ਕਦੋਂ ਤੱਕ, ਚੱਕਰਵਿਊ, ਪੰਡਤ ਬਲਾਕੀ ਰਾਮ , ਬੁੱਤ ਜਾਗ ਪਏ, ਮਿੱਟੀ ਰੁਦਨ ਕਰੇ, ਕਜੰਕਾਂ, ਕੋਤਵਾਲ -ਆਦਿ ਨਾਟਕ ਮੁੱਢਲੇ ਰੂਪ ਵਿੱਚ ਰਮਨ ਦੀ ਨਿਰਦੇਸ਼ਨਾਂ ਵਿੱਚ ਪੇਸ਼ ਕੀਤੇ ਗਏ। ਲੇਖਨ, ਨਿਰਦੇਸ਼ਨ ਅਤੇ ਅਦਾਕਾਰ ਵਜੋਂ ਰੰਗ-ਕਰਮ ਚਲਦਾ ਰਿਹਾ। ਆਪਣੇ ਘਰ ਵਿੱਚ ਹੀ ਪਰਫਾਮਰਜ਼ ਐਸੋਸੀਏਸ਼ਨ ਲਈ ਪ੍ਰੋ ਅਤੈ ਸਿੰਘ ਦੇ ਨਾਂ ਦੀ ਸਾਹਿਤਕ ਲਾਈਬ੍ਰੇਰੀ ਦੀ ਸਥਾਪਨਾ ਕੀਤੀ ।

ਚੰਡੀਗੜ੍ਹ ਵਿੱਚ ਜਾਣ ਦਾ ਸਬੱਬ ਬਣਿਆ ਤੇ ਗੁਰਚਰਨ ਚੰਨੀ ਨੇ ਆਪਣੀ ਰੈਪਰਟਰੀ ਕੰਪਨੀ ਵਿੱਚ ਸ਼ਾਮਿਲ ਕਰ ਲਿਆ ਜਿਥੇ ਰਮਨ ਨੇ ਕਮਿਊਨਿਟੀ ਥੀਏਟਰ ਉੱਤੇ ਲੰਮਾ ਤਜਰਬਾ ਹਾਸਿਲ ਕੀਤਾ। ਉਨ੍ਹਾਂ ਦੇ ਨਾਟਕ " ਖੁਲ੍ਹੀ ਹਵਾ ਕੀ ਤਲਾਸ਼ ਮੇਂ " ਦੇ 400 ਤੋਂ ਵੱਧ ਸ਼ੋਅ ਕੀਤੇ। ਇਸ ਦੌਰਾਨ ਰਮਨ ਨੇ ਭਰੂਣ ਹੱਤਿਆ ਵਿਸ਼ੇ 'ਤੇ ਨਾਟਕ ਸਿਰਜਿਆ 'ਕਿਰਨ'। ਇਸ ਨਾਟਕ ਦੇ ਪੰਜਾਬ, ਹਰਿਆਣਾ,ਹਿਮਾਚਲ ਵਿੱਚ 500 ਸ਼ੋਅ ਕੀਤੇ ਗਏ। ਭਰੂਣ ਹੱਤਿਆ ਦੇ ਖੇਤਰ ਵਿੱਚ ਰੰਗ-ਮੰਚ ਰਾਹੀਂ ਪਾਏ ਵਿਸ਼ੇਸ ਯੋਗਦਾਨ ਲਈ ਰਮਨ ਨੂੰ 'ਲਾਡਲੀ ਮੀਡੀਆ ਅਵਾਰਡ -07' ਦਿੱਤਾ ਗਿਆ। ਪੰਜਾਬੀ ਰੰਗਮੰਚ ਦੇ ਖੇਤਰ ਵਿੱਚ ਯੋਗਦਾਨ ਲਈ ਪੰਜਾਬ ਸਕੱਤਰੇਤ ਕਲਚਰਲ ਸੁਸਾਇਟੀ ਵਿਸ਼ੇਸ ਪੁਰਸਕਾਰ ਦਿੱਤਾ ਗਿਆ। ਨਿੱਕੇ ਤੇ ਵੱਡੇ ਪਰਦੇ ਉੱਤੇ ਵੀ ਰਮਨ ਨੇ ਆਪਣੀ ਪ੍ਰਤਿਭਾ ਦਾ ਸਫਲ ਪ੍ਰਦਰਸ਼ਨ ਕੀਤਾ ਹੈ। "ਜੁਗਨੂੰ ਕਹਿੰਦਾ ਹੈ " ਵਿੱਚ ਭਗਵੰਤ ਮਾਨ ਨਾਲ ਨਿਭਾਇਆ ਕਿਰਦਾਰ ਢਿੱਲੀ ਜੂੜੀ ਹਰ ਸੱਥ ਵਿੱਚ ਚਰਚਿਤ ਰਿਹਾ ਹੈ। ਭਗਵੰਤ ਮਾਨ ਦੀ ਗੱਲ ਤੁਰਦਿਆਂ ਰਮਨ ਉਤਸ਼ਾਹਿਤ ਹੋ ਜਾਂਦਾ ਹੈ। ਇਸੇ ਤਰ੍ਹਾਂ ਦੂਰਦਰਸ਼ਨ ਪਟਿਆਲਾ ਦੇ ਲੜੀਵਾਰ ਜਸਟਿਸ ਗੁਰਨਾਮ ਸਿੰਘ, ਜਸਪਾਲ ਭੱਟੀ ਦੇ ਲੜੀਵਾਰ- ਪ੍ਰੋ ਮਨੀਪਲਾਂਟ , ਵੀਡੀਓ ਫਿਲਮਾਂ ਗੁਸਤਾਖੀ ਮਾਫ, ਫੁੱਲ ਸਪੀਡ ਬਚਪਨ- ਕੀਤੇ ਅਤੇ ਇਸ ਤੋਂ ਇਲਾਵਾ ਚੈਨਲ ਪੰਜਾਬ ਲਈ 'ਪਿੰਡ ਦੀ ਸਵੇਰ' ਵਿੱਚ ਜ਼ਿਕਰਯੋਗ ਅਦਾਕਾਰੀ ਕੀਤੀ।

ਭਾਰਤ ਸਰਕਾਰ ਦੇ ਅਦਾਰੇ ਪੱਛਮ ਖੇਤਰੀ ਸੱਭਿਆਚਾਰਕ ਕੇਂਦਰ ਉਦੈਪੁਰ (ਰਾਜਸਥਾਨ) ਵਲੋਂ ਆਯੋਜਿਤ ਸ਼ਿਲਪਗ੍ਰਾਮ ਉਤਸਵ ਲਈ ਪਿਛਲੇ ਦਸ ਸਾਲ ਤੋਂ ਰਮਨ ਪੰਜਾਬ ਦੇ ਲੋਕ ਰੰਗਮੰਚ ਭੰਡ ਮਿਰਾਸੀ ਦੀ ਪੇਸ਼ਕਾਰੀ ਕਰ ਰਿਹਾ ਹੈ। ਭਾਰਤ ਸਰਕਾਰ ਵੱਲੋਂ ਲੋਕ ਰੰਗਮੰਚ ਦੀ ਕਾਰਗੁਜ਼ਾਰੀ ਨੂੰ ਵੇਖਦੇ ਹੋਏ ਲੋਕ ਰੰਗਕਰਮੀ ਦੇ ਐਵਾਰਡ ਨਾਲ ਨਿਵਾਜਿਆ ਗਿਆ ਹੈ। ਰਮਨ ਅੱਜ ਵੀ ਲੋਕ ਰੰਗ-ਮੰਚ ਉੱਤੇ ਡਾ ਗੁਰਚਰਨ ਸਿੰਘ ਦੀ ਅਗਵਾਈ ਚ ਖੋਜ ਕਾਰਜ ਕਰ ਰਿਹਾ ਹੈ। ਰਮਨ ਨੇ ਸਰਵ ਸਿੱਖਿਆ ਅਭਿਆਨ ਪੰਜਾਬ ਦੇ ਮਲਟੀ ਮੀਡੀਆ ਪ੍ਰੋਜੈਕਟ ਅਧੀਨ ਤਿਆਰ ਕੀਤੇ ਜਾ ਰਹੇ ਨਾਟਕ ਜ਼ਖ਼ਮੀ ਰੂਹ ਦਾ ਮੰਚਨ ਸਾਰੇ ਪੰਜਾਬ ਵਿਚ ਕੀਤਾ ਹੈ। ਵਰਤਮਾਨ ਵਿਚ "ਮੈਂ ਵੀ ਤੁਰਾਂਗਾਂ " ਜਿਸ ਦਾ ਲੇਖਨ ਤੇ ਨਿਰਦੇਸ਼ਨ ਵੀ ਰਮਨ ਨੇ ਕੀਤਾ ਹੈ, ਰਾਹੀਂ ਨਸ਼ਿਆਂ ਤੇ ਭਰੂਣ ਹੱਤਿਆ ਵਿਰੁੱਧ ਜਾਗਰੂਕਤਾ ਪੈਦਾ ਕਰਨ ਲਈ ਰੋਪੜ ਜ਼ਿਲ੍ਹੇ ਦੇ ਪਿੰਡ ਪਿੰਡ ਉਹ ਨਾਟਕ ਕਰ ਰਿਹਾ ਹੈ। ਪਿੰਡਾਂ ਦੇ ਲੋਕ ਇਸ ਨਾਟਕ ਨੂੰ ਦੇਖਣ ਹੀ ਨਹੀਂ ਆਉਂਦੇ ਸਗੋਂ ਉਸਨੂੰ ਇਸ ਬਦਲੇ ਲੰਮੇਰੀ ਉਮਰ ਦੀਆਂ ਅਸੀਸਾਂ ਵੀ ਦੇ ਕੇ ਜਾਂਦੇ ਹਨ। ਰਮਨ ਤੋਂ ਪੰਜਾਬੀ ਰੰਗਮੰਚ ਅਤੇ ਪੰਜਾਬੀ ਪਰਦੇ ਨੂੰ ਭੱਵਿਖ ਚ ਬਹੁਤ ਉਮੀਦਾਂ ਹਨ। ਭਵਿੱਖ ਦੀਆਂ ਯੋਜਨਾਵਾਂ ਦੀ ਗੱਲ ਕਰਦਿਆਂ ਰਮਨ ਦੀਆਂ ਅੱਖਾਂ ਚਮਕ ਪੈਂਦੀਆਂ ਹਨ- 'ਇੱਕ ਓਪਨ ਏਅਰ ਥੀਏਟਰ ਬਣਾਉਣਾ ਏ, ਨਾਟਕ ਮੇਲੇ ਕਰਵਾਉਣੇ ਨੇ, ਐਕਟਿੰਗ ਸਕੂਲ ਖੋਲ੍ਹਣਾ ਏ, ਮਰਾਸੀਆਂ ਨੂੰ ਲੈ ਕੇ ਪ੍ਰੋਡਕਸ਼ਨ ਤਿਆਰ ਕਰਨੀ ਏ'- ਆਦਿ ਨੂੰ ਆਪਣੇ ਜ਼ਿਹਨ ਵਿੱਚ ਸਮੋਈ ਉਹ ਆਪਣੀ ਪਤਨੀ ਡਾ ਅਮਨਦੀਪ ਭੋਗਲ ਤੇ ਪੂਰੀ ਟੀਮ ਨੂੰ ਲੈ ਕੇ ਰੰਗਮੰਚ ਦੇ ਸ਼ਫਰ 'ਤੇ ਨਿਕਲਿਆ ਹੋਇਆ ਹੈ। ਕਲਾ ਲਈ ਮਰ ਮਿਟਣ ਦੀਆਂ ਬਾਤਾਂ ਪਾਉਂਦਿਆਂ ਰਮਨ ਨੂੰ ਸਮੇਂ ਦੀ ਵੀ ਪਰਵਾਹ ਨਹੀਂ ਹੁੰਦੀ। ਸ਼ਾਲਾ! ਇਹ ਸਫ਼ਰ ਇਸੇ ਤਰ੍ਹਾਂ ਹੀ ਚਲਦਾ ਰਹੇ।

# Royal

Royal Executive Homes

# Town Houses in Wildwood

Starting from:

# $ 289,900




**Now Selling**

- Excellent Location
- Close to All Amenities.
- Transit Excess
- Affordable Prices
- Future Rec Center
- Close to White Mud & Anthony Henday

**Selling very fast, book your unit now.**

wild wood TOWN HOUSES

For More Info Call:
780-965-7390
780-906-4497

***Golden Opportunity for first time home buyers and Investors.***




**Available from 1232 sq ft. to 1589 sq. ft. with attached Single and Double Garage. Starting price: $ 289,900**

**Unit A**

MAIN FLOOR AREA 597 Sq.F.
UPPER FLOOR AREA 992 Sq.F.
TOTAL LIVING AREA 1589 Sq.F.
GARAGE AREA 336 Sq.F.




**Unit B**

MAIN FLOOR AREA 498 Sq.F.
UPPER FLOOR AREA 734 Sq.F.
TOTAL LIVING AREA 1232 Sq.F.
GARAGE AREA 182 Sq.F.




**Unit C**

MAIN FLOOR AREA 524 Sq.F.
UPPER FLOOR AREA 780 Sq.F.
TOTAL LIVING AREA 1304 Sq.F.
GARAGE AREA 200 Sq.F.




wild wood TOWN HOUSES

**1820, 34th Ave Edmonton.**



# Supreme Pizza
## Punjabi Pizza

Menisa Plaza (on Millwood Road) 1079 Knottwood Road East NW Edmonton

(780) 485-1213 or (780) 485-1231

Chicken Wings Hot, Honey Garlic

1 Large Pizza with 4 Toppings, 2 Can Coke & 24 Wings

**Paneer Pizza**
Paneer, Red Onion, Green Peppers, Mushrooms, Tomatoes.

**Vegetarian**
Olives, Mushrooms, Pineapple, Tomatoes Green Peppers, Red Onions,

**Supreme Special**
Ham, pepperoni, Salami, Mushrooms, Pineapple, Tomatoes, Olive, Red Onion, Green Peppers

**Chicken Special**
Tandoori Chicken, Red Onions, Green peppers, Mushrooms, Tomatoes

**The Pasta Niche**
Baked Lasagna with Meat Sauce and Veggi Sauce

Delivery Charges Will Apply to All Areas

## ਸੁਪਰੀਮ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

ਪੰਜਾਬੀ ਸਟਾਇਲ ਪੀਜ਼ਾ



**Delivery Hours**
Monday to Thursday: 2:30pm to 11:00pm,
Friday & Saturday: 2:30pm to 12:00midnight
Sunday & Holidays: 2:30pm to 11:00pm

Try Us Tonight For Best Deal In Town
**3 For 1**
Any 3 Toppings
12" Medium - 14" Large

Buy 1 Get 1 Free

**List of Toppings**
Paneer, BBQ Chicken, Tandoori Chicken, Plain Chicken, Hot Pepperoni, Pepperoni, Ham, Mushrooms, Beef, Capacolli, Red Onions, Shrimps, Italian Sausage, Olives, Green Peppers, Tomatoes, Salami, Jalapinos, Feta Cheese, Pineapple

For Delivery: Please Call 1/2 Hour before we close! Its faster if you call 780 485 1213.

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਅਤੇ
ਸਵਾਦੀ ਪੀਜ਼ਾ ਖਾਣ ਲਈ ਇਕੋ-ਇਕ ਨਾ **ਸੁਪਰੀਮ ਪੀਜ਼ਾ**
ਆਪਣੇ ਭਰਾਵਾਂ ਦਾ ਪੀਜ਼ਾ ਜਿਸ 'ਤੇ ਤੁਸੀਂ ਪੰਜਾਬੀ ਵਿਚ ਆਰਡਰ ਕਰ ਸਕਦੇ ਹੋ।

2 Large Fully Loaded Pizza for $25. 1 Large Pizza 5 Toppings for $14.

2 Medium Pizza Fully Loaded for $22. 1 Medium Pizza 5 Toppings for $13.

**Call at: 780 485 1213**

BRIDGEPORT HOMES LTD.

**BEST PRICES IN TOWN**
**WE ASSURE BEATING MARKET PRICE**

**Now Lots available for big houses**
**in Wildwood Crescent (Silverberry) one house available in Tamarack**

ਵਧੀਆ ਰੇਟ ਅਤੇ ਭਰੋਸੇਮੰਦ ਸੇਵਾਵਾਂ ਲਈ
ਅੱਜ ਹੀ **ਡੌਲੀ ਚੌਹਾਨ** ਨਾਲ ਗੱਲਬਾਤ ਕਰੋ

**780-935-7718**





Lots available for bi-Level homes in Silverberry Area

For more information call: **Dolly Chauhan @ 780-935-7718**